ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 30 | 05 August 2020 to 11 August 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

## ਚੋਣਾਂ ਅੱਗੇ ਪਾਉਣ ਦਾ ਸੁਝਾਅ ਦੇ ਕੇ ਮੁੱਕਰੇ ਰਾਸ਼ਟਰਪਤੀ ਟਰੰਪ



ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਟਵੀਟ ਕਰਕੇ ਨਵੰਬਰ ਵਿਚ ਹੋ ਰਹੀਆਂ ਰਾਸ਼ਟਰਪਤੀ ਚੋਣਾਂ ਅੱਗੇ ਪਾਉਣ ਦਾ ਸੁਝਾਅ ਦਿੱਤਾ ਪਰ ਬਾਅਦ ਵਿਚ ਉਹ ਆਪਣੇ ਸੁਝਾਅ ਤੋਂ ਪਿੱਛੇ ਹਟਦੇ ਹੋਏ ਨਜਰ ਆਏ। ਉਨਾਂ ਨੇ ਇਕ ਟਵੀਟ ਵਿਚ ਕਿਹਾ ਕਿ ਕੋਰੋਨਾਵਾਇਰਸ ਦੇ ਮੱਦੇਨਜ਼ਰ ਕਈ ਤਰਾਂ ਦੇ ਉੱਠੇ ਮੁੱਦਿਆਂ ਨੂੰ ਧਿਆਨ ਵਿਚ ਰਖਦਿਆਂ ਚੋਣਾਂ ਨੂੰ ਓਦੋਂ ਤੱਕ ਮੁਲਤਵੀ ਕਰ ਦੇਣਾ ਚਾਹੀਦਾ ਹੈ ਜਦੋਂ ਤੱਕ ਲੋਕ ਵੋਟਾਂ ਪਾਉਣ ਲਈ ਆਪਣੇ ਆਪ ਨੂੰ ਮੁਕੰਮਲ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਇਸ ਟਵੀਟ ਵਿਚ ਉਨਾਂ ਨੇ ਈ ਮੇਲ ਵੋਟਿੰਗ ਦਾ ਵਿਰੋਧ ਕਰਦਿਆਂ ਕਿਹਾ ਕਿ ਵਿਆਪਕ ਪੱਧਰ ਉਪਰ ਈ ਮੇਲ ਵੋਟਿੰਗ ਧੋਖਾ ਸਾਬਤ ਹੋ ਸਕਦੀਆਂ ਹਨ। ਮੈ ਚੋਣ ਨਤੀਜ਼ਿਆਂ ਲਈ ਕਈ ਹਫ਼ਤੇ ਜਾਂ ਮਹੀਨੇ ਉਡੀਕ ਨਹੀਂ ਕਰ ਸਕਦਾ। ਕੁਝ ਘੰਟੇ ਬਾਅਦ ਵਾਈਟ ਹਾਊਸ ਵਿਚ ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈ ਚੋਣਾਂ ਦੀ ਤਰੀਕ ਬਦਲਣੀ ਨਹੀਂ ਚਹੁੰਦਾ ਪਰ ਮੈਂ ਅਸਿੱਧੀਆਂ ਚੋਣਾਂ ਕਰਾਉਣ ਦੇ ਹੱਕ ਵਿਚ ਨਹੀਂ ਹਾਂ ਜਿਵੇਂ ਕਿ ਕੁਝ

ਬਾਕੀ ਸਫਾ 32 'ਤੇ

## 2012 ਦੀਆਂ ਚੋਣਾਂ ਵਿਚ ਰਾਸ਼ਟਰਪਤੀ ਦੇ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਹਰਮਨ ਕੇਨ ਦੀ ਕੋਰੋਨਾ ਨੇ ਲਈ ਜਾਨ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- 2012 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਰਿਪਬਲੀਕਨ ਉਮੀਦਵਾਰ ਹਰਮਨ ਕੇਨ ਕੋਰੋਨਾ ਹੱਥੋਂ ਹਾਰ ਗਿਆ ਤੇ ਲੰਘੇ ਦਿਨ ਉਸ ਦੀ ਮੌਤ ਹੋ ਗਈ। ਕੇਨ ਦੀ ਵੈੱਬ ਸਾਈਟ ਦੇ ਐਡੀਟਰ ਡੈਨ ਕਾਲਾਬਰੇਸ ਨੇ ਲਿਖਿਆ ਹੈ ਹਰਮਨ ਕੇਨ-ਸਾਡਾ ਬੌਸ, ਸਾਡਾ ਮਿੱਤਰ ਜੋ ਸਾਡੇ ਵਿਚੋਂ ਕਈਆਂ ਲਈ ਪਿਤਾ ਸਮਾਨ ਸਨ, ਨਹੀਂ ਰਹੇ। 74 ਸਾਲਾ ਹਰਮਨ ਦੀ ਚੰਗੀ ਸਿਹਤ ਸੀ ਪਰ ਸਿਹਤ ਦੇ ਮਾਮਲੇ ਵਿਚ ਉਸ ਦਾ ਪਿਛੋਕੜ ਕੈਂਸਰ ਨਾਲ ਜੁੜੇ ਹੋਣ ਕਾਰਨ, ਉਹ ਜੋਖ਼ਮ ਵਾਲੇ ਲੋਕਾਂ ਵਿਚ ਆਉਂਦੇ ਸਨ। ਇਸ ਦੇ ਬਾਵਜੂਦ ਜੂਨ ਦੇ ਆਖਰ ਵਿਚ ਟੁਲਸਾ ਓਕਲਾਹੋਮਾ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਿਵਾਦਤ ਰੈਲੀ ਵਿਚ ਉਹ ਸ਼ਾਮਿਲ ਹੋਏ ਸਨ। ਉਨਾਂ ਨੇ ਮਾਸਕ ਵੀ ਨਹੀਂ ਪਾਇਆ ਸੀ। ਉਨਾਂ ਨੂੰ ਜੁਲਾਈ ਦੇ ਸ਼ੁਰੂ ਵਿਚ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਰਾਸ਼ਟਰਪਤੀ ਟਰੰਪ ਨੇ ਹਰਮਨ ਕੇਨ ਦੀ ਮੌਤ ਉਪਰ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ " ਮੇਰਾ ਮਿੱਤਰ ਹਰਮਨ ਕੇਨ ਜੋ ਆਜ਼ਾਦੀ ਦੀ ਇਕ ਸ਼ਕਤੀਸ਼ਾਲੀ ਆਵਾਜ਼ ਸੀ, ਅੱਜ ਸਵੇਰੇ ਨਹੀਂ ਰਿਹਾ। ਉਹ ਇਕ ਮਹਾਨ ਵਿਅਕਤੀ ਸੀ। ਮੈਂ



ਉਨਾਂ ਦੇ ਸਮੁੱਚੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹਾਂ।'

## ਅਮਰੀਕਾ ਵਿਚ ਕੋਰੋਨਾ ਪੀੜਤ ਕੁੱਤੇ ਦੀ ਮੌਤ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਪਹਿਲਾ ਕੁੱਤਾ ਜਿਸ ਵਿਚ ਕੋਰੋਨਾ ਦੇ ਲੱਛਣ ਪਾਏ ਗਏ ਸਨ, ਦੀ ਮੌਤ ਹੋ ਗਈ। 7 ਸਾਲਾ ਜਰਮਨ ਸ਼ੈਫਰਡ ਅਪ੍ਰੈਲ ਵਿਚ ਬਿਮਾਰ ਹੋਇਆ ਸੀ। ਨੈਸ਼ਨਲ ਜਿਓਗਰਾਫ਼ਿਕ ਮੈਗਜ਼ੀਨ ਅਨੁਸਾਰ ਕੁੱਤੇ ਦਾ ਮਾਲਕ ਰਾਬਰਟ ਮਹਨੀ ਵੀ ਬਿਮਾਰ ਹੋ ਗਿਆ ਸੀ ਪਰ ਉਸ ਦੀ ਹਾਲਤ ਸੁਧਰ ਰਹੀ ਹੈ। ਬਡੀ ਨਾਮੀ ਇਸ ਕੁੱਤੇ ਨੂੰ ਪਿਛਲੇ ਦਿਨਾਂ ਤੋਂ ਸਾਹ ਲੈਣ ਵਿਚ ਤਕਲੀਫ਼ ਹੋ ਰਹੀ ਸੀ।

## ਨਵੰਬਰ ਤੱਕ 80 ਹਜਾਰ ਹੋ ਸਕਦੀਆਂ ਹਨ ਹੋਰ ਮੌਤਾਂ-ਅਮਰੀਕੀ ਸਿਹਤ ਮਾਹਿਰ

- ਸਿਹਤਮੰਦ ਹੋਣ ਦੀ ਦਰ 94% ਹੋਈ
- ਅਮਰੀਕਾ ਦੋ ਹੋਰ ਕੰਪਨੀਆਂ ਨੂੰ ਦੇਵੇਗਾ 2.1 ਅਰਬ ਡਾਲਰ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਅਮਰੀਕੀ ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਕੋਰੋਨਾਵਾਇਰਸ ਕਾਰਨ ਅਮਰੀਕਾ ਵਿਚ ਨਵੰਬਰ ਤੱਕ 80000 ਹੋਰ ਮੌਤਾਂ ਹੋ ਸਕਦੀਆਂ ਹਨ। ਸਿਹਤ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਮਾਸਕ ਪਾਉਣ ਸਮੇਤ ਹੋਰ ਹਿਫ਼ਾਜਤੀ ਕਦਮ ਨਾ ਚੁੱਕੇ ਤਾਂ ਮੌਤਾਂ ਦੀ ਗਿਣਤੀ ਇਸ ਤੋਂ ਵੀ ਜਿਆਦਾ ਹੋ ਸਕਦੀ ਹੈ। ਵਾਈਟ ਹਾਊਸ ਕੋਰੋਨਾਵਾਇਰਸ ਟਾਸਕ ਫੋਰਸ ਕੋਆਰਡੀਨੇਟਰ ਡਾ ਡੀਬੋਰਾਹ ਬ੍ਰਿਕਸ ਨੇ ਕਿਹਾ ਹੈ ਕਿ ਸਾਨੂੰ ਆਪਣੇ ਰੋਜ਼ਾਨਾ ਦੇ ਕਾਰ ਵਿਹਾਰ ਵਿਚ ਤਬਦੀਲੀ ਕਰਨੀ ਪਵੇਗੀ। ਅਮਰੀਕਾ ਵਿਚ ਕੋਰੋਨਾਵਾਇਰਸ ਹੁਣ ਤੱਕ 1,56,747 ਲੋਕਾਂ ਦੀ ਜਾਨ ਲੈ ਚੁੱਕਾ ਹੈ। ਪੀੜਤ ਲੋਕਾਂ ਦੀ ਗਿਣਤੀ 47,05,889 ਹੋ ਗਈ ਹੈ ਜਿਨਾਂ ਵਿਚੋਂ 23,27,572 ਮਰੀਜ਼ ਠੀਕ ਹੋ ਕੇ ਘਰਾਂ ਨੂੰ ਜਾ ਚੁੱਕੇ ਹਨ। 22,21,570 ਸਰਗਰਮ ਮਾਮਲੇ ਹਨ। ਸਿਹਤਮੰਦ ਹੋਣ ਦੀ ਦਰ ਵਧਕੇ 94% ਹੋ ਗਈ ਹੈ।




### ਅਮਰੀਕਾ ਫਰਾਂਸ ਤੇ ਯੂ.ਕੇ ਦੀ ਕੰਪਨੀ ਨੂੰ ਦੇਵੇਗਾ 2.1 ਅਰਬ ਡਾਲਰ-

ਅਮਰੀਕਾ ਕੋਰੋਨਾਵਾਇਰਸ ਵੈਕਸੀਨ ਦੀ ਖੋਜ਼ ਵਿਚ ਲੱਗੀਆਂ ਕੰਪਨੀਆਂ ਨਾਲ ਨਿਰੰਤਰ ਅਗਾਊਂ ਕਰਾਰ ਕਰ ਰਿਹਾ ਹੈ ਤਾਂ ਜੋ ਵੈਕਸੀਨ ਤਿਆਰ ਹੋਣ 'ਤੇ ਸਭ ਤੋਂ ਪਹਿਲਾਂ ਅਮਰੀਕੀਆਂ ਨੂੰ ਮਿਲ ਸਕੇ। ਇਸੇ ਲੜੀ ਤਹਿਤ ਅਮਰੀਕਾ ਫਰਾਂਸ ਦੀ ਕੰਪਨੀ ਸਨੋਫੀ ਤੇ ਬਰਤਾਨੀਆ ਦੀ ਕੰਪਨੀ ਗਲੈਕਸੋ ਸਮਿਥ ਲਾਈਨ ਨੂੰ 2.1 ਅਰਬ ਡਾਲਰ ਦੀ ਅਦਾਇਗੀ ਕਰੇਗਾ। ਕੰਪਨੀਆਂ ਇਹ ਪੈਸਾ ਵੈਕਸੀਨ ਦੀ ਖੋਜ਼ ਤੇ ਉਸ ਦਾ ਉਤਪਾਦਨ ਕਰਨ ਲਈ ਕਰਨੀਆਂ। ਇਹ ਕੰਪਨੀਆਂ ਵੈਕਸੀਨ ਦੀਆਂ 10 ਕਰੋੜ ਖੁਰਾਕਾਂ ਤਿਆਰ ਕਰਨਗੀਆਂ। ਇਸੇ ਦੌਰਾਨ ਵਾਇਟ ਹਾਊਸ ਦੇ ਸਿਹਤ ਮਾਹਿਰ ਡਾ ਐਨਥਨੀ ਫੌਕੀ ਨੇ ਵਿਸ਼ੇਸ਼ ਹਾਊਸ ਪੈਨਲ ਨੂੰ ਦਸਿਆ ਕਿ ਉਹ ਆਸਵੰਦ ਹਨ ਕਿ ਕੋਰੋਨਾਵਾਇਰਸ ਦੀ ਵੈਕਸੀਨ ਇਸ ਸਾਲ ਦੇ ਅੰਤ ਤੱਕ ਆ ਜਾਵੇਗੀ।

## ਜੱਗੀ ਜੌਹਲ ਮਾਮਲੇ ਤੇ ਯੂਕੇ ਐਮ.ਪੀ. ਮਾਰਟਿਨ ਡੌਕਰਟੀ ਨੇ ਵੇਬਿਨਾਰ ਕਰਵਾਇਆ

### ਡ੍ਰੇਕੋਨਿਅਨ ਕਾਨੂੰਨ ਦੀ ਤਰ੍ਹਾਂ ਭਾਰਤ ਅੰਦਰ ਯੂਏਪੀਏ ਇਕ ਕਾਲਾ ਕਾਨੂੰਨ: ਵਕੀਲ ਜ਼ਿਮੀਨਾ



ਨਵੀਂ ਦਿੱਲੀ 31 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):-ਦਿੱਲੀ ਦੀ ਤਿਹਾੜ੍ਹ ਜੇਲ੍ਹ ਅੰਦਰ ਬੰਦ ਬ੍ਰਿਟਿਸ਼ ਨਾਗਰਿਕ ਜੱਗੀ ਜੌਹਲ ਦੇ ਮਾਮਲੇ ਲਈ ਬ੍ਰਿਟਿਸ਼ ਐਮਪੀ ਮਾਰਟਿਨ ਡੌਕਰਟੀ ਨੇ ਬੀਤੇ ਦਿਨ ਇਨ ਆਨਲਾਈਨ ਵੇਬਿਨਾਰ ਕਰਵਾਇਆ ਸੀ ਜਿਸ ਵਿਚ ਐਮਪੀ ਪ੍ਰੀਤ ਕੌਰ ਗਿਲ, ਜੱਗੀ ਦੇ ਭਰਾ ਜਸਪ੍ਰੀਤ ਸਿੰਘ, ਮਨੁੱਖੀ ਅਧਿਕਾਰ ਦੇ ਚਾਰਲੀ ਲਾਉਡਨ, ਵਕੀਲ ਜ਼ਿਮੀਨਾ ਅਤੇ ਭਾਰਤ ਤੋਂ ਜੱਗੀ ਜੌਹਲ ਦੇ ਕੇਸ ਦੀ ਪੈਰਵਾਈ ਕਰ ਰਹੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਹਿੱਸਾ ਲਿਆ ਸੀ । ਇਕ ਘੰਟੇ ਦੇ ਕਰੀਬ ਚਲੇ ਇਸ ਵੇਬਿਨਾਰ ਵਿਚ ਮੰਝਪੁਰ ਨੇ ਜੱਗੀ ਦੇ ਕੇਸ ਬਾਰੇ ਦਸਦਿਆਂ ਕਿਹਾ ਦਿੱਲੀ ਵਿਖੇ ਛੇ ਕੇਸ, ਮੋਹਾਲੀ ਵਿਖੇ ਦੋ, ਫਰੀਦਕੋਟ ਅਤੇ ਮੋਗਾ ਵਿਖੇ ਇਕ-ਇਕ ਕੇਸ ਹਨ ਜਿਸ ਵਿਚੋਂ ਫਰੀਦਕੋਟ ਦਾ ਕੇਸ ਅਦਾਲਤ ਵਲੋਂ ਖਾਰਿਜ ਕਰ ਦਿਤਾ ਗਿਆ ਹੈ ਤੇ ਹਾਲੇ ਤਕ ਕਿਸੇ ਵੀ ਕੇਸ ਅੰਦਰ ਪੁਲਿਸ ਵਲੋਂ ਅਦਾਲਤ ਅੰਦਰ ਚਾਰਜਸ਼ੀਟ ਦਾਖਿਲ ਨਹੀ ਕੀਤੀ ਗਈ ਹੈ । ਉਨ੍ਹਾਂ ਦਸਿਆ ਕਿ ਜਿਹੜੇ ਕੇਸ ਮੋਹਾਲੀ ਤੋਂ ਹਾਈ ਕੋਰਟ ਦੇ ਮਨਾ ਕਰਨ ਦੇ ਬਾਵਜੂਦ ਦਿੱਲੀ ਬਦਲੀ ਕਰ ਦਿੱਤੇ ਸਨ ਅਜ ਤਕ ਸਾਨੂੰ ਉਨ੍ਹਾਂ ਦੇ ਕਾਗਜ ਤਕ ਨਹੀ ਮਿਲ ਪਾਏ ਹਨ । ਮੋਹਾਲੀ ਵਾਲੇ ਕੇਸ ਨੂੰ ਖਾਰਿਜ ਕਰਨ ਵਾਸਤੇ ਅਸੀ ਅਪੀਲ ਦਾਖਿਲ ਕੀਤੀ ਹੋਈ ਹੈ ਪਰ ਉਸ ਮਾਮਲੇ ਵਿਚ ਬਹਿਸ ਹੀ ਨਹੀ ਹੋ ਪਾ ਰਹੀ ਹੈ । ਉਨ੍ਹਾਂ ਦਸਿਆ ਕਿ ਐਨਆਈਏ ਦੇ ਕਾਨੂੰਨ ਦੀ ਧਾਰਾ ਮੁਤਾਬਿਕ ਇਨ੍ਹਾਂ ਦੇ ਕੇਸ ਦੀ ਸੁਣਵਾਈ ਹਰ ਰੋਜ ਹੋਣੀ ਚਾਹੀਦੀ ਹੈ ਪਰ ਖਜ਼ਲਖੁਆਰ ਕਰਨ ਲਈ ਦੋ ਦੋ ਮਹੀਨੇ

ਬਾਕੀ ਸਫਾ 32 'ਤੇ

### ਅਨਮੋਲ ਕਥਨ



" ਨਾਮ ਹੰਕਾਰ ਨੂੰ ਮਾਰਿਆਂ ਹੀ ਪ੍ਰਾਪਤ ਹੁੰਦਾ ਹੈ। "

-ਭਾਈ ਸਾਹਿਬ ਭਾਈ ਵੀਰ ਸਿੰਘ ਜੀ












# ਦੂਜਾ ਸਟਿੰਮੂਲਸ ਪੈਕੇਜ ਜਾਰੀ, 1,200 ਡਾਲਰ ਦਾ ਦੂਜਾ ਚੈੱਕ, ਬੇਰੁਜ਼ਗਾਰੀ ਲਾਭ ਅਤੇ ਤਨਖਾਹ ਸੁਰੱਖਿਆ ਦੇ ਪ੍ਰੋਗਰਾਮ ਪ੍ਰਮਾਣਤ

ਵਾਸ਼ਿੰਗਟਨ (ਰਾਜ ਗੋਗਨਾ)- ਅਮਰੀਕੀ ਸੈਨੇਟ ਰੀਪਬਲੀਕਨਜ਼ ਨੇ ਆਪਣੇ ਲੰਬੇ ਇੰਤਜ਼ਾਰ ਵਾਲੇ, ਪ੍ਰਸਤਾਵਿਤ ਸਟਿੰਮੂਲਸ ਪੈਕਜ ਨੂੰ ਬੀਤੇ ਦਿਨ ਪੇਸ਼ ਕੀਤਾ ਅਤੇ ਪ੍ਰਵਾਨ ਕਰ ਦਿੱਤਾ ਗਿਆ ਹੈ। ਜਿਸ ਨਾਲ ਅਮਰੀਕਾ 'ਚ ਰਹਿੰਦੇ ਲੋਕ ਰਾਹਤ ਮਹਿਸੂਸ ਕਰ ਰਹੇ ਹਨ। ਜਿੱਥੇ ਟਰੰਪ ਪ੍ਰਸ਼ਾਸਨ ਦਾ ਧੰਨਵਾਦ ਕਰ ਰਹੇ ਹਨ, ਉਥੇ ਟਰੰਪ ਨੂੰ ਦੁਬਾਰਾ ਰਾਸ਼ਟਰਪਤੀ ਵੇਖਣਾ ਵੀ ਚਾਹੁੰਦੇ ਹਨ। ਇਸ ਗੱਲ ਦਾ ਪ੍ਰਗਟਾਵਾ ਕਈ ਵਿਅਕਤੀਆਂ ਨੇ ਨਿੱਜੀ ਤੌਰ ਤੇ ਸਾਡੇ ਪੱਤਰਕਾਰ ਕੋਲ ਕੀਤਾ ਹੈ। ਦੂਜੇ ਸਟਿੰਮੂਲਸ ਚੈੱਕ ਦੀ ਵਿਧੀ ਵਿਧਾਨ :- ਕਿ ਦੂਸਰੀ ਉਤੇਜਕ ਜਾਂਚ ਹੋਵੇਗੀ ? ਦੂਜਾ ਉਤੇਜਕ ਚੈਕ ਕਿੰਨਾ ਹੈ ? ਨਵੇਂ ਐਲਾਨੇ ਗਏ ਹੀਲਜ਼ ਐਕਟ ਦੇ ਤਹਿਤ ਸੈਨੇਟ ਰੀਪਬਲੀਕਨਜ਼ ਨੇ ਇਕ ਵਾਰੀ, 1,200 ਡਾਲਰ ਦੀ ਦੂਜੀ ਉਤੇਜਕ ਜਾਂਚ ਦਾ ਪ੍ਰਸਤਾਵ ਦਿੱਤਾ ਹੈ। ਦੂਸਰਾ ਉਤੇਜਕ ਚੈੱਕ ਪ੍ਰਾਪਤ ਕਰਨ ਦੀਆਂ ਜ਼ਰੂਰਤਾਂ ਕੇਅਰ ਐਕਟ ਦੇ ਤਹਿਤ ਪਹਿਲੇ ਉਤੇਜਕ ਚੈੱਕ ਵਾਂਗ ਹੀ ਹੋਣਗੀਆਂ, ਜੋ ਮਾਰਚ ਵਿੱਚ 2.2 ਟ੍ਰਿਲੀਅਨ ਦਾ ਉਤਸ਼ਾਹ ਪੈਕੇਜ ਸੀ। ਇਸ ਲਈ, ਜੇ ਤੁਹਾਨੂੰ ਪਹਿਲੀ ਪ੍ਰੇਰਕ ਚੈੱਕ ਮਿਲੀ ਹੈ, ਤਾਂ ਤੁਹਾਨੂੰ ਰਿਪਬਲੀਕਨ ਯੋਜਨਾ ਦੇ ਤਹਿਤ ਦੂਜਾ ਉਤੇਜਕ ਚੈੱਕ ਵੀ ਮਿਲੇਗਾ।

**ਦੂਜੀ ਉਤੇਜਨਾ ਜਾਂਚ ਲਈ ਕੌਣ ਯੋਗ ਹੈ:-**

ਜੇ ਦੂਸਰਾ ਉਤੇਜਕ ਚੈੱਕ ਕੇਅਰਜ਼ ਐਕਟ ਦੇ ਤਹਿਤ ਪਹਿਲੇ ਉਤੇਜਕ ਚੈੱਕ ਵਾਂਗ ਹੀ ਹੈ, ਤਾਂ ਦੂਜਾ ਉਤੇਜਕ ਚੈੱਕ ਹੇਠਾਂ ਦਿੱਤੇ ਅਨੁਸਾਰ ਹੋਵੇਗਾ: ਹਰ ਇਕ ਵਿਅਕਤੀ ਲਈ ਇਕ ਸਮੇਂ ਦਾ ਉਤੇਜਕ 1,200 ਡਾਲਰ ਹੋਵੇਗਾ

**ਸ਼ਾਦੀਸ਼ੁਦਾ/ਸੰਯੁਕਤ ਫਾਈਲਰਜ਼ ਲਈ 2400; ਨਿਰਭਰ ਵਿਅਕਤੀਆਂ ਲਈ 500 ਡਾਲਰ ਤਕ (ਬਿਨਾਂ ਉਮਰ ਦੇ)**

ਡੈਮੋਕਰੇਟਸ ਨੇ ਨਿਰਭਰ ਲੋਕਾਂ (500 ਦੀ ਤੁਲਨਾ ਰਿਪਬਲੀਕਨ ਪ੍ਰਸਤਾਵ ਦੇ ਤਹਿਤ) ਲਈ £ 1,200 ਦੇ ਦੂਜੇ ਉਤਸ਼ਾਹ ਚੈੱਕਾਂ ਦੀ ਮੰਗ ਕੀਤੀ ਹੈ, ਵੱਧ ਤੋਂ ਵੱਧ ਤਿੰਨ ਨਿਰਭਰਾਂ ਤੱਕ ਮਿਲੇਗਾ।

ਆਮਦਨੀ ਦੀਆਂ ਜ਼ਰੂਰਤਾਂ: ਜੇ ਤੁਸੀਂ ,75,000 (ਵਿਅਕਤੀਆਂ) ਜਾਂ 150,000 (ਵਿਆਹੇ/ਸਾਂਝੇ ਫਾਈਲਰ) ਤੋਂ ਘੱਟ ਕਮਾਈ ਕੀਤੀ ਹੈ, ਤਾਂ ਤੁਹਾਨੂੰ ਡਾਲਰ 1,200 ਦੀ ਦੂਜਾ ਉਤੇਜਕ ਚੈੱਕ ਮਿਲੇਗਾ।

ਪਹਿਲੀ ਪ੍ਰੇਰਣਾ ਚੈੱਕ ਵਿਅਕਤੀਆਂ ਲਈ ਐਡਜਸਟ ਕੀਤੀ ਕੁੱਲ ਆਮਦਨ ਦੇ 99,000 ਡਾਲਰ ਅਤੇ ਵਿਆਹੇ/ਜੁਆਇੰਟ ਫਾਈਲਰਜ਼ ਲਈ 198,000 ਡਾਲਰ ਦੀ ਆਮਦਨੀ ਸੀਮਾ ਤੋਂ ਉੱਪਰ ਦੇ ਹਰ 100 ਡਾਲਰ ਐਡਜਸਟਡ ਕੁੱਲ ਆਮਦਨੀ ਲਈ 5 ਡਾਲਰ ਦੁਆਰਾ ਪੜਾਅ ਕੀਤੀ ਜਾਂਦੀ ਹੈ। ਬੇਰੁਜ਼ਗਾਰੀ ਲਾਭ/ਵਾਪਸੀ ਤੋਂ ਕੰਮ ਦਾ ਬੋਨਸ:-

ਸੈਨੇਟ ਰੀਪਬਲੀਕਨਜ਼ ਨੇ ਹਫ਼ਤਾਵਾਰੀ ਬੇਰੁਜ਼ਗਾਰੀ ਦੇ ਲਾਭਾਂ ਨੂੰ ਵਧਾਉਣ ਦਾ ਪ੍ਰਸਤਾਵ ਦਿੱਤਾ, ਪਰ ਉਹ ਹਫ਼ਤੇ ਵਿੱਚ 600




ਡਾਲਰ ਨਹੀਂ ਹੋਣਗੇ. ਹੀਲਜ਼ ਐਕਟ ਦੇ ਤਹਿਤ, ਬੇਰੁਜ਼ਗਾਰੀ ਦੇ ਲਾਭ ਲਗਭਗ 70% ਮਜ਼ਦੂਰੀ ਤਬਦੀਲੀ 'ਤੇ ਅਧਾਰਤ ਹੋਣਗੇ। ਇਹ ਪੂਰਕ ਬੇਰੁਜ਼ਗਾਰੀ ਦੇ ਲਾਭਾਂ ਲਈ ਪ੍ਰਤੀ ਹਫਤੇ ਵਿੱਚ 200 ਜਾਂ 300 ਡਾਲਰ ਦੇ ਬਰਾਬਰ ਹੋ ਸਕਦੀ ਹੈ, ਨਾ ਕਿ ਕਾਂਗਰਸ ਵੱਲੋਂ ਕੇਅਰ ਐਕਟ ਤਹਿਤ ਅਧਿਕਾਰਤ ਹਫ਼ਤੇ ਵਿੱਚ 600 ਡਾਲਰ। ਕਿਉਂਕਿ ਬਹੁਤ ਸਾਰੇ ਰਿਪਬਲੀਕਨਾਂ ਨੇ ਵਿਸ਼ਵਾਸ਼ ਕੀਤਾ ਹੈ ਕਿ unemployment 600 ਦੇ ਹਫਤੇ ਵਿੱਚ ਬੇਰੁਜ਼ਗਾਰੀ ਦਾ ਲਾਭ ਪ੍ਰਾਪਤਕਰਤਾਵਾਂ ਨੂੰ ਕੰਮ ਤੇ ਵਾਪਸ ਆਉਣ ਲਈ ਇੱਕ ਵਿਘਨ ਪੈਦਾ ਕਰਦਾ ਹੈ। ਉਨ੍ਹਾਂ ਇਹ ਵੀ ਦਲੀਲ ਦਿੱਤੀ ਕਿ ਕੁਝ ਪ੍ਰਾਪਤਕਰਤਾ ਬੇਰੁਜ਼ਗਾਰੀ ਲਾਭ (ਜਿਵੇਂ, ਕੰਮ ਨਹੀਂ ਕਰਨਾ) ਤੋਂ ਰੋਜ਼ਗਾਰ (ਉਦਾ., ਕੰਮ ਕਰਨਾ) ਨਾਲੋਂ ਵਧੇਰੇ ਕਮਾਈ ਕਰ ਸਕਦੇ ਹਨ। ਇਸ ਲਈ, ਰਿਪਬਲੀਕਨ ਇਨ੍ਹਾਂ ਬੇਰੁਜ਼ਗਾਰੀ ਦੇ ਲਾਭਾਂ ਨੂੰ ਬਿਨਾਂ ਬਣਾਏ, ਵਧਾਏਗਾ, ਉਹਨਾਂ ਦੇ ਵਿਚਾਰ ਅਨੁਸਾਰ, ਕੰਮ ਤੇ ਵਾਪਸ ਜਾਣ ਲਈ ਇੱਕ ਵਿਘਨਕਾਰੀ ਹੈ। ਡੈਮੋਕਰੇਟਸ ਦੇ ਪ੍ਰਸਤਾਵਿਤ ਕਟੌਤੀ ਦੀ ਸੰਭਾਵਨਾ ਹੈ ਕਿ ਇਹ ਅਜਿਹੇ ਸਮੇਂ ਵਿਚ ਬੇਰੁਜ਼ਗਾਰੀ ਦੇ ਲਾਭ ਹਨ ਜਦੋਂ 40 ਮਿਲੀਅਨ ਤੋਂ ਵੱਧ ਲੋਕਾਂ ਨੇ ਬੇਰੁਜ਼ਗਾਰੀ ਲਾਭਾਂ ਲਈ ਅਰਜ਼ੀ ਦਿੱਤੀ ਹੈ ਕੀ ਕੰਮ ਤੇ ਵਾਪਸੀ ਦਾ ਬੋਨਸ ਵੀ ਮਿਲੇਗਾ? ਸੈਨੇਟ ਰੀਪਬਲੀਕਨ ਅਤੇ ਵ੍ਹਾਈਟ ਹਾਊਸ ਨੇ ਪਹਿਲਾਂ ਸੈਨ. ਰੋਬ ਪੋਰਟਮੈਨ (ਆਰ-ਓਐਚ) ਦੇ ਦੁਆਲੇ ਇਕੱਠ ਕੀਤੀ ਸੀ, ਜਿਸ ਨੇ ਇੱਕ ਹਫਤੇ ਵਿੱਚ 450 ਡਾਲਰ ਦਾ ਨਗਦ ਵਾਪਸੀ ਤੋਂ ਕੰਮ ਦਾ ਬੋਨਸ ਦੇਣ ਦਾ ਪ੍ਰਸਤਾਵ ਦਿੱਤਾ ਸੀ।

# ਅਮਰੀਕਾ ਦੇ ਖੇਤੀਬਾੜੀ ਵਿਭਾਗ ਨੇ ਚੀਨ ਤੋਂ ਆਏ ਭੇਦਭਰੇ ਬੀਜ਼ ਨਾ ਬੀਜਣ ਲਈ ਕਿਹਾ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਖੇਤੀਬਾੜੀ ਵਿਭਾਗ ਨੇ ਚੀਨ ਤੋਂ ਆਏ ਫੁੱਲਾਂ ਤੇ ਸਬਜ਼ੀਆਂ ਦੇ 14 ਕਿਸਮਾਂ ਦੇ ਭੇਦਭਰੇ ਬੀਜ਼ਾਂ ਦੀ ਪਛਾਣ ਕੀਤੀ ਹੈ ਤੇ ਇਸ ਸਬੰਧੀ ਲੋਕਾਂ ਨੂੰ ਚੌਕਸ ਕੀਤਾ ਹੈ। ਸਾਰੇ 50 ਰਾਜਾਂ ਨੂੰ ਚਿਤਾਵਨੀ ਜਾਰੀ ਕਰ ਦਿੱਤੀ ਗਈ ਹੈ। ਪਲਾਂਟ ਹੈਲਥ ਸਰਵਿਸਜ ਲਈ ਕੰਮ ਕਰਦੇ ਓਸਾਮਾ ਐਲ ਲਿਸੀ ਨੇ ਕਿਹਾ ਹੈ ਕਿ ਚੀਨ ਤੋਂ ਆਏ ਪੈਕਟਾਂ ਵਿਚ ਮੌਰਨਿੰਗ ਗਲੋਰੀ ਤੇ ਗੁਲਾਬ ਦੇ ਫੁੱਲਾਂ ਸਮੇਤ ਹੋਰ ਫੁੱਲਾਂ ਦੇ ਬੀਜ਼ ਹਨ। ਇਸੇ ਤਰਾਂ ਬੰਦਗੋਭੀ ਸਮੇਤ ਕੁਝ ਸਬਜ਼ੀਆਂ ਦੇ ਬੀਜ਼ ਹਨ। ਖੇਤੀਬਾੜੀ ਵਿਭਾਗ ਨੇ ਲੋਕਾਂ ਨੂੰ ਕਿਹਾ ਹੈ ਕਿ ਜਿਸ ਕਿਸੇ ਨੂੰ ਵੀ ਇਹ ਪੈਕਟ ਮਿਲੇ ਹਨ ਉਹ ਅਗਲੀਆਂ ਹਦਾਇਤਾਂ ਤੱਕ ਇਨਾਂ ਨੂੰ ਸਾਂਭ ਕੇ ਰਖਣ ਤੇ ਇਨਾਂ ਪੈਕਟਾਂ ਉਪਰ ਲੱਗੇ ਡਾਕ ਲੇਬਲ ਨੂੰ ਵੀ ਪਾੜਨ ਨਾ। ਵਿਭਾਗ ਨੇ ਲੋਕਾਂ ਨੂੰ ਇਹ ਬੀਜ਼ ਨਾ ਬੀਜਣ ਲਈ ਕਿਹਾ ਹੈ ਤੇ ਕਿਹਾ ਹੈ ਕਿ ਉਹ ਸਟੇਟ ਪਲਾਂਟ ਰੈਗੂਲੇਟਰੀ ਅਧਿਕਾਰੀਆਂ ਨਾਲ ਸੰਪਰਕ ਕਰਨ। ਖੇਤੀਬਾੜੀ ਵਿਭਾਗ ਨੇ ਕਿਹਾ ਹੈ ਕਿ ਉਹ ਇਹ ਪੈਕਟ ਇਕੱਠੇ ਕਰ ਰਿਹਾ ਹੈ ਤੇ ਇਨਾਂ ਦੀ ਮੁਕੰਮਲ ਪਰਖ ਕੀਤੀ ਜਾਵੇਗੀ ਤੇ ਇਹ ਪਤਾ ਲਾਇਆ ਜਾਵੇਗਾ ਕਿ ਇਨਾਂ ਬੀਜ਼ਾਂ ਵਿਚ ਕੋਈ ਅਜਿਹਾ ਤੱਤ ਤਾਂ ਨਹੀਂ ਹੈ ਜੋ ਖੇਤੀਬਾੜੀ ਜਾਂ ਵਾਤਾਵਰਣ ਲਈ ਨੁਕਸਾਨ ਦੇਹ ਹੋਵੇ। ਟੈਕਸਾਸ ਦੇ ਖੇਤੀਬਾੜੀ ਕਮਿਸ਼ਨਰ ਸਿਡ ਮਿਲਰ ਨੇ ਚਿਤਾਵਨੀ ਦਿੱਤੀ ਹੈ ਕਿ ਪੈਕਟਾਂ ਵਿਚ ਖਤਰਨਾਕ ਕਿਸਮਾਂ ਦੇ ਬੀਜ਼ ਹੋ ਸਕਦੇ ਹਨ ਜੋ ਫਸਲਾਂ, ਹੋਰ ਪੌਦਿਆਂ ਤੇ ਮਨੁੱਖਾਂ ਲਈ ਨੁਕਸਾਨਦੇਹ ਹੋ ਸਕਦੇ ਹਨ।



# ਸਿੱਖ ਗੁਰਦੁਆਰਾ ਪਾਈਨ ਹਿੱਲ ਨਿਊਜਰਸੀ ਲੰਗਰ ਕਮੇਟੀ ਦੇ ਸੇਵਾਦਾਰ ਜਸਵੀਰ ਸਿੰਘ ਗਰੇਵਾਲ ਨਹੀਂ ਰਹੇ

ਨਿਊਜਰਸੀ (ਰਾਜ ਗੋਗਨਾ)- ਨਿਊਜਰਸੀ ਸੂਬੇ ’ਚ ਰਹਿੰਦੇ ਪੂਰੇ ਸਿੱਖ ਭਾਈਚਾਰੇ ’ਚ ਉਸ ਵੇਲੇ ਸੋਗ ਦੀ ਲਹਿਰ ਦੋੜ ਗਈ ਜਦੋ ਸਾਊ ਮਿਲਾਪੜੇ ਤੇ ਜਾਣੀ ਪਹਿਚਾਣੀ ਸ਼ਖ਼ਸੀਅਤ ਜੋ ਸਿੱਖ ਗੁਰਦਵਾਰਾ ਪਾਈਨ ਹਿੱਲ ਵਿੱਚ ਲੰਗਰ ਦੇ ਅਣਥੱਕ ਸੇਵਾਦਾਰ ਸਰਦਾਰ ਜਸਵੀਰ ਸਿੰਘ ਜੀ ਗਰੇਵਾਲ ਬੀਤੇ ਦਿਨ 1 ਅਗਸਤ 2020 ਨੂੰ ਅਚਾਨਕ ਵਿਛੋੜਾ ਦੇ ਗਏ, ਉਨ੍ਹਾਂ ਦੀ ਮੌਤ ਦਾ ਦੁੱਖ ਜਿੱਥੇ ਪਰਿਵਾਰ ਲਈ ਅਸਹਿ ਹੈ, ਉੱਥੇ ਸਾਡੇ ਵਰਗੇ ਸਨੇਹੀਆਂ ਲਈ ਵੀ ਬੇਹੱਦ ਦੁਖਦਾਈ ਹੈ, ਪੂਰੀ ਸਿੱਖ ਕਮਿਊਨਟੀ ਲਈ ਕਦੇ ਵੀ ਨਾ ਪੂਰਾ ਹੋਣ ਵਾਲਾ ਇੱਕ ਘਾਟਾ ਹੈ। ਗੁਰੂ ਘਰ ਦੇ ਸਿੱਖਾਂ ਨੇ ਕਿਹਾ ਜਸਵੀਰ ਸਿੰਘ ਜੀ ਗਰੇਵਾਲ ਵੱਲੋਂ ਲੰਗਰ ਵਿੱਚ ਦਿੱਤੀਆਂ ਗਈਆਂ ਨਿਰਪੱਖ ਸੇਵਾਵਾਂ ਨੂੰ ਹਮੇਸ਼ਾ ਹਮੇਸ਼ਾ ਲਈ ਯਾਦ ਰੱਖਿਆ ਜਾਵੇਗਾ ਅਤੇ ਕਿਹਾ ਕਿ ਸਤਿਗੁਰੂ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਸਾਨੂੰ ਸਾਰਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦਾ ਇਕ ਵਫ਼ਦ ਅਮਰੀਕਾ ਦੀ ਦੂਜੀ ਜੰਗ ਵੇਲੇ ਦੇ ਰਾਸ਼ਟਰਪਤੀ ਫਰੈਂਕਲਿਨ ਰੂਜਵੈਲਟ ਦੀ ਪਹਿਲੀ ਲੇਡੀ ਸਵ: ਪਤਨੀ ਏਲਨੋਰ ਰੂਜਵੈਲਟ ਦੀ ਸਮਾਧ ਤੇ ਸ਼ਰਧਾ ਦੇ ਫੁੱਲ ਭੇਂਟ ਕਰਨ ਪੁੱਜਾ

ਨਿਊਯਾਰਕ (ਰਾਜ ਗੋਗਨਾ)- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦਾ ਇਕ ਵਫਦ ਜਿਸ ਵਿੱਚ ਪਾਰਟੀ ਦੇ ਕਨਵੀਨਰ ਉੱਘੇ ਸਿੱਖ ਆਗੂ ਸ: ਬੂਟਾ ਸਿੰਘ ਖੜੌਦ, ਭੁਪਿੰਦਰ ਸਿੰਘ, ਜੋਗਾ ਸਿੰਘ, ਅਵਤਾਰ ਸਿੰਘ ਤੇ ਪਾਰਟੀ ਦੇ ਕੋਮੀ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਿਊਯਾਰਕ ਸੂਬੇ ਦੇ ਹਾਇਡ ਪਾਰਕ ਜਿਹੜਾ ਸਥਾਨ ਨਿਊਯਾਰਕ ਸ਼ਹਿਰ ਤੋ ਦੋ ਘੰਟੇ ਦੀ ਦੂਰੀ ਤੇ ਹੈ ਜਿਸ ਜਗ੍ਹਾ ਤੇ ਅਮਰੀਕਾ ਦੇ ਦੂਜੀ ਸੰਸਾਰ ਦੀ ਜੰਗ ਵੇਲੇ ਉਸ ਸਮੇਂ ਦੇ ਅਮਰੀਕਾ ਦੇ ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ ਤੇ ਉਨ੍ਹਾਂ ਦੀ ਪਤਨੀ (ਪਹਿਲੀ ਲੇਡੀ) ਏਲਨੋਰ ਰੂਜ਼ਵੈਲਟ ਗਰੇਬਸ ਸਨ ਉਹਨਾਂ ਦੀ (ਸਮਾਧ) ਤੇ ਸ਼ਹੀਦ ਬੀਬੀ ਰੂਜ਼ਵੈਲਟ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚਿਆ ਇਨਾਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਆਗੂਆ ਨੇ ਕਿਹਾ ਕਿ, ਦੂਜੀ ਸੰਸਾਰ ਜੰਗ ਤੋ ਬਾਅਦ ਜਦੋ ਮਨੁੱਖਤਾ ਦਾ ਪੂਰਾ ਘਾਣ ਹੋਇਆ



ਤਾਂ ਉਸ ਵੇਲੇ ਯੂਨਾਈਟਿਡ ਨੇਸ਼ਨ ਦੇ ਹੋਂਦ ਵਿੱਚ ਆਉਣ ਦੀ ਗੱਲ ਚੱਲੀ ਤਾਂ ਕਿ ਸੰਸਾਰ ਵਿਚ ਜਿਹੜੀਆਂ ਹੋਰ ਕੌਮਾਂ ਅਜਾਦੀ ਮੰਗ ਰਹੀਆਂ ਹਨ ਉਨ੍ਹਾਂ ਨੂੰ ਬਗੈਰ ਕਿਸੇ ਖੂਨ ਖਰਾਬੇ ਤੋਂ ਅਜਾਦ ਕੀਤਾ ਜਾਵੇ ਦੂਜੀ ਸੰਸਾਰ ਜੰਗ ਤੋ ਬਾਅਦ ਬੁਹਤ ਨਵੇ ਦੇਸ਼ ਬਣੇ ਜਿਨ੍ਹਾਂ ਵਿੱਚੋਂ ਭਾਰਤ ਵੀ ਇਕ ਦੇਸ਼ ਸੀ ਜਿਸ ਵਿੱਚ ਅੱਜ ਮਨੁੱਖੀ ਅਧਿਕਾਰਾ ਦੀ ਘੋਰ ਅਵੱਗਿਆ ਹੋ ਰਹੀ ਹੈ ਭਾਵੇ ਰਾਸ਼ਟਰਪਤੀ ਰੂਜ਼ਵੈਲਟ ਦੀ 1945 ਵਿਚ ਹੀ ਮੌਤ ਹੋ ਜਾਂਦੀ ਹੈ। ਯੁਨਾਈਟਿਡ ਨੇਸ਼ਨ 1948 ਵਿੱਚ ਹੋਦ ਵਿੱਚ ਆਉਦਾ ਹੈ ਤੇ ਉਨ੍ਹਾਂ ਦੀ ਪਤਨੀ ਏਲਨੋਰ ਰੂਜ਼ਵੈਲਟ ਦਾ ਰੋਲ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਬਾ ਕਮਾਲ ਸੀ ਉਹ ਯੂਨਾਈਟਿਡ ਨੇਸ਼ਨ ਦੇ ਮਨੁੱਖੀ ਅਧਿਕਾਰਾਂ ਦੇ ਪਹਿਲੇ ਚੇਅਰਪਰਸਨ ਯੂਨੀਵਰਸਲ ਡਕਲਰੇਸ਼ਨ ਆਫ ਮਨੁੱਖੀ ਅਧਿਕਾਰ ਸਨ । ਜਿਹੜੇ ਅਮਰੀਕਾ ਦੀ ਤਰਫੋ ਲਗਭਗ 13 ਸਾਲ ਮਨੁੱਖੀ ਅਧਿਕਾਰਾਂ ਦੀ ਨੁਮਾਇੰਦਗੀ ਵੀ ਕਰਦੇ ਰਹੇ ਅੱਜ ਜਦੋ ਭਾਰਤ ਦੇਸ਼ ਵਿਚ ਮਨੁੱਖੀ ਅਧਿਕਾਰਾ ਦਾ ਘੋਰ ਪਾਪ ਹੋ ਰਿਹਾ ਤਾਂ ਬੀਬੀ ਰੂਜ਼ਵੈਲਟ ਦੀ ਆਤਮਾ ਕੀ ਕਹਿੰਦੀ ਹੋਵੇਗੀ ਜਦੋ ਕਿ ਇੰਡੀਆ ਨੇ ਖੁਦ ਮਨੁੱਖੀ ਅਧਿਕਾਰਾਂ ਦੇ ਚਾਰਟਰ ਤੇ ਸਿਗਨੇਚਰ ਕੀਤੇ ਹੋਏ ਹਨ ਜਿਸ ਭਾਰਤ ਦੇਸ਼ ਨੇ ਸਿੱਖਾਂ, ਨਾਗੇ, ਮੁਸਲਮਾਨਾਂ, ਦਲਿਤ, ਇਸਾਈ, ਤਾਮਿਲ, ਅਸਾਮੀਆਂ ਤੇ ਘੋਰ ਜੁਲਮ ਕੀਤੇ ਹਨ ਇਸ ਲਈ ਹੀ ਅੱਜ ਪਾਰਟੀ ਨੇ ਇਸ ਮਹਾਨ ਲੇਡੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਿਸ ਨੇ ਯੂ. ਐਨ. ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਦੀ ਕਾਇਮੀ ਕੀਤੀ ਪਿਛਲੇ ਸਾਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋ ਯੁਨਾਈਟਿਡ ਨੇਸ਼ਨ ਦੇ ਹੈਡਕੁਆਰਟਰ ਦੇ ਮਨੁੱਖੀ ਅਧਿਕਾਰਾਂ ਦੇ ਡਾਇਰੈਕਟਰ ਕਰੈਗ ਮੋਖੀਬਰ ਦੇ ਧਿਆਨ ਵਿਚ ਇਹ ਸਾਰਾ ਕੁਝ ਲਿਆਂਦਾ ਗਿਆ ਸੀ। ਅਸੀਂ UN ਦੇ ਬਾਕੀ ਦੇਸ਼ਾਂ ਦੇ ਮਿਸ਼ਨਾਂ ਨੂੰ ਵੀ ਸਮੇਂ ਸਮੇਂ ’ਤੇ ਸੁਚਿਤ ਕਰਦੇ ਰਹਿੰਦੇ ਹਾਂ ਸਿੱਖ ਕੌਮ ਇਕ ਵੱਖਰਾ ਧਰਮ ਤੇ ਵੱਖਰਾ ਨੇਸ਼ਨ ਹੈ।

# ਕੈਨੇਡਾ ਦੇ ਸਰੀ ਚ ਰਹਿੰਦੇ ਇਕ ਦਿਉਲ ਪਰਿਵਾਰ ’ਤੇ ਟੁੱਟਿਆ ਦੁੱਖਾਂ ਦਾ ਪਹਾੜ

## ਉਨ੍ਹਾਂ 11 ਮਹੀਨੇ ਦੇ ਆਪਣੇ ਬੱਚੇ ਦੇ ਇਲਾਜ ਲਈ ਲਾਈ ਮਦਦ ਦੀ ਗੁਹਾਰ

ਨਊਯਾਰਕ/ਸਰੀ (ਰਾਜ ਗੋਗਨਾ)- ਕੈਨੇਡਾ ਦੇ ਪੰਜਾਬੀਆਂ ਦੀ ਸੰਘਣੀ ਅੱਤਵਾਦੀ ਵਾਲੇ ਸਰੀ ਸ਼ਹਿਰ ਵਿੱਚ ਵੱਸਦੇ ਇੱਕ ਪੰਜਾਬੀ ਪਰਿਵਾਰ ਨੇ ਆਪਣੇ ਬੱਚੇ ਦੇ ਇਲਾਜ ਲਈ ਮਦਦ ਦੀ ਗੁਹਾਰ ਲਾਈ ਹੈ। ਦੱਸ ਦੱਈਏ ਕਿ ਉਨ੍ਹਾਂ ਦਾ 11 ਮਹੀਨੇ ਦਾ ਬੱਚਾ ਇੱਕ ਗੰਭੀਰ ਬਿਮਾਰੀ ਤੋਂ ਪੀੜ੍ਹਤ ਹੈ, ਜਿਸ ਦੇ ਇਲਾਜ ਲਈ ਉਹਨਾਂ ਨੂੰ ਲਗਭਗ 3 ਮਿਲੀਅਨ ਡਾਲਰ ਚਾਹੀਦੇ ਹਨ, ਪਰ ਉਹਨਾਂ ਕੋਲ ਹੁਣ ਤੱਕ ਸਿਰਫ਼ 68 ਹਜ਼ਾਰ ਡਾਲਰ ਫੰਡ ਇਕੱਠਾ ਹੋਇਆ ਹੈ। ਦੱਸ ਦੇਈਏ ਕਿ ਗਗਨਪ੍ਰੀਤ ਸਿੰਘ ਦਿਓਲ ਅਤੇ ਉਸ ਦੀ ਪਤਨੀ ਹਰਪ੍ਰੀਤ ਦਿਓਲ ਸਰੀ ਵਿੱਚ ਰਹਿੰਦੇ ਹਨ। ਉਸ ਦਾ ਮਾਸੂਮ ਬੱਚਾ ਆਰਿਅਨ ਦਿਓਲ, ਜਿਸ ਦੀ ਉਮਰ ਅਜੇ ਸਿਰਫ਼ 11 ਮਹੀਨੇ ਹੈ, ਉਹ ‘ਸਪਾਈਨਲ ਮਸਕਿਊਲਰ ਐਟ੍ਰੋਫ਼ੀ (ਐਸਐਮਏ)‘ ਨਾਂ ਦੀ ਬਿਮਾਰੀ ਤੋਂ ਪੀੜਤ ਹੈ। ਇਸ ਬਿਮਾਰੀ ਨਾਲ ਮਾਸਪੇਸ਼ੀਆਂ ਅਤੇ ਰੀੜ ਦੀ ਹੱਡੀ ਵਿੱਚ ਕਮਜ਼ੋਰੀ ਆ ਜਾਂਦੀ ਹੈ। ਜੇਕਰ ਇਸ ਬਿਮਾਰੀ ਦਾ ਸਮੇਂ ‘ਤੇ ਇਲਾਜ ਨਾ ਹੋਵੇ ਤਾਂ ਮੌਤ ਤੱਕ ਹੋ ਜਾਂਦੀ ਹੈ। ਹਰਪ੍ਰੀਤ ਦਿਓਲ ਨੇ ਦੱਸਿਆ ਕਿ ਜਦੋਂ ਆਰਿਅਨ ਦਾ ਜਨਮ ਹੋਇਆ, ਉਸ ਵੇਲੇ ਉਹ ਬਿਲਕੁਲ ਤੰਦਰੁਸਤ ਸੀ। ਜਨਮ ਤੋਂ ਪੰਜ ਮਹੀਨੇ ਬਾਅਦ ਉਸ ਦੀਆਂ ਮਾਸਪੇਸ਼ੀਆਂ ਵਿੱਚ ਕਮਜ਼ੋਰੀ ਆਉਣੀ ਸ਼ੁਰੂ ਹੋ ਗਈ। ਉਹ ਆਰਿਅਨ ਨੂੰ ਪਹਿਲਾਂ ਸਰੀ ਮੈਮੋਰੀਅਲ ਹਸਪਤਾਲ ਲੈ ਕੇ ਗਏ, ਜਿੱਥੋਂ ਉਸ ਨੂੰ ਬੀ.ਸੀ. ਚਿਲਡਰਨਜ਼ ਹਸਪਤਾਲ ਵਿੱਚ ਰੈਫ਼ਰ ਕਰ ਦਿੱਤਾ ਗਿਆ। ਉੱਥੇ ਡਾਕਟਰਾਂ ਨੇ ਦੱਸਿਆ ਕਿ ਆਰਿਅਨ ਨੂੰ ਸਪਾਈਨਲ ਮਸਕਿਊਲਰ ਐਟ੍ਰੋਫ਼ੀ ਬਿਮਾਰੀ ਹੈ, ਜੋ ਪਹਿਲੀ ਸਟੇਜ ‘ਤੇ ਹੈ। ਡਾਕਟਰਾਂ ਨੇ ਦੱਸਿਆ ਕਿ ਆਰਿਅਨ ਦੇ ਇਲਾਜ ‘ਤੇ ਲਗਭਗ 3 ਮਿਲੀਅਨ ਡਾਲਰ (30 ਲੱਖ ਡਾਲਰ) ਖਰਚ ਆਵੇਗਾ। ਬੱਚੇ ਦੀ ਗੰਭੀਰ ਬਿਮਾਰੀ ਅਤੇ ਉਸ ਦੇ ਇਲਾਜ ‘ਤੇ ਇੰਨਾ ਖਰਚ ਆਉਣ ਦੀ ਗੱਲ




ਸੁਣ ਕੇ ਗਗਨਪ੍ਰੀਤ ਦਿਓਲ ਅਤੇ ਉਸ ਦੀ ਪਤਨੀ ਹਰਪ੍ਰੀਤ ਦਿਓਲ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਹਿੰਮਤ ਨਹੀਂ ਹਾਰੀ ਅਤੇ ਆਪਣੇ ਬੱਚੇ ਦੇ ਇਲਾਜ ਲਈ ਫੰਡ ਕਰਨ ਵਾਸਤੇ ਮੁਹਿੰਮ ਚਲਾਉਣ ਦਾ ਫ਼ੈਸਲਾ ਕੀਤਾ, ਜਿਸ ਤਹਿਤ ਹੁਣ ਤੱਕ ਕੋਲ ਸਿਰਫ਼ 68 ਹਜ਼ਾਰ ਡਾਲਰ ਇਕੱਠੇ ਹੋਏ ਹਨ। ਪੰਜਾਬੀ ਜੋੜੇ ਨੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਹੈ ਕਿ ਦੀ ਮਦਦ ਕੀਤੀ ਜਾਵੇ, ਤਾਂ ਜੋ ਦੇ ਮਾਸੂਮ ਬੱਚੇ ਆਰਿਅਨ ਦਿਓਲ ਦੀ ਜਾਨ ਬਚ ਜਾਵੇ। ਦਿਓਲ ਪਰਿਵਾਰ ਦੀ ਮਦਦ ਲਈ facebook.com/Aryanfight.sma. ‘ਤੇ ਮੁਹਿੰਮ ਚੱਲ ਰਹੀ ਹੈ, ਜਿਸ ਵਿੱਚ ਕੋਈ ਵੀ ਦਾਨੀ ਸੱਜਣ ਆਪਣਾ ਬਣਦਾ ਯੋਗਦਾਨ ਪਾ ਸਕਦਾ ਹੈ।

# ਸਿਆਟਲ ਵਿਚ ਸਮਾਜ ਸੇਵੀ ਹਰਮਿੰਦਰ ਕੌਰ ਸਨਮਾਨਤ

ਸਿਆਟਲ (ਗੁਰਚਰਨ ਸਿੰਘ ਢਿੱਲੋਂ)- ਬਾਰਡਰ ਦੇ ਪਿੰਡ ਨੌਸ਼ਹਿਰਾ ਢਾਲਾ ਦੀ ਜੰਮਪਲ ਅਤੇ ਮਾਝੇ ਦੀ ਸਨਮਾਨਤ ਹਸਤੀ ਸਵ. ਜਰਨੈਲ ਸਿੰਘ ਸੰਧੂ ਦੀ ਲੜਕੀ ਸਮਾਜ ਸੇਵੀ ਹਰਮਿੰਦਰ ਕੌਰ ਨੂੰ ਸਾਦੇ ਸਮਾਗਮ ਦੌਰਾਨ ਸਿਆਨ ਵਿਚ ਸਨਮਾਨਤ ਕੀਤਾ ਗਿਆ। ਬੀਬੀ ਹਰਮਿੰਦਰ ਕੌਰ ਨੂੰ ਬਤੌਰ ਅਧਿਆਪਕ ਪਿੰਡ ਉਮਰਪੁਰ ਵਿਚ ਵਧੀਆ ਅਧਿਆਪਕ ਦੇ ਤੌਰ ’ਤੇ ਇਲਾਕਾ ਨਿਵਾਸੀਆਂ ਵਲੋਂ ਸਨਮਾਨਤ ਕੀਤਾ ਜਾ ਚੁੱਕਾ ਹੈ ਜੋ ਅੱਜ ਕੱਲ੍ਹ ਸਮਾਜ ਸੇਵੀ ਕਾਰਜਾਂ ਵਿਚ ਜੁਟੇ ਹੋਏ ਹਨ। ਨਿੱਜੀ ਦੌਰੇ ’ਤੇ ਪਹੁੰਚੇ ਹਰਮਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦਾ ਛੋਟਾ ਭਰਾ ਜੋਗਿੰਦਰ ਸਿੰਘ ਜਿੰਦ ਨੇ ਛੋਟੀ ਉਮਰੇ ਸੁਰਸਿੰਘ ਦਾ ਸਰਪੰਚ ਬਣ ਕੇ ਸਮਾਜ ਸੇਵੀ ਕਾਰਜਾਂ ਵਿਚ ਕੰਮ ਕਰਨ ਕਰਕੇ ਇਲਾਕੇ ਵਿਚ ਨਾਮਣਾ ਖੱਟਿਆ ਸੀ ਜਿਸ ਤੋਂ ਪ੍ਰਭਾਵਤ ਹੋ ਕੇ ਸਮਾਜ ਸੇਵੀ ਕੰਮ ਕਰਨੇ ਆਰੰਭ ਕੀਤੇ। ਇਸ ਮੌਕੇ ਰੁਪਿੰਦਰ ਸਿੰਘ ਨੇ ਸਵਾਗਤੀ ਭਾਸ਼ਣ ਵਿਚ ਬੀਬੀ ਹਰਮਿੰਦਰ ਕੌਰ ਦੇ ਅਧਿਆਪਕ ਜੀਵਨ ਸਮੇਂ ਨਾਮਣਾ ਖੱਟਣ ਬਾਰੇ ਚਾਨਣ ਪਾਇਆ ਅਤੇ ਬੀਬੀ ਕੁਲਦੀਪ ਕੌਰ ਨੇ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ।



ਫੋਟੋ: ਸਿਆਟਲ ਵਿਚ ਨਿੱਜੀ ਦੌਰੇ ’ਤੇ ਪਹੁੰਚੇ ਸਮਾਜ ਸੇਵੀ ਹਰਮਿੰਦਰ ਕੌਰ ਨੂੰ ਸਨਮਾਨਤ ਕਰਦੇ ਹੋਏ ਗੁਰਚਰਨ ਸਿੰਘ ਢਿੱਲੋਂ, ਕੁਲਦੀਪ ਕੌਰ, ਇੰਦਰਜੀਤ ਕੌਰ, ਰਣਦੀਪ ਕੌਰ, ਹਰਸਿਮਰਨ ਸਿੰਘ ਵਿਰਕ, ਅਜੀਤਪਾਲ ਸਿੰਘ ਤੇ ਮਨਪ੍ਰੀਤ ਕੌਰ ਦਿਖਾਈ ਦੇ ਰਹੇ ਹਨ।

# ਕੇਰਲਾ ਵਾਸੀ ਭਾਰਤੀ-ਅਮਰੀਕੀ ਪਤਨੀ ਦੇ ਕਤਲ ਦੇ ਦੋਸ਼ ’ਚ ਗ੍ਰਿਫਤਾਰ





ਵਾਸ਼ਿੰਗਟਨ (ਰਾਜ ਗੋਗਨਾ)- ਬੀਤੇ ਦਿਨ ਇਕ ਭਾਰਤੀ ਅਮਰੀਕੀ ਫਿਲਿਪ ਮੈਥਿਊ ਨੂੰ ਫਲੋਰੀਡਾ ਦੇ ਕੋਰਲ ਸਪਰਿੰਗਜ਼ ਵਿੱਚ ਆਪਣੀ ਪਤਨੀ ਮੇਰਿਨ ਜੋਇ ਦੀ ਕਥਿੱਤ ਤੌਰ ਤੇ ਚਾਕੂ ਨਾਲ ਵਾਰ ਕਰਨ, ਉਸ ਤੋਂ ਬਾਅਦ ਕਾਰ ਚੜਾਉਣ ਅਤੇ ਜਾਨੋਂ ਮਾਰਨ ਦੇ ਦੋਸ਼ ਅਧੀਨ ਫ਼ਸਟ ਡਿਗਰੀ ਦੇ ਕਤਲ ਦੇ ਦੋਸ਼ ਹੇਠ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਰਿਪੋਰਟਾਂ ’ਚ ਇਹ ਵੀ ਸੰਕੇਤ ਦਿੱਤਾ ਹੈ ਕਿ ਕਾਤਲ ਮੈਥਿਊ ਦਾ ਘਰੇਲੂ ਹਿੰਸਾ ਦਾ ਇਤਿਹਾਸ ਪਹਿਲਾਂ ਵੀ ਪੁਲਿਸ ਰਿਕਾਰਡ ਵਿੱਚ ਦਰਜ ਹੈ।

ਇਹ ਘਟਨਾ ਫਲੋਰਿਡਾ ਦੇ ਕੋਰਲ ਸਪ੍ਰਿੰਗਜ਼ ਵਿੱਚ 28 ਜੁਲਾਈ ਨੂੰ ਹਸਪਤਾਲ ਦੀ ਪਾਰਕਿੰਗ ਵਿੱਚ ਵਾਪਰੀ ਜਿੱਥੇ ਉਸ ਦੀ ਪਤਨੀ ਨਰਸ ਦੀ ਨੌਕਰੀ ਕਰਦੀ ਸੀ ।ਇਹ ਜੋੜਾ ਭਾਰਤ ਦੇ ਸੂਬੇ ਕੇਰਲਾ ਨਾਲ ਸਬੰਧਤ ਸੀ। ਉਸ ਦੇ ਪਤੀ ਨੂੰ ਪਹਿਲੀ ਡਿਗਰੀ ਦੇ ਕਤਲ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ ਜਿਸ ਦੀ ਪਹਿਚਾਣ ਫਿਲਿਪ ਮੈਥਿਊ (34) ਸਾਲ ਹੈ ਵਜੋਂ ਹੋਈ ਹੈ। ਉਹ ਹੁਣ ਹੱਤਿਆ ਦੇ ਦੋਸ਼ ਵਿਚ ਫਲੋਰੀਡਾ ਦੀ ਬਰੌਵਾਰਡ ਕਾਉਂਟੀ ਦੀ ਜੇਲ੍ਹ ਵਿੱਚ ਹੈ। ਜਿਕਰਯੋਗ ਹੈ ਕਿ ਅਮਰੀਕਾ ਦੇ ਸੂਬੇ ਫਲੋਰਿਡਾ ਵਿੱਚ, ਪਹਿਲੀ ਡਿਗਰੀ ਕਤਲ ਦੀ ਸਜ਼ਾ ਪੈਰੋਲ ਦੀ ਕੋਈ ਸੰਭਾਵਨਾ ਨਹੀਂ ਅਤੇ ਮੌਤ ਦੀ ਸਜ਼ਾ ਤੋਂ ਬਿਨਾਂ ਉਮਰ ਕੈਦ ਹੈ। ਜਦੋਂ ਜੁਰਮ ਦਾ ਪਹਿਲਾਂ ਵਿਚਾਰ ਕੀਤਾ ਜਾਂਦਾ ਹੈ ਤਾਂ ਪਹਿਲੀ ਡਿਗਰੀ ਕਤਲ ਦੇ ਦੋਸ਼ ਲਗਾਏ ਜਾਂਦੇ ਹਨ। ਇਹ ਜੋੜਾ ਕੇਰਲਾ ਦਾ ਰਹਿਣ ਵਾਲਾ ਹੈ ਅਤੇ ਉਨ੍ਹਾਂ ਦੀ ਇਕ ਦੋ ਸਾਲਾਂ ਦੀ ਬੇਟੀ ਨੋਰਾ ਵੀ ਹੈ ਜੋ ਹਮਲੇ ਸਮੇਂ ਕੇਰਲਾ ਦੇ ਕੋਟਾਯਾਮ ਵਿੱਚ ਆਪਣੇ ਦਾਦਾ-ਦਾਦੀ ਕੋਲ ਸੀ। ਜੋਇ ਅਤੇ ਮੈਥਿਊਜ ਹੁਣ ਇਕੱਠੇ ਨਹੀਂ ਸੀ ਰਹਿੰਦੇ। ਕੋਰਲ ਸਪ੍ਰਿੰਗਜ਼ ਪੁਲਿਸ ਵਿਭਾਗ ਦੁਆਰਾ ਭਾਰਤ-ਪੱਛਮ ਨੂੰ ਭੇਜੀ ਗਈ ਇਕ ਪੁਲਿਸ ਰਿਪੋਰਟ ਅਨੁਸਾਰ, 28 ਜੁਲਾਈ ਨੂੰ ਸਵੇਰੇ ਸਾਢੇ ਸੱਤ ਵਜੇ ਕੋਰਲ ਸਪ੍ਰਿੰਗਜ਼ ਡਿਸਪੈਚ ਨੂੰ ਬ੍ਰੋਵਾਰਡ ਹੈਲਥ ਸਪ੍ਰਿੰਗਜ਼ ਦਾ ਇੱਕ ਫੋਨ ਆਇਆ। ਕਾਲ ਵਿੱਚ ਇੱਕ ਸੰਭਾਵਿਤ ਹਿੱਟ ਐਂਡ ਰਨ ਦੇ ਤੌਰ ਤੇ ਆਈ। ਘਟਨਾ ਸਥਾਨ ‘ਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਦੇਖਿਆ ਮੇਰਿਨ ਜੋਇ ਦੇ ਪੂਰੇ ਸਰੀਰ ਤੇ ਚਾਕੂ ਦੇ ਕਈ ਵਾਰ ਕੀਤੇ ਹੋਏ ਸਨ ਅਤੇ ਉਹ ਜ਼ਖਮੀ ਹਾਲਤ ਵਿਚ ਜਮੀਨ ’ਤੇ ਪਈ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਇਲਾਜ ਦੌਰਾਨ ਲਗਭਗ ਇਕ ਘੰਟੇ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਮੌਕੇ ’ਤੇ ਹਾਜ਼ਰ ਜੈਫ ਪੇਨੇ ਨੇ ਕਿਹਾ ਕਿ ਉਸ ਨੇ ਸ਼ੱਕੀ ਨੂੰ ਪੀੜਤ ’ਤੇ ਹਮਲਾ ਕਰਦੇ ਦੇਖਿਆ। ਪੇਨੇ ਨੇ ਦੱਸਿਆ ਕਿ ਮੈਥਿਉ ਨੇ ਘਟਨਾ ਸਥਾਨ ਤੋਂ ਭੱਜਣ ਤੋਂ ਪਹਿਲਾਂ ਜੋਇ ਦੇ ’ਤੇ ਕਾਰ ਚੜ੍ਹਾ ਦਿੱਤੀ ਅਤੇ ਘਟਨਾ ਸਥਾਨ ਤੋਂ ਦੌੜ ਗਿਆ। ਹਸਪਤਾਲ ਦੀ ਸੁਰੱਖਿਆ ਨੇ ਪੁਲਿਸ ਨੂੰ ਇਸ ਘਟਨਾ ਦੀ ਵੀਡੀਓ ਫੁਟੇਜ ਵਿੱਚ ਮੈਥਿਉ ਨੂੰ ਇਸ ਘਟਨਾ ਨੂੰ ਅੰਜ਼ਾਮ ਦੇਣ ਦੇ ਸਬੂਤ ਵਜੋਂ ਸੌਂਪਿਆ ਹੈ। ਪੁਲਿਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮ੍ਰਿਤਕ ਜੋਇ ਨੇ 19 ਜੁਲਾਈ ਨੂੰ ਪੁਲਿਸ ਨੂੰ ਬੁਲਾਇਆ ਸੀ ਤਾਂ ਕਿ ਉਹ ਦੱਸਿਆ ਜਾ ਸਕੇ ਕਿ ਉਹ ਬਹੁਤ ਮੁਸ਼ਕਲ ਹਲਾਤਾਂ ਵਿੱਚੋਂ ਗੁਜ਼ਰ ਰਹੀ ਹੈ ਅਤੇ ਮੈਥਿਉ ਸ਼ਾਮ ਨੂੰ ਲਾਈਨ ਸੁਨੇਹੇ ਪੋਸਟ ਕਰ ਰਿਹਾ ਸੀ ਜਿਸ ਵਿੱਚ ਉਹ ਚਾਹੁੰਦਾ ਸੀ ਕਿ ਉਹ ਉਸ ਕੋਲ ਵਾਪਸ ਆ ਜਾਵੇ। ਕਿਉਂਕਿ ਤਲਾਕ ਚਲ ਰਿਹਾ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Gurmail Singh Content Composer: Amritpal Singh US Distributor: Amritsar Times Inc. Owner: Amritsar Times Pvt. Ltd.

Quomantry Amritsar Times is owned by Amritsar Times Pvt. Ltd., a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਭਾਰਤੀ ਰਾਜਦੂਤ ਨੇ ਵਿਸਕਾਨਸਿਨ ਦੇ ਰਾਜਪਾਲ ਨੂੰ ਟੈਪ ਇੰਡੀਆ-ਯੂ.ਐੱਸ. ਅਧੀਨ ਖੇਤੀਬਾੜੀ ਦੇ ਬੁਨਿਆਦੀ ਢਾਂਚੇ ਤੇ ਹੋਰ ਖੇਤਰਾਂ ਵਿੱਚ ਨਿਰਮਾਣ ਦੀ ਸਹਿਮਤੀ ਪ੍ਰਗਟਾਈ

ਵਾਸ਼ਿੰਗਟਨ, (ਰਾਜ ਗੋਗਨਾ)- ਸੰਯੁਕਤ ਰਾਜ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਅਤੇ ਵਿਸਕਾਨਸਿਨ ਦੇ ਰਾਜਪਾਲ ਟੋਨੀ ਈਵਰਸ ਨੇ 29 ਜੁਲਾਈ ਨੂੰ ਇੱਕ ਵਰਚੁਅਲ ਬੈਠਕ ਕੀਤੀ ਅਤੇ ਵਪਾਰ ਅਤੇ ਨਿਵੇਸ਼ ਦੇ ਨਾਲ ਨਾਲ ਵਿਸਕਾਨਸਿਨ ਅਤੇ ਭਾਰਤ ਦਰਮਿਆਨ ਲੋਕਾਂ ਦੇ ਸਬੰਧਾਂ ਬਾਰੇ ਵਿਚਾਰ ਵਟਾਂਦਰੇ ਕੀਤੇ। ਭਾਰਤੀ ਦੂਤਾਵਾਸ ਨੇ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਦੋਵਾਂ ਨੇ ਭਾਰਤ ਅਤੇ ਵਿਸਕਾਨਸਿਨ ਲਈ ਸਾਂਝੇ ਖੇਤੀਬਾੜੀ, ਬੁਨਿਆਦੀ ਢਾਂਚੇ ਅਤੇ ਨਿਰਮਾਣ ਖੇਤਰਾਂ ਵਿੱਚ ਸੰਭਾਵਨਾਵਾਂ ਨੂੰ ਘਟਾਉਣ ਦੀਆਂ ਰਣਨੀਤੀਆਂ ਉੱਤੇ ਵਿਚਾਰ ਵਟਾਂਦਰੇ ਕੀਤੇ, ਜੋ ਕਿ ਦੋਵਾਂ ਲਈ ਕਾਮਯਾਬੀ ਲੈ ਸਕਦੇ ਹਨ। ਰਾਜਦੂਤ ਨੇ ਰਾਜਪਾਲ ਨੂੰ ਸਿਹਤ ਸਹੂਲਤਾਂ ਅਤੇ ਸਿੱਖਿਆ ਦੇ ਖੇਤਰ ਵਿਚ ਭਾਰਤ ਦੁਆਰਾ ਚੁੱਕੇ ਪਹਿਲਕਦਮਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਇਨ੍ਹਾਂ ਖੇਤਰਾਂ ਵਿਚ ਸਹਿਯੋਗ ਬਾਰੇ ਵਿਚਾਰ ਵਟਾਂਦਰੇ ਕੀਤੇ। ਭਾਰਤ ਅਤੇ ਵਿਸਕਾਨਸਿਨ ਦਾ ਵਪਾਰ ਅਤੇ ਨਿਵੇਸ਼ ਦਾ ਇੱਕ ਮਜ਼ਬੂਤ ਰਿਸ਼ਤਾ ਹੈ, ਜਿਸ ਵਿੱਚ ਭਾਰਤ ਅਤੇ ਵਿਸਕਾਨਸਿਨ



ਵਿਚਕਾਰ 1 ਅਰਬ ਡਾਲਰ ਤੋਂ ਵੱਧ ਦਾ ਵਪਾਰ ਹੋਵੇਗਾ। ਆਈ ਟੀ, ਇੰਜੀਨੀਅਰਿੰਗ ਸੇਵਾਵਾਂ, ਮੈਡੀਕਲ ਉਪਕਰਣ ਅਤੇ ਨਿਰਮਾਣ ਖੇਤਰਾਂ ਦੀਆਂ ਬਹੁਤ ਸਾਰੀਆਂ ਭਾਰਤੀ ਕੰਪਨੀਆਂ ਨੇ ਵਿਸਕਾਨਸਿਨ ਵਿਚ ਨਿਵੇਸ਼ ਕੀਤਾ ਹੈ।

ਇਨ੍ਹਾਂ ਕੰਪਨੀਆਂ ਨੇ ਵਿਸਕਾਨਸਿਨ ਵਿਚ ਲਗਭਗ 185 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਹੈ, ਜਿਸ ਨਾਲ ਰਾਜ ਵਿਚ 2,460 ਤੋਂ ਵੱਧ ਨੌਕਰੀਆਂ ਪੈਦਾ ਹੋਈਆਂ ਹਨ। ਉਹ ਆਪਣੀਆਂ ਸੀਐਸਆਰ ਪਹਿਲਕਦਮੀਆਂ ਦੁਆਰਾ ਸਥਾਨਕ ਅਰਥਚਾਰਿਆਂ ਅਤੇ ਕਮਿਨਿਟੀਆਂ ਲਈ ਵੀ ਮੁੱਲ ਵਧਾਉਂਦੇ ਹਨ। ਇਸੇ ਤਰ੍ਹਾਂ ਵਾਹਨ, ਇਲੈਕਟ੍ਰੀਕਲ ਉਪਕਰਣ, ਵਿੱਤੀ ਸੇਵਾਵਾਂ ਅਤੇ ਤਕਨਾਲੋਜੀ ਦੇ ਖੇਤਰਾਂ ਵਿਚ ਵਿਸਕਾਨਸਿਨ ਅਧਾਰਤ ਕੰਪਨੀਆਂ ਨੇ ਭਾਰਤ ਵਿਚ ਇਕ ਮਜ਼ਬੂਤ ਮੌਜੂਦਗੀ ਸਥਾਪਤ ਕੀਤੀ ਹੈ। ਉਨ੍ਹਾਂ ਵਿੱਚ ਹਾਰਲੇ ਡੇਵਿਡਸਨ, ਰੌਕਵੈਲ ਆਟੋਮੈੱਸ਼ਸ਼ਨ ਇੰਕ, ਮੈਨਪਾਵਰ ਗਰੁੱਪ, ਆਦਿ ਸ਼ਾਮਲ ਹਨ।

ਰਿਲੀਜ਼ ਵਿੱਚ ਕਿਹਾ ਗਿਆ, ਵਿਸਕਾਨਸਿਨ ਵਿੱਚ ਭਾਰਤੀ ਅਮਰੀਕੀ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਣ ਮੰਜ਼ਿਲ ਵੀ ਹੈ। ਵਿਸਕਾਨਸਿਨ ਵਿਚ ਤਕਰੀਬਨ 1,500 ਭਾਰਤੀ ਵਿਦਿਆਰਥੀ ਵਿਦਿਅਕ ਸੰਸਥਾਵਾਂ ਵਿਚ ਪੜ੍ਹ ਰਹੇ ਹਨ।ਭਾਰਤ ਦਾ ਵਿਸਕਾਨਸਿਨ ਨਾਲ ਵੀ ਮਜ਼ਬੂਤ ਵਿਦਿਅਕ ਸੰਬੰਧ ਹੈ, ਭਾਰਤੀ ਅਧਿਐਨ ਦੀ ਪਰੰਪਰਾ ਦੇ ਨਾਲ 1868 ਦੇ ਦਹਾਕੇ ਦੇ ਮੱਧ ਵਿੱਚ ਵਿਸਕਾਨਸਿਨ ਯੂਨੀਵਰਸਿਟੀ ਕੈਂਪਸ ਵਿੱਚ ਸ਼ੁਰੂ ਹੋਈ ਸੀ, ਜਦੋਂ ਇਥੇ ਸੰਸਕ੍ਰਿਤ ਦੀ ਪ੍ਰੋਫੈਸਰਸ਼ਿਪ ਸਥਾਪਤ ਕੀਤੀ ਗਈ ਸੀ। ਮਸ਼ਹੂਰ ਬਾਇਓ-ਕੈਮਿਸਟ ਡਾ. ਹਰਗੋਬਿੰਦ ਖੁਰਾਣਾ ਨੂੰ 1968 ਵਿਚ ਵਿਸਕਾਨਸਿਨ-ਮੈਡੀਸਨ ਯੂਨੀਵਰਸਿਟੀ ਵਿੱਚ ਹੋਈ ਖੋਜ ਲਈ ਆਪਣਾ ਨੋਬਲ ਪੁਰਸਕਾਰ ਵੀ ਮਿਲਿਆ, ਜਿਥੇ ਉਹ ਫੈਕਲਟੀ ਸੀ।

ਰਾਜਦੂਤ ਸੰਧੂ ਨੇ ਭਾਰਤ ਅਤੇ ਅਮਰੀਕਾ ਦਰਮਿਆਨ ਯੂਨੀਵਰਸਿਟੀ ਸਬੰਧਾਂ ਨੂੰ ਮੁੜ ਸੁਰਜੀਤ ਕਰਨ ਅਤੇ ਮਜ਼ਬੂਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਜੋ ਆਰ ਐਂਡ ਡੀ ਅਤੇ ਬਾਇਓ-ਹੈਲਥ ਦੇ ਖੇਤਰਾਂ ਸਮੇਤ ਸ਼ਾਮਲ ਹਨ।ਰਾਜਦੂਤ ਸੰਧੂ ਅਤੇ ਰਾਜਪਾਲ ਈਵਰਸ ਨੇ ਭਾਰਤ ਅਤੇ ਵਿਸਕਾਨਸਿਨ ਰਾਜ ਦੇ ਵਿਚਕਾਰ ਬਹੁਪੱਖੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ ਸਹਿਮਤੀ ਦਿੱਤੀ ਹੈ।

# ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਨੇ ਕੀਤਾ ਐਲਾਨ : ਜੇ ਤਖ਼ਤਾਂ ਦੇ ਜਥੇਦਾਰ ਰਾਮ ਮੰਦਰ ਦੇ ਨਿਰਮਾਣ 'ਚ ਸ਼ਾਮਲ ਹੋਏ ਤਾਂ ਮੁੜ ਤਖ਼ਤਾਂ 'ਤੇ ਨਹੀਂ ਚੜ੍ਹਨ ਦਿਆਂਗੇ

## ਅਕਾਲ ਤਖ਼ਤ ਸਾਹਿਬ ਢਾਹੁਣ ਵਾਲੇ ਹਿੰਦੂਤਵੀਆਂ ਨਾਲ ਸਿੱਖ ਕੌਮ ਦੀ ਕੋਈ ਸਾਂਝ ਨਹੀਂ - ਭਾਈ ਗੋਪਾਲਾ, ਰਣਜੀਤ ਸਿੰਘ

ਅੰਮ੍ਰਿਤਸਰ (ਏ.ਟੀ.ਨਿਊਜ਼)- ਆਰ.ਐੱਸ.ਐੱਸ ਨੇ ਰਾਮ ਮੰਦਰ ਦੇ ਉਦਘਾਟਨ ਸਮਾਰੋਹ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਬਾਕੀ ਤਖ਼ਤਾਂ ਦੇ ਜਥੇਦਾਰਾਂ ਤੇ ਪੰਥ ਦੀਆਂ ਸਿਰਮੌਰ ਸ਼ਖ਼ਸੀਅਤਾਂ ਨੂੰ ਪਹੁੰਚਣ ਦਾ ਸੱਦਾ ਦਿੱਤਾ ਹੈ ਜਿਸ ਨਾਲ ਇਹ ਚਰਚਾ ਜ਼ੋਰਾਂ 'ਤੇ ਛਿੜ ਗਈ ਹੈ ਕਿ ਤਖ਼ਤਾਂ ਦੇ ਜਥੇਦਾਰ ਅਤੇ ਹੋਰ ਸਿੱਖ ਓਥੇ ਪਹੁੰਚਣਗੇ ਜਾਂ ਨਹੀਂ ? ਇਸ ਮਾਮਲੇ 'ਤੇ ਸਖ਼ਤ ਪ੍ਰਤੀਕਿਰਿਆ ਕਰਦਿਆਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਨੇ ਐਲਾਨ ਕਰ ਦਿੱਤਾ ਹੈ ਕਿ ਜੇ ਤਖ਼ਤਾਂ ਦੇ ਜਥੇਦਾਰ ਰਾਮ ਮੰਦਰ ਦੇ ਨਿਰਮਾਣ 'ਚ ਸ਼ਾਮਲ ਹੋਏ ਤਾਂ ਅਸੀਂ ਉਹਨਾਂ ਨੂੰ ਮੁੜ ਤਖ਼ਤਾਂ 'ਤੇ ਨਹੀਂ ਚੜ੍ਹਨ ਦਿਆਂਗੇ ਤੇ ਉਹਨਾਂ ਦਾ ਡੱਟ ਕੇ ਜ਼ੋਰਦਾਰ ਵਿਰੋਧ ਕਰਾਂਗੇ। ਜਾਰੀ ਮੀਡੀਆ ਬਿਆਨ 'ਚ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਅਤੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬਾਬਰੀ ਮਸਜਿਦ ਅਤੇ ਰਾਮ ਮੰਦਰ ਦੇ ਰੌਲ਼ੇ 'ਚ ਹਿੰਦੂਤਵੀਏ ਬੜੀ ਸਾਜਿਸ਼ ਤਹਿਤ ਸਿੱਖਾਂ ਨੂੰ ਬਲ਼ੀ ਦੇ ਬੱਕਰੇ ਬਣਾਉਣ ਦਾ ਯਤਨ ਕਰ ਰਹੇ ਹਨ, ਆਰ.ਐੱਸ.ਐੱਸ. ਦੀ ਇਸ ਕੋਝੀ ਸ਼ਰਾਰਤ ਤੋਂ ਸਿੱਖਾਂ ਨੂੰ ਸੁਚੇਤ ਰਹਿਣਾ ਚਾਹੀਦਾ



ਹੈ। ਫ਼ੈਡਰੇਸ਼ਨ ਆਗੂਆਂ ਨੇ ਕਿਹਾ ਕਿ ਤਖ਼ਤਾਂ ਦੇ ਜਥੇਦਾਰ ਅਯੋਧਿਆ 'ਚ ਜਾ ਕੇ 'ਸਿੱਖ ਇੱਕ ਵੱਖਰੀ ਕੌਮ' ਦੇ ਸਿਧਾਂਤ ਨੂੰ ਸੱਟ ਮਾਰਨ ਦਾ ਯਤਨ ਨਾ ਕਰਨ, ਨਹੀਂ ਤਾਂ ਖ਼ਾਲਸਾ ਪੰਥ ਦਾ ਰੋਹ ਉਹ ਝੱਲਣ ਲਈ ਤਿਆਰ ਹੋ ਜਾਣ। ਉਹਨਾਂ ਕਿਹਾ ਕਿ ਇਸ ਮੌਕੇ ਤਖ਼ਤਾਂ ਦੇ ਜਥੇਦਾਰਾਂ ਲਈ ਪਰਖ ਦੀ ਘੜੀ ਹੈ, ਉਹਨਾਂ ਨੂੰ ਤਾਂ ਪਹਿਲਾਂ ਹੀ ਚਾਹੀਦਾ ਸੀ ਕਿ ਉਹ ਆਦੇਸ਼ ਜਾਰੀ ਕਰਦੇ ਕਿ ਕੋਈ ਵੀ ਸਿੱਖ, ਰਾਮ ਮੰਦਰ ਦੇ ਨਿਰਮਾਣ 'ਚ ਸ਼ਾਮਲ ਨਾ ਹੋਵੇ। ਉਹਨਾਂ ਕਿਹਾ ਕਿ ਰਾਮ ਮੰਦਰ ਦੇ ਨਿਰਮਾਣ ਲਈ ਗੁਰਧਾਮਾਂ ਤੋਂ ਸਰੋਵਰਾਂ ਦਾ ਅੰਮ੍ਰਿਤ ਲੈ ਕੇ ਆਰ.ਐੱਸ.ਐੱਸ. ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹੀ ਇੱਕ ਹਿੱਸਾ ਦਰਸਾਉਣ ਦਾ

ਬਾਕੀ ਸਫਾ 32 'ਤੇ

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

**ਨਵੀਂ ਸਾਹਿਤਕ ਜਥੇਬੰਦੀ**

# ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਦਾ ਗਠਨ

(ਮਨਟਿਕਾ, ਕੈਲੀਫੋਰਨੀਆ/ਮਨਦੀਪ ਗੋਰਾ, ਹਰਪ੍ਰੀਤ ਕੌਰ ਧੂਤ)- ਸੈਂਟਰਲ ਵੈਲੀ ਦੇ ਸਾਹਿਤਕਾਰਾਂ ਵੱਲੋਂ ਪਿਛਲੇ ਹਫਤੇ ਇਕ ਫੋਨ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਵਿਚ ਇਕ ਨਵੀਂ ਸਾਹਿਤਕ ਜਥੇਬੰਦੀ ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਦਾ ਗਠਨ ਕੀਤਾ ਗਿਆ ਅਤੇ ਇਕ ਅਸਥਾਈ (ਐਡ-ਹਾਕ) ਕਮੇਟੀ ਬਣਾਈ ਗਈ। ਕੁਲਵੰਤ ਸੇਖੋਂ (ਪ੍ਰਧਾਨ), ਹਰਜੀਤ ਹਠੂਰ (ਉਪ ਪ੍ਰਧਾਨ), ਮਨਦੀਪ ਗੋਰਾ (ਜਨਰਲ ਸਕੱਤਰ) ਅਤੇ ਹਰਪ੍ਰੀਤ ਕੌਰ ਧੂਤ (ਸਹਾਇਕ ਸਕੱਤਰ) ਨਿਯੁੱਕਤ ਕੀਤੇ ਗਏ। ਇਹ ਕਮੇਟੀ ਸਥਾਈ ਕਮੇਟੀ ਚੁਣੇ ਜਾਣ ਤੱਕ ਕੰਮ ਕਰਦੀ ਰਹੇਗੀ।

ਸਭਾ ਦੇ ਮੁਢਲੇ ਮੈਂਬਰਾਂ ਵਿਚ ਪ੍ਰੋ. ਹਰਭਜਨ ਸਿੰਘ, ਪਰਮਜੀਤ ਭਾਨੂੰ, ਤਾਰਾ ਸਿੰਘ ਸਾਗਰ, ਡਾ. ਰਵੀ ਸ਼ੇਰਗਿੱਲ, ਰਵਨੀਤ ਹਠੂਰ, ਅਵਤਾਰ ਲਾਖਾ, ਜਸਵੰਤ ਸ਼ਾਦ, ਦਲਜਿੰਦਰ ਸਹੋਤਾ, ਧਰਮਵੀਰ ਥਾਂਦੀ, ਸੁੱਖੀ ਧਾਲੀਵਾਲ, ਮਨਜੀਤ ਕੌਰ ਸੰਧੂ, ਜਸਬੀਰ ਸੀਂਦਰਾ, ਕਰਮਜੀਤ ਸਿੰਘ, ਸੁਰਿੰਦਰ ਸਿੰਘ, ਦਵਿੰਦਰ ਪਾਲ ਭੱਟੀ, ਗਗਨ ਮਾਹਲ ਸੁਲਤਾਨਵਿੰਡ, ਮਲਿਕ ਇਮਤਿਆਜ਼, ਕੁਲਵੀਰ ਚੀਮਾ, ਹਰਜਿੰਦਰ ਸਿੰਘ ਹੈਪੀ, ਲਖਵੀਰ ਮੱਖਣ, ਰਣਧੀਰ ਸੰਧੂ, ਮਾਨਵਜੀਤ ਢਿੱਲੋਂ, ਕਰਮਵੀਰ ਸਿੰਘ, ਅਮਰਜੀਤ ਸਿੰਘ, ਰਜਿੰਦਰ ਟਾਂਡਾ, ਕਮਲ ਸਿੱਧੂ, ਲਾਲੀ ਗਿੱਲ, ਰਾਜੇਸ਼ ਸੰਘਰ ਆਦਿ ਨੂੰ ਸ਼ਾਮਲ ਕੀਤਾ ਗਿਆ। ਨਿਊਯਾਰਕ ਤੋਂ ਸੁਰਿੰਦਰ ਸੋਹਲ ਆਨਰੇਰੀ ਮੈਂਬਰ ਵਜੋਂ ਸ਼ਾਮਲ ਹੋਏ। ਕੈਲੀਫੋਰਨੀਆ ਵਿਚ ਵਸਦਾ ਕੋਈ ਵੀ ਸਾਹਿਤਕਾਰ, ਕਲਾਕਾਰ, ਸੰਗੀਤਕਾਰ ਅਤੇ ਸਾਹਿਤ ਪ੍ਰੇਮੀ ਇਸ ਦਾ ਮੈਂਬਰ ਬਣ ਸਕਦਾ ਹੈ। ਅਮਰੀਕਾ ਦੀ ਕਿਸੇ ਹੋਰ ਸਟੇਟ ਵਿਚ ਵਸਦਾ ਲੇਖਕ ਇਸ ਸਭਾ ਦਾ ਆਨਰੇਰੀ ਮੈਂਬਰ ਹੋ ਸਕਦਾ ਹੈ। ਸਭਾ ਦੀ ਖੁੱਲ੍ਹੀ ਮੈਂਬਰਸ਼ਿਪ ਸਥਾਈ ਕਮੇਟੀ ਬਣਨ ਤੱਕ ਜਾਰੀ ਰਹੇਗੀ।

ਇਹ ਸਭਾ ਜਿੱਥੇ ਨਾਮਵਰ ਤੇ ਸਥਾਪਿਤ ਲੇਖਕਾਂ ਨੂੰ ਆਪਣੇ ਮਾਰਗਦਰਸ਼ਕ ਤੇ ਪ੍ਰੇਰਨਾਸਰੋਤ ਮੰਨਦੀ ਹੈ; ਉੱਥੇ ਨੌਜਵਾਨ ਸਾਹਿਤਕਾਰਾਂ, ਕਲਾਕਾਰਾਂ ਤੇ ਸੰਗੀਤਕਾਰਾਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਤੇ ਸਾਹਿਤਕ ਸਭਿਆਚਾਰਕ ਧਰਾਤਲ ਦਾ ਉਹ ਧੁਰਾ ਸਮਝਦੀ ਹੈ, ਜਿਸ ਉੱਪਰ ਇਸ ਦੇ ਵਿਕਾਸ ਦਾ ਭਵਿੱਖ ਨਿਰਭਰ ਕਰਦਾ ਹੈ। ਇਹ ਸਭਾ ਨੌਜਵਾਨ ਲੇਖਕਾਂ ਨੂੰ ਉੱਚ-ਕੋਟੀ ਦਾ ਸਾਹਿਤ ਸਿਰਜਣ ਲਈ ਪ੍ਰੇਰਦੀ ਰਹੇਗੀ।

ਜਦੋਂ ਤੱਕ ਕਰੋਨਾ ਮਹਾਂ-ਮਾਰੀ ਕਾਰਨ ਪੈਦਾ ਹੋਈ ਵਰਤਮਾਨ ਚਿੰਤਾਜਨਕ ਸਥਿਤੀ ਵਿਚ ਸੁਧਾਰ ਨਹੀਂ ਹੋ ਜਾਂਦਾ ਤੇ ਸਥਿਤੀ ਸਾਮਾਨ ਨਹੀਂ ਹੋ ਜਾਂਦੀ, ਉਦੋਂ ਤੱਕ ਇਨ੍ਹਾਂ ਸਰਗਰਮੀਆਂ ਦਾ ਮਾਧਿਅਮ ਫੋਨ ਮੀਟਿੰਗਾਂ, ਵੀਡਿਓ ਕਾਨਫਰੰਸਾਂ, ਵੈੱਬ ਸੈਮੀਨਾਰਾਂ ਅਤੇ ਫੇਸ ਬੁੱਕ ਆਦਿ ਸੋਸ਼ਲ ਮੀਡੀਆ ਨੂੰ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਇਹ ਸਭਾ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਸੰਜੀਦਾ ਵਿਦਵਾਨਾਂ ਅਤੇ ਆਲੋਚਕਾਂ ਨਾਲ ਮਿਲ ਕੇ ਵੈਬੀਨਾਰਾਂ, ਸੈਮੀਨਾਰਾਂ ਤੇ ਕਾਨਫਰੰਸਾਂ ਦੇ ਮਾਧਿਅਮ ਰਾਹੀਂ ਸਮੁੱਚੇ ਪਰਵਾਸੀ ਪੰਜਾਬੀ ਸਾਹਿਤ, ਖ਼ਾਸ ਕਰਕੇ ਅਮਰੀਕੀ ਪੰਜਾਬੀ ਸਾਹਿਤਕ ਕਿਰਤਾਂ ਤੇ ਸੰਪਾਦਿਤ ਸੰਗ੍ਰਹਿਆਂ ਬਾਰੇ ਵਿਚਾਰ ਚਰਚਾ ਦਾ ਆਯੋਜਨ ਕਰੇਗੀ।

ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ ਲੋਕ-ਹਿਤੈਸ਼ੀ ਨਜ਼ਰੀਏ ਤੇ ਮਾਨਵਵਾਦੀ ਦ੍ਰਿਸ਼ਟੀਕੋਨ ਤੋਂ ਸਿਰਜੀਆਂ ਗਈਆਂ ਸਾਹਿਤਕ ਰਚਨਾਵਾਂ ਤੇ ਕਲਾ ਕਿਰਤਾਂ ਦਾ ਸਵਾਗਤ ਕਰੇਗੀ ਅਤੇ ਇਨ੍ਹਾਂ ਦੇ ਸਿਰਜਕਾਂ ਨੂੰ ਪ੍ਰੋਤਸਾਹਿਤ ਕਰੇਗੀ। ਉਮਰ, ਲਿੰਗ, ਜਾਤ, ਰੰਗ, ਨਸਲ, ਭਾਸ਼ਾ, ਧਰਮ, ਆਵਾਸੀ ਪਰਵਾਸੀ ਆਦਿ ਦੇ ਆਧਾਰ @ਤੇ ਕੀਤੇ ਜਾ ਰਹੇ ਹਰ ਪ੍ਰਕਾਰ ਦੇ ਵਿਤਤਰੇ ਤੇ ਬੇਇਨਸਾਫ਼ੀ ਦਾ ਵਿਰੋਧ ਕਰੇਗੀ। ਇਹ ਸਭਾ ਹੋਰ ਸਾਹਿਤਕ ਸੰਗਠਨਾਂ ਨਾਲ ਦੋਸਤਾਨਾ ਸੰਬੰਧ ਰੱਖਣ, ਮੇਲ-ਮਿਲਾਪ ਵਧਾਉਣ ਅਤੇ ਮਿਲ ਕੇ ਸਾਂਝੀਆਂ ਸਾਹਿਤਕ ਸਰਗਰਮੀਆਂ ਉਲੀਕਣ ਤੇ ਨੇਪਰੇ ਚਾੜ੍ਹਨ ਦੇ ਪ੍ਰਯਤਨ ਕਰੇਗੀ।

# ਘੱਟ ਆਮਦਨ ਵਾਲੇ ਮਾਪਿਆਂ ਲਈ ਬੱਚਿਆਂ ਨੂੰ ਪੜ੍ਹਾਉਣਾ ਹੋਇਆ ਮੁਸ਼ਕਿਲ

ਸ਼ਿਕਾਗੋ (ਹੁਸਨ ਲੜੋਆ ਬੰਗਾ)- ਅਮਰੀਕਾ ਭਰ ਵਿਚ ਲੱਖਾਂ ਮਾਪਿਆਂ ਨੂੰ ਇਹ ਚਿੰਤਾ ਸਤਾ ਰਹੀ ਹੈ ਕਿ ਇਸ ਸਿੱਖਿਆ ਵਰੇ ਦੌਰਾਨ ਉਹ ਆਪਣੇ ਬੱਚਿਆਂ ਨੂੰ ਕਿਸ ਤਰ੍ਹਾਂ ਪੜਾਉਣ। ਕੋਰੋਨਾ ਵਾਇਰਸ ਦੇ ਡਰ ਕਾਰਨ ਉਹ ਬੱਚਿਆਂ ਨੂੰ ਸਕੂਲ ਨਹੀਂ ਭੇਜਣਾ ਚਾਹੁੰਦੇ ਜਦ ਕਿ ਘੱਟ ਆਮਦਨ ਕਾਰਨ ਘਰਾਂ ਵਿਚ ਉਹ ਨਿੱਜੀ ਅਧਿਆਪਕ ਸੱਦ ਨਹੀਂ ਸਕਦੇ। ਬਹੁਤ ਸਾਰੇ ਮਾਪਿਆਂ ਦੀ ਆਰਥਕ ਹਾਲਤ ਠੀਕ ਹੈ ਤੇ ਉਹ ਘਰਾਂ ਵਿਚ ਹੀ ਆਪਣੇ ਬੱਚਿਆਂ ਲਈ ਅਧਿਆਪਕਾਂ ਦੀਆਂ ਸੇਵਾਵਾਂ ਲੈ ਸਕਦੇ ਹਨ। ਖੋਜ਼ ਮਾਹਿਰਾਂ ਦਾ ਕਹਿਣਾ ਹੈ ਕਿ ਕੋਰੋਨਾ ਮਹਾਮਾਰੀ ਸਿੱਖਿਆ ਵਿਚ ਨਾਬਰਾਬਰੀ ਵਧਾਵੇਗੀ। ਗਰੀਬ ਬੱਚੇ ਪੜਾਈ ਵਿਚ ਪਛੜ ਜਾਣਗੇ। ਯੂਨੀਵਰਸਿਟੀ ਆਫ ਸ਼ਿਕਾਗੋ ਹੈਰੀ ਸਕੂਲ ਆਫ ਪਬਲਿਕ ਪਾਲਸੀ ਦੇ ਪ੍ਰੋਫੈਸਰ ਏਰੀਅਲ ਕਾਲਿਲ ਦਾ ਕਹਿਣਾ ਹੈ ਕਿ ਇਸ ਦੌਰ ਵਿਚ ਸਭ ਤੋਂ ਵਧ ਖਤਰਾ ਘੱਟ ਆਮਦਨੀ ਵਾਲੇ ਮਾਪਿਆਂ ਦੇ ਬੱਚਿਆ ਨੂੰ ਹੈ ਜੋ ਪੜ ਨਹੀਂ ਸਕਣਗੇ। ਸ਼ਿਕਾਗੋ ਵਿਚ 2,70,000 ਪਬਲਿਕ ਸਕੂਲਾਂ ਦੇ ਵਿਦਿਆਰਥੀ ਹਨ ਜਿਨਾਂ ਨੂੰ ਮੁਫ਼ਤ ਜਾਂ ਘੱਟ ਕੀਮਤ ਉਪਰ ਲੰਚ ਮੁਹੱਈਆ ਕਰਵਾਇਆ ਜਾਂਦਾ ਹੈ। ਇਹ ਵਿਦਿਆਰਥੀ ਸਕੂਲਾਂ ਵਿਚ ਹਾਈ ਸਪੀਡ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਇਨਾਂ ਵਿਚੋਂ ਬਹੁਤ ਸਾਰੇ ਅਜਿਹੇ ਵਿਦਿਆਰਥੀ ਹਨ ਜੋ ਆਨ ਲਾਈਨ ਪੜਾਈ ਲਈ ਘਰਾਂ ਵਿਚ ਲੋੜੀਂਦੇ ਸਮਾਨ ਤੇ ਹਾਈ ਸਪੀਡ ਇੰਟਰਨੈੱਟ ਦੀ ਵਿਵਸਥਾ ਨਹੀਂ ਕਰ ਸਕਦੇ।

# ਅਫ਼ਗਾਨਿਸਤਾਨ ਵਿਚ ਸਿੱਖਾਂ ’ਤੇ ਹਮਲਿਆਂ ਲਈ ਜ਼ਿੰਮੇਵਾਰ ਅੱਤਵਾਦੀ ਮਾਰਿਆ ਗਿਆ

ਅੰਮ੍ਰਿਤਸਰ ਟਾਈਮਜ਼ ਬਿਊਰੋ- ਅਫ਼ਗਾਨਿਸਤਾਨ ਵਿਚ ਸਿੱਖਾਂ ’ਤੇ ਹਮਲਿਆਂ ਲਈ ਜ਼ਿੰਮੇਵਾਰ ਅੱਤਵਾਦੀ ਮਾਰਿਆ ਗਿਆ

ਇਸਲਾਮਾਬਾਦ-ਮਾਰਚ ਵਿਚ ਕਾਬੁਲ ਵਿਚ ਗੁਰਦੁਆਰਾ ਸਾਹਿਬ ’ਤੇ ਹਮਲਾ ਕਰਨ ਅਤੇ ਸਿੱਖਾਂ ’ਤੇ ਹਮਲੇ ਕਰਨ ਵਾਲੇ ਅੱਤਵਾਦੀ ਗਰੁੱਪ ਇਸਲਾਮਿਕ ਸਟੇਟ ਦੀ ਖੁਰਾਸਾਨ ਇਕਾਈ ਦੇ ਪਾਕਿਸਤਾਨੀ ਮੂਲ ਦੇ ਖ਼ੁਫ਼ੀਆ ਮੁਖੀ ਨੂੰ ਪੂਰਬੀ ਜਲਾਲਾਬਾਦ ਨੇੜੇ ਵਿਸ਼ੇਸ਼ ਸੁਰੱਖਿਆ ਬਲਾਂ ਨੇ ਇਕ ਆਪਰੇਸ਼ਨ ਵਿਚ ਹਲਾਕ ਕਰ ਦਿੱਤਾ।



ਨੈਸ਼ਨਲ ਡਾਇਰੈਕਟੋਰੇਟ ਆਫ ਸਿਕਿਉਰਿਟੀ ਨੇ ਕਿਹਾ ਕਿ ਪਾਕਿਸਤਾਨੀ ਸਰਹੱਦ ਨੇੜੇ ਜਲਾਲਾਬਾਦ ਦੇ ਨੇੜੇ ਇਕ ਆਪਰੇਸ਼ਨ ਦੌਰਾਨ ਜ਼ੀਆ ਉਰ ਰਹਿਮਾਨ, ਜੋ ਕਿ ਅਸਦੁੱਲਾਹ ਓਰਕਜ਼ਈ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ, ਮਾਰਿਆ ਗਿਆ। ਉਹ ਅਫਗਾਨਿਸਤਾਨ ਵਿਚ ਸੈਨਾ ਅਤੇ ਨਾਗਰਿਕਾਂ ’ਤੇ ਕਈ ਭਿਆਨਕ ਹਮਲਿਆਂ ਵਿਚ ਸ਼ਾਮਿਲ ਸੀ। ਮਾਰਚ ਵਿਚ ਕਾਬੁਲ ਵਿਚ ਸਥਿਤ ਗੁਰਦੁਆਰਾ ਸਾਹਿਬ ’ਤੇ ਭਾਰੀ ਹਥਿਆਰਾਂ ਨਾਲ ਲੈਸ ਆਈ. ਐਸ. ਆਈ. ਐਸ. ਦੇ ਆਤਮਘਾਤੀ ਬੰਬਾਰਾਂ ਵਲੋਂ ਕੀਤੇ ਹਮਲੇ ਵਿਚ 25 ਸਿੱਖਾਂ ਦੀ ਮੌਤ ਹੋ ਗਈ ਸੀ ਅਤੇ 8 ਹੋਰ ਜ਼ਖ਼ਮੀ ਹੋ ਗਏ ਸਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE: 209.537.0975 FAX: 209.537.0375

# ਭਾਰਤ ਦੇ ਅਖੌਤੀ ਅਜ਼ਾਦੀ ਦਿਵਸ ਨੂੰ ਬਰਬਾਦੀ ਦਿਵਸ ਵਜੋਂ ਮਨਾਇਆ ਜਾਵੇ-ਯੂਨਾਈਟਿਡ ਖਾਲਸਾ ਦਲ ਯੂ.ਕੇ.

## "ਲਵਪ੍ਰੀਤ ਸਿੰਘ ਨੂੰ ਮਰਨ ਲਈ ਮਜਬੂਰ ਕਰਕੇ ਕੇਂਦਰੀ ਜਾਂਚ ਏਜੰਸੀ ਨੇ 'ਬੁੱਚੜ ਏਜੰਸੀ' ਹੋਣਾ ਸਾਬਤ ਕੀਤਾ"



ਲੰਡਨ (ਅੰਮ੍ਰਿਤਸਰ ਟਾਈਮਜ਼ ਬਿਊਰੋ)- ਭਾਰਤ ਸਰਕਾਰ ਵਲੋਂਭ ਸਿੱਖਾਂ ਸਮੇਤ ਭਾਰਤ ਦੀਆਂ ਵਸਨੀਕ ਘੱਟ ਗਿਣਤੀ ਕੌਮਾਂ ਤੇ ਵਹਿਸ਼ੀਆਣਾ ਜੁਲਮ ਢਾਹੁਣ ਦੇ ਕਮੀਨੇ ਇਰਾਦੇ ਨਾਲ ਪਹਿਲਾਂ ਟਾਡਾ ਅਤੇ ਪੋਟਾ ਵਰਗੇ ਕਾਲੇ ਕਨੂੰਨ ਹੋਂਦ ਵਿੱਚ ਲਿਆਂਦੇ ਗਏ ਸਨ ਅਤੇ ਹੁਣ ਕਾਲਾ ਕਨੂੰਨ (ਯੂ.ਏ.ਪੀ.ਏ) ਗੈਰ ਕਨੂੰਨੀ ਗਤੀਵਿਧੀਆਂ ਰੋਕੂ ਐਕਟ ਅਮਲ ਵਿੱਚ ਲਿਆ ਕੇ ਜੁਲਮ ਦੇ ਕੁਹਾੜੇ ਨੂੰ ਹੋਰ ਤਿੱਖਾ ਕੀਤਾ ਗਿਆ ਹੈ । ਜਿਸ ਦੀ ਦਹਿਸ਼ਤ ਦਾ ਸ਼ਿਕਾਰ ਭਾਈ ਲਵਪ੍ਰੀਤ ਸਿੰਘ ਨੂੰ ਬਣਾਇਆ ਗਿਆ ਹੈ । ਉਸ ਨੂੰ ਕੇਂਦਰੀ ਜਾਂਚ ਏਜੰਸੀ (ਐੱਨ.ਆਈ.ਏ) ਜੋ ਕਿ ਅਸਲੀਅਤ ਵਿੱਚ ਕੇਂਦਰੀ ਬੁੱਚੜ ਏਜੰਸੀ ਹੈ ,ਉਸ ਵਲੋਂ ਇੰਨਾ ਡਰਾਇਆ ਧਮਕਾਇਆ ਗਿਆ ਕਿ ਉਸ ਨੇ ਖੁਦਕਸ਼ੀ ਕਰ ਲਈ ।ਭਾਈ ਲਵਪ੍ਰੀਤ ਸਿੰਘ ਦੇ ਕਾਤਲ ਕੇਂਦਰੀ ਜਾਂਚ ਏਜੰਸੀ ਦੇ ਉਹ ਅਧਿਕਾਰੀ ਹਨ ਜਿਹਨਾਂ ਨੇ ਉਸ ਨੂੰ ਜਾਂਚ ਵਾਸਤੇ ਬੁਲਾਇਆ ਅਤੇ ਜਾਂਚ ਦੌਰਾਨ ਉਸਤੇ ਸਰੀਰਕ ਅਤੇ ਮਾਨਸਿਕ ਤਸ਼ੱਦਦ ਕੀਤਾ ਸੀ। ਸਿੱਖਾਂ ਤੇ ਭਾਰਤ ਸਰਕਾਰ ਦਾ ਜ਼ੁਲਮੀਂ ਕੁਹਾੜਾ ਨਿਰੰਤਰ ਜਾਰੀ ਹੈ ।ਸਿੱਖਾਂ ਦੀਆਂ ਨੱਬੇ ਫੀਸਦੀ ਤੋਂ ਵੱਧ ਕੁਰਬਾਨੀਆਂ ਨਾਲ ਅਜ਼ਾਦ ਹੋਏ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਨਾਲ ਧੱਕਾ ਅਤੇ ਵਿਤਕਰਾ ਲਗਾਤਾਰ ਜਾਰੀ ਹੈ। ਭਾਰਤੀ ਫੌਜ ਵਲੋਂ ਜੂਨ 1984 ਦਾ ਖੂਨੀ ਘੱਲੂਘਾਰਾ ,ਨਵੰਬਰ ਵਿੱਚ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਅਤੇ ਪੰਜਾਬ ਦੀ ਧਰਤੀ ਤੇ ਸਿੱਖ ਨੌਜਵਾਨਾਂ ਦੀਆਂ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਅਣਗਿਣਤ ਸ਼ਹਾਦਤਾਂ ਇਸ ਦਾ ਪ੍ਰਤੱਖ ਪ੍ਰਮਾਣ ਹੈ ਕਿ ਸਿੱਖ ਭਾਰਤ ਵਿੱਚ ਗੁਲਾਮ ਹਨ।ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਦੁਨੀਆਂ ਭਰ ਦੇ ਸਿੱਖਾਂ ਨੂੰ ਸਨਿਮਰ ਅਪੀਲ ਕੀਤੀ ਗਈ ਕਿ ਉਹ ਭਾਰਤ ਦੇ ਇਸ ਅਖੌਤੀ ਅਜਾਦੀ ਦਿਵਸ ਦਾ ਮੁਕੰਮਲ ਬਾਈਕਾਟ ਕਰਨ ਅਤੇ ਇਸ ਸਬੰਧੀ ਕਿਸੇ ਵੀ ਸਮਾਗਮ ਵਿੱਚ ਸ਼ਮੂਲੀਅਤ ਨਾ ਕਰਨ। ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖ ਕੌਮ ਨੂੰ ਸੱਦਾ ਹੈ ਕਿ ਆਪਣੀ ਜ਼ਮੀਰ ਦੀ ਅਵਾਜ਼ ਸੁਣਦੇ ਹੋਏ ਭਾਰਤ ਦੇ ਅਖੌਤੀ ਅਜ਼ਾਦੀ ਦਿਨ ਦਾ ਮੁਕੰਮਲ ਬਾਈਕਾਟ ਕਰਦਿਆਂ ਇਸ ਦਿਨ ਦੁਨੀਆਂ ਭਰ ਵਿੱਚ ਰੋਸ ਪ੍ਰਦਸ਼ਨ ਕੀਤੇ ਜਾਣ। ਇਸ ਦਿਨ ਹਰ ਸਿੱਖ ਨੂੰ ਇਹ ਮਹਿਸੂਸ ਕਰਨ ਦੀ ਜਰੂਰਤ ਹੈ ਕਿ ਅਸੀਂ ਭਾਰਤ ਵਿੱਚ ਗੁਲਾਮ ਹਾਂ ਅਤੇ ਇਸ ਗੁਲਾਮੀਂ ਨੂੰ ਗਲੋਂ ਲਾਹੁਣਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ,ਸ੍ਰੀ ਦਰਬਾਰ ਸਾਹਿਬ ,ਸ੍ਰੀ ਅਕਾਲ ਤਖਤ ਸਾਹਿਬ ਪ੍ਰਤੀ ਸਤਿਕਾਰ ਅਤੇ ਪਿਆਰ ਦੀ ਭਾਵਨਾ ਰੱਖਣ ਵਾਲੇ ਅਤੇ ਡੇਢ ਲੱਖ ਦੇ ਕਰੀਬ ਸ਼ਹੀਦ ਹੋਏ ਸਿੱਖਾਂ ਦਾ ਦਰਦ ਮਹਿਸੂਸ ਕਰਨ ਵਾਲੇ ਸਿੱਖਾਂ ਨੂੰ ਅਜ਼ਾਦੀ ਦੇ ਜਸ਼ਨਾਂ ਵਿੱਚ ਸ਼ਾਮਲ ਹੋ ਕੇ ਕੌਮੀ ਸ਼ਹੀਦਾਂ ਨਾਲ ਧ੍ਰੋਹ ਕਮਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਹ ਪੂਰੀ ਤਰਾਂ ਸਾਬਤ ਹੋ ਚੁੱਕਾ ਹੈ ਕਿ ਭਾਰਤ ਅਜ਼ਾਦੀ ਤੋਂ ਬਾਅਦ ਜਿੰਨਾ ਜ਼ੁਲਮ ਸਿੱਖ ਕੌਮ ਤੇ ਹੋਇਆ ਹੈ ਉਸ ਸਾਹਮਣੇ ਮੀਰ ਮੰਨੂ ,ਜਕਰੀਏ ,ਅਬਦਾਲੀ ਅਤੇ ਹਿਟਲਰ ਦੇ ਜ਼ੁਲਮ ਵੀ ਬੌਣੇ ਨਜ਼ਰ ਆ ਰਹੇ ਹਨ ।ਪਿਛਲੇ 72 ਸਾਲਾਂ ਹੋਏ ਇਹਨਾਂ ਜ਼ੁਲਮਾਂ ਨੂੰ ਮੱਦੇ ਨਜ਼ਰ ਰੱਖਦਿਆਂ ਸਿੱਖ ਵਾਸਤੇ ਇਹ ਅਟੱਲ ਸੱਚਾਈ ਕਿ ਭਾਰਤ ਸਿੱਖਾਂ ਦਾ ਦੇਸ਼ ਨਹੀਂ ਹੈ। ਕਿਸੇ ਵੀ ਭਾਰਤੀ ਕਨੂੰਨ ਨੂੰ ਸਿੱਖ ਮੰਨਦੇ ਨਹੀਂ ਹਨ ਪਰ ਗੁਲਾਮ ਹੋਣ ਦੇ ਕਾਰਨ ਮੰਨਣਾ ਪੈ ਰਿਹਾ ਹੈ।ਅਜਾਦੀ ਪਸੰਦ ਸਿੱਖ ਜਥੇਬੰਦੀਆਂ ਵਲੋਂ ਲੰਡਨ ਸਮੇਤ ਵੱਖ ਵੱਖ ਦੇਸ਼ਾਂ ਵਿੱਚ ਭਾਰਤੀ ਸ਼ਰਾਫਤਖਾਨਿਆਂ ਮੂਹਰੇ ਭਾਰੀ ਰੋਸ ਮੁਜਾਹਰੇ ਕੀਤੇ ਜਾ ਰਹੇ ਹਨ ਜਿਹਨਾਂ ਸਿੱਖਾਂ ਨੂੰ ਵਧ ਚੜ ਕੇ ਇਸ ਵਿੱਚ ਸ਼ਾਮਲ ਹੋਣ ਲਈ ਯੂਨਾਈਟਿਡ ਖਾਲਸਾ ਦਲ ਯੂ,ਕੇ ਅਪੀਲ ਕੀਤੀ ਗਈ ਹੈ ਤਾਂ ਕਿ ਖਾਲਿਸਤਾਨ ਦੀ ਜੰਗੇ ਅਜਾਦੀ ਦੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਜੇਹਲਾਂ ਵਿੱਚ ਬੰਦ ਸਿੰਘਾਂ ਦੇ ਹੱਕ ਵਿੱਚ ਅਵਾਜ ਬੁਲੰਦ ਕੀਤੀ ਜਾ ਸਕੇ। ਇਹਨਾਂ 73 ਸਾਲਾਂ ਦੌਰਾਨ ਸਿੱਖਾਂ ਤੇ ਜਿੱਥੇ ਸਰੀਰਕ ਤੌਰ ਜੁਲਮਾਂ ਦਾ ਕਹਿਰ ਹੋਇਆ ਹੋਇਆ ਹੈ ਉੱਥੇ ਸਿੱਖਾਂ ਨੂੰ ਸਿਧਾਂਤਕ ਤੌਰ ਤੇ ਤਰਾਂ ਤਰਾਂ ਦੀਆਂ ਮੁਸ਼ਕਲਾਂ ਦਰਪੇਸ਼ ਹਨ। ਸਿੱਖੀ ਦੇ ਸੁਨਿਹਰੀ ਸਿਧਾਂਤਾਂ ਤੇ ਬ੍ਰਾਹਮਣਵਾਦੀ ਅਤੇ ਨਾਸਤਿਕ ਪੁਣੇ ਦਾ ਰੰਗ ਚਾੜਨ ਲਈ ਸਿੱਖ ਵਿਰੋਧੀ ਲਾਬੀ ਪੂਰੀ ਤਰਾਂ ਨਾਲ ਸਰਗਰਮ ਹੈ।ਇਸ ਹਿੰਦੂਤਵੀ ਲਾਬੀ ਵਲੋਂ ਹਰਿਆਣਾ ਵਿੱਚ ਸਿੱਖਾਂ ਨੂੰ ਸਿੱਖਾਂ ਨਾਲ ਲੜਾਉਣ ਦੀਆਂ ਕੋਸ਼ਿਸਾਂ ਅੰਗਰੇਜਾਂ ਵਲੋਂ ਇਹਨਾਂ ਤੇ ਵਰਤੀ ਗਈ "ਪਾੜੋ ਅਤੇ ਰਾਜ ਕਰੋ" ਦੀ ਨੀਤੀ ਦਾ ਹਿੱਸਾ ਹੈ। ਅੱਜ ਗੁਰਦਵਾਰਿਆਂ ਕਬਜ਼ਾ ਜਮਾਈ ਰੱਖਣ ਅਤੇ ਕਬਜ਼ਿਆਂ ਦੇ ਰੁਝਾਨ ਨੂੰ ਤਿਆਗ ਕੇ ਕੌਮੀ ਅਜ਼ਾਦੀ ਲਈ ਸੰਘਰਸ਼ ਕਰਨਾ ਹਰ ਸਿੱਖ ਲਈ ਬਹੁਤ ਜਰੂਰੀ ਹੈ। ਕਿਉਂਕਿ ਸਮੁੱਚੀਆਂ ਮੁਸ਼ਕਲਾਂ, ਸਮੂਹ ਸਮੱਸਿਆਵਾਂ ਦਾ ਇੱਕੋ ਇੱਕ ਸਥਾਈ ਹੱਲ ਹੈ ਖਾਲਿਸਤਾਨ । ਖਾਲਿਸਤਾਨ ਸਿੱਖਾਂ ਦਾ ਕੌਮੀ ਨਿਸ਼ਾਨਾ ਹੈ ,ਇਸ ਕਰਕੇ ਇਸ ਦੀ ਪੂਰਤੀ ਲਈ ਆਪੋ ਆਪਣੇ ਢੰਗ ਤਰੀਕਿਆਂ ਨਾਲ ਯਤਨ ਕਰਨ ਦੀ ਬੇਹੱਦ ਜਰੂਰਤ ਹੈ।

## ਮਾਈਕਰੋਸਾਫਟ 15 ਸਤੰਬਰ ਤੱਕ ਟਿੱਕ ਟਾਕ ਖਰੀਦ ਲਵੇ ਨਹੀਂ ਤਾਂ ਇਹ ਬੰਦ ਕਰ ਦਿੱਤੀ ਜਾਵੇਗੀ-ਟਰੰਪ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਮਾਈਕਰੋਸਾਫਟ ਜਾਂ ਹੋਰ ਕੋਈ ਵੀ ਅਮਰੀਕੀ ਕੰਪਨੀ ਚੀਨੀ ਐਪ ਟਿੱਕ ਟਾਕ ਨੂੰ 15 ਸਤੰਬਰ ਤੱਕ ਖਰੀਦ ਸਕਦੀ ਹੈ ਨਹੀਂ ਤਾਂ ਇਸ ਨੂੰ ਅਮਰੀਕਾ ਵਿਚ ਬੰਦ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਰਾਸ਼ਟਰਪਤੀ ਨੇ ਕਿਹਾ ਹੈ ਕਿ ਸੌਦੇ ਵਿਚੋਂ ਅਮਰੀਕਾ ਨੂੰ ਕਾਫੀ ਪੈਸਾ ਆਉਣਾ ਚਾਹੀਦਾ ਹੈ ਕਿਉਂਕਿ ਅਸੀਂ ਇਸ ਸੌਦੇ ਨੂੰ ਸੰਭਵ ਬਣਾ ਰਹੇ ਹਾਂ। ਉਨਾਂ ਕਿਹਾ ਕਿ ਸੌਦਾ ਹਰ ਹਾਲਤ ਵਿਚ 15 ਸਤੰਬਰ ਤੱਕ ਹੋ ਜਾਣਾ ਚਾਹੀਦੀ ਹੈ ਜਦੋਂ ਚੀਨੀ ਐਪ ਦਾ ਅਮਰੀਕਾ ਵਿਚ ਕਾਰੋਬਾਰ ਖਤਮ ਹੋ ਰਿਹਾ ਹੈ। ਵਾਈਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਸੁਰੱਖਿਆ ਕਾਰਨਾਂ ਕਾਰਨ ਚੀਨ ਇਸ ਐਪ ਨੂੰ ਆਪਣੇ ਨਿਯੰਤਰਣ ਹੇਠ ਨਹੀਂ ਰੱਖ ਸਕਦਾ ਤੇ ਮੇਰਾ ਨਿੱਜੀ ਵਿਚਾਰ ਹੈ ਕਿ ਇਸ ਐਪ ਵਿਚ ਕੁਝ ਪ੍ਰਤੀਸ਼ਤ ਹਿੱਸੇਦਾਰੀ ਦੀ ਬਜਾਏ ਇਸ ਨੂੰ ਮੁਕੰਮਲ ਰੂਪ ਵਿਚ ਖਰੀਦ ਲਿਆ ਜਾਵੇ। ਉਨਾਂ ਕਿਹਾ ਕਿ ਇਸ ਸੌਦੇ ਵਿਚੋਂ ਪੈਸਾ ਚੀਨ ਨੂੰ ਜਾਵੇਗਾ ਤੇ ਬਦਲੇ ਵਿਚ ਸਾਨੂੰ ਵੀ ਪੈਸਾ ਮਿਲਣਾ ਚਾਹੀਦਾ ਹੈ ਹਾਲਾਂ ਕਿ ਇਹ ਸਾਫ ਨਹੀਂ ਹੈ ਕਿ ਕਿਥੋਂ ਤੱਕ ਸੌਦਾ ਤਹਿ ਹੋਵੇਗਾ। ਉਨਾਂ ਕਿਹਾ ਕਿ ਅਮਰੀਕਾ ਇਹ ਸੌਦਾ ਸਿਰੇ ਚਾੜਨ ਵਿਚ ਮੱਦਦ ਕਰ ਰਿਹਾ ਹੈ ਤੇ ਸਾਡੇ ਤੋਂ ਬਿਨਾਂ ਚੀਨੀ ਐਪ ਬੇਕਾਰ ਹੈ। ਇਥੇ ਵਰਣਨਯੋਗ ਹੈ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਰਿਪਬਲੀਕਨ ਤੇ ਡੈਮੋਕਰੈਟਸ ਆਗੂਆਂ ਨੇ ਚੀਨੀ ਐਪ ਨੂੰ ਸੁਰੱਖਿਆ ਲਈ ਖਤਰਾ ਕਰਾਰ ਦਿੱਤਾ ਹੈ । ਉਨਾਂ ਦਾ ਕਹਿਣਾ ਹੈ ਕਿ ਟਿੱਕ ਟਾਕ ਡੈਟਾ ਇਕੱਠਾ ਕਰਕੇ ਚੀਨ ਸਰਕਾਰ ਨਾਲ ਸਾਂਝਾ ਕਰਦੀ ਹੈ। ਹਾਲਾਂ ਕਿ ਟਿੱਕ ਟਾਕ ਨੇ ਇਨਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਯੂਜ਼ਰਜ਼ ਡੈਟਾ ਅਮਰੀਕਾ ਵਿਚ ਜਮਾਂ ਹੋ ਰਿਹਾ ਹੈ ਤੇ ਇਸ ਨੂੰ ਬੀਜਿੰਗ ਵਿਚਲੀ ਮੁੱਖ ਕੰਪਨੀ ਬਾਈਟਡਾਂਸ ਸਿੱਧੇ ਤੌਰ 'ਤੇ ਕੰਟਰੋਲ ਨਹੀਂ ਕਰਦੀ। ਕੰਪਨੀ ਨੇ ਕਿਹਾ ਹੈ ਕਿ ਅਸੀਂ ਆਪਣੇ ਖਪਤਕਾਰਾਂ ਦੇ ਡੈਟੇ ਦੀ ਸੁਰੱਖਿਆ ਪ੍ਰਤੀ ਵਚਨਬੱਧ ਹਾਂ।


Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy Tustin

*Printers to the Community*

**Outdoor 3'x11' Promo Flag**
**Only $29/-**
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**

**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**

**11" Printed Balloons**
Printed with your logo and info. One color, one location. Min. qty 1000
**19¢ each**

White T-Shirts, 1 color screen printing in 1 position. Min Qty. 100
**Your Printed T-Shirts**
**Only $4.99**

1 color in 1 position. Min Qty. 100
**Your Printed Caps**
**Only $4.99**

**Trip Envelopes** Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

CALL NOW

## ਦਲ ਖਾਲਸਾ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਲਿਖਿਆ ਪੱਤਰ:

# ਕਿਸੇ ਵੀ ਸਿੱਖ ਦਾ ਖ਼ਾਲਸਾ ਪੰਥ ਦੇ ਨੁਮਾਇੰਦੇ ਦੀ ਹੈਸੀਅਤ ਵਿਚ ਅਯੋਧਿਆ ਜਸ਼ਨਾਂ ਵਿਚ ਹਿੱਸਾ ਨਾ ਲੈਣਾ ਯਕੀਨੀ ਬਣਾਇਆ ਜਾਵੇ

ਸਤਿਕਾਰਯੋਗ ਗਿਆਨੀ ਹਰਪ੍ਰੀਤ ਸਿੰਘ ਜੀ,
ਜਥੇਦਾਰ, ਅਕਾਲ ਤਖਤ ਸਾਹਿਬ
ਵਾਹਿਗੁਰੂ ਜੀ ਕਾ ਖਾਲਸਾ ।।
ਵਾਹਿਗੁਰੂ ਜੀ ਕੀ ਫਤਹਿ ।।

ਇਹ ਖਤ ਅਸੀਂ, ਆਪਜੀ ਨੂੰ ਇਸ ਮਕਸਦ ਨਾਲ ਲਿਖ ਰਹੇ ਹਾਂ ਕਿ ਅਯੋਧਿਆ ਵਿਖੇ ਪੰਜ ਅਗਸਤ ਨੂੰ ਰਾਮ ਮੰਦਿਰ ਦੇ ਨਿਰਮਾਣ ਲਈ ਰੱਖੇ ਗਏ ਸਮਾਰੋਹ ਵਿੱਚ ਸਿੱਖਾਂ ਦੀਆਂ ਧਾਰਮਿਕ ਅਤੇ ਕੌਮੀ ਸੰਸਥਾਵਾਂ ਦੀ ਲੀਡਰਸ਼ਿਪ ਨੂੰ ਸ਼ਾਮਿਲ ਹੋਣ ਤੋਂ ਵਰਜਿਆ ਜਾਵੇ। ਸਾਡੀ ਜਾਣਕਾਰੀ ਅਨੁਸਾਰ ਸਮਾਰੋਹ ਦੇ ਪ੍ਰਬੰਧਕ ਸਿੱਖਾਂ ਦੇ ਪੰਜ ਤਖਤਾਂ ਦੇ ਜਥੇਦਾਰਾਂ ਨੂੰ 'ਮਹਿਮਾਨ' ਵਜੋ ਸੱਦਾ ਦੇਣ ਦਾ ਫੈਸਲਾ ਕਰ ਚੁੱਕੇ ਹਨ।

ਸਿੱਖ ਇਸ ਖ਼ਿੱਤੇ ਦਾ ਮਾਨਤਾ-ਪ੍ਰਾਪਤ ਧਰਮ ਹੈ ਅਤੇ ਸਿੱਖਾਂ ਵੱਲੋਂ ਇਕ ਧਰਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਲੂੰਧਰ ਕੇ ਦੂਜੇ ਧਰਮ ਦੀਆਂ ਖੁਸ਼ੀਆਂ ਵਿੱਚ ਸ਼ਾਮਿਲ ਹੋਣਾ ਘਾਤਕ ਹੀ ਨਹੀਂ ਗ਼ੈਰ-ਸਿਧਾਂਤਿਕ ਵੀ ਹੈ। ਸਾਡੇ ਲਈ ਦੋਨਾਂ ਧਰਮਾਂ (ਹਿੰਦੂ ਅਤੇ ਮੁਸਲਿਮ) ਨਾਲ ਰਿਸ਼ਤਾ ਬਰਾਬਰ 'ਤੇ ਰੱਖਣਾ ਅਤੇ ਨਿਭਾਉਣਾ ਹੀ ਕੌਮੀ ਹਿਤ ਵਿੱਚ ਹੈ। ਸਿੱਖ ਲਈ ਦੋਨਾਂ ਧਰਮਾਂ ਵਿਚਾਲੇ ਵਿਵਾਦ ਵਿੱਚ ਧਿਰ ਬਣਨਾ ਬੇਸਮਝੀ ਅਤੇ ਬੇਲੋੜਾ ਹੋਵੇਗਾ।

ਅਸੀਂ, ਸਭ ਜਾਣਦੇ ਹਾ ਕਿ ਰਾਮ ਮੰਦਿਰ ਦੇ ਹੱਕ ਵਿੱਚ ਅਦਾਲਤ ਦਾ ਇਕਪਾਸੜ ਫੈਸਲਾ ਰਾਜਨੀਤੀ ਤੋਂ ਪ੍ਰੇਰਿਤ ਸੀ। ਮੰਦਿਰ ਦਾ ਉਦਘਾਟਨੀ ਸਮਾਰੋਹ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਰੁਤਬੇ ਨੂੰ ਨਰਿੰਦਰ ਮੋਦੀ ਦੀ ਸਰਕਾਰ ਵਲੋਂ ਜਬਰੀ ਖੋਹਣ ਦੀ ਪਹਿਲੀ ਬਰਸੀ ਮੌਕੇ ਆਯੋਜਿਤ ਕਰਨਾ ਇਤਫ਼ਾਕਨ ਨਹੀਂ ਹੈ। ਹਿੰਦੁਤਵ ਤਾਕਤਾਂ ਅਤੇ ਦਿੱਲੀ ਦੀ ਫਾਸੀਵਾਦੀ ਸਰਕਾਰ ਵੱਲੋਂ ੫ ਤਾਰੀਕ ਸੋਚ ਸਮਝ ਕੇ ਨਿਸਚਿਤ ਕੀਤੀ ਗਈ ਹੈ ਤਾਂ ਜੋ ਮੁਸਲਮਾਨ ਭਾਈਚਾਰੇ ਦੇ ਨਾਲ-ਨਾਲ ਕਸ਼ਮੀਰੀ ਅਵਾਮ ਦੇ ਜ਼ਖ਼ਮਾਂ 'ਤੇ ਵੀ ਲੂਣ ਮਲ਼ਿਆ ਜਾ ਸਕੇ।




ਬਤੌਰ ਜਥੇਦਾਰ ਅਕਾਲ ਤਖਤ ਸਾਹਿਬ, ਆਪ ਜੀ ਯਕੀਨੀ ਬਣਾਉ ਕਿ ਕੋਈ ਵੀ ਸਿੱਖ, ਖ਼ਾਲਸਾ ਪੰਥ ਦੇ ਨੁਮਾਇੰਦੇ ਦੀ ਹੈਸੀਅਤ ਵਿਚ ਅਯੋਧਿਆ ਜਸ਼ਨਾਂ ਵਿਚ ਹਿੱਸਾ ਲੈਣ ਨਾ ਜਾਵੇ।

ਸਤਿਕਾਰ ਸਹਿਤ :
ਪਰਮਜੀਤ ਸਿੰਘ ਟਾਂਡਾ
(ਜਨਰਲ ਸਕੱਤਰ ) ਦਲ ਖ਼ਾਲਸਾ
ਪਰਮਜੀਤ ਸਿੰਘ ਮੰਡ
ਪ੍ਰਧਾਨ, ਸਿੱਖ ਯੂਥ ਆਫ ਪੰਜਾਬ
ਤਰੀਕ: ੦੧-ਅਗਸਤ-੨੦੨੦

## ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਯੇਦੀਯੁਰੱਪਾ ਨੂੰ ਵੀ ਕੋਰੋਨਾ



ਨਵੀਂ ਦਿੱਲੀ (ਏ.ਟੀ.ਨਿਊਜ਼)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਕੋਰੋਨਾ ਵਾਇਰਸ ਦੀ ਲਪੇਟ ਵਿਚ ਆ ਗਏ ਹਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਕਰਨਾਟਕ ਦੇ ਮੁੱਖ ਮੰਤਰੀ ਯੇਦੀਯੁਰੱਪਾ ਨੂੰ ਵੀ ਕੋਰੋਨਾ ਵਾਇਰਸ ਹੋ ਗਿਆ ਅਤੇ ਇਸ ਦੀ ਜਾਣਕਾਰੀ ਉਨ੍ਹਾਂ ਵਲੋਂ ਆਪ ਦਿੱਤੀ ਗਈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਉਹ ਠੀਕ ਹਨ ਪਰ ਫਿਰ ਵੀ ਡਾਕਟਰਾਂ ਦੇ ਕਹਿਣ 'ਤੇ ਉਨ੍ਹਾਂ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ।

# ਟਰੰਪ ਵਿਰੁਧ ਬਿਡੇਨ ਨੇ ਖੋਲ੍ਹਿਆ ਮੋਰਚਾ

- ਕਿਹਾ ਲੱਖਾਂ ਅਮਰੀਕੀਆਂ ਦਾ ਬੇਰੁਜ਼ਗਾਰੀ ਭੱਤਾ ਬੰਦ ਕਰਕੇ ਲਾਵਾਰਸ ਛੱਡਿਆ
- ਅਮਰੀਕਾ ਦਾ ਅਗਲਾ ਰਾਸ਼ਟਰਪਤੀ ਬਿਡੇਨ ਨੂੰ ਬਣਾਓ- ਬਰਾਕ ਓਬਾਮਾ



ਸਿਆਟਲ (ਏ.ਟੀ.ਨਿਊਜ਼)- ਅਮਰੀਕਾ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮੁਕਾਬਲੇ ਖੜ੍ਹੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਅਤੇ ਅਮਰੀਕਾ ਦੇ ਸਾਬਕਾ ਉਪ-ਰਾਸ਼ਟਰਪਤੀ ਜੋਏ ਬਿਡੇਨ ਨੇ ਰਾਸ਼ਟਰਪਤੀ ਟਰੰਪ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਅਮਰੀਕੀ ਲੋਕਾਂ ਦੇ ਇਸ ਮੁਸ਼ਕਿਲ ਘੜੀ ਵਿਚ ਬੇਰੁਜ਼ਗਾਰੀ ਦੇ ਲਾਭ ਜੋ 600 ਡਾਲਰ ਪ੍ਰਤੀ ਹਫ਼ਤਾ, ਪ੍ਰਤੀ ਵਿਅਕਤੀ ਦਿੱਤਾ ਜਾਂਦਾ ਸੀ, ਲੱਖਾਂ ਅਮਰੀਕੀ ਲੋਕਾਂ ਦੇ ਲਾਭ ਬੰਦ ਕਰਕੇ ਉਨ੍ਹਾਂ ਨੂੰ ਅੱਧ ਵਿਚਕਾਰ ਛੱਡ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਲੋਕਾਂ ਕੋਲ ਕੰਮ ਨਹੀਂ ਹੈ, ਲੋਕ ਘਰਾਂ ਵਿਚ ਵਿਹਲੇ ਬੈਠੇ ਹਨ, ਕਾਰੋਬਾਰ ਬੰਦ ਪਏ ਹਨ। ਕੋਰੋਨਾ ਵਾਇਰਸ ਦੀ ਅਜੇ ਤੱਕ ਕੋਈ ਵੈਕਸੀਨ ਨਹੀਂ ਆਈ, ਉੱਪਰੋਂ ਬੇਰੁਜ਼ਗਾਰਾਂ ਦੇ ਲਾਭ ਬੰਦ ਕਰਕੇ ਉਨ੍ਹਾਂ ਨੂੰ ਭੁੱਖੇ ਮਰਨ ਲਈ ਛੱਡ ਦਿੱਤਾ ਗਿਆ। ਬਿਡੇਨ ਨੇ ਕਿਹਾ ਕਿ ਜੇ ਟਰੰਪ ਦੂਜੀ ਵਾਰ ਵਾਈਟ ਹਾਊਸ ਆ ਜਾਂਦੇ ਹਨ ਤਾਂ ਅਮਰੀਕਾ ਦਾ ਬੇੜਾ ਗਰਕ ਹੋਵੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਇਕ ਅਜਿਹੇ ਰਾਸ਼ਟਰਪਤੀ ਦੀ ਲੋੜ ਹੈ ਜੋ ਲੋਕਾਂ ਲਈ ਚੰਗੀਆਂ ਨੌਕਰੀਆਂ ਅਤੇ ਚੰਗੀਆਂ ਨੀਤੀਆਂ ਲੈ ਕੇ ਆਵੇ ਅਤੇ ਜੋ ਅਮਰੀਕੀ ਲੋਕਾਂ ਦੇ ਭਲੇ ਬਾਰੇ ਸੋਚੇ। ਬਿਡੇਨ ਨੇ ਟਰੰਪ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਰੱਜਿਆਂ ਨੂੰ ਹੋਰ ਰਜਾਇਆ ਅਤੇ ਕਮਜ਼ੋਰ ਲੋਕਾਂ ਨੂੰ ਠੂਠਾ ਦਿਖਾਇਆ। ਇਸੇ ਦੌਰਾਨ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਟਵੀਟਰ ਅਤੇ ਹੋਰ ਸੋਸ਼ਲ ਮੀਡੀਆ 'ਤੇ ਬਿਡੇਨ ਦੇ ਹੱਕ ਵਿਚ ਮੁਹਿੰਮ ਸ਼ੁਰੂ ਕੀਤੀ ਅਤੇ ਉਨ੍ਹਾਂ ਦੇ ਹੱਕ ਵਿਚ 'ਯੈੱਸ ਵੀ ਕੈਨ ਅਗੇਨ' ਲਿਖਿਆ। ਓਬਾਮਾ ਨੇ ਕਿਹਾ ਸਾਨੂੰ ਇਕ ਅਸਲ ਰਾਸ਼ਟਰਪਤੀ ਦੀ ਜ਼ਰੂਰਤ ਹੈ ਜੋ ਇਸ ਦੇਸ਼ ਨੂੰ ਜੋੜ ਕੇ ਰੱਖ ਸਕੇ ਅਤੇ ਸਾਡੀ ਆਰਥਿਕਤਾ ਨੂੰ ਮੁੜ ਸੁਰਜੀਤ ਕਰ ਸਕੇ, ਮਹਾਂਮਾਰੀ ਨੂੰ ਖ਼ਤਮ ਕਰ ਸਕੇ, ਅਮਰੀਕੀਆਂ ਨੂੰ ਮੁੜ ਖ਼ੁਸ਼ਹਾਲ ਕਰ ਸਕੇ। ਅਮਰੀਕਾ ਨੂੰ ਦੁਨੀਆ ਵਿਚ ਆਪਣੀ ਸਥਿਤੀ ਨੂੰ ਬਹਾਲ ਕਰਨ ਲਈ ਜੋਏ ਬਿਡੇਨ ਵਰਗਾ ਰਾਸ਼ਟਰਪਤੀ ਚਾਹੀਦਾ ਹੈ। ਇਸ ਵੇਲੇ ਦੀਆਂ ਰਿਪੋਰਟਾਂ ਅਨੁਸਾਰ ਜੋਏ ਬਿਡੇਨ ਟਰੰਪ ਤੋਂ ਕਾਫ਼ੀ ਅੱਗੇ ਨਿਕਲ ਗਏ ਹਨ। ਲੋਕ ਬਿਡੇਨ ਦੇ ਹੱਕ ਵਿਚ ਖੁੱਲ੍ਹ ਕੇ ਅੱਗੇ ਆਉਣ ਲੱਗੇ ਹਨ। ਟਰੰਪ ਪ੍ਰਸ਼ਾਸਨ ਵਲੋਂ ਬੇਰੁਜ਼ਗਾਰੀ ਭੱਤਾ ਬੰਦ ਕਰਨ ਕਰਕੇ ਲੋਕਾਂ ਵਿਚ ਟਰੰਪ ਪ੍ਰਤੀ ਗ਼ੁੱਸਾ ਵਧ ਰਿਹਾ ਹੈ ਕਿਉਂਕਿ ਲੋਕਾਂ ਕੋਲ ਕੰਮ ਨਹੀਂ ਹੈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਭਾਜਪਾ ਹੁਣ ਕੋਰੋਨਾ ਹਟਾਉਣ ਲਈ ਭਾਬੀ ਜੀ ਦੇ ਪਾਪੜ ਖਾਣ ਲਈ ਪ੍ਰੇਰਨ ਲੱਗੀ

- ਪ੍ਰੱਗਿਆ ਠਾਕੁਰ ਦਾ ਦਾਅਵਾ, ਹਨੂਮਾਨ ਚਲੀਸਾ ਦਾ ਪੰਜ ਵਾਰ ਜਾਪ ਕਰਨ ਨਾਲ ਖ਼ਤਮ ਹੋਵੇਗਾ ਕੋਰੋਨਾ
- ਪਤਨੀ ਕੋਰੋਨਾ ਨਾਲ ਪੀੜਤ ਹੋਈ ਤਾਂ ਪਤੀ ਹਸਪਤਾਲ ਛੱਡ ਕੇ ਭਜਿਆ
- ਗਰੀਬ ਜੋੜੇ ਨੇ ਆਪਣੇ ਬੱਚਿਆਂ ਦੀ ਆਨਲਾਈਨ ਪੜ੍ਹਾਈ ਦੇ ਲਈ ਗਾਂ ਵੇਚੀ
- ਕੋਰੋਨਾ ਨੇ ਬਦਲ ਦਿੱਤੀ ਜ਼ਿੰਦਗੀ, ਲੋਕਾਂ ਨੂੰ ਨਵੇਂ ਹੋ ਰਹੇ ਨੇ ਤਜਰਬੇ

ਜਲੰਧਰ (ਏ.ਟੀ.ਨਿਊਜ਼)- ਜਿਹੜਾ ਕੋਰੋਨਾਵਾਇਰਸ ਇਸ ਵੇਲੇ ਵਿਸ਼ਵ ਵਿੱਚ ਦਹਿਸ਼ਤ ਫੈਲਾ ਰਿਹਾ ਹੈ, ਉਹ ਚੀਨ ਵਿੱਚ ਪਹਿਲੀ ਵਾਰ ਸਾਹਮਣੇ ਆਏ ਵਾਇਰਸ ਨਾਲੋਂ ਬਿਲਕੁਲ ਵੱਖਰਾ ਹੈ। ਸਾਰਸ-ਸੀਓਵੀ-2 ਇਸ ਵਾਇਰਸ ਦਾ ਅਧਿਕਾਰਤ ਨਾਮ ਹੈ, ਜੋ ਕੋਵਿਡ-19 ਬਿਮਾਰੀ ਦਾ ਕਾਰਨ ਬਣਦਾ ਹੈ। ਇਸੇ ਵਿਸ਼ਵ ਭਰ ਵਿੱਚ ਤਬਾਹੀ ਮਚਾਈ ਹੋਈ ਹੈ, ਇਹ ਲਗਾਤਾਰ ਆਪਣਾ ਰੂਪ ਬਦਲ ਰਿਹਾ ਹੈ।

ਵਿਗਿਆਨੀਆਂ ਨੇ ਇਸ ਵਿੱਚ ਹਜ਼ਾਰਾਂ ਪਰਿਵਰਤਨ ਦੇਖੇ ਜਾਂ ਵਾਇਰਸ ਵਿੱਚ ਵੰਸ਼ਿਕ ਤੌਰ 'ਤੇ ਨਾਲ ਤਬਦੀਲੀ ਦੇਖੀ ਹੈ, ਪਰ ਇੱਕ ਅਜਿਹੀ ਤਬਦੀਲੀ ਜੋ ਪ੍ਰਮੁੱਖ ਤੌਰ 'ਤੇ ਸਾਹਮਣੇ ਆਈ ਹੈ, ਉਹ ਹੈ ਇਸਦੇ ਵਿਵਹਾਰ ਵਿੱਚ ਤਬਦੀਲੀ ਆਉਣਾ। ਬ੍ਰਿਟਿਸ਼ ਅਰਥ ਸ਼ਾਸਤਰੀ ਟੇਰੇਂਸ ਜੇਮਜ਼ ਓਨਿਲ, ਜਿੰਮ ਓ'ਨੀਲ ਵਜੋਂ ਜਾਣੇ ਜਾਂਦੇ ਹਨ, ਨੇ ਲਗਭਗ ਚਾਰ ਮਹੀਨੇ ਪਹਿਲਾਂ ਕਿਹਾ ਸੀ, "ਸ਼ੁਕਰ ਹੈ ਕਿ ਕੋਰੋਨਾ ਵਾਇਰਸ ਦੀ ਲਾਗ ਭਾਰਤ ਵਰਗੇ ਦੇਸ਼ ਵਿੱਚ ਨਹੀਂ, ਚੀਨ ਵਿੱਚ ਸ਼ੁਰੂ ਹੋਇਆ ਸੀ। ਭਾਰਤ ਦੀ ਪ੍ਰਣਾਲੀ ਇੰਨੀ ਮਾੜੀ ਹੈ ਕਿ ਉਹ ਕੋਰੋਨਾ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਨਿਪਟ ਸਕਦੀ। ਚੀਨ ਨੇ ਬਹੁਤ ਵਧੀਆ ਢੰਗ ਨਾਲ ਕੋਰੋਨਾ ਵਿਸ਼ਾਣੂ ਨੂੰ ਕਾਬੂ ਕੀਤਾ ਹੈ।"

ਦੂਸਰੇ ਪਾਸੇ ਬ੍ਰਿਟੇਨ ਵਿਚਲੇ ਭਾਰਤ ਦੇ ਹਾਈ ਕਮਿਸ਼ਨਰ ਵਿਸ਼ਵਾਸ ਨੇਗੀ ਨੇ ਕਿਹਾ ਕਿ ਜਿਮ ਨੂੰ ਭਾਰਤ ਦੀਆਂ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਦੀ ਘਾਟ ਹੈ।

ਦੂਸਰੇ ਪਾਸੇ ਭਾਰਤ ਸਰਕਾਰ ਦੇ ਆਯੂਸ਼ ਮੰਤਰਾਲੇ ਨੇ ਹੋਮਿਓਪੈਥਿਕ ਤੇ ਯੂਨਾਨੀ ਦਵਾਈਆਂ ਦੇ ਘਰੇਲੂ ਨੁਸਖਿਆਂ ਦੀ ਸੂਚੀ ਜਾਰੀ ਕੀਤੀ ਅਤੇ ਨਾਲ ਹੀ ਕੋਰੋਨਾ ਦੀ ਲਾਗ ਨੂੰ ਰੋਕਣ ਲਈ ਦੇਸੀ ਨੁਸਖੇ ਵੀ ਜਾਰੀ ਕੀਤੇ, ਜਦ ਕਿ ਇਨ੍ਹਾਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ।

ਭਾਰਤ ਸਰਕਾਰ ਸਿਹਤ ਸੇਵਾਵਾਂ 'ਤੇ ਬਜਟ ਵਿਚ ਕੁੱਲ ਜੀਡੀਪੀ ਦਾ ਸਿਰਫ 1.3% ਖਰਚਦੀ ਹੈ, ਜੋ ਕਿ 1.25 ਬਿਲੀਅਨ ਦੀ ਆਬਾਦੀ ਵਾਲੇ ਦੇਸ਼ ਲਈ ਊਠ ਦੇ ਮੂੰਹ ਵਿਚ ਜੀਰੇ ਵਰਗਾ ਹਾਲ ਹੈ। ਤੁਹਾਨੂੰ ਇਹ ਸੁਣ ਕੇ ਤੁਹਾਨੂੰ ਹੈਰਾਨੀ ਹੋਵੇਗੀ ਕਿ ਗਲੋਬਲ ਹੈਲਥ ਸਿਕਿਓਰਟੀ ਇੰਡੈਕਸ 2019 ਦੇ ਅਨੁਸਾਰ, ਗੰਭੀਰ ਛੂਤ ਦੀਆਂ ਬਿਮਾਰੀਆਂ ਤੇ ਮਹਾਂਮਾਰੀ ਦੇ ਵਿਰੁੱਧ ਲੜਨ ਦੇ ਪੱਧਰ 'ਤੇ ਭਾਰਤ ਵਿਸ਼ਵ ਵਿੱਚ 57 ਵਾਂ ਸਥਾਨ ਹੈ।

ਨੈਸ਼ਨਲ ਹੈਲਥ ਪ੍ਰੋਫਾਈਲ 2019 ਦੇ ਅਨੁਸਾਰ, ਭਾਰਤ ਵਿੱਚ ਕੇਂਦਰ, ਰਾਜ ਤੇ ਸਥਾਨਕ ਸੰਸਥਾਵਾਂ ਦੁਆਰਾ ਸੰਚਾਲਿਤ ਤਕਰੀਬਨ 26,000 ਸਰਕਾਰੀ ਹਸਪਤਾਲ ਚੱਲ ਰਹੇ ਹਨ। ਸਰਕਾਰੀ ਹਸਪਤਾਲਾਂ ਵਿਚ ਰਜਿਸਟਰਡ ਨਰਸਾਂ ਤੇ ਦਾਈਆਂ ਦੀ ਗਿਣਤੀ ਤਕਰੀਬਨ 20.5 ਲੱਖ ਹੈ ਅਤੇ ਮਰੀਜ਼ਾਂ ਲਈ ਬੈਡਾਂ ਦੀ ਗਿਣਤੀ 7.13 ਲੱਖ ਦੇ ਨੇੜੇ ਹੈ।

ਹੁਣ ਜੇ ਦੇਸ਼ ਦੀ 1.30 ਅਰਬ ਤੋਂ ਵੱਧ ਆਬਾਦੀ ਨਾਲ ਸਰਕਾਰੀ ਹਸਪਤਾਲਾਂ ਦੀ ਕੁੱਲ ਗਿਣਤੀ ਨਾਲ ਵੰਡ ਕੇ ਦੇਖਿਆ ਜਾਵੇ, ਤਾਂ ਇੱਕ ਲੱਖ ਦੀ ਆਬਾਦੀ ਪਿੱਛੇ ਸਿਰਫ ਦੋ ਹਸਪਤਾਲ ਮੌਜੂਦ ਹਨ। 610 ਵਿਅਕਤੀਆਂ ਪਿੱਛੇ ਸਿਰਫ ਇੱਕ ਨਰਸ ਮੌਜੂਦ ਹੈ। ਇੱਥੇ ਪ੍ਰਤੀ 10,000 ਲੋਕਾਂ ਪਿੱਛੇ ਸਿਰਫ 6 ਬਿਸਤਰੇ ਮੌਜੂਦ ਹਨ। ਸਰਕਾਰੀ ਹਸਪਤਾਲਾਂ ਵਿਚ ਜ਼ਰੂਰੀ ਦਵਾਈਆਂ ਅਤੇ ਡਾਕਟਰਾਂ ਦੀ ਵੱਡੀ ਘਾਟ ਹੈ। ਇਸ ਕਾਰਨ ਕਰਕੇ, ਡਾਕਟਰਾਂ ਅਤੇ ਨਰਸਾਂ ਉਪਰ ਭਾਰੀ ਕੰਮ ਦਾ ਦਬਾਅ ਹੈ। ਡਾਕਟਰੀ ਜਾਂਚ ਲਈ ਲੋੜੀਂਦੇ ਉਪਕਰਣ ਮੌਜੂਦ ਨਹੀਂ ਹਨ। ਪਿੰਡਾਂ ਦੇ ਸਿਹਤ ਕੇਂਦਰ ਹਮੇਸ਼ਾਂ ਬੰਦ ਹੁੰਦੇ ਹਨ। ਅਜਿਹੀ ਸਥਿਤੀ ਵਿਚ, ਜੇ ਕੋਰੋਨਾ ਦੀ ਲਾਗ ਦੂਰ-ਦੁਰਾਡੇ ਦੇ ਪਿੰਡਾਂ ਵਿਚ ਪਹੁੰਚ ਜਾਵੇ ਤਾਂ ਡਾਕਟਰੀ ਸਹਾਇਤਾ ਦੀ ਘਾਟ ਕਾਰਨ ਮੌਤਾਂ ਦੀ ਗਿਣਤੀ ਵਧ ਸਕਦੀ ਹੈ। ਪ੍ਰਾਈਵੇਟ ਹਸਪਤਾਲ ਮਹਿੰਗੇ ਡਾਕਟਰ ਦੇਸ਼ ਦੀ ਬਹੁਗਿਣਤੀ ਗਰੀਬ ਨੀਵੀਂ ਸ਼੍ਰੇਣੀ ਦੀ ਪਹੁੰਚ ਤੋਂ ਬਾਹਰ ਹਨ।




ਜਿਥੇ ਵਿਸ਼ਵ ਭਰ ਵਿਚ ਹਮਲਾਵਰ ਡਾਕਟਰੀ ਉਪਾਵਾਂ ਦੇ ਰਾਹੀਂ ਵਾਇਰਸ ਨੂੰ ਕਾਬੂ ਕਰਨ ਲਈ ਯਤਨ ਕੀਤੇ ਜਾ ਰਹੇ ਹਨ, ਉਥੇ ਭਾਰਤ ਵਿਚ ਭਗਵੇਂ ਆਗੂ ਕੋਰੋਨਾ ਦਾ ਇਲਾਜ ਗਊ ਮੂਤਰ ਅਤੇ ਗੋਬਰ ਦੇ ਸੇਵਨ ਵਿਚੋਂ ਲੱਭ ਰਹੇ ਹਨ। ਭਾਰਤ ਦੇ ਮੰਦਰਾਂ ਵਿਚ ਬੈਠੀਆਂ ਭਜਨ ਮੰਡਲੀਆਂ ਕੋਰੋਨਾ ਦਾ ਭੋਗ ਪਾਉਣ ਲਈ ਭਜਨ ਗਾ ਰਹੀਆਂ ਹਨ।

ਅਸਾਮ ਰਾਜ ਤੋਂ ਭਾਜਪਾ ਵਿਧਾਇਕ ਨੇ ਗੋਮੂਤਰਾ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਯੋਗ ਨੂੰ ਕੋਰੋਨਾ ਦੇ ਇਲਾਜ ਲਈ ਦਵਾਈ ਵਜੋਂ ਐਲਾਨਿਆ ਹੈ। ਕੋਰੋਨਾ ਕਾਰਨ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਜਾਨ ਗੁਆ ਰਹੇ ਹਨ।

'ਕੋਰੋਨਾ' ਤੋਂ ਬਚਾਅ ਲਈ ਲਗਾਈਆਂ ਗਈਆਂ ਪਾਬੰਦੀਆਂ ਦੇ ਕਾਰਨ ਲੋਕਾਂ ਦੀ ਜੀਵਨਸ਼ੈਲੀ, ਬੱਚਿਆਂ ਦੀ ਪੜ੍ਹਾਈ ਦੇ ਤੌਰ-ਤਰੀਕੇ ਅਤੇ ਕੁਝ ਕੁ ਨੇਤਾਵਾਂ ਦੇ ਸੋਚਣ ਦਾ ਅੰਦਾਜ਼ ਵੀ ਬਦਲ ਗਿਆ ਹੈ, ਜੋ ਹੇਠਾਂ ਦਿੱਤੀਆਂ ਉਦਾਹਰਣਾਂ ਤੋਂ ਸਪੱਸ਼ਟ ਹੁੰਦਾ ਹੈ:

➢ ਪਾਪੜ ਖਾਣ ਨਾਲ 'ਕੋਰੋਨਾ' ਠੀਕ ਹੋਣ ਦੀ ਨਵੀਂ ਜਾਣਕਾਰੀ ਕੇਂਦਰੀ ਸੰਸਦੀ ਮਾਮਲੇ ਮੰਤਰੀ ਅਰਜੁਨ ਰਾਮ ਮੇਘਵਾਲ (ਭਾਜਪਾ) ਨੇ ਦਿੱਤੀ ਹੈ। ਇਕ ਨਿੱਜੀ ਕੰਪਨੀ ਵਲੋਂ 'ਭਾਬੀ ਜੀ' ਨਾਂ ਨਾਲ ਬਾਜ਼ਾਰ ਵਿਚ ਉਤਾਰੇ ਪਾਪੜ ਦੀ ਵਿਕਰੀ ਸ਼ੁਰੂ ਕਰਨ ਲਈ ਆਯੋਜਿਤ ਸਮਾਗਮ ਦੇ ਵਾਇਰਲ ਹੋਏ ਵੀਡੀਓ ਵਿਚ ਉਨ੍ਹਾਂ ਨੇ ਕਿਹਾ, ਇਸ ਪਾਪੜ ਨਾਲ ਇਮਿਊਨਿਟੀ ਮਜ਼ਬੂਤ ਹੋਵੇਗੀ। ਆਤਮ-ਨਿਰਭਰ ਭਾਰਤ ਪ੍ਰੋਗਰਾਮ ਦੇ ਅਧੀਨ ਕੋਰੋਨਾ ਵਾਇਰਸ ਦੀ ਇਸ ਲੜਾਈ ਵਿਚ ਇਮਿਊਨਿਟੀ ਨੂੰ ਵਿਕਸਿਤ ਕਰਨ ਵਿਚ ਇਹ ਪਾਪੜ ਮਦਦ ਪਹੁੰਚਾਏਗਾ।"

ਜੇ ਇਹ ਸਥਿਤੀ ਇਹ ਹੈ ਤਾਂ ਪ੍ਰਧਾਨ ਮੰਤਰੀ ਨੂੰ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਗੱਲ ਕਰਨੀ ਚਾਹੀਦੀ ਹੈ ਤੇ ਹਰ ਰਾਜ ਨੂੰ ਇਕ ਭਾਬੀ ਜੀ ਦੇ ਪਾਪੜ ਵਾਲਾ ਬ੍ਰਾਂਡ ਭੇਜਣਾ ਚਾਹੀਦਾ ਹੈ।

➢ ਭਾਜਪਾ ਦੀ ਸੰਸਦ ਮੈਂਬਰ ਪ੍ਰੱਗਿਆ ਸਿੰਘ ਠਾਕੁਰ ਨੇ ਹੁਣੇ ਜਿਹੇ ਕੋਰੋਨਾ 'ਤੇ ਇੱਕ ਨਵਾਂ ਹੀ ਬਿਆਨ ਦੇ ਦਿੱਤਾ ਜਿਸ ਤੋਂ ਬਾਅਦ ਉਹ ਸੋਸ਼ਲ ਮੀਡੀਆ ਤੇ ਟ੍ਰੋਲ ਆਰਮੀ ਦਾ ਸ਼ਿਕਾਰ ਹੋਣ ਲੱਗੀ। ਪ੍ਰਗਿਆ ਦਾ ਕਹਿਣਾ ਹੈ ਕਿ ਕੋਰੋਨਾ ਤੋਂ ਬਚਾਅ ਲਈ 5 ਅਗਸਤ ਤੱਕ ਦਿਨ ਵਿਚ ਪੰਜ ਵਾਰ ਹਨੁਮਾਨ ਚਾਲੀਸਾ ਦਾ ਜਾਪ ਕਰੋ। ਪ੍ਰੱਗਿਆ ਮੁਤਾਬਿਕ ਐਸਾ ਕਰਨ ਨਾਲ ਦੁਨੀਆ ਵਿੱਚੋਂ ਕੋਰੋਨਾ ਦਾ ਕਹਿਰ ਮੁੱਕ ਜਾਵੇਗਾ। 'ਭੂਮੀ ਪੂਜਨ' ਜਾਂ ਅਯੁੱਧਿਆ ਵਿਖੇ ਰਾਮ ਮੰਦਰ ਦੀ ਉਸਾਰੀ ਲਈ ਜ਼ਮੀਨੀ ਤੋੜਨ ਦੀ ਰਸਮ 5 ਅਗਸਤ ਨੂੰ ਹੋਣੀ ਹੈ। ਸਾਧਵੀ ਪ੍ਰਗਿਆ ਨੇ ਟਵੀਟ ਕਰ ਲਿਖਿਆ "ਆਓ ਆਪਾਂ ਸਾਰੇ ਰਲ ਕੇ ਰੂਹਾਨੀ ਕੋਸ਼ਿਸ਼ ਕਰੀਏ ਕਿ ਲੋਕਾਂ ਨੂੰ ਚੰਗੀ ਸਿਹਤ ਮਿਲੇ ਤੇ ਕੋਰੋਨਾ ਮਹਾਮਾਰੀ ਖਤਮ ਹੋ ਜਾਵੇ। ਰੋਜ਼ਾਨਾ 7 ਵਜੇ ਆਪਣੇ ਘਰ ਵਿਚ 25 ਤੋਂ 5 ਅਗਸਤ ਤੱਕ 5 ਵਾਰ ਹਨੁਮਾਨ ਚਲੀਸਾ ਦਾ ਪਾਠ ਕਰੋ। ਇਸ ਰਸਮ ਦੀ ਸਮਾਪਤੀ 5 ਅਗਸਤ ਨੂੰ ਰਾਮਲਾਲਾ ਦੀ ਆਰਤੀ ਨਾਲ ਘਰਾਂ ਵਿਚ ਦੀਵੇ ਜਗਾ ਕੇ ਕਰੋ।"

➢ ਉੱਤਰ ਪ੍ਰਦੇਸ਼ ਦੇ ਸੰਭਲ ਤੋਂ ਸਪਾ ਸੰਸਦ ਮੈਂਬਰ ਸ਼ਫੀਕੁਰ ਰਹਿਮਾਨ, ਜੋ ਡਾਕਟਰ ਵੀ ਹਨ, ਦਾ ਕਹਿਣਾ ਹੈ ਕਿ "ਕੋਰੋਨਾ ਵਾਇਰਸ ਕੋਈ ਬੀਮਾਰੀ ਨਹੀਂ, ਅੱਲ੍ਹਾ ਸਾਨੂੰ ਸਾਡੇ ਗੁਨਾਹਾਂ ਦੀ ਸਜ਼ਾ ਦੇ ਰਿਹਾ ਹੈ। ਅੱਲ੍ਹਾ ਕੋਲੋਂ ਮੁਆਫੀ ਮੰਗਣੀ ਹੀ ਕੋਰੋਨਾ ਤੋਂ ਬਚਣ ਦਾ ਸਭ ਤੋਂ ਚੰਗਾ ਤਰੀਕਾ ਹੈ। ਅੱਲ੍ਹਾ ਮੁਆਫ ਕਰੇਗਾ ਤਾਂ ਹੀ ਅਸੀਂ ਕੋਰੋਨਾ ਤੋਂ ਬਚ ਸਕਾਂਗੇ।"

ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਆਪਣੇ ਬਿਆਨ ਵਿਚ ਉਹ ਕਹਿ ਰਹੇ ਹਨ, "ਈਦ-ਉਲ-ਜ਼ੁਹਾ ਦੇ ਮੌਕੇ 'ਤੇ ਮਸਜਿਦਾਂ ਅਤੇ ਈਦਗਾਹ ਵਿਚ ਮੁਸਲਿਮਾਂ ਦੀ ਸਮੂਹਿਕ ਨਮਾਜ਼ 'ਤੇ ਪਾਬੰਦੀ ਲਗਾਉਣੀ ਗਲਤ ਹੈ। ਸਰਕਾਰ ਮਸਜਿਦ ਅਤੇ ਈਦਗਾਹ ਵਿਚ ਮੁਸਲਿਮਾਂ ਦੇ ਨਮਾਜ਼ ਅਦਾ ਕਰਨ 'ਤੇ ਲੱਗੀ ਪਾਬੰਦੀ ਹਟਾਵੇ ਕਿਉਂਕਿ ਜਦ ਦੇਸ਼ ਦੇ ਸਾਰੇ ਮੁਸਲਿਮ ਮਸਜਿਦਾਂ ਵਿਚ ਨਮਾਜ਼ ਪੜ੍ਹਨਗੇ ਤਾਂ ਹੀ ਇਹ ਮੁਲਕ ਬਚੇਗਾ।"

ਉਨ੍ਹਾਂ ਦਾਅਵਾ ਕੀਤਾ ਕਿ "ਜਦੋਂ ਤਕ ਦੇਸ਼ ਦੇ ਸਾਰੇ ਮੁਸਲਮਾਨ ਮਸਜਿਦਾਂ ਵਿਚ ਨਮਾਜ਼ ਅਦਾ ਨਹੀਂ ਕਰਨਗੇ, ਉਦੋਂ ਤਕ ਕੋਰੋਨਾ ਮਹਾਮਾਰੀ ਨੂੰ ਨਹੀਂ ਭਜਾਇਆ ਜਾ ਸਕਦਾ।"

➢ ਪਟਿਆਲਾ ਵਿਚ ਸੂਲਰ ਰੋਡ 'ਤੇ ਪੁਲਸ ਮੁਲਾਜ਼ਮ ਬਣ ਕੇ ਨਾਕਾ ਲਗਾ ਕੇ ਖੜ੍ਹੇ ਠੱਗਾਂ ਨੇ 15-16 ਨੌਜਵਾਨਾਂ ਨੂੰ ਮਾਸਕ ਨਾ ਪਾਉਣ 'ਤੇ ਘੇਰ ਕੇ ਉਨ੍ਹਾਂ ਦਾ 800-800 ਰੁਪਏ ਦਾ ਚਲਾਨ ਕਰ ਦਿੱਤਾ, ਜਦਕਿ ਮਾਸਕ ਨਾ ਪਹਿਨਣ 'ਤੇ ਚਲਾਨ 500 ਰੁਪਏ ਦਾ ਹੀ ਕੱਟਦਾ ਹੈ। ਜਿਹੜੇ ਨੌਜਵਾਨਾਂ ਦੇ ਕੋਲ ਪੈਸੇ ਨਹੀਂ ਸਨ, ਠੱਗਾਂ ਨੇ ਉਨ੍ਹਾਂ ਦੇ ਮੋਬਾਇਲ ਆਪਣੇ ਕੋਲ ਰੱਖ ਕੇ ਆਪਣੇ ਘਰਾਂ ਤੋਂ ਪੈਸੇ ਲਿਆਉਣ ਲਈ ਭੇਜ ਦਿੱਤਾ। ਹੁਣ ਸ਼ਿਕਾਇਤ ਮਿਲਣ 'ਤੇ ਪੁਲਸ ਘਟਨਾ ਦੀ ਸੱਚਾਈ ਜਾਂਚਣ ਲਈ ਸੀ. ਸੀ. ਟੀ. ਵੀ. ਦੇ ਫੁਟੇਜ ਫਰੋਲ ਰਹੀ ਹੈ।

➢ ਮਹਾਰਾਸ਼ਟਰ ਵਿਚ ਰਾਏਗੜ੍ਹ ਦੇ ਬੋਧਨੀ ਪਿੰਡ ਦੇ ਨਿਵਾਸੀਆਂ ਨੇ 'ਕੋਰੋਨਾ' ਯੋਧਿਆਂ ਵਲੋਂ ਕੀਤੀ ਜਾਣ ਵਾਲੀ ਜਾਂਚ ਵਿਚ ਅੜਿੱਕਾ ਡਾਹੁਣ ਲਈ ਬੇਹੱਦ ਘਟੀਆ ਤਰੀਕਾ ਅਪਣਾਇਆ। ਕੋਰੋਨਾ ਇਨਫੈਕਟਿਡ 2 ਰੋਗੀਆਂ ਸਮੇਤ ਸੈਂਕੜੇ ਗੁੱਸੇ ਵਿਚ ਆਏ ਪਿੰਡ ਵਾਲਿਆਂ ਨੇ ਜਾਂਚ ਕਰਨ ਪਹੁੰਚੀ ਸਰਕਾਰੀ ਕਰਮਚਾਰੀਆਂ, ਪੁਲਸ ਅਤੇ ਡਾਕਟਰਾਂ ਦੀ ਟੀਮ 'ਤੇ ਧਾਵਾ ਬੋਲ ਕੇ ਉਨ੍ਹਾਂ ਦੀ ਦੌੜ ਲਵਾ ਦਿੱਤੀ, ਉਨ੍ਹਾਂ ਵਿਚੋਂ ਕੁਝ ਕੁ ਨੇ ਇਹ ਸਿੱਧ ਕਰਨ ਲਈ ਕਿ ਉਨ੍ਹਾਂ ਨੂੰ ਕੁਝ ਨਹੀਂ ਹੋਇਆ ਹੈ, ਡਾਕਟਰਾਂ ਦੀ ਟੀਮ 'ਤੇ ਥੁੱਕ ਵੀ ਦਿੱਤਾ।

➢ ਉੱਤਰ ਪ੍ਰਦੇਸ਼ ਦੇ ਲਖਨਊ ਵਿਚ ਡੇਢ ਸਾਲ ਪਹਿਲਾਂ ਵਿਆਹੀ ਔਰਤ ਨੂੰ ਜਣੇਪੇ ਲਈ ਜਦੋਂ ਹਸਪਤਾਲ ਲਿਜਾਇਆ ਗਿਆ ਤਾਂ ਉਸ ਦੇ ਕੋਰੋਨਾ ਇਨਫੈਕਟਿਡ ਹੋਣ ਦੀ ਪੁਸ਼ਟੀ ਹੁੰਦੇ ਹੀ ਉਸ ਦਾ ਪਤੀ ਸੱਤ ਜਨਮਾਂ ਤਕ ਸਾਥ ਨਿਭਾਉਣ ਦੇ ਸਾਰੇ ਵਾਅਦੇ ਭੁੱਲ ਕੇ ਹਸਪਤਾਲ ਵਿਚੋਂ ਭੱਜ ਗਿਆ।

➢ ਹਾਲ ਹੀ ਵਿਚ ਪਟਿਆਲਾ ਤੋਂ ਕੁਝ ਲੋਕ ਬਰਾਤ ਲੈ ਕੇ ਉੱਤਰਾਖੰਡ ਪਹੁੰਚੇ ਤਾਂ ਜਾਂਚ ਦੌਰਾਨ ਉਨ੍ਹਾਂ ਦੇ ਵਾਹਨ ਦਾ ਡਰਾਈਵਰ ਕੋਰੋਨਾ ਇਨਫੈਕਟਿਡ ਨਿਕਲ ਆਇਆ, ਇਸ ਤੋਂ ਬਾਅਦ ਟਿਹਰੀ ਦੇ ਜ਼ਿਲਾ ਪ੍ਰਸ਼ਾਸਨ ਨੇ ਦੋਵਾਂ ਧਿਰਾਂ ਦੇ 46 ਵਿਅਕਤੀਆਂ ਨੂੰ ਕੁਆਰੰਟਾਈਨ ਕਰ ਦਿੱਤਾ ਅਤੇ ਲਾੜਾ-ਲਾੜੀ ਸੁਹਾਗਰਾਤ ਵਾਲੇ ਕਮਰੇ ਦੀ ਬਜਾਏ ਆਈਸੋਲੇਸ਼ਨ ਵਾਰਡਾਂ ਵਿਚ ਪਹੁੰਚ ਗਏ।

➢ ਕੋਰੋਨਾ ਦੇ ਪ੍ਰਕੋਪ ਕਾਰਨ ਪੜ੍ਹਾਈ ਵੀ ਆਨਲਾਈਨ ਹੋ ਗਈ ਹੈ, ਜਿਸ ਦੇ ਲਈ ਸਮਾਰਟ ਮੋਬਾਇਲ ਫੋਨ ਵੀ ਜ਼ਰੂਰੀ ਹੈ ਪਰ ਕੁਝ ਲੋਕਾਂ ਕੋਲ ਪੈਸੇ ਨਾ ਹੋਣ ਕਾਰਨ ਸਮਾਰਟ ਮੋਬਾਇਲ ਫੋਨ ਖਰੀਦਣਾ ਸੌਖਾ ਨਹੀਂ। ਇਸੇ ਕਾਰਨ ਹਿਮਾਚਲ ਵਿਚ ਜਵਾਲਾਮੁਖੀ ਦੀ ਗੁੰਮਰ ਪੰਚਾਇਤ ਦੇ ਇਕ ਗਰੀਬ ਜੋੜੇ ਨੇ ਆਪਣੇ ਬੱਚਿਆਂ ਦੀ ਆਨਲਾਈਨ ਪੜ੍ਹਾਈ ਲਈ ਮੋਬਾਇਲ ਖਰੀਦਣ ਲਈ ਆਪਣੀ ਗਾਂ ਵੇਚ ਦਿੱਤੀ।

ਕੋਰੋਨਾ ਕਾਲ ਦੀਆਂ ਇਹ ਘਟਨਾਵਾਂ ਜਿਥੇ ਇਸ ਸੰਕਟ ਕਾਲ ਵਿਚ ਲੋਕਾਂ ਨੂੰ ਹੋਣ ਵਾਲੇ ਵੱਖ-ਵੱਖ ਤਜਰਬਿਆਂ ਦਾ ਪ੍ਰਗਟਾਵਾ ਕਰਦੀਆਂ ਹਨ, ਉਥੇ ਹੀ ਇਨ੍ਹਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਹਾਲਾਤ ਨੇ ਲੋਕਾਂ ਦੀ ਜ਼ਿੰਦਗੀ ਨੂੰ ਕਿਸ ਹੱਦ ਤਕ ਪ੍ਰਭਾਵਿਤ ਕਰ ਦਿੱਤਾ ਹੈ।

-o-

# ਸਿੱਖਾਂ ਵੱਲੋਂ ਮੇਅਰ ਕੈਰਲ ਦੁਤਰਾ-ਵਰਨਾਚੀ ਦੀ ਮਦਦ ਕਰਨ ਦਾ ਐਲਾਨ



ਯੂਨੀਅਨ ਸਿਟੀ/ਏ ਟੀ ਨਿਊਜ਼: ਪਿਛਲੇ ਸਨਿੱਚਰਵਾਰ ਬੇ-ਏਰੀਆ ਦੇ ਸਿੱਖਾਂ ਨੇ ਮੇਅਰ ਕੈਰਲ ਨਾਲ ਮੀਟਿੰਗ ਕਰਕੇ ਨਵੰਬਰ ਵਿੱਚ ਹੋਣ ਵਾਲ਼ੀਆਂ ਚੋਣਾਂ ਵਿੱਚ ਉਸਦੀ ਮਦਦ ਕਰਨ ਦਾ ਫੈਸਲਾ ਲਿਆ ਹੈ। ਦੋ ਘੰਟੇ ਚੱਲੀ ਮੀਟਿੰਗ ਵਿੱਚ ਮੇਅਰ ਕੈਰਲ ਨੇ ਆਪਣੇ ਚੋਣ ਮੈਨੀਫੈਸਟੋ ਤੇ ਗੱਲ ਕਰਦਿਆਂ ਭਰੋਸਾ ਦਿੱਤਾ ਕਿ ਸਿੱਖ ਕਮਿਊਨਿਟੀ ਨਾਲ ਪਹਿਲਾਂ ਨਾਲ਼ੋਂ ਜ਼ਿਆਦਾ ਤਾਲਮੇਲ ਰੱਖਣ ਤੇ ਜ਼ੋਰ ਦਿੱਤਾ। ਭਾਈ ਕਸ਼ਮੀਰ ਸਿੰਘ ਨੇ ਆਪਣੇ ਗਰੁੱਪ ਦੀ ਨੀਤੀ ਦੱਸਦੇ ਹੋਏ ਕਿਹਾ ਕਿ ਉਹਨਾਂ ਨੇ ਵੋਟਾਂ ਵਿੱਚ ਕਿਸੇ ਵੀ ਉਮੀਦਵਾਰ ਦੀ ਮਦਦ ਕਰਣ ਦਾ ਅਧਾਰ ਉਸ ਵੱਲੋਂ ਕੀਤੇ ਕੰਮਾਂ ਤੇ ਸਿੱਖ ਕਮਿਊਨਿਟੀ ਨਾਲ ਭਵਿੱਖ ਦੇ ਵਾਇਦਿਆਂ ਤੇ ਨਿਰਭਰ ਕਰੇਗਾ। ਉਹਨਾਂ ਨੇ ਦੱਸਿਆ ਕਿ ਉਹ ਕੌਮੀ ਅਧਾਰ ਤੇ ਕਿਸੇ ਦੀ ਮਦਦ ਜਾਂ ਵਿਰੋਧਤਾ ਨਹੀਂ ਕਰਨਗੇ। ਉਹਨਾਂ ਨੇ ਗੱਲ ਸ਼ਪੱਸ਼ਟ ਕਰਦੇ ਹੋਏ ਕਿਹਾ ਕਿ ਬਹੁਤੇ ਸਿੱਖ ਉਮੀਦਵਾਰਾਂ ਨੇ ਕੌਮੀ ਕੰਮਾਂ ਦੀ ਬਜਾਏ ਰਾਜਨੀਤੀ ਵਿੱਚ ਨਿੱਜੀ ਮੁਫ਼ਾਦ ਨੂੰ ਸਾਹਮਣੇ ਰੱਖਿਆ ਹੈ ਇਸ ਲਈ ਉਹਨਾਂ ਦੀ ਮਦਦ ਨਹੀਂ ਕੀਤੀ ਜਾਵੇਗੀ। ਇੱਕ ਸੁਆਲ ਦੇ ਜੁਆਬ ਵਿੱਚ ਉਹਨਾਂ ਨੇ ਦੱਸਿਆ ਕਿ ਜੇ ਕੋਈ ਗ਼ੈਰ ਸਿੱਖ, ਸਿੱਖਾਂ ਲਈ ਕੰਮ ਕਰਨ ਦਾ ਵਾਇਦਾ ਕਰਦਾ ਹੈ ਤੇ ਉਸਦੀ ਮਦਦ ਕੀਤੀ ਜਾਵੇਗੀ ਚਾਹੇ ਉਹ ਕਿਸੇ ਸਿੱਖ ਉਮੀਦਵਾਰ ਦੇ ਵਿਰੁੱਧ ਹੀ ਚੋਣ ਲੜ ਰਿਹਾ ਹੋਵੇ। ਭਾਗ ਲੈ ਰਹੇ ਮੈਂਬਰਾਂ ਨੇ ਮੇਅਰ ਲਈ ਫੰਡ ਰੇਜ਼ਰ ਵੀ ਕੀਤਾ।

# ਟਰੰਪ ਸਭ ਤੋ ਵੱਧ ਕਾਲੇ ਪੱਖੀ ਰਾਸ਼ਟਰਪਤੀ - ਪਾਸਟਰ ਡੈਰਲ ਸਕੋਟ

ਵਾਸ਼ਿੰਗਟਨ ਡੀਸੀ- (ਗਿੱਲ) ਪਾਸਟਰ ਡੈਰਲ ਸਕੌਟ ਨੇ ਅੰਦਰੂਨੀ ਸ਼ਹਿਰੀ ਭਾਈਚਾਰਿਆਂ ਦੀ ਮਦਦ ਕਰਨ ਲਈ ਰਾਸ਼ਟਰਪਤੀ ਡੋਨਲਡ ਟਰੰਪ ਦਾ ਧੰਨਵਾਦ ਕੀਤਾ, ਅਤੇ ਭਵਿੱਖਬਾਣੀ ਕੀਤੀ ਕਿ ਉਹ ਸਾਡੇ ਜੀਵਨ ਕਾਲ ਵਿੱਚ ਸਭ ਤੋਂ ਵੱਧ ਕਾਲੇ ਪੱਖੀ ਰਾਸ਼ਟਰਪਤੀ ਹੋਣਗੇ। ਮੈਂ ਇਹ ਕਹਾਂਗਾ, ਇਸ ਪ੍ਰਸ਼ਾਸਨ ਨੇ ਬਹੁਤ ਸਾਰੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ ਇਹ ਮੇਰੇ ਜੀਵਨ ਕਾਲ ਵਿੱਚ ਸ਼ਹਿਰੀ ਅਮਰੀਕੀ ਅਤੇ ਵਿਸ਼ਵਾਸ ਅਧਾਰਤ ਭਾਈਚਾਰੇ ਬਾਰੇ ਸ਼ਾਇਦ ਸਭ ਤੋਂ ਵੱਧ ਕਿਰਿਆਸ਼ੀਲ ਪ੍ਰਸ਼ਾਸਨ ਹੈ, ਉਸਨੇ ਕਿਹਾ। ਇਮਾਨਦਾਰੀ ਨਾਲ ਕਹਿਣ ਲਈ, ਇਹ ਸ਼ਾਇਦ ਸਾਡੇ ਜੀਵਨ ਕਾਲ ਵਿੱਚ ਸਭ ਤੋਂ ਵੱਧ ਕਾਲੇ ਪੱਖੀ ਰਾਸ਼ਟਰਪਤੀ ਬਣਨ ਜਾ ਰਹੇ ਹਨ। ਟਰੰਪ ਨੇ ਆਰਥਿਕਤਾ ਨੂੰ ਬਲ ਦਿੱਤਾ ਹੈ।

ਪੁਲਿਸ ਭਾਈਚਾਰਾ ਸਾਡਾ ਰਖਵਾਲਾ ਹੈ। ਸਾਨੂੰ ਇਹਨਾ ਦੀ ਲੌੜ ਹੈ । ਅਨੁਸ਼ਾਸਨ ਵਿੱਚ ਰਹਿ ਕੇ ਅਸੀਂ ਸਭ ਕੁਝ ਲੈ ਸਕਦੇ ਹਾਂ। ਸਾਨੂੰ ਸ਼ਾਂਤੀ ਨਾਲ ਪਰੋਟੈਸਟ ਕਰਨੇ ਚਾਹੀਦੇ ਹਨ। ਗੁੰਡੇ ਅਨਸਰਾਂ ਨੇ ਸਾਡੀ ਕੁਮਿਨਟੀ ਨੂੰ ਬਦਨਾਮ ਕਰਨ ਲਈ ਲੁੱਟ -ਮਾਰ ਕਰਕੇ ਵਪਾਰਕ ਅਦਾਰਿਆਂ ਨੂੰ ਢਾਹ ਲਾਈ ਹੈ। ਜਿਸ ਕਰਕੇ ਲੋਕਾਂ ਵਿੱਚ ਰੋਸ ਹੈ ਜਦ ਕਿ ਸਾਨੂੰ ਅਪਨੀ ਸੋਚ ਤੇ ਹਲੀਮੀ ਤੋ ਕੰਮ ਲੈਣਾ ਚਾਹੀਦਾ ਹੈ। ਸਾਨੂੰ ਮੁਲਕ ਦੀ ਬੇਹਤਰੀ ਲਈ ਅੱਗੇ ਆਉਣਾ ਚਾਹੀਦਾ ਹੈ। ਜਿਹੜੇ ਲੋਕ ਸਾਡੀਆਂ ਭਾਵਨਾਵਾਂ ਨਾਲ ਖੇਡ ਕਿ ਸਾਨੂੰ ਵਰਤਦੇ ਹਨ ਉਹਨਾ ਤੋ ਸੁਚੇਤ ਰਹਿਣ ਦੀ ਲੋੜ ਤੇ ਪਾਸਟਰ ਡੈਰਲ ਸਕੋਟ ਨੇ ਜ਼ੋਰ ਦਿੱਤਾ ਹੈ। ਉਹਨਾ ਬਲੈਕ ਲਿਵਜ ਮੈਟਰ ਸੰਬੰਧੀ ਕਿਹਾ ਕਿ ਇਸ ਨੂੰ ਗਲਤ ਰੰਗਤ ਦੇਣ ਵਾਲ਼ਿਆਂ ਤੋ ਖ਼ਬਰਦਾਰ ਹੋਣਾ ਪਵੇਗਾ। ਜੋ ਇਹਨਾ ਸ਼ਬਦਾਂ ਦੀ ਵਰਤੋ ਕਰਕੇ ਰੋਟੀਆਂ ਸੇਕ ਰਹੇ ਹਨ। ਉਹਨਾ ਕਿਹਾ ਟਰੰਪ ਇਕ ਸ਼ਕਤੀਸ਼ਾਲੀ ਰਾਸਟਰਪਤੀ ਹੈ। ਅਮਰੀਕਾ ਅੱਜ ਦੀ ਤਾਰੀਖ਼ ਵਿੱਚ ਇਹਨਾ ਦੀ ਅਗਵਾਈ ਵਿੱਚ ਹੀ ਸੁਰੱਖਿਅਤ ਹੈ। ਸਾਨੂੰ ਟਰੰਪ ਦੀ ਜਿੱਤ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

## ਦੱਰਿਆਂ ਤੇ ਦਰਿਆਵਾਂ ਸੰਗ – 14

# ‘ਦੁਸ਼ਮਣ’ ਦੀਆਂ ਨਿਗਾਹਾਂ ਹੇਠ



– ਪ੍ਰੀਤਮ ਰੁਪਾਲ

ਕਰਗਿਲ ਸ਼ਹਿਰ ਦੇ ਬਾਹਰਵਾਰ ਲੱਗੇ ਜੰਮੂ ਕਸ਼ਮੀਰ ਪੁਲਿਸ ਦੇ ਨਾਕੇ ਤੋਂ ਸਾਨੂੰ ਇਹ ਕਹਿ ਕੇ ਵਾਪਸ ਮੋੜ ਦਿਤਾ ਗਿਆ ਕਿ ਸਵੇਰੇ 4 ਵਜੇ ਤੋਂ ਪਹਿਲਾਂ ਇਹ ਰਸਤਾ ਨਹੀਂ ਖੁੱਲੇਗਾ। ਅਸੀਂ ਫਿਰ ਆਪਣੀਆਂ ਗੱਡੀਆਂ ਕਰਗਿਲ ਸ਼ਹਿਰ ਵੱਲ ਮੋੜ ਲਈਆਂ, ਜਿਥੋਂ ਖਾਣਾ ਖਾ ਕੇ ਚੱਲੇ ਸਾਂ। ਸਾਡੇ ਮੁੜਦਿਆਂ ਤਕ ਉਹ ਰੇਸਤਰਾਂ ਬੰਦ ਹੋ ਚੁੱਕਾ ਸੀ ਜਿਥੇ ਅਸੀਂ ਡਿਨਰ ਕਰ ਕੇ ਗਏ ਸਾਂ। ਰਾਤ ਦਾ ਤੀਜਾ ਪਹਿਰ ਸਾਰਾ ਸ਼ਹਿਰ ਘੂਕ ਸੁੱਤਾ ਹੋਇਆ ਸੀ। ਡਰਾਈਵਰ ਜੀਪਾਂ ਸੜਕ ਦੇ ਇਕ ਪਾਸੇ ਲਗਾ ਕੇ ਸੌਂ ਗਏ। ਸਾਡੇ ਕੁਝ ਸਾਥੀ ਵੀ ਜੀਪਾਂ ਵਿਚ ਬੈਠੇ ਬੈਠੇ ਹੀ ਕੁਝ ਨੀਂਦ ਪੂਰੀ ਕਰਨ ਲੱਗੇ। ਇੰਨੇ ਨੂੰ ਇਕ ਟੈਕਸੀ ਸਾਡੇ ਕੋਲ ਆ ਕੇ ਰੁਕੀ। ਗੱਡੀ ਇਕ ਪਾਸੇ ਲਗਾ ਕੇ ਡਰਾਈਵਰ ਸਾਨੂੰ ਬੜੇ ਖਲੂਸ ਨਾਲ ਮਿਲਿਆ। ਉਸ ਨੇ ਸਾਨੂੰ ਚਾਹ ਦੀ ਪੇਸ਼ਕਸ਼ ਕੀਤੀ। ਅਸੀਂ ਕੁਝ ਨਾਂਹ ਨੁੱਕਰ ਜਿਹੀ ਕਰਨ ਲੱਗੇ ਪਰ ਉਹ ਮੱਲੋਮੱਲੀ ਸਾਨੂੰ ਟੈਕਸੀ ਸਟੈਂਡ ਦੇ ਪਿਛੇ ਇਕ ਖੋਖੇ ਕੋਲ ਲੈ ਗਿਆ। ਮੈਂ, ਸੁਖਬੀਰ, ਪੰਕਜ ਅਤੇ ਦੀਪਕ ਚਾਰੇ ਜਣੇ ਉਸ ਵਲੋਂ ਕੀਤੀ ਜਾ ਰਹੀ ਮਹਿਮਾਨ ਨਿਵਾਜ਼ੀ ਤੇ ਆਪਸ ਵਿਚ ਘੁਸਰ ਮੁਸਰ ਕਰਨ ਲੱਗੇ। ਤਿੱਬਤੀ ਜਿਹਾ ਦਿਸਣ ਵਾਲਾ ਇਹ ਡਰਾਈਵਰ ਭਾਵੇਂ ਕੋਈ ਸ਼ੱਕੀ ਬੰਦਾ ਨਹੀਂ ਸੀ ਲੱਗਦਾ ਪਰ ਕਰਗਿਲ ਦਾ ਖਿਆਲ ਕਰਦਿਆਂ ਸਾਡੇ ਦਿਲਾਂ ਵਿਚ ਕੁਝ ਡਰ ਜਿਹਾ ਬਣਿਆ ਹੋਇਆ ਸੀ।

ਉਸ ਨੇ ਖੋਖੇ ਵਾਲੇ ਨੂੰ ਚਾਹ ਬਣਾਉਣ ਦਾ ਆਰਡਰ ਦਿੰਦਿਆਂ ਸਾਡੇ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਉਹ ਸਮਝ ਗਿਆ ਕਿ ਅਸੀਂ ਉਸ ਨੂੰ ਪਛਾਣਿਆ ਨਹੀਂ। ਫਿਰ ਉਸ ਨੇ ਦੱਸਿਆ ਕਿ ਖੰਗਰਲ ਵਿਚ ਅਸੀਂ ਧੱਕਾ ਲਾ ਕੇ ਉਸ ਦੀ ਸੂਮੋ ਜੀਪ ਗਾਰੇ ਵਿਚੋਂ ਬਾਹਰ ਕੱਢੀ ਸੀ। ਉਹ ਸ੍ਰੀਨਗਰ ਅਤੇ ਲੇਹ ਵਿਚਕਾਰ ਟੈਕਸੀ ਚਲਾਉਂਦਾ ਸੀ ਅਤੇ ਉਸ ਦਾ ਪਿੰਡ ਕਰਗਿਲ ਦੇ ਨੇੜੇ ਹੀ ਸੁਰੂ ਵਾਦੀ ਵਿਚ ਪੈਂਦਾ ਸੀ। ਉਹ ਰਲਵੀਂ ਮਿਲਵੀਂ ਹਿੰਦੀ ਅਤੇ ਲੱਦਾਖੀ ਬੋਲਦਾ ਸੀ। ਉਸ ਨੂੰ ਕਸ਼ਮੀਰੀ ਜ਼ੁਬਾਨ ਵੀ ਆਉਂਦੀ ਸੀ। ਸਾਡੇ ਚਾਹ ਪੀਂਦਿਆਂ ਉਸ ਨੇ ਦੱਸਿਆ ਕਿ ਜੇ ਅਸੀਂ ਉਸ ਦੀ ਜੀਪ ਗਾਰੇ ਵਿਚੋਂ ਬਾਹਰ ਨਾ ਕੱਢਦੇ ਤਾਂ ਉਸ ਨੂੰ ਕਾਫੀ ਨੁਕਸਾਨ ਹੋ ਜਾਣਾ ਸੀ ਕਿਉਂਕਿ ਉਸ ਨੇ ਕੱਲ੍ਹ ਹਰ ਹਾਲਤ ਵਿਚ ਸ੍ਰੀਨਗਰ ਪਹੁੰਚਣਾ ਸੀ। ਸਰਹੱਦੀ ਇਲਾਕਾ ਹੋਣ ਕਾਰਨ ਅਸੀਂ ਉਸ ਤੋਂ ਕਾਫੀ ਕੁਝ ਪੁੱਛਣਾ ਚਾਹੁੰਦੇ ਸੀ। ਉਹ ਸਾਡੇ ਸੁਆਲਾਂ ਦੇ ਮਿਣਵੇਂ ਤੋਲਵੇਂ ਹੀ ਜੁਆਬ ਦਿੰਦਾ ਸੀ। ਉਸ ਨੇ ਦੱਸਿਆ ਕਿ ਜਦੋਂ ਥੋੜ੍ਹੀ ਜਿਹੀ ਗੜਬੜ ਹੁੰਦੀ ਹੈ ਤਾਂ ਇਸ ਸ਼ਹਿਰ ’ਤੇ ਦਾੜ ਦਾੜ ਗੋਲੇ ਵਰ੍ਹਦੇ ਨੇ। ਉਸ ਨੇ ਸਾਹਮਣੇ ਇਮਾਰਤਾਂ ਵੱਲ ਇਸ਼ਾਰਾ ਕਰ ਕੇ ਦੱਸਿਆ ਕਿ ਇਹ ਕਰਗਿਲ ਦੀ ਲੜਾਈ ਵੇਲੇ ਪਾਕਿਸਤਾਨੀ ਗੋਲਾਬਾਰੀ ਵਿਚ ਟੁੱਟੀਆਂ ਹਨ। ਇਮਾਰਤਾਂ ਦੇ ਅੱਗੇ ਕਾਲੇ ਰੰਗ ਦਾ ਮੋਮਜਾਮਾ (ਪੋਲੀਥਿਲੀਨ) ਤਾਣਿਆ ਹੋਇਆ ਸੀ। ਉਸ ਨੇ ਆਪਣਾ ਨਾਂ ਡੋਲਮਾ ਦੱਸਿਆ। ਡੋਲਮਾ ਦਾ ਕਹਿਣਾ ਸੀ ਕਿ ਉਸ ਦੇ ਪਿੰਡਾਂ ਵਾਲਾ ਇਲਾਕਾ ਅੱਗੇ ਜਾ ਕੇ ਬਹੁਤ ਸੋਹਣਾ ਹੈ। ਜਦ ਉਸ ਨੂੰ ਪਤਾ ਲੱਗਾ ਕਿ ਅਸੀਂ ਟਰੈਕਿੰਗ ਲਈ ਗਏ ਸਾਂ ਤਾਂ ਉਸ ਨੇ ਤਾਕੀਦ ਕੀਤੀ ਕਿ ਲੇਹ ਜਾਣ ਦੀ ਬਜਾਏ ਸੁਰੂ ਵਾਦੀ ਵਿਚ ਜ਼ਰੂਰ ਜਾਇਆ ਜਾਵੇ। ਉਸ ਨੇ ਦੱਸਿਆ ਕਿ ਇਹ ਵਾਦੀ ਅੱਗੇ ਜਾ ਕੇ ਜ਼ਾਂਸਕਰ ਰੇਂਜ ਦੀਆਂ ਸਭ ਤੋਂ ਉਚੀਆਂ ਚੋਟੀਆਂ ਨੁਨ ਅਤੇ ਕੁਨ ਤਕ ਪਹੁੰਚਦੀ ਹੈ ਅਤੇ ਇਸ ਇਲਾਕੇ ਵਿਚ ਜੰਗਲੀ ਜਾਨਵਰ ਵੀ ਬਹੁਤ ਹਨ। ਪਦਮ ਤਕ ਸੜਕ ਦੇ ਰਸਤੇ ਜਾਇਆ ਜਾ ਸਕਦਾ ਹੈ। ਡੋਲਮਾ ਜ਼ਾਂਸਕਰ ਰੇਂਜ ਦੇ ਉਸ ਇਲਾਕੇ ਬਾਰੇ ਦੱਸਦਾ ਭਾਵੁਕ ਹੋ ਗਿਆ ਤੇ ਕਹਿਣ ਲੱਗਾ ਕਿ ਇਹ ਬਿਲਕੁਲ ਸ਼ਾਂਤੀ ਵਾਲਾ ਇਲਾਕਾ ਹੈ ਪਰ ਜਿੱਧਰ ਸ਼ਾਂਤੀ ਹੈ ਉਧਰ ਸਰਕਾਰਾਂ ਘੱਟ ਹੀ ਧਿਆਨ ਦਿੰਦੀਆਂ ਹਨ ਇਸ ਲਈ ਉਸ ਇਲਾਕੇ ਦਾ ਬਹੁਤਾ ਵਿਕਾਸ ਨਹੀਂ ਹੋਇਆ। ਬੜੀ ਦੂਰ ਦੂਰ ਛੋਟੇ ਛੋਟੇ ਬੋਧੀ ਪਿੰਡ ਹਨ। ਫਿਰ ਪੈਂਤੜਾ ਬਦਲ ਕੇ ਦੱਸਣ ਲੱਗਾ ਕਿ ਕਰਗਿਲ ਦਰਾਸ ਵਾਲੀ ਸੜਕ ’ਤੇ ਕੋਈ ਸੁਰੱਖਿਆ ਨਹੀਂ ਹੈ ਕਿਸੇ ਵੇਲੇ ਵੀ ਚੋਟੀ ’ਤੇ ਬੈਠੀ ਪਾਕਿਸਤਾਨੀ ਫੌਜ ਕੜਕੜ.....ਗੋਲੀਆਂ ਦਾਗਣੀਆਂ ਸ਼ੁਰੂ ਕਰ ਦਿੰਦੀ ਹੈ। ਫਿਰ ਹਸਦਿਆਂ ਕਹਿਣ ਲੱਗਾ ਕਿ ਜ਼ਰੂਰੀ ਨਹੀਂ ਲੜਾਈ ਲੱਗੀ ਹੋਵੇ ਕਿਸੇ ਖੁਸ਼ੀ ਤਿਉਹਾਰ ਈਦ, ਬਕਰੀਦ ਦੇ ਮੌਕੇ ਬਿਨਾਂ ਕਿਸੇ ਗੱਲ ਤੋਂ ਹੀ ਗੋਲੀਆਂ ਚੱਲ ਪੈਂਦੀਆਂ ਨੇ। ਉਸ ਨੇ ਦੱਸਿਆ ਕਿ ਸਾਡੀ ਫੌਜ ਵੀ ਇਸੇ ਤਰ੍ਹਾਂ ਕਰਦੀ ਹੈ ਦੀਵਾਲੀ, ਦੁਸਹਿਰਾ ਜਾਂ ਕੋਈ ਹੋਰ ਖੁਸ਼ੀ ਦਾ ਮੌਕਾ ਹੋਵੇ ਇਸ ਤਰ੍ਹਾਂ ਗੋਲੀਆਂ ਚਲਾਉਂਦੇ ਨੇ ਜਿਵੇਂ ਬੱਚੇ ਪਟਾਕੇ ਚਲਾਉਂਦੇ ਹੋਣ।

ਚਾਹ ਪੀਣ ਮਗਰੋਂ ਡੋਲਮਾ ਸਾਨੂੰ ਸ਼ਹਿਰ ਵਿਚ ਉਹ ਥਾਵਾਂ ਵਿਖਾਉਣ ਲੈ ਗਿਆ ਜਿਥੇ ਕਰਗਿਲ ਦੀ ਲੜਾਈ ਸਮੇਂ ਵਜੇ ਗੋਲਿਆਂ ਦੇ ਨਿਸ਼ਾਨ ਅਜੇ ਬਾਕੀ ਸਨ। ਹੁਣ ਸੜਕ ’ਤੇ ਇੱਕਾ ਦੁੱਕਾ ਲੋਕ ਅਤੇ ਰੇਹੜੀ ਫੜ੍ਹੀ ਵਾਲੇ ਨਿਕਲ ਚੁੱਕੇ ਸਨ। ਟੈਕਸੀ ਸਟੈਂਡ ਵਿਚ ਡਰਾਈਵਰਾਂ ਨੇ ਡੀਜ਼ਲ ਦੀਆਂ ਗੱਡੀਆਂ ਨੂੰ ਸੈਲਫ਼ ਮਾਰਨੇ ਸ਼ੁਰੂ ਕਰ ਦਿਤੇ ਸਨ। ਸਾਡੇ ਤੁਰਦਿਆਂ ਫਿਰਦਿਆਂ ਸਵੇਰ ਦੇ 3 ਵੱਜ ਗਏ ਅਸੀਂ ਆਪਣੀਆਂ ਜੀਪਾਂ ਕੋਲ ਆ ਗਏ। ਸਾਡੇ ਡਰਾਈਵਰ ਵੀ ਜਾਗ ਚੁੱਕੇ ਸਨ ਅਤੇ ਸੜਕ ਦੇ ਕਿਨਾਰੇ ਇਕ ਹੋਰ ਚਾਹ ਵਾਲੇ ਨੇ ਆਪਣਾ ਚੁੱਲ੍ਹਾ ਚਾਲੂ ਕਰ ਲਿਆ ਸੀ। ਡੋਲਮਾ ਨੇ ਇਕ ਵਾਰ ਫਿਰ ਕਿਹਾ ਕਿ ਅਸੀਂ ਜ਼ਰੂਰ ਇੱਧਰ ਦੋਬਾਰਾ ਆਈਏ। ਉਸ ਨੇ ਆਪਣੇ ਪਿੰਡ ਦਾ ਨਾਂ ਗਰਾਮਥਾਂਗ ਦੱਸਿਆ ਜੋ ਸੁਰੂ ਦਰਿਆ ਦੇ ਕਿਨਾਰੇ ’ਤੇ ਸੀ। ਉਹ ਵਾਪਸ ਆਪਣੀ ਟੈਕਸੀ ਕੋਲ ਚਲਾ ਗਿਆ।

ਆਪਣੇ ਡਰਾਈਵਰਾਂ ਨਾਲ ਦੁਬਾਰਾ ਦੀ ਚਾਹ ਪੀਂਦਿਆਂ ਅਸੀਂ ਗੁਲਾਟੀ ਨੂੰ ਦੱਸਿਆ ਕਿ ਸ਼ਹਿਰ ਦੀਆਂ ਕਈ ਬਿਲਡਿੰਗਾਂ ’ਤੇ ਗੋਲੀਆਂ ਦੇ ਨਿਸ਼ਾਨ ਹਨ। ਉਹ ਤੇਜਿੰਦਰ ਸਹਿਗਲ ਨੂੰ ਨਾਲ ਲੈ ਕੇ ਇਹ ਵੇਖਣ ਤੁਰ ਗਿਆ। ਪੌਣੇ ਕੁ ਚਾਰ ਵਜੇ ਅਸੀਂ ਫਿਰ ਨਾਕੇ ਕੋਲ ਪਹੁੰਚ ਗਏ। ਜੰਮੂ-ਕਸ਼ਮੀਰ ਪੁਲਿਸ ਨੇ ਗੱਡੀਆਂ ਦੇ ਨੰਬਰ ਵਗੈਰਾ ਲਿਖ ਕੇ ਸਾਨੂੰ ਅੱਗੇ ਦਰਾਸ ਤੱਕ ਜਾਣ ਦਿਤਾ ਅਤੇ ਉਨ੍ਹਾਂ ਕਿਹਾ ਕਿ ਰਸਤੇ ਵਿਚ ਬਿਨਾਂ ਵਜ੍ਹਾ ਗੱਡੀਆਂ ਨਾ ਰੋਕੀਆਂ ਜਾਣ। ਦੀਪਕ ਨੇ ਤਿੰਨੇ ਡਰਾਈਵਰਾਂ ਨੂੰ ਦੱਸ ਦਿਤਾ ਕਿ ਅਗਲੀ ਸੜਕ ਬਿਲਕੁਲ ਐਲ.ਓ.ਸੀ. ਦੇ ਨਾਲ ਹੈ ਇਸ ਲਈ ਆਪਣੀ ਰਫ਼ਤਾਰ ਨਾਲ ਗੱਡੀਆਂ ਚਲਾਈ ਜਾਣੀਆਂ ਹਨ। ਅਸੀਂ ਤਰਸੇਮ ਨੂੰ ਆਪਣੀ ਗੱਡੀ ਅੱਗੇ ਰੱਖਣ ਲਈ ਕਿਹਾ। ਤਰਸੇਮ ਨੇ ਗੁਰਬਾਣੀ ਦੇ ਕੀਰਤਨ ਦੀ ਕੈਸੇਟ ਲਗਾ ਲਈ ਅਤੇ ਵਾਹਿਗੁਰੂ ਬੋਲ ਕੇ ਜੀਪ ਦਰਾਸ ਵਾਲੀ ਸੜਕ ’ਤੇ ਪਾ ਦਿਤੀ। ਜਦੋਂ ਤਰਸੇਮ ਨੂੰ ਦੱਸਿਆ ਕਿ ਇਸ ਸੜਕ ’ਤੇ ਸ਼ਿਗਾਰ ਦਰਿਆ ਦੇ ਪਰਲੇ ਪਾਸੇ ਦੀਆਂ ਪਹਾੜੀਆਂ ਤੋਂ ਪਾਕਿਸਤਾਨੀ ਫੌਜ ਸਾਨੂੰ ਵੇਖ ਰਹੀ ਹੈ ਤੇ ਕਿਸੇ ਸਮੇਂ ਵੀ ਗੋਲੀ ਚਲਾ ਸਕਦੀ ਹੈ ਤਾਂ ਪਹਿਲਾਂ ਤਾਂ ਉਹ ਕੁਝ ਡਰ ਜਿਹਾ ਗਿਆ ਤੇ ਫਿਰ ਕਹਿਣ ਲੱਗਾ ਕਿ ਚਲੋ! ਮੈਨੂੰ ਕਿਹੜਾ ਇਕੱਲੇ ਨੂੰ ਲੱਗਣੀ ਐਂ।

ਹੁਣ ਸਾਡੀਆਂ ਗੱਡੀਆਂ ਦਰਾਸ ਵੱਲ ਵੱਧ ਰਹੀਆਂ ਸਨ। ਮੈਂ ਤਰਸੇਮ ਦੇ ਨਾਲ ਅਗਲੀ ਸੀਟ ’ਤੇ ਬੈਠਾ ਜੀਪ ਦੀਆਂ ਲਾਈਟਾਂ ਵਿਚ ਆਲੇ ਦੁਆਲੇ ਵੇਖ ਰਿਹਾ ਸਾਂ। ਦੀਪਕ ਅਤੇ ਰੋਹਿਤ ਪਿਛੇ ਬੈਠੇ ਕਰਗਿਲ ਦੀ ਲੜਾਈ ਦੀਆਂ ਗੱਲਾਂ ਕਰ ਰਹੇ ਸਨ ਅਤੇ ਉਮੇਸ਼ ਸੁਸਤਾ ਰਿਹਾ ਸੀ। ਕੈਸੇਟ ਪਲੇਅਰ ’ਤੇ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਦਾ ਸ਼ਬਦ ਕੀਰਤਨ ਚੱਲ ਰਿਹਾ ਸੀ। ਕਾਕਸਰ ਪਹੁੰਚ ਕੇ ਅਸੀਂ ਦਰਾਸ ਦਰਿਆ ਦਾ ਪੁਲ ਪਾਰ ਕੀਤਾ ਜੋ ਇਥੇ ਆ ਕੇ ਸ਼ਿਗਾਰ ਵਿਚ ਮਿਲਦਾ ਹੈ। ਹੁਣ ਸਾਡੀ ਸੜਕ ਦਰਾਸ ਦਰਿਆ ਦੇ ਨਾਲ ਨਾਲ ਸੀ ਅਤੇ ਸ਼ਿਗਾਰ ਸਾਡੇ ਸੱਜੇ ਹੱਥ ਪੱਛਮ ਵੱਲ ਰਹਿ ਗਿਆ। ਥੋੜ੍ਹਾ ਅੱਗੇ ਪਹੁੰਚ ਕੇ ਖਾਰਬੂ ਪਿੰਡ ਆਇਆ। ਸੜਕ ਕਿਨਾਰੇ ਥੋੜ੍ਹੀ ਥੋੜ੍ਹੀ ਦੂਰੀ ’ਤੇ ਲੱਗੇ ਮੀਲ ਪੱਥਰਾਂ ਉਪਰ ਲਿਖਿਆ ਹੋਇਆ ਸੀ ਕਿ ਤੁਸੀਂ ਦੁਸ਼ਮਣ ਦੀਆਂ ਨਿਗਾਹਾਂ ਹੇਠ ਹੋ ਸਾਵਧਾਨੀ ਨਾਲ ਚੱਲੋ। ਅੰਗ੍ਰੇਜ਼ੀ ਵਿਚ ਲਿਖਿਆ ਹੋਇਆ ਸੀ “ਯੂ ਆਰ ਅੰਡਰ ਅਬਜ਼ਰਵੇਸ਼ਨ ਆਵ ਐਨਿਮੀ”। ਅਸਲ ਵਿਚ ਕਰਗਿਲ ਤੋਂ ਦਰਾਸ ਤਕ ਸੜਕ ਦਾ ਇਹ ਹਿੱਸਾ ਐਲ.ਓ.ਸੀ. ਦੇ ਕਾਫੀ ਨਜ਼ਦੀਕ ਹੈ ਅਤੇ ਪਾਕਿਸਤਾਨੀ ਫੌਜ ਉਚੀਆਂ ਪਹਾੜੀ ਚੋਟੀਆਂ ਉਪਰ ਬੈਠੀ ਹੋਣ ਕਰਕੇ ਇਸ ਸੜਕ ਉਪਰ ਕਈ ਵਾਰ ਗੋਲੀਬਾਰੀ ਕਰ ਦਿੰਦੀ ਹੈ। ਸ੍ਰੀਨਗਰ ਤੋਂ ਲੇਹ ਜਾਣ ਲਈ ਇਹ ਸੜਕ ਹੀ ਮੁੱਖ ਜ਼ਮੀਨੀ ਰਸਤਾ ਹੈ। ਹੋ ਸਕਦਾ ਹੈ ਕਿ ਇਹ ਚੇਤਾਵਨੀ ਫੌਜੀ ਕਾਨਵਾਈ ਲਈ ਲਿਖੀ ਹੋਵੇ ਪਰ ਇਹ ਪੜ੍ਹ ਕੇ ਇਹ ਖ਼ਾਸ ਕਿਸਮ ਦੇ ਤੌਖਲੇ ਅਤੇ ਸਾਹਸ ਦਾ ਅਹਿਸਾਸ ਹੁੰਦਾ ਸੀ।




ਜਿਉਂ ਜਿਉਂ ਅਸੀਂ ਦਰਾਸ ਵੱਲ ਵੱਧ ਰਹੇ ਸਾਂ ਮੌਸਮ ਵੀ ਠੰਢਾ ਹੋ ਰਿਹਾ ਸੀ। ਅੱਗੇ ਇਕ ਹੋਰ ਪਹਾੜੀ ਪਿੰਡ ਤਾਸਗਾਮ ਆਇਆ। ਹੁਣ ਪਹੁ ਫੁਟਾਲਾ ਹੋ ਚੁੱਕਾ ਸੀ ਅਤੇ ਸੜਕ ਦੇ ਆਸੇ ਪਾਸੇ ਪਹਾੜੀ ਚੋਟੀਆਂ ’ਤੇ ਵਿਰਲੇ ਵਿਰਲੇ ਵਿਲੋਅ ਦੇ ਦਰਖ਼ਤ ਵਿਖਾਈ ਦੇ ਰਹੇ ਸਨ। ਸੜਕ ਦੇ ਖੱਬੇ ਪਾਸੇ ਕਿਤੇ ਕਿਤੇ ਫੌਜੀ ਚੌਕੀਆਂ ਵੀ ਨਜ਼ਰ ਆਉਂਦੀਆਂ ਸਨ। ਸਵੇਰ ਦੇ 5 ਕੁ ਵੱਜੇ ਹੋਣਗੇ ਜਦ ਅਸੀਂ ਦਰਾਸ ਸ਼ਹਿਰ ਪਹੁੰਚੇ। ਇਹ ਸੜਕ ਦੇ ਦੋਵੇਂ ਪਾਸੇ ਵਸਿਆ ਛੋਟਾ ਜਿਹਾ ਕਸਬਾ ਨੁਮਾ ਸ਼ਹਿਰ ਸੀ। ਸ਼ਹਿਰ ਵਿਚ ਛੋਟੀਆਂ ਜੀਪਾਂ ਉਪਰ ਸਬਜ਼ੀਆਂ ਵਗੈਰਾ ਲੱਦੀਆਂ ਜਾ ਰਹੀਆਂ ਸਨ ਅਤੇ ਕੁਝ ਲੋਕ ਪੈਦਲ ਘੁੰਮ ਰਹੇ ਸਨ। ਦਰਾਸ ਸ਼ਹਿਰ ਵਿਚ ਰੁਕੇ ਬਿਨਾਂ ਹੀ ਅਸੀਂ ਜ਼ੋਜੀ ਲਾ ਵੱਲ ਨਿਕਲ ਤੁਰੇ। ਜਿਉਂ ਹੀ ਅਸੀਂ ਸ਼ਹਿਰ ਪਾਰ ਕੀਤਾ ਸਾਡੇ ਪਿਛੇ ਆ ਰਹੀ ਸਾਡੇ ਕਾਫਲੇ ਦੀ ਲਾਲ ਜੀਪ ਸਾਥੋਂ ਅੱਗੇ ਲੰਘ ਗਈ ਅਤੇ ਅੱਗੇ ਜਾ ਕੇ ਉਨ੍ਹਾਂ ਨੇ ਸਾਨੂੰ ਰੋਕ ਲਿਆ। ਅਸੀਂ ਸੜਕ ਦੇ ਇਕ ਪਾਸੇ ਗੱਡੀਆਂ ਰੋਕ ਦਿਤੀਆਂ। ਤਲਵਾੜ ਸਾਹਿਬ ਨੇ ਗੱਡੀ ਵਿਚੋਂ ਉਤਰਦਿਆਂ ਹੀ ਇਸ਼ਾਰੇ ਨਾਲ ਦੱਸਿਆ ਕਿ ਇਥੇ ‘ਜੰਗਲ ਪਾਣੀ’ ਜਾਣ ਲਈ ਰੁਕੇ ਹਾਂ। ਇਥੇ ਪਹਾੜੀ ਉਪਰੋਂ ਕੂਲ੍ਹਾਂ ਦੀ ਸ਼ਕਲ ਵਿਚ ਪਾਣੀ ਹੇਠਾਂ ਵਹਿ ਰਿਹਾ ਸੀ ਅਤੇ ਅੱਗੇ ਦਰਾਸ ਨਾਲੇ ਵਿਚ ਪੈ ਰਿਹਾ ਸੀ। ਸਵੇਰ ਦੀ ਕਿਰਿਆ ਤੋਂ ਵਿਹਲੇ ਹੋ ਕੇ ਅਸੀਂ ਅੱਗੇ ਚੱਲਣ ਵਾਲੇ ਸਾਂ ਇੰਨੇ ਨੂੰ ਇਕ ਫੌਜੀ ਟਰੱਕ ਉਥੇ ਆ ਕੇ ਰੁਕਿਆ।

ਟਰੱਕ ਵਿਚੋਂ ਉਤਰੇ ਫੌਜੀਆਂ ਨਾਲ ਗੱਲਾਂ ਕਰਦਿਆਂ ਉਨ੍ਹਾਂ ਸਾਨੂੰ ਦਰਾਸ ਸ਼ਹਿਰ ਦੇ ਉਪਰ ਵਾਲੇ ਪਾਸੇ ਟਾਈਗਰ ਹਿੱਲ ਵਿਖਾਈ ਜੋ ਕਰਗਿਲ ਦੀ ਲੜਾਈ ਸਮੇਂ ਕਾਫੀ ਚਰਚਿਤ ਰਹੀ ਸੀ। ਉਨ੍ਹਾਂ ਨੇ ਦੱਸਿਆ ਕਿ ਹੁਣ ਇਥੇ ਭਾਰਤੀ ਫੌਜ ਦਾ ਕਬਜ਼ਾ ਹੈ। ਅਸੀਂ ਉਨ੍ਹਾਂ ਨਾਲ ਗੱਲਬਾਤ ਕਰਨ ਮਗਰੋਂ ਮੀਨਾਮਰਗ ਲਈ ਚੱਲ ਪਏ ਜਿਥੇ ਸਾਡਾ ਜ਼ੋਜੀ ਲਾ (ਦੱਰਾ) ਪਾਰ ਕਰਨ ਲਈ ਨੰਬਰ ਲੱਗਣਾ ਸੀ।

–o–




ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
05 ਅਗਸਤ 2020 ਤੋਂ 11 ਅਗਸਤ 2020

## ਸ਼ਰਾਬ ਕਾਰਨ ਹੋ ਰਹੀਆਂ ਮੌਤਾਂ – ਸਿਆਸੀ ਲੜਾਈ ਚ ਮਨਫੀ ਅਹਿਮ ਨੁਕਤੇ ...

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿੱਚ ਸ਼ਰਾਬ ਪੀਣ ਨਾਲ ਲਗਾਤਾਰ ਮੌਤਾਂ ਹੋ ਰਹੀਆਂ ਹਨ। ਸਿਆਸੀ ਪਾਰਟੀਆਂ ਦੇ ਇਸ ਮਸਲੇ ਉੱਤੇ ਬਿਆਨ ਜਾਰੀ ਹਨ। ਕਾਫੀ ਸਬੂਤਾਂ ਅਤੇ ਸਪਸ਼ਟ ਇਸ਼ਾਰੇ ਹੋਣ ਤੋਂ ਬਾਅਦ ਵੀ ਕੋਈ ਠੋਸ ਕਦਮ ਹਾਲੇ ਤੀਕ ਨਹੀਂ ਚੁੱਕਿਆ ਗਿਆ ਅਤੇ ਭਵਿੱਖ ਵਿੱਚ ਚੁੱਕਿਆ ਜਾਵੇਗਾ ਜਾ ਨਹੀਂ, ਇਹਦਾ ਕਿਆਸ ਲਾਉਣਾ ਵੀ ਔਖਾ ਨਹੀਂ। ਜਿਹੜੀ ਧਿਰ ਸੱਤਾ ਵਿੱਚ ਆਈ ਹੀ ਗੁਰਬਾਣੀ ਦੀਆਂ ਸੌਹਾਂ ਖਾ ਕੇ ਨਸ਼ੇ ਖਤਮ ਕਰਨ ਦੇ ਵਾਅਦੇ ਉੱਤੇ ਹੋਵੇ ਓਹਦਾ ਇਸ ਵਕਤ ਸਵਾਲਾਂ ਦੇ ਘੇਰੇ ਚ ਆਉਣਾ ਲਾਜ਼ਮੀ ਹੀ ਸੀ। ਜਿਸ ਪੱਧਰ ਉੱਤੇ ਇਹ ਧੰਦਾ ਚੱਲ ਰਿਹਾ ਹੈ, ਇਸਦੀ ਭਿਣਕ ਸਰਕਾਰ ਦੇ ਕਿਸੇ ਮਹਿਕਮੇ ਨੂੰ ਵੀ ਨਾ ਹੋਵੇ, ਇਹ ਗੱਲ ਲੋਕਾਂ ਦੇ ਹਜਮ ਨਹੀਂ ਹੋ ਰਹੀ ਜੋ ਸ਼ਾਇਦ ਹੋਣੀ ਚਾਹੀਦੀ ਵੀ ਨਹੀਂ ਸੀ। ਇਸ ਸਾਰੇ ਮਸਲੇ ਵਿੱਚ ਜਿੱਥੇ ਅਜਿਹਾ ਧੰਦਾ ਕਰਨ ਵਾਲਿਆਂ ਦੀ ਜੜ੍ਹ ਪੁੱਟਣੀ ਲਾਜ਼ਮੀ ਹੈ, ਉਹਨਾਂ ਨੂੰ ਬਣਦੀਆਂ ਸਜਾਵਾਂ ਹੋਣੀਆਂ ਲਾਜ਼ਮੀ ਹਨ ਅਤੇ ਅੱਗੇ ਤੋਂ ਅਜਿਹਾ ਕੁਝ ਨਾ ਹੋਵੇ ਇਹ ਪ੍ਰਬੰਧ ਬਣਾਉਣਾ ਲਾਜ਼ਮੀ ਹੈ ਉੱਥੇ ਹੀ ਕੁਝ ਹੋਰ ਨੁਕਤੇ ਵੀ ਸਾਡੇ ਧਿਆਨ ਦੀ ਮੰਗ ਕਰਦੇ ਹਨ, ਜੋ ਅਸੀਂ ਸ਼ਾਇਦ ਇਸ ਵਿਪਤਾ ਕਰਕੇ, ਸ਼ਾਇਦ ਕਿਸੇ ਭਾਵੁਕਤਾ ਚੋਂ ਜਾ ਸ਼ਾਇਦ ਕਿਸੇ ਦੂਸ਼ਣਬਾਜੀ ਦੀ ਦੌੜ ਵਿੱਚ ਨਹੀਂ ਦੇਖ ਪਾ ਰਹੇ।

ਇਸ ਧੰਦੇ ਦੇ ਹੋ ਰਹੇ ਵਿਰੋਧ ਵਿੱਚ ਵਾਰ ਵਾਰ ਸ਼ਹੀਦ ਸ਼ਬਦ ਵਰਤਿਆ ਜਾ ਰਿਹਾ ਹੈ ਜੋ ਕਿ ਬਹੁਤ ਹੀ ਜਿਆਦਾ ਮੂਰਖਤਾ ਵਾਲੀ ਗੱਲ ਹੈ। ਇੰਨੇ ਉੱਚ ਦਰਜੇ ਦੇ ਪਵਿੱਤਰ ਸ਼ਬਦ ਨੂੰ ਆਪਣੀ ਕਿਸੇ ਰਾਜਸੀ ਲਾਲਸਾ ਵਿੱਚ ਕਿਸੇ ਆਮ ਮਨੁੱਖ ਨਾਲ ਮੇਲ ਦੇਣਾ ਬਹੁਤ ਹੀ ਸ਼ਰਮਨਾਕ ਹੈ। ਸ਼ਹੀਦ ਅਤੇ ਸ਼ਹਾਦਤ ਪ੍ਰਤੀ ਡਾ.ਗੁਰਭਗਤ ਸਿੰਘ ਜੀ ਲਿਖਦੇ ਹਨ ਕਿ "ਆਖਰੀ ਵਕਤ ਤੱਕ ਸ਼ਹੀਦ ਦੇ ਸਮੁੱਚੇ ਅਸਤਿੱਤਵ ਵਿਚੋਂ ਵਿਸਮਾਦੀ ਸੰਗੀਤ ਝਰਦਾ ਹੈ, ਰੋਸ਼ਨੀ ਫੁੱਟਦੀ ਹੈ। ਸ਼ਹਾਦਤ ਇਤਿਹਾਸ ਵਿਚ ਵੱਡੀਆਂ ਤਬਦੀਲੀਆਂ ਲਿਆਉਣ ਲਈ ਦਿੱਤਾ ਚੇਤੰਨ ਦਖ਼ਲ ਹੈ। " ਫਿਰ ਕਿਵੇਂ ਤੇ ਕਿਉਂ ਅਸੀਂ ਸ਼ਹੀਦ ਸ਼ਬਦ ਦੀ ਵਰਤੋਂ ਸ਼ਰਾਬ ਪੀ ਕੇ ਮਰੇ ਵਿਅਕਤੀਆਂ ਲਈ ਕਰ ਸਕਦੇ ਹਾਂ ? ਉਹਨਾਂ ਨੂੰ ਸ਼ਹੀਦ ਐਲਾਨ ਕੇ ਉਹਨਾਂ ਦੇ ਪਰਿਵਾਰਾਂ ਲਈ ਪੈਸੇ ਜਾ ਨੌਕਰੀਆਂ ਮੰਗਣੀਆਂ ਬਹੁਤ ਹੀ ਗਲਤ ਰੁਝਾਨ ਹੈ। ਬਿਨਾ ਸ਼ੱਕ ਉਹ ਵਿਅਕਤੀ ਕਿਸੇ ਮਾੜੇ ਪ੍ਰਬੰਧ ਅਤੇ ਬੇਈਮਾਨੀ ਦੀ ਭੇਟ ਚੜੇ ਹਨ ਪਰ ਉਹ ਸ਼ਹੀਦ ਦੇ ਰੁਤਬੇ ਦੇ ਨੇੜੇ ਤੇੜੇ ਵੀ ਨਹੀਂ ਹੋ ਸਕਦੇ। ਇਕ ਵਾਰ ਕਿਸੇ ਵਿਆਹ ਵਿੱਚ ਗੋਲੀ ਚੱਲਣ ਨਾਲ ਇਕ ਬੀਬੀ ਦੀ ਮੌਤ ਹੋ ਗਈ ਸੀ। ਉਸ ਬੀਬੀ ਨੂੰ ਵੀ ਇਕ ਹਿੱਸੇ ਨੇ ਸ਼ਹੀਦ ਐਲਾਨ ਦਿੱਤਾ ਸੀ ਅਤੇ ਬਕਾਇਦਾ ਓਹਦੇ ਇਸ਼ਤਿਹਾਰ ਵੀ ਲਗਾਏ ਸਨ। ਇਸੇ ਤਰ੍ਹਾਂ ਕਈ ਵਾਰ ਪੰਥਕ ਸਫਾ ਵਿੱਚ ਵਿਚਰਨ ਵਾਲੀਆਂ ਸਖਸ਼ੀਅਤਾਂ ਵੀ ਆਪਣੇ ਨਿੱਜੀ ਝਗੜਿਆਂ ਵਿੱਚ ਜਾਨ ਗੁਆ ਜਾਣ ਵਾਲੇ ਵਿਅਕਤੀਆਂ ਲਈ ਸ਼ਹੀਦ ਸ਼ਬਦ ਵਰਤਦੀਆਂ ਹਨ, ਜੋ ਕਿ ਸਹੀ ਨਹੀਂ ਹੈ। ਸਾਨੂੰ ਆਪਣੀ ਸਿਆਸੀ ਲੜਾਈ ਵਿੱਚ ਆਪਣੇ ਪਵਿੱਤਰ ਰੁਤਬਿਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਆਪਣੇ ਸ਼ਬਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਹੁਣ ਸ਼ਰਾਬ ਨੂੰ ਵੀ ਕਈ ਕਿਸਮਾਂ ਵਿੱਚ ਰੱਖ ਕੇ ਵੇਖਿਆ ਜਾ ਰਿਹਾ ਹੈ, ਕੋਈ ਇਸ ਨੂੰ ਜ਼ਹਿਰੀਲੀ ਸ਼ਰਾਬ ਨਾਲ ਸੰਬੋਧਿਤ ਹੋ ਰਿਹਾ ਹੈ ਤੇ ਕੋਈ ਨਕਲੀ ਸ਼ਰਾਬ ਨਾਲ ਜਿਸ ਦਾ ਪ੍ਰਭਾਵ ਇਹ ਪਾਇਆ ਜਾ ਰਿਹੈ ਕਿ ਸਿਰਫ ਇਹੀ ਸ਼ਰਾਬ ਮਾੜੀ ਹੈ ਜਿਸ ਨਾਲ ਬੰਦੇ ਮਰ ਰਹੇ ਹਨ ਜਦਕਿ ਕਿਸੇ ਵੀ ਤਰ੍ਹਾਂ ਦੀ ਸ਼ਰਾਬ ਸਿਹਤ ਲਈ ਅਤੇ ਸਮਾਜ ਲਈ ਚੰਗੀ ਨਹੀਂ ਹੈ। ਪਰ ਕਿਉਂਕਿ ਇਥੋਂ ਦਾ ਢਾਂਚਾ ਅਜਿਹੇ ਕੰਮਾਂ ਨਾਲ ਚੱਲ ਰਿਹਾ ਹੈ ਤੇ ਇਥੋਂ ਦੇ ਵਸਨੀਕਾਂ ਨੂੰ ਸ਼ਰਾਬ ਅਤੇ ਹੋਰ ਨਸ਼ਿਆਂ ਤੇ ਲਾ ਕੇ ਇਥੋਂ ਦੇ ਸੂਬੇਦਾਰ ਆਪਣਾ ਉੱਲੂ ਸਿੱਧਾ ਕਰ ਰਹੇ ਹਨ ਅਤੇ ਅਜਿਹੇ ਨਸ਼ਿਆਂ ਨੂੰ ਮਾਨਤਾ ਦੇ ਕੇ ਇਥੋਂ ਦੇ ਵਸਨੀਕਾਂ ਦਾ ਇਕ ਹਿੱਸਾ ਵੀ ਇਸ ਦੇ ਸੇਵਨ ਚੋਂ ਮਾਣ ਮਹਿਸੂਸ ਕਰ ਰਿਹਾ ਹੈ ਤਾਂ ਯਕੀਨਨ ਹੀ ਸਿਰਫ ਓਹੀ ਸ਼ਰਾਬ ਮਾੜੀ ਲੱਗਣੀ ਹੈ ਜੋ ਝੱਟਪੱਟ ਬੰਦੇ ਨੂੰ ਖਤਮ ਕਰ ਦਵੇ। ਜਿਸਦਾ ਅਸਰ ਥੋੜਾ ਹੌਲੀ ਹੁੰਦਾ ਓਹਨੂੰ ਇਸ ਖਾਕੇ ਤੋਂ ਬਾਹਰ ਰੱਖ ਕੇ ਵੇਖਿਆ ਜਾ ਰਿਹਾ ਹੈ। ਸਗੋਂ ਓਹਨੂੰ ਤਾਂ ਸਰਕਾਰ ਵੱਲੋਂ ਤਾਲਾਬੰਦੀ ਦੌਰਾਨ ਵੀ ਖੋਲਣ ਦੀ ਕਾਹਲ ਲੱਗੀ ਹੋਈ ਸੀ, ਆਖਰਕਾਰ ਆਮਦਨੀ ਦਾ ਇਕ ਵੱਡਾ ਸਹਾਰਾ ਜੋ ਹੋਇਆ। ਪਰ ਕੀ ਸਿਰਫ ਆਮਦਨ ਹੀ ਸਭ ਕੁਝ ਹੈ ? ਜਿਹੜੇ ਲੋਕਾਂ ਨੇ ਤੁਹਾਨੂੰ ਇਥੋਂ ਦੇ ਸੂਬੇਦਾਰ ਬਣਾਇਆ ਹੈ ਉਹਨਾਂ ਲੋਕਾਂ ਦੀਆਂ ਜਾਨਾਂ ਦੀ ਕੋਈ ਅਹਿਮੀਅਤ ਨਹੀਂ ? ਜਾ ਫਿਰ ਆਮਦਨ ਦੇ ਨਾਲ ਨਾਲ ਇਥੋਂ ਦੇ ਲੋਕਾਂ ਨੂੰ ਸ਼ਰਾਬ ਜਾ ਹੋਰ ਨਸ਼ਿਆਂ ਉੱਤੇ ਲਾਈ ਰੱਖਣਾ ਵੀ ਕੋਈ ਸਿਆਸੀ ਲੋੜ ਹੀ ਹੈ ? ਇਹ ਸਵਾਲ ਹਰ ਵਿਅਕਤੀ ਲਈ ਵਿਚਾਰ ਦੀ ਮੰਗ ਕਰਦੇ ਹਨ।

ਦੁਨੀਆਂ ਵਿੱਚ ਹਮੇਸ਼ਾ ਤੋਂ ਹੀ ਬੇਈਮਾਨ ਬਿਰਤੀ ਦੇ ਮਨੁੱਖ ਰਹਿੰਦੇ ਆਏ ਨੇ ਅਤੇ ਹਮੇਸ਼ਾ ਹੀ ਰਹਿਣਗੇ ਪਰ ਕਿਸੇ ਲਾਲਚ ਵੱਸ ਮਨੁੱਖ ਦਾ ਇੰਨਾ ਬੇਈਮਾਨ ਹੋਣਾ ਕਿੰਨਾ ਕੁ ਜਾਇਜ਼ ਹੈ ਕਿ ਉਹ ਕਿਸੇ ਦੀ ਜਾਨ ਦੀ ਪ੍ਰਵਾਹ ਵੀ ਨਾ ਕਰੇ। ਇਸ ਤਰ੍ਹਾਂ ਦੀ ਬੇਈਮਾਨੀ ਦੀਆਂ ਖਬਰਾਂ ਹਰ ਰੋਜ਼ ਪੜ੍ਹਨ ਸੁਣਨ ਨੂੰ ਮਿਲ ਜਾਂਦੀਆਂ ਹਨ ਜਿਸ ਵਿੱਚ ਕਿਸੇ ਇਕ ਦੀ ਬੇਈਮਾਨ ਅਤੇ ਲਾਲਚੀ ਬਿਰਤੀ ਕਰਕੇ ਕੁਝ ਮਨੁੱਖਾਂ ਨੂੰ ਆਪਣੀ ਜਾਨ ਗੁਆਉਣੀ ਪੈ ਜਾਂਦੀ ਹੈ। ਪੰਜਾਬ ਦੇ ਵਸਨੀਕਾਂ ਲਈ ਇਹ ਗੱਲ ਵਿਚਾਰਨਯੋਗ ਹੈ ਕਿ ਅਸੀਂ ਗੁਰੂ ਪਾਤਸ਼ਾਹ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਸਰਬੱਤ ਦੇ ਭਲੇ ਦੀ ਗੱਲ ਤੋਰਨ ਦੀ ਜਿੰਮੇਵਾਰੀ ਛੱਡ ਕੇ ਆਪਦੇ ਭਲੇ ਚ ਇੰਨਾ ਮਸ਼ਰੂਫ ਹੋ ਗਏ ਅਤੇ ਇਨਾ ਗਿਰ ਗਏ ਹਾਂ ਕਿ ਸਾਨੂੰ ਕਿਸੇ ਦੀ ਜਿੰਦਗੀ ਨਾਲ ਖੇਡਣਾ ਵੀ ਹੁਣ ਓਪਰਾ ਲੱਗਣੋ ਹੱਟ ਗਿਆ ਹੈ ?

ਇਸ ਵਰਤਾਰੇ ਦੇ ਵਿਰੋਧ ਦੇ ਨਾਲ ਨਾਲ ਸਾਨੂੰ ਸਵੈ ਪੜਚੋਲ ਵੀ ਜਰੂਰੀ ਹੈ ਕਿ ਅਸੀਂ ਇਹ ਸਭ ਵਿੱਚ ਕਿੱਥੇ ਖੜੇ ਹਾਂ, ਮਸਲਾ ਸਿਰਫ ਹੋਈਆਂ ਮੌਤਾਂ ਦੇ ਵਿਰੋਧ ਦਾ ਨਹੀਂ ਮਸਲਾ ਸਾਡੇ ਢੰਗ ਤਰੀਕਿਆਂ ਦਾ ਵੀ ਹੈ। ਬੇਸ਼ੱਕ ਜਿਹੜਾ ਵਰਤਾਰਾ ਕਿਸੇ ਦੀ ਜਾਨ ਲੈ ਰਿਹਾ ਹੈ ਉਹ ਰੋਕਣਾ ਜਰੂਰੀ ਹੈ ਪਰ ਜੇਕਰ ਇਹ ਸਭ ਰੋਕਣ ਦੀ ਸਿਆਸਤ ਸਾਡਾ ਹੋਰ ਬਹੁਤ ਕੁਝ ਤਬਾਹ ਕਰ ਰਹੀ ਹੈ ਤਾਂ ਸਾਨੂੰ ਓਹਨਾ ਪੱਖਾਂ ਉੱਤੇ ਵੀ ਧਿਆਨ ਦੇਣਾ ਲਾਜ਼ਮੀ ਹੈ। ਅਹਿਮ ਸਿਰਫ ਇਹ ਨਹੀਂ ਹੁੰਦਾ ਕਿ ਅਸੀਂ ਕਰ ਕੀ ਰਹੇ ਹਾਂ ਸਗੋਂ ਅਹਿਮ ਇਹ ਵੀ ਹੁੰਦਾ ਹੈ ਕਿ ਅਸੀਂ ਉਹ ਕਿਸ ਤਰੀਕੇ ਕਰ ਰਹੇ ਹਾਂ।

–o–

# ਜੌਰਜ ਔਰਵੈਲ ਦਾ 1984 ਅਤੇ ਇੰਡੀਆ ਦੇ ਮੌਜੂਦਾ ਹਾਲਾਤ



–ਪਰਮਜੀਤ ਸਿੰਘ
(ਸੰਪਾਦਕ, ਸਿੱਖ ਸਿਆਸਤ)
@iamparmjit

ਜੌਰਜ ਔਰਵੈਲ ਨੇ 1949 ਵਿੱਚ '1984' ਨਾਮੀ ਨਾਵਲ ਲਿਖਿਆ ਸੀ ਅਤੇ ਦਰਸਾਇਆ ਸੀ ਕਿ ਕਿਵੇਂ ਸਟੇਟ ਦੀ ਜਸੂਸੀ ਅੱਖ ਹਰ ਥਾਂ, ਹਰ ਵੇਲੇ ਸਭ ਕੁਝ ਉੱਤੇ ਨਿਗਾਹ ਰੱਖਦੀ ਹੈ, ਅਤੇ ਕਿਵੇਂ 'ਬਿੱਗ ਬ੍ਰਦਰ' ਹਰ ਥਾਂ ਹਾਜਿਰ ਰਹਿੰਦਾ ਹੈ, ਜਿਸ ਨੇ ਲੋਕਾਂ ਦੀ ਜਿੰਦਗੀ ਦੇ ਹਰ ਇੱਕ ਪੱਖ ਨੂੰ ਕਾਬੂ ਕਰ ਰੱਖਿਆ ਹੈ। 'ਬਿੱਗ ਬ੍ਰਦਰ' ਨੇ 'ਨਿਊਜਪੀਕ' ਨਾਮੀ ਬੋਲੀ ਦੀ ਘਾੜਤ ਕੀਤੀ ਹੋਈ ਹੈ ਜਿਸ ਰਾਹੀਂ ਉਹ ਲੋਕਾਂ ਦੀ ਸੋਚ ਨੂੰ ਕਾਬੂ ਕਰਦਾ ਹੈ, ਤੇ ਲੋਕਾਂ ਨੂੰ ਅਜਿਹਾ ਕੁਝ ਵੀ ਸੋਚਣ ਦੀ ਮਨਾਹੀ ਹੈ ਜੋ ਕਿ 'ਬਿੱਗ ਬ੍ਰਦਰ' ਵੱਲੋਂ ਬਗਾਵਤੀ ਮੰਨਿਆ ਜਾਂਦਾ ਹੋਵੇ। ਅਜਿਹਾ ਸੋਚਣਾ ਬਕਾਇਦਾ ਜ਼ੁਰਮ ਐਲਾਨਿਆ ਗਿਆ ਹੁੰਦਾ ਹੈ ਤੇ ਇਸ ਜ਼ੁਰਮ ਲਈ ਸਖਤ ਸਜਾਵਾਂ ਸੁਣਾਈਆਂ ਜਾਂਦੀਆਂ ਹਨ। ਲਿਖਤ ਵਿੱਚ ਜੌਰਜ ਔਰਵੈਲ ਦਰਸਾਉਂਦਾ ਹੈ ਕਿ ਕਿਵੇਂ ਖਬਰਖਾਨਾ ਕਾਬੂ ਕੀਤਾ ਗਿਆ ਹੁੰਦਾ ਹੈ, ਕਿਵੇਂ ਸਰਕਾਰ ਸਭ ਕਾਸੇ ਦੀ ਜਸੂਸੀ ਕਰਦੀ ਹੈ, ਕਿਵੇਂ ਹਾਕਮ ਵੱਲੋਂ ਇਤਿਹਾਸ, ਵਿਚਾਰ ਅਤੇ ਜਿੰਦਗੀਆਂ ਨੂੰ ਇੰਝ ਕਾਬੂ ਕੀਤਾ ਹੁੰਦਾ ਹੈ ਕਿ ਇਸ ਵਿੱਚੋਂ ਬਚ ਨਿੱਕਲਣਾ ਅਸੰਭਵ ਲੱਗਦਾ ਹੁੰਦਾ ਹੈ।

ਜੌਰਜ ਔਰਵੈਲ ਦਾ '1984' 'ਬਿੱਗ ਬ੍ਰਦਰ' ਵੱਲੋਂ ਜਿੰਦਗੀ ਦੇ ਸਾਰੇ ਪੱਖਾਂ ਵਿੱਚ ਦਖਲ ਦੇ ਕੇ ਉਨ੍ਹਾਂ ਨੂੰ ਕਾਬੂ ਕਰ ਲੈਣ ਦੇ ਦ੍ਰਿਸ਼ ਸਿਰਜਦਾ ਹੈ। ਅਗਲੇ ਬੰਦਾਂ ਵਿੱਚ ਕੁਝ ਅਜਿਹੇ ਮਾਮਲਿਆਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ (ਕਿ) ਜਿਸ ਨਾਲ ਜੌਰਜ ਔਰਵੈਲ ਦੇ '1984' ਵਿੱਚ ਹਕੂਮਤੀ ਜਕੜ ਦੇ ਚਤਰੇ ਗਏ ਦ੍ਰਿਸ਼ਾਂ ਦੀਆਂ ਝਲਕਾਂ ਅੱਜ ਦੇ ਮਾਹੌਲ ਵਿੱਚ ਸਾਫ ਨਜ਼ਰ ਆ ਜਾਣਗੀਆਂ।

ਸਾਲ ੨੦੧੪ ਵਿੱਚ ਮਾਓਵਾਦੀਆਂ ਨਾਲ ਸੰਬੰਧਾਂ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤੇ ਗਏ ਦਿੱਲੀ ਯੁਨੀਵਰਸਿਟੀ ਦੇ ਪ੍ਰੋਫੈਸਰ ਸਾਂਈ ਬਾਬਾ ਦੀ ਧੜ ਹੇਠਲੀ ਦੇਹ ਬਚਪਨ ਵਿੱਚ ਹੋਏ ਪੋਲੀਓ ਕਾਰਨ ੯੦% ਤੱਕ ਲਾਚਾਰ ਹੈ, ਭਾਵ ਕਿ ਉਸ ਦੀਆਂ ਲੱਤਾਂ ਕੰਮ ਨਹੀਂ ਕਰਦੀਆਂ। ਉਸ ਨੂੰ ਪਿਛਲੇ ੬ ਸਾਲਾਂ ਵਿੱਚ ਇੱਕ ਵਾਰ ਵੀ ਜਮਾਨਤ ਨਹੀਂ ਮਿਲੀ। ਹਾਲੀ ਹਫਤਾ ਕੁ ਪਹਿਲਾਂ ਦੀ ਹੀ ਗੱਲ ਹੈ ਕਿ ਸਾਂਈ ਬਾਬਾ ਨੇ ਬਿਮਾਰ ਮਾਂ ਨੂੰ ਆਖਰੀ ਵਾਰ ਵੇਖਣ ਲਈ ਜਮਾਨਤ ਮੰਗੀ ਸੀ ਪਰ ਉਸ ਤੋਂ ਵੀ ਇਨਕਾਰ ਕਰ ਦਿੱਤਾ ਗਿਆ। ਸਾਲ ੨੦੧੭ ਵਿੱਚ ਸਾਂਈ ਬਾਬਾ ਨੂੰ ਉਮਰ ਕੈਦ ਦੀ ਸਜਾ ਸੁਣਾਉਣ ਵਾਲੇ ਜੱਜ ਨੇ ਕਿਹਾ ਕਿ 'ਸਿਰਫ ਇੰਨੀ ਗੱਲ ਸਾਂਈ ਬਾਬਾ ਪ੍ਰਤੀ ਨਰਮਾਈ ਵਿਖਾਉਣ ਲਈ ਕਾਫੀ ਨਹੀਂ ਹੈ ਕਿ ਉਹ ੯੦% ਲਾਚਾਰ ਹੈ ਉਹ ਸਰੀਰਕ ਤੌਰ ਉੱਤੇ ਲਾਚਾਰ ਹੈ ਪਰ ਦਿਮਾਗੀ ਤੌਰ ਉੱਤੇ ਤੇਜ (ਮੈਂਟਲੀ ਫਿੱਟ) ਹੈ।'

ਪਿਛਲੇ ਦਿਨੀਂ ਯੁਆਪਾ ਦੀ ਦੁਰਵਰਤੋਂ ਦਾ ਮਾਮਲਾ ਭਖਿਆ ਤਾਂ ਪੰਜਾਬ ਵਿੱਚ ਇਨ੍ਹਾਂ ਮਾਮਲਿਆਂ ਦੇ ਮਾਹਿਰ ਵਕੀਲ ਜਸਪਾਲ ਸਿੰਘ ਮੰਝਪੁਰ ਨਾਲ ਗੱਲਬਾਤ ਕੀਤੀ। ਵਕੀਲ ਮੰਝਪੁਰ ਨੇ ਦੱਸਿਆ ਕਿ ਯੁਆਪਾ ਦੇ ਬਹੁਤੇ ਮਾਮਲੇ ਕਿਸੇ ਵੀ ਘਟਨਾ ਦੇ ਵਾਪਰਣ ਤੋਂ ਬਿਨਾ ਹੀ ਦਰਜ ਕੀਤੇ ਗਏ ਹਨ। 'ਪੁਲਿਸ ਦੀ ਘੜੀ-ਘੜਾਈ ਕਹਾਣੀ ਇਹ ਹੁੰਦੀ ਹੈ ਕਿ ਮੁਖਬਰ ਖਾਸ ਨੇ ਇਤਲਾਹ ਕੀਤੀ ਹੈ ਕਿ ਮੁਲਜਮ ਦੇਸ਼ ਤੋੜਨ, ਦੇਸ਼ ਦੀ ਏਕਤਾ-ਅਖੰਡਤਾ ਲਈ ਖਤਰਾ ਖੜ੍ਹਾ ਕਰਨ ਅਤੇ ਇਸ ਦੀ ਪ੍ਰਭੂਸੱਤਾ ਨੂੰ ਚਣੌਤੀ ਦੇਣ ਦਾ ਇਰਾਦਾ ਰੱਖਦੇ ਹਨ। ਤੇ ਇਨ੍ਹਾਂ ਗੱਲਾਂ ਦੇ ਅਧਾਰ ਉੱਤੇ ਮਾਮਲਾ ਦਰਜ਼ ਕਰਕੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ' ਵਕੀਲ ਜਸਪਾਲ ਸਿੰਘ ਮੰਝਪੁਰ ਨੇ ਕਿਹਾ।

'ਯੁਆਪਾ ਲੱਗਾ ਹੋਣ ਕਰਕੇ ਇੰਝ ਗ੍ਰਿਫਤਾਰ ਕੀਤੇ ਲੋਕਾਂ ਨੂੰ ਜਮਾਨਤਾਂ ਮਿਲਣੀਆਂ ਵੀ ਮੁਸ਼ਕਿਲ ਹੋ ਜਾਂਦੀਆਂ ਹਨ', ਵਕੀਲ ਮੰਝਪੁਰ ਨੇ ਕਿਹਾ।

ਇਹ ਗੱਲਾਂ ਦਰਸਾਉਂਦੀਆਂ ਹਨ ਕਿ ਓਰਵਿਲੀਅਨ ਸਟੇਟ ਦੀ ਤਰਜ ਉੱਤੇ ਚੱਲ ਰਹੀ ਇੰਡੀਆ ਵਿਚਲੀ ਬਿੱਪਰਵਾਦੀ ਹਕੂਮਤ ਸੋਚ ਨੂੰ ਸਜਾ ਦੇਣ ਦੀ ਹੱਦ ਤੱਕ ਪਹੁੰਚੀ ਹੋਈ ਹੈ।

ਸਟੇਟ ਦੀ ਜਸੂਸੀ ਅੱਖ ਵਾਲੇ ਮਾਮਲੇ ਦੀ ਗੱਲ ਕਰੀਏ ਤਾਂ ਹਾਲਾਤ ਇਹ ਹਨ ਕਿ ਪਿਛਲੇ ਸਾਲ (੨੦੧੯ ਵਿੱਚ) ਵਟਸਐਪ ਨੇ ਇਜ਼ਰਾਈਲ ਦੀ ਸਰਕਾਰਾਂ ਲਈ ਜਸੂਸੀ ਤੰਤਰ (ਸਪਾਈਵੇਅਰ) ਬਣਾਉਣ ਵਾਲੀ ਕੰਪਨੀ ਐਨ.ਐਸ.ਓ. ਖਿਲਾਫ ਮੁਕਦਮਾ ਦਰਜ਼ ਕੀਤਾ ਤੇ ਕਿਹਾ ਕਿ ਐਨ.ਐਸ.ਓ. ਦੇ ਜਸੂਸੀ ਤੰਤਰ ਪਿਗਾਸਿਸ ਦੀ ਵਰਤੋਂ ਕਰਕੇ ਦੁਨੀਆ ਭਰ ਵਿੱਚ ੧੪੦੦ ਤੋਂ ਵੱਧ ਵਟਸਐਪ ਵਰਤੋਂਕਾਰਾਂ ਦੀ ਖਾਤਿਆਂ ਦੀ ਜਸੂਸੀ ਕੀਤੀ ਗਈ ਹੈ। ਵਟਸਐਪ ਨੇ ਮੰਨਿਆ ਜਿਨ੍ਹਾਂ ਵਟਸਐਪ ਖਾਤਿਆ ਦੀ ਪਿਗਾਸਿਸ ਰਾਹੀਂ ਜਸੂਸੀ ਕੀਤੀ ਗਈ ਹੈ ਉਹਨਾਂ ਵਿੱਚੋਂ ਕਈ ਖਾਤੇ ਇੰਡੀਆ ਵਿਚਲੇ ਪੱਤਰਕਾਰਾਂ ਅਤੇ ਵਕੀਲਾਂ ਦੇ ਵੀ ਹਨ। ਜਦੋਂ ਪਿਗਾਸਿਸ ਵਰਤ ਕੇ ਜਸੂਸੀ ਕਰਨ ਦਾ ਮਾਮਲਾ ਇੰਡੀਆ ਦੀ ਪਾਰਲੀਮੈਂਟ ਵਿੱਚ ਉੱਠਿਆ ਅਤੇ ਸਰਕਾਰ ਨੂੰ ਪੁੱਛਿਆ ਗਿਆ ਕਿ ਕੀ ਸਰਕਾਰ ਨੇ ਪਿਗਾਸਿਸ ਦੀ ਵਰਤੋਂ ਕਰਕੇ ਲੋਕਾਂ ਦੀ ਜਸੂਸੀ ਕੀਤੀ ਹੈ ਤਾਂ ਇਸ ਦਾ ਜਵਾਬ ਦਿੰਦਿਆਂ ਗ੍ਰਹਿ-ਰਾਜ ਮੰਤਰੀ ਜੀ. ਕ੍ਰਿਸਨ ਰੈਡੀ ਨੇ ਕਿਹਾ ਕਿ ਸਰਕਾਰ ਕੋਲ ਇਹ ਤਾਕਤ ਹੈ ਕਿ ਉਹ ਕਾਨੂੰਨੀ ਤਰੀਕੇ ਨਾਲ ਜਾਣਕਾਰੀ ਉੱਤੇ ਉੱਤੇ ਅੱਖ ਰੱਖ ਸਕਦੀ ਹੈ ਤੇ ਇਸ ਦੀ ਫਰੋਲਾ ਫਰਾਲੀ ਕਰ ਸਕਦੀ ਹੈ। ਗੱਲ ਸਾਫ ਸੀ ਕਿ ਸਰਕਾਰ ਨਹੀਂ ਮੁੱਕਰ ਰਹੀ ਕਿ ਉਸ ਵੱਲੋਂ ਲੋਕਾਂ ਦੀ ਅਜਿਹੇ ਤੰਤਰ ਵਰਤ ਕੇ ਜਸੂਸੀ ਕੀਤੀ ਜਾ ਰਹੀ ਹੈ।

ਪਰ ਹੁਣ ਜੋ ਦਾਅਵੇ ਸਾਹਮਣੇ ਆ ਰਹੀ ਹੈ ਉਸ ਮੁਤਾਬਿਕ ਗੱਲ ਸਿਰਫ ਇੱਥੇ ਤੱਕ ਸੀਮਿਤ ਨਹੀਂ ਰਹਿ ਰਹੀ। ਹਕੂਮਤ ਉਹਨਾਂ ਦੀ ਜਸੂਸੀ ਹੀ ਨਹੀਂ ਕਰ ਰਹੀ ਜਿਹਨਾਂ ਬਾਰੇ ਉਸ ਨੂੰ ਸ਼ੱਕ ਕਿ ਇਹਨਾਂ ਦੇ ਵਿਚਾਰ ਬਗਾਵਤੀ ਹੋ ਸਕਦੇ ਹਨ, ਤੇ ਨਾ ਸਿਰਫ ਹਕੂਮਤ ਕਥਿਤ ਬਗਾਵਤੀ ਵਿਚਾਰਾਂ ਵਾਲਿਆਂ ਨੂੰ ਕੈਦ ਕਰ ਰਹੀ ਹੈ, ਬਲਕਿ ਹੁਣ ਇਹ ਦਾਅਵੇ ਸਾਹਮਣੇ ਆਏ ਹਨ ਕਿ ਇਹ ਵੀ ਹੋ ਸਕਦਾ ਹੈ ਕਿ ਹਕੂਮਤ ਵੱਲੋਂ ਜਸੂਸੀ ਤੰਤਰ ਦੀ ਵਰਤੋਂ ਕਰਕੇ ਕਥਿਤ ਬਗਾਵਤੀ ਵਿਚਾਰਾਂ ਦੇ ਝੂਠੇ ਸਬੂਤ ਵੀ ਆਪ ਹੀ ਰੱਖ ਦਿੱਤੇ ਜਾਣ।

ਨਾਗਪੁਰ ਤੋਂ ਹਿਊਮਨ ਰਾਈਟਸ ਲਾਅ ਨੈਟਵਰਕ ਨਾਲ ਸੰਬੰਧਤ ਵਕੀਲ ਨਿਹਾਲ ਸਿੰਘ ਰਾਠੌੜ ਵੀ ਉਹਨਾ ਵਕੀਲਾਂ ਵਿਚੋਂ ਇੱਕ ਹੈ ਜਿਹਨਾਂ ਦੀ ਪਿਗਾਸਿਸ ਤੰਤਰ ਵਰਤ ਕੇ ਵਟਸਐਪ ਰਾਹੀਂ ਜਸੂਸੀ ਕੀਤੀ ਗਈ ਸੀ। ਉਹਨਾਂ ਦੱਸਿਆ ਕਿ ਇਸ ਜਸੂਸੀ ਦੀ ਸ਼ੁਰੂਆਤ ਇਕ ਸ਼ੱਕੀ ਵਟਸਐਪ ਕਾਲ ਰਾਹੀਂ ਹੁੰਦੀ ਸੀ। ਜੇਕਰ ਜਸੂਸੀ ਦਾ ਨਿਸ਼ਾਨਾ ਬਣਨ ਵਾਲਾ ਉਸ ਕਾਲ ਨੂੰ ਮਨਜੂਰ ਕਰ ਲਵੇ ਤਾਂ ਜਸੂਸੀ ਤੰਤਰ ਵਟਸਐਪ ਰਾਹੀਂ ਉਸ ਦੇ ਮਬੈਲ ਉੱਤੇ ਕਾਬਜ਼ ਹੋ ਜਾਂਦਾ ਸੀ। ਰਾਠੌੜ ਦਾ ਕਹਿਣਾ ਹੈ ਕਿ ਉਸ ਦੇ ਸੀਨੀਅਰ ਵਕੀਲ ਸੁਰਿੰਦਰਾ ਗਾਡਲਿੰਗ ਨੂੰ ਵੀ ਉਸੇ ਤਰ੍ਹਾਂ ਦੀਆਂ ਕਾਲਾਂ ਆਈਆਂ ਸਨ। ਵਕੀਲ ਸੁਰਿੰਦਰਾ ਗਾਡਲਿੰਗ ਨੂੰ ਹਕੂਮਤ ਵੱਲੋਂ ਭੀਮਾ ਕੋਰੇਗਾਓਂ ਮਾਮਲੇ ਵਿੱਚ ਦੋਸ਼ੀ ਬਣਾਇਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਉਸ ਨੂੰ ਭੀਮਾ ਕੋਰੇਗਾਓਂ ਮਾਮਲੇ ਨਾਲ ਵਿੱਚ ਗ੍ਰਿਫਤਾਰ ਕੀਤੇ ੧੦ ਕਾਰਕੁੰਨਾਂ ਦੇ ਕੰਪਿਊਟਰਾਂ ਅਤੇ ਪੈਨਡਰਾਈਵਾਂ ਵਿਚੋਂ ਅਜਿਹੀਆਂ ਚਿੱਠੀਆਂ ਮਿਲੀਆਂ ਹਨ ਜਿਹਨਾਂ ਰਾਹੀਂ ਦੇਸ਼ ਵਿੱਚ ਗੜਬੜ ਪੈਦਾ ਕਰਨ ਦੀ ਮਾਓਵਾਦੀ ਸਾਜਿਸ਼ ਦਾ ਪਤਾ ਲੱਗਦਾ ਹੈ।

ਵਕੀਲ ਰਾਠੌੜ ਦਾ ਕਹਿਣਾ ਹੈ ਕਿ ਇਹਨਾਂ ਚਿੱਠੀਆਂ ਦੀ ਬੇਤੁਕੀ ਇਬਾਰਤ ਹੀ ਇਨ੍ਹਾਂ ਬਾਰੇ ਕਈ ਕੁਝ ਸਾਫ ਕਰ ਦਿੰਦੀ ਹੈ। ਰਾਠੌੜ ਮੁਤਾਬਿਕ ਉਸ ਕੋਲ ਇਹ ਮੰਨਣਾ ਦਾ ਪੁਖਤਾ ਅਧਾਰ ਹੈ ਕਿ ਇਹ ਚਿੱਠੀਆਂ ਜਸੂਸੀ ਤੰਤਰ ਦੀ ਵਰਤੋਂ ਕਰਕੇ ਸਰਕਾਰੀ ਏਜੰਸੀਆਂ ਵੱਲੋਂ ਹੀ ਨਿਸ਼ਾਨਾ ਬਣਾਏ ਗਏ ਲੋਕਾਂ ਦੇ ਤਕਨੀਕੀ ਸੰਦਾਂ ਵਿੱਚ ਰੱਖੀਆਂ ਗਈਆਂ ਹਣ। ਹੁਣ ਹਕੀਕਤ ਕੀ ਹੈ ਇਸ ਬਾਰੇ ਹਾਲੀ ਪੱਕ ਨਾਲ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਪਰ ਵਕੀਲ ਰਾਠੌੜ ਵੱਲੋਂ ਕਹੀ ਜਾ ਰਹੀ ਗੱਲ ਦੀ ਸੰਭਾਵਨਾ ਤੋਂ ਪੂਰੀ ਤਰ੍ਹਾਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ।

ਪਰ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਯੁਆਪਾ ਬਾਰੇ ਗੱਲਬਾਤ ਕਰਦਿਆਂ ਜੋ ਤੱਥ ਉਜਾਗਰ ਕੀਤੇ ਹਨ ਉਹਨਾਂ ਤੋਂ ਪਤਾ ਲੱਗਦਾ ਹੈ ਕਿ ਗੱਲ ਉਕਤ ਸੰਭਾਵਨਾ ਤੋਂ ਵੀ ਅੱਗੇ ਪਹੁੰਚੀ ਹੋਈ ਹੈ। ਵਕੀਲ ਜਸਪਾਲ ਸਿੰਘ ਮੰਝਪੁਰ ਮੁਤਾਬਿਕ ਮੁਹਾਲੀ ਵਿੱਚ ਦਰਜ਼ ਇੱਕ ਮਾਮਲੇ ਚ ਕੁਝ ਸਿੱਖ ਨੌਜਵਾਨਾਂ ਨੂੰ ਇਹ ਕਹਿ ਕਿ ਗ੍ਰਿਫਤਾਰ ਕੀਤਾ ਗਿਆ ਹੈ ਕਿ ਇਨ੍ਹਾਂ ਦੇ ਜਰਮਨੀ ਵਿੱਚ ਰਹਿੰਦੇ ਇੱਕ ਵਿਅਕਤੀ ਰਣਜੀਤ ਸਿੰਘ ਪੱਖੋਕੇ ਨਾਲ ਸੰਬੰਧ ਹਨ ਤੇ ਇਹ ਉਸ ਦੇ ਕਹਿਣ ਉੱਤੇ ਇੰਡੀਆ ਦੀ ਏਕਤਾ ਅਖੰਡਤਾ ਨੂੰ ਖਤਰਾ ਖੜ੍ਹਾ ਕਰਨ, ਅਤੇ ਇੱਥੇ ਗੈਰਕਾਨੂੰਨੀ ਕਾਰਵਾਈਆਂ ਸਰਅੰਜਾਮ ਦੇਣ ਲਈ ਸਰਗਰਮ ਸਨ। ਪਰ ਦੂਜੇ ਬੰਨੇ ਹੁਣ ਜਰਮਨੀ ਦੀ ਸਰਕਾਰ ਵੱਲੋਂ ਉਸੇ ਰਾਣਜੀਤ ਸਿੰਘ ਪੱਖੋਕੇ ਨੂੰ ਇੰਡੀਆ ਦੀਆਂ ਖੂਫੀਆਂ ਏਜੰਸੀਆਂ ਦਾ ਏਜੰਟ ਦੱਸਿਆਂ ਉਸ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਵਕੀਲ ਮੰਝਪੁਰ ਦਾ ਕਹਿਣਾ ਹੈ ਕਿ ਬੜੇ ਮਾਮਲਿਆਂ ਵਿੱਚ ਇੰਡੀਅਨ ਸੇਟਟ ਦੇ ਏਜੰਟ ਹੀ ਨੌਜਵਾਨਾਂ ਨੂੰ ਅਜਿਹੇ ਮਾਮਲਿਆਂ ਵਿੱਚ ਫਸਵਾ ਰਹੇ ਹਨ। ਇਸੇ ਤਰ੍ਹਾਂ ਦਾ ਇੱਕ ਮਾਮਲਾ ਨਵਾਂਸ਼ਹਿਰ ਪੁਲਿਸ ਨੇ ਦਰਜ਼ ਕੀਤਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਗ੍ਰਿਫਤਾਰ ਕੀਤੇ ਗਏ ਨੌਜਵਾਨ ਜਰਮਨੀ ਵਾਸੀ ਬਲਬੀਰ ਸਿੰਘ ਦੇ ਕਹਿਣ ਉੱਤੇ ਦਹਿਸ਼ਤੀ ਕਾਰਵਾਈਆਂ ਕਰਨ ਦੇ ਮਨਸੂਬੇ ਬਣਾ ਰਹੇ ਸਨ ਪਰ ਦੂਜੇ ਬੰਨੇ ਜਰਮਨੀ ਦੀ ਪੁਲਿਸ ਨੇ ਇਸੇ ਬਲਬੀਰ ਸਿੰਘ ਦੀ ਸ਼ਨਾਖਤ ਇੰਡੀਆ ਦੀ ਖੂਫੀਆ ਏਜੰਸੀ ਰਾਅ ਦੇ ਏਜੰਟ ਵਜੋਂ ਕੀਤੀ ਹੈ ਅਤੇ ਉਸ ਖਿਲਾਫ ਜਰਮਨੀ ਵਿੱਚ ਸਿੱਖ ਦੀ ਜਸੂਸੀ ਕਰਨ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ '੧੯੮੪' ਵਿਚਲੀ ਔਰਵੈਲੀਅਨ ਸਟੇਟ ਜਿੰਦਗੀ ਦੇ ਹਰ ਪੱਖ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਦੀ ਹੈ, ਠੀਕ ਉਸੇ ਤਰ੍ਹਾਂ ਉਕਤ ਮਾਮਲੇ ਦਰਸਾਉਂਦੇ ਹਨ ਕਿ ਇੰਡੀਆ ਦੀ ਹਕੂਮਤ ਕਿਵੇਂ ਵੱਖਰੇ ਵਿਚਾਰਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿਉਂਕਿ ਵਿਚਾਰਾਂ ਦੀ ਭਿੰਨਤਾ ਇਕਸਾਰਵਾਦ ਲਈ ਇੱਕ ਵੱਡੀ ਚਣੌਤੀ ਹੁੰਦੀ ਹੈ।–o–

# ਮੋਦੀ ਦਾ ਆਤਮ-ਨਿਰਭਰ ਭਾਰਤ ਦਾ ਆਧਾਰ ਸੰਘ ਪਰਿਵਾਰ ਦੀ ਦਾਰਸ਼ਨਿਕਤਾ

## ✪ ਖੇਤੀ, ਸਿੱਖਿਆ ਕਾਰਪੋਰੇਟ ਦੇ ਹੱਥਾਂ 'ਚ ਸੌਂਪ ਕੇ ਕਿਰਤੀ, ਗਰੀਬਾਂ, ਦਲਿਤਾਂ, ਘੱਟ ਗਿਣਤੀਆਂ ਦੇ ਅਧਿਕਾਰਾਂ ਦਾ ਕੀਤਾ ਜਾਵੇਗਾ ਘਾਣ ✪ ਰਾਜਾਂ ਦੇ ਵਧ ਅਧਿਕਾਰਾਂ ਦੀ ਥਾਂ ਹਿੰਦੂ ਰਾਸ਼ਟਰਵਾਦ ਦੀ ਨੀਤੀ ਕੀਤੀ ਜਾਵੇਗੀ ਮਜ਼ਬੂਤ ✪ ਪੱਛਮ ਤੇ ਸ਼ਾਸ਼ਤਰਾਂ ਦੇ ਮਾਡਲ ਤਹਿਤ ਰਚਿਆ ਜਾਵੇਗਾ ਫਾਰਮੂਲਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 12 ਮਈ ਨੂੰ ਰਾਸ਼ਟਰ ਦੇ ਨਾਮ ਨੂੰ ਸੰਬੋਧਨ ਕਰਦਿਆਂ ਸਵੈ-ਨਿਰਭਰ ਭਾਰਤ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਉਸ ਦਿਨ ਦੇਸ਼ ਵਿਆਪੀ ਲੌਕਡਾਊਨ 39 ਦਿਨ ਪੂਰਾ ਕਰ ਰਿਹਾ ਸੀ ਅਤੇ ਇਹ ਐਲਾਨ ਪ੍ਰਧਾਨ ਮੰਤਰੀ ਮੋਦੀ ਨੇ ਸਰਕਾਰ ਦੁਆਰਾ ਵਿੱਤੀ ਆਰਥਿਕ ਗਿਰਾਵਟ ਨਾਲ ਨਜਿੱਠਣ ਲਈ ਕੀਤੇ। ਵਿੱਤੀ ਪੈਕੇਜ ਦੇ ਐਲਾਨ ਦਾ ਮਿੱਥਕ ਮਹਾਂਕਾਵਿ ਰਚਿਆ ਗਿਆ।

ਇਸ ਦੇ ਰਾਹੀਂ ਕਿਸਾਨੀ ਦੀ ਬਰਬਾਦੀ ਦਾ ਯਤਨ ਤਿੰਨ ਕਾਨੂੰਨਾਂ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਕੀਤਾ ਗਿਆ। ਇਹ ਤਿੰਨ ਕਾਨੂੰਨ ਹਨ: ਠੇਕਾ ਖੇਤੀ, ਜਿਸ ਦਾ ਲੁਭਾਉਣਾ ਨਾਂਅ ਹੈ ਕਿਸਾਨਾਂ ਦਾ ਸਸ਼ਕਤੀਕਰਨ ਤੇ ਹਿਫ਼ਾਜ਼ਤੀ ਨੋਟੀਫਿਕੇਸ਼ਨ, ਖੇਤੀ ਜਿਣਸ ਅਤੇ ਵਪਾਰ ਨੋਟੀਫਿਕੇਸ਼ਨ ਤੇ ਜ਼ਰੂਰੀ ਵਸਤੂ ਨੋਟੀਫਿਕੇਸ਼ਨ। ਇਨ੍ਹਾਂ ਨੋਟੀਫਿਕੇਸ਼ਨਾਂ ਦੀ ਰਾਸ਼ਟਰਪਤੀ ਤੋਂ ਵੀ ਮਨਜ਼ੂਰੀ ਲੈ ਲਈ ਗਈ ਹੈ।

ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਸਾਡੇ ਕਿਸਾਨਾਂ ਦੀ ਹਾਲਤ ਗੁਲਾਮਾਂ ਵਰਗੀ ਹੋ ਜਾਵੇਗੀ। ਕਿਹਾ ਤਾਂ ਇਹ ਗਿਆ ਹੈ ਕਿ ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਕਿਸਾਨ ਆਪਣੀ ਜਿਣਸ ਕਿਤੇ ਵੀ ਵੇਚ ਸਕਦਾ ਹੈ, ਪਰ ਸੱਚਾਈ ਇਹ ਹੈ ਕਿ ਮੰਡੀਆਂ ਉੱਤੇ ਸਮੁੱਚਾ ਕੰਟਰੋਲ ਦੇਸੀ ਤੇ ਬਦੇਸ਼ੀ ਕੰਪਨੀਆਂ ਦਾ ਹੋਵੇਗਾ। ਉਂਜ ਵੀ ਸਾਡੇ ਦੇਸ਼ ਵਿੱਚ 86 ਫ਼ੀਸਦੀ ਕਿਸਾਨੀ ਇੱਕ ਏਕੜ ਤੱਕ ਦੀ ਮਾਲਕੀ ਵਾਲੀ ਹੈ। ਇਹ ਗਰੀਬ ਕਿਸਾਨ ਮੰਡੀ ਵਿੱਚ ਕਾਰਪੋਰੇਟਾਂ ਦਾ ਮੁਕਾਬਲਾ ਕਿਵੇਂ ਕਰ ਸਕਣਗੇ।

ਇਨ੍ਹਾਂ ਕਾਨੂੰਨਾਂ ਪਿੱਛੇ ਸਰਕਾਰ ਦਾ ਮੁੱਖ ਮਕਸਦ ਵੱਡੀਆਂ ਕੰਪਨੀਆਂ ਲਈ ਠੇਕਾ ਖੇਤੀ ਦੇ ਦਰਵਾਜੇ ਖੋਲ੍ਹਣਾ ਹੈ। ਠੇਕਾ ਖੇਤੀ ਦਾ ਸਿੱਧਾ ਮਤਲਬ ਹੈ ਕਿ ਕਿਸਾਨ ਆਪਣੀ ਜ਼ਮੀਨ ਉੱਤੇ ਖੇਤੀ ਤਾਂ ਕਰਦਾ ਹੈ, ਪਰ ਆਪਣੇ ਲਈ ਨਹੀਂ ਸੰਬੰਧਤ ਕੰਪਨੀ ਲਈ, ਜਿਸ ਨਾਲ ਉਸ ਦਾ ਐਗਰੀਮੈਂਟ ਹੋਇਆ ਹੁੰਦਾ ਹੈ। ਜਿਣਸ ਦਾ ਬੀਜ, ਖਾਦ ਤੇ ਖਰਚੇ ਸਭ ਕੰਪਨੀ ਦੇ ਹੋਣਗੇ। ਭਾਅ ਵੀ ਪਹਿਲਾਂ ਤੈਅ ਕਰ ਲਿਆ ਜਾਵੇਗਾ। ਕੰਪਨੀ ਹੀ ਇਹ ਤੈਅ ਕਰੇਗੀ ਕਿ ਕਿਹੜੀ ਫ਼ਸਲ ਬੀਜੀ ਜਾਣੀ ਹੈ। ਕਿਸਾਨ ਦੀ ਹੈਸੀਅਤ ਸਿਰਫ਼ ਇੱਕ ਮਜ਼ਦੂਰ ਦੀ ਹੋਵੇਗੀ। ਖੇਤ ਵਿੱਚ ਹੋਈ ਪੈਦਾਵਾਰ ਵਿੱਚੋਂ ਉਹ ਇੱਕ ਵੀ ਦਾਣਾ ਨਾ ਆਪਣੇ ਘਰ ਰੱਖ ਸਕੇਗਾ, ਨਾ ਕਿਸੇ ਹੋਰ ਨੂੰ ਵੇਚ ਸਕੇਗਾ। ਮੌਜੂਦਾ ਸਿਸਟਮ ਵਿੱਚ ਇਸ ਗੱਲ ਦੀ ਵੀ ਗਰੰਟੀ ਨਹੀਂ ਕੀਤੀ ਜਾ ਸਕਦੀ ਕਿ ਸਮਝੌਤੇ ਵਿੱਚ ਤੈਅ ਕੀਤਾ ਭਾਅ ਕਿਸਾਨਾਂ ਨੂੰ ਸਮੇਂ ਸਿਰ ਮਿਲ ਜਾਵੇਗਾ।

ਭਾਰਤ ਵਿੱਚ ਠੇਕਾ ਖੇਤੀ ਦਾ ਹੁਣ ਤੱਕ ਦਾ ਅਨੁਭਵ ਕਿਸਾਨ ਮਾਰੂ ਸਾਬਤ ਹੋਇਆ ਹੈ। ਪਿਛਲੇ ਸਾਲ ਮਾਜੀਸਾ ਪ੍ਰੋਡਕਟ ਨਾਂਅ ਦੀ ਕੰਪਨੀ ਵੱਲੋਂ ਛਤੀਸਗੜ੍ਹ ਵਿੱਚ 5000 ਕਿਸਾਨਾਂ ਨਾਲ ਸਮਝੌਤੇ ਅਧੀਨ ਕਾਲੇ ਧਾਨ ਦੀ ਖੇਤੀ ਕਰਾਈ ਗਈ ਸੀ, ਪਰ ਜਿਣਸ ਦੀ ਖਰੀਦ ਉੱਤੇ ਕੰਪਨੀ ਵੱਲੋਂ ਕਿਸਾਨਾਂ ਨੂੰ ਦਿੱਤੇ ਚੈੱਕ ਬਾਊਂਸ ਹੋ ਗਏ ਤੇ 22 ਕਰੋੜ ਦੀ ਠੱਗੀ ਮਾਰ ਕੇ ਕੰਪਨੀ ਰਫੂਚੱਕਰ ਹੋ ਗਈ। ਗੁਜਰਾਤ ਵਿੱਚ ਪੈਪਸੀਕੋ ਨੇ ਆਲੂਆਂ ਦੀ ਖੇਤੀ ਕਰਵਾਈ ਸੀ। ਪਿੱਛੋਂ ਜਾ ਕੇ ਕੰਪਨੀ ਨੇ ਨੌਂ ਕਿਸਾਨਾਂ 'ਤੇ 5 ਕਰੋੜ ਦੇ ਹਰਜਾਨੇ ਦਾ ਇਹ ਕਹਿ ਕੇ ਮੁਕੱਦਮਾ ਠੋਕ ਦਿੱਤਾ ਕਿ ਇਨ੍ਹਾਂ ਨੇ ਸਾਡੇ ਆਲੂ ਬੀਜ ਦੀ ਚੋਰੀ ਕੀਤੀ ਹੈ। ਇਹੋ ਨਹੀਂ, ਜੇਕਰ ਫ਼ਸਲ ਦਾ ਨੁਕਸਾਨ ਹੋ ਜਾਵੇ ਜਾਂ ਝਾੜ ਘੱਟ ਹੋਵੇ ਤਾਂ ਸਾਰਾ ਭਾਰ ਕਿਸਾਨਾਂ ਉੱਤੇ ਪਾ ਦਿੱਤਾ ਜਾਂਦਾ ਹੈ। ਕਿਸਾਨਾਂ ਨੂੰ ਦਿੱਤੇ ਜਾਂਦੇ ਬੀਜ, ਖਾਦਾਂ ਤੇ ਕੀੜੇਮਾਰ ਦਵਾਈਆਂ ਦੇ ਰੇਟ ਵੀ ਮਨਮਰਜ਼ੀ ਮੁਤਾਬਕ ਲਾ ਕੇ ਕਿਸਾਨਾਂ ਨੂੰ ਪੂਰੀ ਤਰ੍ਹਾਂ ਨਿਚੋੜ ਲਿਆ ਜਾਂਦਾ ਹੈ।

ਇਨ੍ਹਾਂ ਕਾਨੂੰਨਾਂ ਰਾਹੀਂ ਮੌਜੂਦਾ ਮੰਡੀ ਢਾਂਚਾ ਖ਼ਤਮ ਕਰਕੇ ਖੁਰਾਕੀ ਵਪਾਰ ਨੂੰ ਪੂਰੀ ਤਰ੍ਹਾਂ ਕਾਰਪੋਰੇਟਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ।

ਇਸ ਨਾਲ ਜਿਹੜੇ ਕਿਸਾਨ ਠੇਕਾ ਖੇਤੀ ਨਾਲ ਨਹੀਂ ਜੁੜਨਗੇ, ਉਨ੍ਹਾਂ ਦੀਆਂ ਜਿਣਸਾਂ ਦੇ ਯੋਗ ਭਾਅ ਮਿਲਣ ਦੀ ਕੋਈ ਗਰੰਟੀ ਨਹੀਂ ਹੋਵੇਗੀ। ਜ਼ਰੂਰੀ ਵਸਤਾਂ ਸੰਬੰਧੀ ਕਾਨੂੰਨ ਨੂੰ ਖ਼ਤਮ ਕਰਕੇ ਅਨਾਜ, ਤੇਲ ਬੀਜ, ਦਾਲਾਂ, ਆਲੂ ਤੇ ਪਿਆਜ਼ ਨੂੰ ਵੀ ਸਰਕਾਰੀ ਕੰਟਰੋਲ ਤੋਂ ਬਾਹਰ ਕਰ ਦਿੱਤਾ ਗਿਆ ਹੈ। ਇੰਜ ਕਰਕੇ ਸਿਰਫ਼ ਕਿਸਾਨੀ ਨੂੰ ਹੀ ਕੰਗਾਲੀ ਦੇ ਰਾਹ ਨਹੀਂ ਤੋਰਿਆ ਗਿਆ, ਸਗੋਂ ਉਪਭੋਗਤਾ ਨੂੰ ਵੀ ਮੁਨਾਫ਼ੇਖੋਰਾਂ ਤੇ ਜ਼ਖੀਰੇਬਾਜ਼ਾਂ ਦੇ ਰਹਿਮ ਉੱਤੇ ਛੱਡ ਦਿੱਤਾ ਗਿਆ ਹੈ। ਕਾਰਪੋਰੇਟ ਕੰਪਨੀਆਂ ਆਪਣੀ ਮਰਜ਼ੀ ਦੇ ਭਾਅ ਉੱਤੇ ਜਿਣਸਾਂ ਖਰੀਦਣਗੀਆਂ ਤੇ ਜ਼ਖੀਰੇਬਾਜ਼ੀ ਰਾਹੀਂ ਕਿੱਲਤ ਪੈਦਾ ਕਰਕੇ ਉਪਭੋਗਤਾਵਾਂ ਨੂੰ ਮਹਿੰਗੇ ਭਾਅ ਵੇਚਣਗੀਆਂ। ਮੋਦੀ ਸਰਕਾਰ ਦੇ ਇਨ੍ਹਾਂ ਕਾਨੂੰਨਾਂ ਰਾਹੀਂ ਦੇਸ਼ ਦੀ ਖਾਧ ਸੁਰੱਖਿਆ ਨੂੰ ਵੀ ਸੱਟ ਵੱਜੇਗੀ।

ਮੋਦੀ ਦਾ ਮੂਲ ਮੰਤਰ ਹੈ ਨੋਟਬੰਦੀ ਸਮੇਂ ਵੀ ਫੇਲ੍ਹ ਹੋਇਆ ਹੈ ਸੀ ਕਿ ਇਸ ਨਾਲ ਕਾਲਾ ਧਨ ਬਾਹਰ ਆਵੇਗਾ, ਪਰ ਉਲਟਾ ਧਨਕੁਬੇਰਾਂ ਨੇ ਆਪਣੀ ਆਵਾਰਾ ਪੂੰਜੀ ਚਿੱਟੀ ਕਰ ਲਈ। ਲਾਕਡਾਊਨ ਦੌਰਾਨ ਆਪਣੇ ਆਖ਼ਰੀ ਲੜੀਵਾਰ ਭਾਸ਼ਣ ਵਿੱਚ ਮੋਦੀ ਦੇ ਆਤਮ-ਨਿਰਭਰਤਾ ਦੇ ਨਾਅਰੇ ਦਾ ਸਿੱਟਾ ਸਾਹਮਣੇ ਇਹ ਆ ਰਿਹਾ ਹੈ ਕਿ ਸਭ ਕੁਝ ਕਾਰਪੋਰੇਟਾਂ ਤੇ ਬਦੇਸ਼ੀ ਕੰਪਨੀਆਂ ਹੱਥ ਵੇਚਿਆ ਜਾ ਰਿਹਾ ਹੈ। ਸਿੱਖਿਆ ਦਾ ਨਿੱਜੀਕਰਨ ਕਰਕੇ ਕਾਰਪੋਰੇਟ ਦੇ ਹਵਾਲੇ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

### ਮੋਦੀ ਦਾ ਆਤਮ ਨਿਰਭਰ ਭਾਰਤ

ਕਰੋਨਾ ਦੇ ਫੈਲਣ ਤੋਂ ਬਾਅਦ ਦੇਸ਼ ਦੇ ਲੋਕਾਂ ਲਈ ਪ੍ਰਧਾਨ ਮੰਤਰੀ ਦਾ ਪੰਜਵਾਂ ਸੰਬੋਧਨ ਸੀ ਅਤੇ ਮੋਦੀ ਨੇ ਇਸ ਮੌਕੇ ਲੋਕਾਂ ਨੂੰ "ਜ਼ਿੰਮੇਵਾਰੀ" ਸੰਭਾਲਣ ਲਈ ਕਿਹਾ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ "21 ਵੀਂ ਸਦੀ ਭਾਰਤ ਦੀ ਹੈ"। ਉਸਨੇ ਸੁਝਾਅ ਦਿੱਤਾ ਕਿ ਮਹਾਂਮਾਰੀ ਦੇ ਕਾਰਨ ਮੌਜੂਦਾ ਦੌਰ ਵਿਚ ਭਾਰਤ ਨੂੰ ਵਿਸਵ ਪਧਰ ਤੇ ਇੱਕ "ਮੌਕਾ" ਪ੍ਰਦਾਨ ਕੀਤਾ ਤੇ "ਸਵੈ-ਨਿਰਭਰ ਭਾਰਤ" ਅਸੀਂ ਉਸਾਰਨਾ ਹੈ। ਆਪਣੇ 33 ਮਿੰਟ ਦੇ ਭਾਸ਼ਣ ਵਿੱਚ, ਮੋਦੀ ਨੇ ਸਵੈ-ਨਿਰਭਰ ਭਾਰਤੀ ਦਰਸ਼ਨ ਦੀ ਵਿਆਖਿਆ ਕਰਨ ਲਈ ਲੰਬਾ ਭਾਸਣ ਦਿੱਤਾ। ਅਜਿਹਾ ਲਗਦਾ ਹੈ ਕਿ ਮੋਦੀ ਇੱਕ ਦਿਆਲੂ ਦੇਵਤਾ ਦੇ ਰੂਪ ਵਿਚ ਇਸ ਧਰਤੀ ਉਪਰ ਉਤਰ ਆਏ ਹਨ। ਮੋਦੀ ਨੇ ਸਵੈ-ਨਿਰਭਰ ਭਾਰਤ ਦੀ ਧਾਰਨਾ 'ਤੇ ਵਿਚਾਰ ਕਰਨ ਲਈ ਬਹੁਤ ਸਾਰਾ ਸਮਾਂ ਬਿਤਾਇਆ ਪਰ ਕੇਂਦਰੀ ਵਿੱਤ ਮੰਤਰੀ 'ਤੇ ਇਹ ਸਭ ਛਡ ਦਿਤਾ ਕਿ ਇਸਦਾ ਖਾਕਾ ਤੇ ਮਿਸ਼ਨ ਕੀ ਹੋਵੇਗਾ। ਮੋਦੀ ਨੇ ਕਿਹਾ ਕਿ ਸਵੈ-ਨਿਰਭਰ ਭਾਰਤ ਦਾ "ਵਿਚਾਰ" ਸਦੀਆਂ ਪੁਰਾਣੀ "ਸੰਸਕ੍ਰਿਤੀ" ਅਤੇ "ਸੰਸਕਾਰ" ਦੀ ਉਪਜ ਹੈ ਤੇ ਇਸ ਦੀਆਂ ਜੜ੍ਹਾਂ ਸਨਾਤਨੀ ਗ੍ਰੰਥਾਂ ਜਿਵੇਂ ਵੇਦਾਂ ਤੇ ਸ਼ਾਸਤਰਾਂ ਵਿਚ ਹਨ। ਉਸਦੀ ਵਿਆਖਿਆ ਸ਼ਾਸਤਰਾਂ ਦੇ ਨਾਲ ਭਰੀ ਹੋਈ ਸੀ, ਜੋ ਭਵਿੱਖ ਦੇ ਇਸ ਸਿਧਾਂਤ ਨੂੰ ਪ੍ਰਾਚੀਨ ਗਿਆਨ ਪਰੰਪਰਾ ਨਾਲ ਜੋੜ ਰਹੀ ਹੈ।

ਮੁੰਡਕੋਪਨੀਸ਼ਦ ਦਾ ਹਵਾਲਾ ਦਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਜੀ ਨੇ ਕਿਹਾ ਕਿ ਸਵੈ-ਨਿਰਭਰਤਾ ਕਿਉਂ ਜ਼ਰੂਰੀ ਸੀ। ਉਸਨੇ ਕਿਹਾ, "ਅਜਿਹਾ ਮਾਰਗ ਹੀ ਤੁਹਾਡਾ ਸਹੀ ਰਾਹ ਹੈ। ਮੋਦੀ ਨੇ ਸੁਝਾਅ ਦਿੱਤਾ ਕਿ ਇਹ ਭਾਰਤੀ ਮਾਰਗ ਗਲੋਬਲ ਸਿਸਟਮ ਲਈ ਵੀ ਜ਼ਰੂਰੀ ਹੈ।" ਜੇਕਰ ਭਾਰਤ ਸਵੈ-ਨਿਰਭਰ ਹੋ ਜਾਂਦਾ ਹੈ ਤਾਂ ਇਹ ਆਪਣੇ ਆਪ ਹੀ ਵਿਸ਼ਵ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਣੇਗਾ। ਇਸ ਤੋਂ ਬਾਅਦ ਦੇ ਹਫ਼ਤਿਆਂ ਵਿਚ ਮੋਦੀ ਨੇ ਕਈ ਮੰਚਾਂ 'ਤੇ ਇਸ ਨਵੀ ਕਿਆਸੀ ਸਾਮਾਜਿਕ-ਆਰਥਿਕ ਪ੍ਰਣਾਲੀ ਦੀ ਵਕਾਲਤ ਕੀਤੀ। ਇਸ ਦਾ ਜ਼ਿਕਰ ਭਾਰਤੀ ਉਦਯੋਗ ਦੇ ਕਨਫੈਡਰੇਸ਼ਨ ਦੇ ਮੁਖੀਆਂ ਤੇ ਇੰਡੀਅਨ ਚੈਂਬਰ ਆਫ ਕਾਮਰਸ ਦੇ ਪ੍ਰਧਾਨ ਨਾਲ ਮੀਟਿੰਗ ਕਰਕੇ 'ਮਨ ਕੀ ਬਾਤ' ਰਾਹੀਂ ਰੁਜ਼ਗਾਰ ਯੋਜਨਾ ਦੀ ਸ਼ੁਰੂਆਤ ਕਰਕੇ ਕੀਤਾ।

ਮੋਦੀ ਦੇ ਸੰਬੋਧਨ ਤੋਂ ਕੁਝ ਹਫ਼ਤੇ ਪਹਿਲਾਂ, ਆਰ ਐਸ ਐਸ ਦੀ ਉੱਚ ਲੀਡਰਸ਼ਿਪ ਨੇ ਵੀ ਉਸੇ ਸਵੈ-ਨਿਰਭਰਤਾ ਦੇ ਨਮੂਨੇ 'ਤੇ ਗੱਲ ਕੀਤੀ। ਆਰਐਸਐਸ ਭਾਜਪਾ ਦੀ ਮਾਂ ਸੰਸਥਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸੰਘ ਨਾਲ ਤਿੰਨ ਦਹਾਕਿਆਂ ਤਕ ਕੰਮ ਕੀਤਾ ਹੈ। 6 ਮਈ ਦੌਰਾਨ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਹਿ ਸਰਸੰਘਚਾਲਕ ਦੱਤਾਤ੍ਰੇਯ ਹੋਸਾਬਾਲੇ ਨੇ ਵਿਦੇਸ਼ੀ ਪੱਤਰਕਾਰਾਂ ਨਾਲ ਗੱਲਬਾਤ ਕੀਤੀ। ਹੋਸਾਬਾਲੇ, ਜੋ ਸੰਘ ਸੰਗਠਨ ਵਿਚ ਤੀਸਰੇ ਸਥਾਨ 'ਤੇ ਹੈ, ਨੇ ਸੁਝਾਅ ਦਿੱਤਾ ਕਿ ਭਾਰਤ ਲਈ ਸਮਾਜਿਕ-ਆਰਥਿਕ ਵਿਵਸਥਾ ਦਾ ਇਕ ਨਵਾਂ ਮਾਡਲ ਸਮੇਂ ਦੀ ਲੋੜ ਹੈ ਤੇ ਇਹ ਮਾਡਲ "ਸਵੈ-ਨਿਰਭਰਤਾ ਅਤੇ ਵੈਦਿਕ ਪਰੰਪਰਾ ਦੇ ਦੇਸੀ ਵਿਚਾਰਾਂ' ਤੇ ਆਧਾਰਿਤ ਹੋਣਾ ਚਾਹੀਦਾ ਹੈ। ਹੋਸਾਬਾਲੇ ਨੇ ਕਿਹਾ ਕਿ ਹੁਣ ਇੱਕ ਨਵੇਂ ਸਵਦੇਸ਼ੀ ਨਮੂਨੇ ਦੀ ਜਰੂਰਤ ਹੈ, ਕਿਉਂਕਿ "ਮਹਾਂਮਾਰੀ ਨੇ ਵਿਸ਼ਵਵਿਆਪੀ ਪੂੰਜੀਵਾਦ ਨਿਜ਼ਾਮ ਦਾ ਮਲੀਆਮੇਟ ਕਰ ਦਿੱਤਾ ਹੈ।"



ਤੁਹਾਨੂੰ ਦੱਸ ਦੇਈਏ ਕਿ ਸਵੈ-ਨਿਰਭਰਤਾ ਦੀ ਪਹਿਲੀ ਗੱਲ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕੀਤੀ ਸੀ। ਦੇਸ਼ ਨੂੰ 26 ਅਪ੍ਰੈਲ ਦੌਰਾਨ ਸੰਬੋਧਨ ਕਰਦਿਆਂ ਭਾਗਵਤ ਨੇ "ਮੌਜੂਦਾ ਸਥਿਤੀ ਤੇ ਸਾਡੀ ਭੂਮਿਕਾ" ਵਿਸ਼ੇ 'ਤੇ ਭਾਸ਼ਣ ਦਿੱਤਾ ਸੀ। ਉਸਨੇ ਇੱਕ "ਵਿਕਾਸ ਦੇ ਨਵੇਂ ਮਾਡਲ" ਦੀ ਪੇਸ਼ਕਸ਼ ਕੀਤੀ ਜੋ "ਸਵੈ-ਨਿਰਭਰਤਾ" 'ਤੇ ਆਧਾਰਿਤ ਹੋਣਾ ਚਾਹੀਦਾ ਹੈ। ਬਾਅਦ ਵਿੱਚ ਉਹੀ ਨੀਤੀ ਦੀ ਵਰਤੋਂ ਮੋਦੀ ਨੇ ਕੀਤੀ, ਹੈ। ਮੋਦੀ ਨੇ ਕਿਹਾ ਕਿ ਨਾਗਰਿਕਾਂ ਨੂੰ ਚਾਹੀਦਾ ਹੈ ਕਿ ਇਸ "ਸੰਕਟ" ਨੂੰ ਇੱਕ ਮੌਕੇ ਵਿੱਚ ਬਦਲਣ। ਲਾਕਡਾਊਨ ਦੌਰਾਨ ਸੰਘ ਪਰਿਵਾਰ ਨੇ ਅਜਿਹੀ ਨੀਤੀ ਰਚੀ ਹੈ ਕਿ ਹਿੰਦੂ ਰਾਸ਼ਟਰ ਸਿਰਜਿਆ ਜਾਵੇ। ਮੋਦੀ ਇਸੇ ਨੀਤੀ ਨੂੰ ਲਾਗੂ ਕਰ ਰਹੇ ਹਨ।

### ਮੋਦੀ ਦਾ ਅਰਥ ਸ਼ਾਸਤਰ

ਸੰਘ ਅਤੇ ਭਾਜਪਾ ਦੀ ਨਵੀਂ ਲੀਡਰਸ਼ਿਪ ਨੇ ਮੋਦੀ ਦੀ ਅਗਵਾਈ ਵਿਚ ਇਹ ਨਵਾਂ ਸਮਾਜਕ-ਆਰਥਿਕ ਮਾਡਲ ਨਹੀਂ ਬਣਾਇਆ ਜਿਸ ਦਾ ਜਿਕਰ ਮੋਦੀ ਹੁਣ ਕਰ ਰਹੇ ਹਨ। ਇਹ ਭਗਵਾਂ ਮਾਡਲ ਖੱਬੇਪੱਖੀਆਂ ਲਈ ਚੈਲਿੰਜ ਹੈ। ਖੱਬੇ ਪੱਖੀ ਅਜੇ ਤਕ ਇਸ ਭਗਵੇਂ ਮਾਡਲ ਦਾ ਬਦਲ ਪੇਸ਼ ਨਹੀ ਕਰ ਸਕੇ। ਜੇ ਐਨ ਯੂ ਵਾਲੇ ਕਨਈਆ ਵਾਂਗ ਡਫਲੀ ਵਜਾਉਣ, ਨਾਰੇਬਾਜ਼ੀ ਕਰਨ ਤਕ ਸੀਮਤ ਹਨ। ਇਹਨਾਂ ਦੀ ਧਾਰਨਾ ਭਾਰਤੀ ਰਾਸ਼ਟਰਵਾਦ ਤੇ 'ਵੰਦੇ ਮਾਤਰਮ' ਮਿਸ਼ਨ ਨੂੰ ਅਗਾਂਹ ਤੋਰਨ ਤੇ ਗੁਰੂ ਗਰੰਥ ਸਾਹਿਬ ਨੂੰ ਧਰਮ ਤਕ ਸੀਮਤ ਕਰਕੇ ਰੱਦ ਕਰਨ ਦੀ ਰਹੀ ਹੈ। ਸੰਘ ਦੇ ਮਹਾਂਰਥੀ ਭਾਗਵਤ, ਹੋਸਬਾਲੇ ਤੇ ਮੋਦੀ ਦੁਆਰਾ ਸਵੈ-ਨਿਰਭਰ ਸਵਦੇਸ਼ੀ ਸਾਮਾਜਿਕ-ਆਰਥਿਕ ਪ੍ਰਣਾਲੀ ਵਾਲੇ ਭਾਰਤ ਦੇ ਸੁਪਨੇ ਨੂੰ ਦੱਤੋਪੰਤ ਠੇਂਗੜੀ ਦੀ ਰਚੀ ਪੁਸਤਕ ਦਾ ਥਰਡ ਵੇ ਨਾਮਕ ਇੱਕ ਕਿਤਾਬ ਵਿੱਚੋਂ ਪੇਸ਼ ਕੀਤਾ। ਇਹ ਖੱਬੇਪਖੀਆ ਲਈ ਗੰਭੀਰ ਚੈਲਿੰਜ ਹੈ।

ਸੰਘ ਦੇ ਮਹਾਂਰਥੀ ਠੇਂਗੜੀ ਦੀ ਮੌਤ 2004 ਵਿਚ ਹੋਈ, ਉਹ ਕ੍ਰਮਵਾਰ ਸਵਦੇਸ਼ੀ ਜਾਗਰਣ ਮੰਚ, ਭਾਰਤੀ ਮਜ਼ਦੂਰ ਸੰਘ ਤੇ ਭਾਰਤੀ ਕਿਸਾਨ ਸਭਾ ਦੇ ਵਪਾਰ, ਮਜ਼ਦੂਰ ਤੇ ਕਿਸਾਨ ਸ਼ਾਖਾ ਦੇ ਬਾਨੀ ਰਹੇ ਸਨ। ਇਹ ਕਿਤਾਬ ਸੋਵੀਅਤ ਯੂਨੀਅਨ ਦੇ ਪਤਨ ਦੇ ਚਾਰ ਸਾਲ ਬਾਅਦ 1995 ਵਿੱਚ ਪਹਿਲੀ ਵਾਰ ਪ੍ਰਕਾਸ਼ਤ ਹੋਈ ਸੀ। ਕਿਤਾਬ ਵਿੱਚ ਠੇਂਗੜੀ ਨੇ ਸਮਾਜ ਪ੍ਰਤੀ "ਹਿੰਦੂ ਪਹੁੰਚ" ਨੂੰ "ਮਨੁੱਖਤਾ ਬਚਾਉਣ" ਦੇ ਇੱਕ ਨਵੇਂ ਤੇ ਇਕਲੌਤੇ ਮਾਡਲ ਵਜੋਂ ਪੇਸ਼ ਕੀਤਾ, ਕਿਉਂਕਿ "ਕਮਿਊਨਿਜ਼ਮ ਦਾ ਪਤਨ" ਤੇ ਨਿਰੰਤਰ "ਪੂੰਜੀਵਾਦ ਦੇ ਚੜ੍ਹਾਅ" ਨੇ ਵਿਸ਼ਵ ਵਿੱਚ ਇੱਕ "ਵਿਚਾਰਧਾਰਕ ਖਾਲੀਪਨ" ਪੈਦਾ ਕੀਤਾ ਹੈ। ਸੰਘ ਦੇ ਹਿੰਦੂ ਸਰਵੋਤਮਵਾਦੀ ਆਦਰਸ਼ਾਂ ਦੇ ਅਨੁਕੂਲ, ਠੇਂਗੜੀ ਦੀ ਕਿਤਾਬ ਵਿੱਚ "ਆਲਮੀ ਆਰਥਿਕ ਪ੍ਰਣਾਲੀ ਦੇ ਹਿੰਦੂ ਨਜ਼ਰੀਏ" ਤੋਂ ਹਿੰਦੂ ਸਾਸਤਰ ਨੂੰ ਆਧਾਰ ਬਣਾਕੇ ਪੇਸ਼ ਕੀਤਾ ਜਿਨ੍ਹਾਂ ਨੂੰ ਉਹ "ਹਿੰਦੂ ਅਰਥ ਸ਼ਾਸਤਰ" ਕਹਿੰਦੇ ਹਨ। ਇਸ ਭਗਵੇਂ ਰਾਸ਼ਟਰਵਾਦ ਦੀ ਭਾਵਨਾ ਤੋਂ ਪ੍ਰਭਾਵਿਤ ਇਸ ਪੁਸਤਕ ਨੇ ਹਿੰਦੂਆਂ ਨੂੰ ਬਾਕੀ ਦੁਨੀਆਂ ਤੋਂ ਵੱਖ ਕਰਦਿਆਂ ਇਕ "ਦੇਸੀ ਕਾਨੂੰਨੀ ਪ੍ਰਣਾਲੀ" ਦੇ framework ਦੀ ਵਕਾਲਤ ਕੀਤੀ। ਇਸ "ਸਵਦੇਸ਼ੀ" structure ਨੂੰ "ਆਪਣੇ ਸੰਵਿਧਾਨ" ਵਜੋਂ ਪੇਸ਼ ਕੀਤਾ।

ਠੇਂਗੜੀ ਦੀ ਹਿੰਦੂ ਆਰਥਿਕ ਪ੍ਰਣਾਲੀ ਦਾ ਆਧਾਰ ਇਹ ਹੈ ਕਿ ਆਰਥਿਕਤਾ ਨੂੰ ਹਿੰਦੂ ਧਾਰਮਿਕ ਸ਼ਾਸਤਰਾਂ ਵਿਚ ਨਿਰਧਾਰਤ ਨਿਯਮਾਂ ਅਨੁਸਾਰ ਚਲਾਇਆ ਜਾਣਾ ਚਾਹੀਦਾ ਹੈ। ਉਸ ਨੇ ਨੈਤਿਕਤਾ, ਉਦਯੋਗਿਕ ਸੰਬੰਧ, ਸਮਾਜ ਭਲਾਈ, ਆਰਥਿਕ ਸਿਧਾਂਤ ਤਿਆਰ ਕਰਨ ਲਈ ਸ਼ਾਸਤਰਾਂ ਦਾ ਹਵਾਲਾ ਦਿੱਤਾ ਅਤੇ ਇਸ ਦੀ ਮਹੱਤਤਾ ਨੂੰ ਦਰਸਾਉਣ ਲਈ ਹਿੰਦੂ ਸ਼ਾਸਕਾਂ ਦੇ ਇਤਿਹਾਸਕ ਹਵਾਲਿਆਂ ਦੀ ਵਰਤੋਂ ਕੀਤੀ।

ਕਾਰਪੋਰੇਟ ਦੇ ਰੂਪ ਵਿਚ ਆਧੁਨਿਕ ਬਾਣੀਆਵਾਦ ਬਨਾਮ ਨਿੱਜੀਕਰਨ ਪੱਛਮ ਤੋਂ ਚੁਰਾਇਆ ਮੋਦੀਵਾਦ ਦਾ ਮੰਤਰ ਹੈ ਜੋ ਰਾਖਵਾਂਕਰਨ ਖਤਮ ਕਰਕੇ ਕਿਰਤ ਨੂੰ ਗੁਲਾਮ ਬਣਾਕੇ ਵਰਨ ਆਸ਼ਰਮ ਨੂੰ ਆਧੁਨਿਕ ਰੂਪ ਵਿਚ ਪੇਸ਼ ਕਰੇਗਾ ਤੇ ਰਾਜਾਂ ਦੇ ਵਧ ਅਧਿਕਾਰਾਂ ਨੂੰ ਖਤਮ ਕਰੇਗਾ। ਹਾਲੇ ਇਸ ਦੀ ਸਿੱਖ ਤੇ ਦਲਿਤ ਲੀਡਰਸ਼ਿਪ ਨੂੰ ਸਮਝ ਨਹੀਂ ਪਈ। ਪਰ ਖੱਬੇ ਪਖੀ ਜਾਣ ਬੁੱਝਕੇ ਅਨਜਾਣ ਹਨ।

-o-


Homeopathicvibes

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H

(Ex Homeopathic Medical officer Punjab Govt.)

# ਅੰਤਰ-ਰਾਸ਼ਟਰੀ ਮੁੱਦਾ ਬਣ ਚੁੱਕਾ ਹੈ ਖ਼ਾਲਿਸਤਾਨ




– ਰਣਜੀਤ ਸਿੰਘ
ਦਮਦਮੀ ਟਕਸਾਲ
(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)
ਮੋ: 88722-93883


ਸਨ 1984 ਦੇ ਘੱਲੂਘਾਰੇ ਨੂੰ ਸਾਢੇ ਤਿੰਨ ਦਹਾਕਿਆਂ ਤੋਂ ਵਧ ਸਮਾਂ ਬੀਤ ਚੁੱਕਾ ਹੈ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਸਮੇਤ ਸਮੂਹ ਸ਼ਹੀਦਾਂ ਦੇ ਨਿਸ਼ਾਨੇ ਬਾਬਤ ਇਹ ਸਵਾਲ ਕੌਮ ਦੇ ਸਾਹਮਣੇ ਖੜ੍ਹਾ ਹੈ ਕਿ ਉਹਨਾਂ ਨਿਸ਼ਾਨਿਆਂ ਦੀ ਪੂਰਤੀ ਕਿਵੇਂ ਕਰਨੀ ਹੈ ? ਇਹ ਗੱਲ ਬੜੇ ਜ਼ੋਰ-ਸ਼ੋਰ ਨਾਲ਼ ਪ੍ਰਚਾਰੀ ਜਾਂਦੀ ਹੈ ਕੀ ਖ਼ਾਲਿਸਤਾਨ ਦੇ ਸੰਘਰਸ਼ ਦਾ ਲੱਕ ਟੁੱਟ ਚੁੱਕਾ ਹੈ, ਇਹ ਇੱਕ ਗੁਆਚਿਆ ਸੁਪਨਾ ਬਣ ਕੇ ਰਹਿ ਗਿਆ ਹੈ !

ਭਾਰਤ-ਪੱਖੀ ਸਿੱਖਾਂ ਨੂੰ ਖ਼ਾਲਿਸਤਾਨ ਹੁਣ ਗੁਆਚਿਆ ਮੁੱਦਾ ਲਗਦਾ ਹੈ। ਅਕਸਰ ਹੀ ਐਹੋ ਜਿਹੇ ਬਿਆਨ ਭਾਰਤੀ ਮੀਡੀਆ ਵਿੱਚ ਛਾਏ ਰਹਿੰਦੇ ਹਨ, ਜਿਨ੍ਹਾਂ ਦਾ ਮੂਲ-ਤੱਤ ਇਹ ਹੁੰਦਾ ਹੈ ਕਿ ਖ਼ਾਲਿਸਤਾਨੀ ਸੰਘਰਸ਼ ਖ਼ਤਮ ਹੋ ਗਿਆ ਹੈ ! ਇਸ ਪ੍ਰਾਪੇਗੰਢੇ ਦਾ ਅਸਰ ਇਸ ਹੱਦ ਤਕ ਹੋ ਚੁੱਕਾ ਹੈ ਕਿ ਕੁਝ ਸਿੱਖ ਹੀ ਕਹਿਣ ਲਗ ਪਏ ਹਨ ਕਿ ਉਹਨਾਂ ਨੂੰ ਖ਼ਾਲਿਸਤਾਨ ਦੀ ਲੋੜ ਨਹੀਂ ਹੈ।

ਇੱਕ ਪਾਸੇ ਭਾਰਤੀ ਮੀਡੀਆ ਕਹਿੰਦਾ ਹੈ ਕਿ ਖ਼ਾਲਿਸਤਾਨ ਦਾ ਸੰਘਰਸ਼ ਖ਼ਤਮ ਹੋ ਚੁੱਕਾ ਹੈ ਤੇ ਦੂਜੇ ਪਾਸੇ ਮੀਡੀਆ ਕੋਈ ਵੀ ਅਜਿਹਾ ਮੌਕਾ ਨਹੀਂ ਛੱਡਦਾ ਜਿਸ ਦਿਨ ਖ਼ਾਲਿਸਤਾਨ ਨੂੰ ਹਊਆ ਬਣਾ ਕੇ ਪੇਸ਼ ਨਾ ਕੀਤਾ ਜਾਵੇ। ਇਸ ਦਾ ਮੁੱਖ ਕਾਰਨ ਇਹ ਹੈ ਕਿ ਭਾਰਤੀ ਸਟੇਟ ਹਿੰਦੂਆਂ ਨੂੰ ਡਰਾ ਕੇ ਰੱਖਣਾ ਚਾਹੁੰਦੀ ਹੈ ਤਾਂ ਜੋ ਡਰਿਆ ਹੋਇਆ ਹਿੰਦੂ ਉਹਨਾਂ ਨੂੰ ਆਪਣੀ ਹਿਫ਼ਾਜ਼ਤ ਲਈ ਬਿਨਾਂ ਸਵਾਲ ਕੀਤਿਆਂ ਵੋਟ ਦਿੰਦਾ ਰਹੇ।

ਦਰਅਸਲ ਖ਼ਾਲਿਸਤਾਨ ਦਾ ਮੁੱਦਾ ਹੁਣ ਪੰਜਾਬ ਪੱਧਰ ਤਕ ਮੁਕਾਮੀ ਮੁੱਦਾ ਨਹੀਂ ਰਿਹਾ ਇਹ ਅੰਤਰ-ਰਾਸ਼ਟਰੀ ਮੁੱਦਾ ਬਣ ਚੁੱਕਾ ਹੈ ਅਤੇ ਇਸ ਦਾ ਸਿਹਰਾ ਵਿਸ਼ਵ ਭਰ ਵਿੱਚ ਫੈਲੇ ਸਿੱਖ ਭਾਈਚਾਰੇ ਨੂੰ ਜਾਂਦਾ ਹੈ ਜਿਸ ਨੇ ਇਸ ਸੋਚ ਅਤੇ ਵਿਚਾਰਧਾਰਾ ਨੂੰ ਪ੍ਰਚਲਿਤ ਅਤੇ ਪ੍ਰਚੰਡ ਰੱਖਣ ਵਿੱਚ ਕੋਈ ਕਸਰ ਨਹੀਂ ਛੱਡੀ। ਪੰਜਾਬ ਅੰਦਰ ਵੀ ਸਿੱਖ ਰਾਜਨੀਤਿਕ ਪਾਰਟੀਆਂ ਜਿਨ੍ਹਾਂ ਵਿੱਚ ਦਲ ਖ਼ਾਲਸਾ, ਮਾਨ ਦਲ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ ਆਦਿ ਸਰਗਰਮ ਹਨ ਜਿਨ੍ਹਾਂ ਨੇ ਖ਼ਾਲਿਸਤਾਨ ਦਾ ਝੰਡਾ ਐਨੇ ਬਿਖੜੇ ਸਮਿਆਂ ਵਿੱਚ ਵੀ ਉੱਚਾ ਚੁੱਕ ਕੇ ਰੱਖਿਆ ਹੋਇਆ ਹੈ ਕਿ ਉਹ ਲਹਿਰਾਂ ਦੇ ਉਲ਼ਟ ਖ਼ਾਲਿਸਤਾਨ ਦੀ ਕਿਸ਼ਤੀ ਉਤਾਰ ਕੇ ਰਾਜਨੀਤਿਕ ਪਿੜ ਵਿੱਚ ਲੜ ਰਹੇ ਹਨ।




ਕੁੱਲ ਮਿਲ਼ਾ ਕੇ ਦੇਸ਼ ਅਤੇ ਵਿਦੇਸ਼ ਵਿੱਚ ਖ਼ਾਲਿਸਤਾਨ ਦਾ ਮੁੱਦਾ ਸੁਰਖ਼ੀਆਂ ਵਿੱਚ ਬਣਿਆ ਰਹਿੰਦਾ ਹੈ।

ਕਿਸੇ ਵੇਲ਼ੇ ਭਾਰਤ ਖ਼ਾਲਿਸਤਾਨ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਉਂਦਾ ਸੀ ਤੇ ਹੁਣ ਭਾਰਤੀ ਨੀਤੀ-ਘਾੜਿਆਂ ਨੇ ਪਾਕਿਸਤਾਨ ਦੇ ਨਾਲ਼ ਕੈਨੇਡਾ ਨੂੰ ਵੀ ਲਪੇਟ ਲਿਆ ਹੈ। ਭਾਰਤੀ ਮੀਡੀਆ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਉੱਤੇ ਤਾਂ ਖ਼ਾਲਿਸਤਾਨ ਦੇ ਸਮਰਥਨ ਹੋਣ ਦਾ ਲੇਬਲ ਲਾ ਦਿੱਤਾ ਸੀ। ਕੀ ਇਹ ਖ਼ਾਲਿਸਤਾਨ ਦੇ ਸੰਘਰਸ਼ ਦੇ ਜੀਵਿਤ ਹੋਣ ਦਾ ਪ੍ਰਮਾਣ ਨਹੀਂ ਹੈ ?

2020 ਰੈਫਰੰਡਮ ਨੇ ਵੀ ਵਿਦੇਸ਼ਾਂ ਵਿੱਚ ਖ਼ਾਲਿਸਤਾਨ ਦੀ ਚਰਚਾ ਖ਼ੂਬ ਛੇੜੀ ਹੋਈ ਹੈ। ਪੰਜਾਬ ਦੀਆਂ ਖ਼ਾਲਿਸਤਾਨੀ ਜਥੇਬੰਦੀਆਂ ਵੀ ਜ਼ੋਰ ਦੇ ਰਹੀਆਂ ਹਨ ਕਿ ਯੂ.ਐੱਨ.ਓ. ਜਾਂ ਭਾਰਤ ਸਰਕਾਰ ਖ਼ਾਲਿਸਤਾਨ ਦੇ ਹਾਂ ਜਾਂ ਨਾ ਪੱਖੀ ਹੁੰਗਾਰੇ ਬਾਰੇ ਪੰਜਾਬ 'ਚ ਕਨੂੰਨੀ ਰੈਫਰੰਡਮ ਕਰਵਾਵੇ, ਸਾਨੂੰ ਸਵੈ-ਨਿਰਣੇ ਦਾ ਹੱਕ ਦਿੱਤਾ ਜਾਵੇ।

ਹੁਣ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ 6 ਜੂਨ ਨੂੰ ਘੱਲੂਘਾਰੇ ਦਿਹਾੜੇ 'ਤੇ ਇਹ ਕਹਿ ਚੁੱਕੇ ਹਨ ਕਿ "ਦੁਨੀਆਂ ਭਰ ਵਿੱਚ ਵਸਦਾ ਹਰ ਸਿੱਖ ਖ਼ਾਲਿਸਤਾਨ ਚਾਹੁੰਦਾ ਹੈ।" ਫਿਰ ਉਹਨਾਂ ਨੇ ਸਿੱਖ ਰਾਜ ਦੀ ਪ੍ਰਾਪਤੀ ਲਈ ਰਾਜਸੀ ਲਹਿਰ ਸਿਰਜਣ ਦੀ ਗੱਲ ਵੀ ਕਹੀ। ਉਹਨਾਂ ਦੇ ਇਸ ਕਥਨ ਨੇ ਖ਼ਾਲਿਸਤਾਨ ਦੇ ਸੰਘਰਸ਼ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਲਾ ਦਿੱਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਕਿਹਾ ਕਿ "ਕੋਈ ਵੀ ਸਿੱਖ ਖ਼ਾਲਿਸਤਾਨ ਤੋਂ ਇਨਕਾਰੀ ਨਹੀਂ ਹੋ ਸਕਦਾ।"

ਖ਼ਾਲਿਸਤਾਨ ਦਾ ਸੰਘਰਸ਼ ਜਿਉਂਦਾ ਅਤੇ ਜਾਗਦਾ ਹੈ, ਇਹ ਵੱਖ-ਵੱਖ ਪੜ੍ਹਾਵਾਂ 'ਚੋਂ ਨਿਕਲਦਾ ਹੋਇਆ ਜਾਰੀ ਹੈ। ਖ਼ਾਲਿਸਤਾਨ ਦੀ ਅਜ਼ਾਦੀ ਲਈ ਹਥਿਆਰਬੰਦ ਸੰਘਰਸ਼ ਵੀ ਬੜੀ ਸਿਖਰਾਂ 'ਤੇ ਲੜਿਆ ਗਿਆ ਹੈ ਤੇ ਜ਼ਮਹੂਰੀਅਤ, ਲੋਕਤੰਤਰਿਕ ਅਤੇ ਰਾਜਨੀਤਿਕ ਢੰਗ ਨਾਲ਼ ਸੰਘਰਸ਼ ਅੱਜ ਵੀ ਜਾਰੀ ਹੈ। ਜਿਨ੍ਹਾਂ ਸਿੱਖਾਂ ਨੇ ਭਾਰਤ 'ਚ ਗ਼ੁਲਾਮੀ ਦਾ ਸੰਤਾਪ ਭੋਗਿਆ ਜਾਂ ਪੜ੍ਹਿਆ-ਸੁਣਿਆ ਉਹ ਕੌਮੀ ਅਜ਼ਾਦੀ ਦੇ ਸੁਪਨੇ ਲੈਂਦੇ ਹਨ। ਹਰ ਸਿੱਖ ਜਦੋਂ ਸਵੇਰੇ-ਸ਼ਾਮ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ 'ਰਾਜ ਕਰੇਗਾ ਖ਼ਾਲਸਾ' ਦਾ ਦੋਹਰਾ ਪੜ੍ਹਦਾ ਹੈ ਤਾਂ ਉਸ ਅੰਦਰ ਕਿਤੇ ਨਾ ਕਿਤੇ ਰਾਜ ਕਰਨ ਦੀ ਭਾਵਨਾ ਘੁਸਲਵੱਟੇ ਲੈ ਰਹੀ ਹੁੰਦੀ ਹੈ। ਰਾਜਨੀਤਿਕ ਅਹੁਦਿਆਂ 'ਤੇ ਬਿਰਾਜਮਾਨ ਹੋਣ ਕਰਕੇ ਕਈ ਸਿੱਖ ਖੁੱਲ੍ਹ ਕੇ ਖ਼ਾਲਿਸਤਾਨ ਦੀ ਹਮਾਇਤ ਨਹੀਂ ਕਰਦੇ ਪਰ ਉਹ ਸਿੱਖਾਂ ਨਾਲ਼ ਹੋਈਆਂ ਵਧੀਕੀਆਂ ਦੀ ਗੱਲ ਕਰਕੇ ਆਪਣਾ ਪੱਖ ਗਾਹੇ-ਬਗਾਹੇ ਜ਼ਰੂਰ ਪੇਸ਼ ਕਰ ਜਾਂਦੇ ਹਨ ਜਿਨ੍ਹਾਂ ਵਿੱਚ ਆਮ ਆਦਮੀ ਪਾਰਟੀ ਤੋਂ ਬਾਗ਼ੀ ਹੋਏ ਨੇਤਾ ਭਾਈ ਸੁਖਪਾਲ ਸਿੰਘ ਖਹਿਰਾ ਆਉਂਦੇ ਹਨ।

ਭਾਰਤ ਸਰਕਾਰ ਨੂੰ ਵੀ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਖ਼ਾਲਿਸਤਾਨ ਦੀ ਅਜ਼ਾਦੀ ਲਈ ਸਿੱਖਾਂ ਦਾ ਦਿਲ ਧੜਕਦਾ ਹੈ, ਦੇਸ਼ਾਂ-ਵਿਦੇਸ਼ਾਂ ਵਿੱਚ ਲੱਖਾਂ ਸਿੱਖ ਖ਼ਾਲਿਸਤਾਨ ਦੇ ਹਮਾਇਤੀ ਹਨ, ਸਿੱਖਾਂ ਅੰਦਰੋਂ ਰਾਜ ਕਰਨ ਦੀ ਭਾਵਨਾ ਖ਼ਤਮ ਨਹੀਂ ਕੀਤੀ ਜਾ ਸਕਦੀ। ਭਾਰਤ ਸਰਕਾਰ ਇਹਨਾਂ ਸਭ ਗੱਲਾਂ ਤੋਂ ਚਿੰਤਤ ਹੈ ਪਰ ਉਹ ਜੱਗ-ਜਾਹਰ ਨਹੀਂ ਕਰਦੀ ਤੇ ਖ਼ਾਲਿਸਤਾਨ ਦੇ ਸੰਘਰਸ਼ ਉੱਤੇ ਅੱਤਵਾਦ ਦਾ ਲੇਬਲ ਲਾ ਕੇ ਇਸ ਨੂੰ ਬਦਨਾਮ ਕਰਦੀ ਆ ਰਹੀ ਹੈ। ਪਰ ਸਰਕਾਰ ਦੇ ਹੱਥੋਂ ਇਹ ਗੱਲ ਨਿਕਲ ਚੁੱਕੀ ਹੈ ਕਿਉਂਕਿ ਖ਼ਾਲਿਸਤਾਨ ਦੇ ਸੰਘਰਸ਼ ਨੂੰ ਅੰਤਰ-ਰਾਸ਼ਟਰੀ ਪ੍ਰਸਿੱਧੀ ਅਤੇ ਬੁਲੰਦੀ ਹਾਸਲ ਹੋ ਚੁੱਕੀ ਹੈ।

# ਸਿੱਖ ਸੰਘਰਸ਼ ਦਾ ਸ਼ਹੀਦ ਭਾਈ ਗੁਰਪਾਲ ਸਿੰਘ ਪਾਲਾ ਬਿਲਗਾ ਅਤੇ ਬਿਖੜੇ ਰਾਹਾਂ ਦੀ ਪਾਂਧੀ ਬੀਬੀ ਹਰਮਿੰਦਰ ਕੌਰ




-ਲਵਸ਼ਿੰਦਰ ਸਿੰਘ
ਡੱਲੇਵਾਲ ਯੂ.ਕੇ
00447825813301


## "ਪੁੱਤਰ ਦੀ ਸ਼ਹਾਦਤ ਤੋਂ ਬਾਅਦ ਉਸ ਦੀ ਧੀ ਨੂੰ ਰੱਖ ਲਿਆ ਅਤੇ ਨੂੰਹ ਨੂੰ ਕੱਢ ਦਿੱਤਾ ਗਿਆ" "ਸਾਡਾ ਝਗੜਾ ਦਿੱਲੀ ਦੇ ਤਖਤ ਨਾਲ ਹੈ, ਗੀਤਾ ਕੁਰਾਨ ਦੇ ਨਾਲ ਸਾਡਾ ਕੋਈ ਵੈਰ ਨਹੀਂ ਹੈ" "ਜੇ ਜੀਏ ਤਾਂ ਜੀਆਂਗੇ ਅਣਖ ਨਾਲ ਮਰੇ ਤਾਂ ਮਰਾਂਗੇ ਸ਼ਾਨ ਦੇ ਨਾਲ"

ਜਦੋਂ ਵੀ ਕਿਸੇ ਕੌਮ ਨੇ ਆਪਣੇ ਕੌਮੀ ਹੱਕਾਂ ਹਿੱਤਾਂ ਦੀ ਪੂਰਤੀ ਲਈ ਜੱਦੋ ਜਹਿਦ ਕੀਤੀ ਹੈ ਤਾਂ ਹਮੇਸਾਂ ਹੀ ਇਸ ਵਿੱਚ ਨੌਜਵਾਨ ਵਰਗ ਖਾਸਕਰ ਵਿਦਿਆਰਥੀ ਵਰਗ ਨੇ ਬੜਾ ਵੱਡਾ ਯੋਗਦਾਨ ਪਾਇਆ ਹੈ । ਦਮਦਮੀ ਟਕਸਾਲ ਦੇ ਮੁਖੀ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਹੋਏ ਸੰਘਰਸ਼ ਵਿੱਚ ਆਪਾ ਕੁਰਬਾਨ ਕਰਨ ਵਾਲਿਆਂ ਦੀ ਕਤਾਰ ਬਹੁਤ ਲੰਬੀ ਹੈ । ਹਜਾਰਾਂ ਹੀ ਮਾਵਾਂ ਨੇ ਆਪਣੇ ਪੁੱਤਰ, ਭੈਣਾਂ ਨੇ ਆਪਣੇ ਵੀਰ ਅਤੇ ਸੁਹਾਗ ਇਸ ਸੰਘਰਸ਼ ਦੌਰਾਨ ਵਾਰ ਦਿੱਤੇ ਉੱਥੇ ਹਜਾਰਾਂ ਹੀ ਸਤਿਕਾਰਯੋਗ ਬਜੁਰਗਾਂ ਦੀਆਂ ਡੰਗੋਰੀਆਂ ਰੂਪੀ ਉਹਨਾਂ ਦੇ ਸਪੁੱਤਰ ਇਸ ਧਰਮ ਦੀ ਜੰਗ ਦੌਰਾਨ ਲੜਦੇ ਹੋਏ ਸ਼ਹੀਦ ਹੋ ਗਏ। ਜਿਹਨਾਂ ਨੇ ਗੌਰਵਮਈ ਸਿੱਖ ਇਤਿਹਾਸ ਨੂੰ ਦੁਹਰਾ ਦਿੱਤਾ ਕਿ ਅਣਖ ਨਾਲ ਜਿਉਣਾ ਅਤੇ ਧਰਮ ਲਈ ਮਰਨਾ ਹੀ ਸਿੱਖ ਨੌਜਵਾਨਾਂ ਦਾ ਉਦੇਸ਼ ਰੂਪੀ ਟੀਚਾ ਹੈ । ਭਾਈ ਗੁਰਪਾਲ ਸਿੰਘ ਦਾ ਜਨਮ ਇਤਿਹਾਸਕ ਪਿੰਡ ਬਿਲਗਾ,ਜਿਲ੍ਹਾ ਜਲੰਧਰ ,ਥਾਣਾ ਨੂਰਮਹਿਲ ਵਿਖੇ ਸ੍ਰ, ਅਜੀਤ ਸਿੰਘ ਦੇ ਘਰੇ ਮਾਤਾ ਹਰਭਜਨ ਕੌਰ ਦੀ ਕੁੱਖੋਂ 15 ਅਪਰੈਲ 1965 ਵਾਲੇ ਦਿਨ ਹੋਇਆ ਸੀ । ਭਾਈ ਗੁਰਪਾਲ ਸਿੰਘ ਦਾ ਪਰਿਵਾਰ ਨੇ ਲਾਡ ਪਿਆਰ ਨਾਲ ਛੋਟਾ ਨਾਮ ਪਾਲਾ ਰੱਖ ਲਿਆ। ਭਾਈ ਗੁਰਪਾਲ ਸਿੰਘ ਨੇ ਦਸਵੀਂ ਤੱਕ ਦੀ ਪੜਾਈ ਪਿੰਡ ਦੇ ਹੀ ਸਕੂਲ ਮੁਕੰਮਲ ਕੀਤੀ। ਦਸਵੀ ਜਮਾਤ ਦਾ ਇਮਿਤਿਹਾਨ ਫਸਟ ਡਵੀਜਨ ਵਿੱਚ ਪਾਸ ਕੀਤਾ। ਦਸਵੀਂ ਜਮਾਤ ਦਾ ਇਮਿਤਿਹਾਨ ਪਾਸ ਕਰਨ ਮਗਰੋਂ ਭਾਈ ਗੁਰਪਾਲ ਸਿੰਘ ਪਾਲਾ ਨੇ ਨੈਸ਼ਨਲ ਕਾਲਜ ਨਕੋਦਰ ਵਿਖੇ ਦਾਖਲਾ ਲੈ ਲਿਆ। ਪਹਿਲੇ ਸਾਲ ਭਾਵ ਪ੍ਰੈੱਪ ਵਿੱਚ ਭਾਈ ਗੁਰਪਾਲ ਸਿੰਘ ਦਾ ਸਬੰਧ ਕਾਮਰੇਡਾਂ ਦੀ ਜਥੇਬੰਦੀ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (ਐੱਸ.ਐੱਫ.ਆਈ ) ਬਣ ਗਿਆ। ਭਾਈ ਗੁਰਪਾਲ ਸਿੰਘ ਪਾਲਾ ਦੀ ਲਿਆਕਤ ਨੂੰ ਦੇਖਦਿਆਂ ਉਸ ਨੂੰ ਕਾਮਰੇਡਾਂ ਦੀ ਇਸ ਜਥੇਬੰਦੀ ਦੇ ਸਰਕਲ ਦਾ ਜਨਰਲ ਸਕੱਤਰ ਬਣਾ ਦਿੱਤਾ ਗਿਆ। ਇਸੇ ਤਰਾਂ ਭਾਈ ਗੁਰਪਾਲ ਸਿੰਘ ਪਾਲਾ ਨੇ ਡੇਢ ਕੁ ਸਾਲ ਇਹਨਾਂ ਵਾਸਤੇ ਕੰਮ ਕੀਤਾ। ਜਦੋਂ ਪੰਜਾਬ ਦੀ ਫਿਜ਼ਾ ਨੂੰ ਦਮਦਮੀ ਟਕਸਾਲ ਦੇ ਜਥੇਦਾਰ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਧਰਮ ਦੇ ਰੰਗ ਵਿੱਚ ਰੰਗਿਆ ਜਾ ਰਿਹਾ ਸੀ ਤਾਂ ਇਸਦਾ ਅਸਰ ਹੋਰ ਸਿੱਖ ਨੌਜਵਾਨਾਂ ਵਾਂਗ ਭਾਈ ਗੁਰਪਾਲ ਸਿੰਘ ਪਾਲਾ ਤੇ ਵੀ ਹੋਇਆ। ਭਾਈ ਗੁਰਪਾਲ ਸਿੰਘ ਪਾਲਾ ਵੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮੈਂਬਰ ਬਣ ਗਿਆ ਅਤੇ ਜਥੇਬੰਦੀ ਦੀ ਗਤੀਵਿਧੀਆਂ ਵਿੱਚ ਬੜੀ ਹੀ ਸਰਗਰਮੀ ਨਾਲ ਹਿੱਸਾ ਲੈਣਾ ਅਰੰਭ ਕਰ ਦਿੱਤਾ। ਇਹ ਮੈਂਬਰਸ਼ਿੱਪ ਭਾਈ ਗੁਰਪਾਲ ਸਿੰਘ ਪਾਲਾ ਨੇ ਭਾਈ ਪਰਮਜੀਤ ਸਿੰਘ ਮੱਲੀ ਰਾਹੀਂ



ਪ੍ਰਾਪਤ ਕੀਤੀ। ਜਦੋਂ ਸਾਲ 1984 ਦਾ ਸਮਾਂ ਆਇਆ ਤਾਂ ਭਾਰਤ ਸਰਕਾਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸੰਨ ਤੇ ਪਬੰਦੀ ਲਗਾ ਦਿੱਤੀ। ਫੈਡਰੇਸਨ ਦੇ ਸਰਗਰਮ ਵਰਕਰਾਂ ਦੀ ਫੜੋ ਫੜਾਈ ਹੋਣ ਲੱਗ ਪਈ। ਕੁੱਝ ਮਹੀਨਿਆਂ ਬਾਅਦ ਹੀ ਭਾਰਤ ਸਰਕਾਰ ਨੇ ਟੈਂਕਾਂ ਅਤੇ ਤੋਪਾਂ ਨਾਲ ਲੈਸ ਭਾਰਤੀ ਫੌਜ ਦੁਆਰਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਅੱਤ ਵਹਿਸ਼ੀ ਹਮਲਾ ਕਰ ਦਿੱਤਾ। ਇਸ ਹਮਲੇ ਨਾਲ ਦੁਨੀਆਂ ਭਰ ਦੇ ਸਿੱਖਾਂ ਵਾਂਗ ਹੀ ਭਾਈ ਗੁਰਪਾਲ ਸਿੰਘ ਪਾਲਾ ਨੂੰ ਮਾਨਸਿਕ ਪੱਖ ਤੋਂ ਭਾਰੀ ਸੱਟ ਵੱਜੀ । ਉਸਨੂੰ ਭਾਰਤ ਦੇਸ਼ ਆਪਣਾ ਹੋਣ ਦੀ ਬਜਾਏ ਬਿਗਾਨਾ ਦੇਸ਼ ਪ੍ਰਤੀਤ ਹੋਣ ਲੱਗ ਪਿਆ। ਭਾਈ ਗੁਰਪਾਲ ਸਿੰਘ ਨੇ ਖਾੜਕੂ ਕਾਰਵਾਈਆਂ ਕਰਨ ਵਾਲੇ ਸਿੰਘਾਂ ਦਾ ਅੰਦਰ ਖਾਤੇ ਸਾਥ ਦੇਣਾ ਅਰੰਭ ਕਰ ਦਿੱਤਾ। ਪੰਜਾਬ ਦੇ ਗਰਵਰਨਰ ਵਲੋਂ ਜਦੋਂ 1985 ਦੌਰਾਨ ਖਾਲਸਾ ਪੰਥ ਦੇ ਪ੍ਰਗਟ ਦਿਹਾੜੇ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਪਬੰਦੀ ਹਟਾ ਲਈ ਗਈ ਤਾਂ ਪੰਜਾਬ ਭਰ ਦੇ ਕਾਲਜਾਂ ਵਿੱਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਯੂਨਿਟ ਬਣਾਉਣੇ ਅਰੰਭ ਕੀਤੇ ਗਏ ਤਾਂ ਭਾਈ ਗੁਰਪਾਲ ਸਿੰਘ ਪਾਲਾ ਨੇ ਬੜਾ ਹੀ ਸਰਗਰਮ ਰੋਲ ਅਦਾ ਕੀਤਾ। ਹਿੰਦੂਤਵੀਆਂ ਵਲੋਂ ਨਕੋਦਰ ਸ਼ਹਿਰ ਵਿੱਚ ਜਦੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਚਾਰ ਸਰੂਪ ਅਗਨ ਭੇਂਟ ਕਰ ਦਿੱਤੇ ਗਏ ਤਾਂ ਚਾਰ ਫਰਵਰੀ ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ, ਸੰਯੁਕਤ ਅਕਾਲੀ ਦਲ ਅਤੇ ਦਮਦਮੀ ਟਕਸਾਲ ਵਲੋਂ ਰੋਸ ਮਾਰਚ ਕੱਢਿਆ ਗਿਆ ਜਿਸ ਤੇ ਪੁਲਿਸ ਨੇ ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲੇ ਦੀ ਸ਼ਹਿ ਤੇ ਅੰਧਾ ਧੁੰਦ ਗੋਲੀਆਂ ਅਤੇ ਲਾਠੀਚਾਰਜ ਕਰ ਦਿੱਤਾ। ਚਾਰ ਸਿੰਘ ਸ਼ਹੀਦ ਅਤੇ ਅਨੇਕਾਂ ਜਖਮੀਂ ਹੋ ਗਏ ਇਸ ਰੋਸ ਮਾਰਚ ਵਿੱਚ ਭਾਈ ਗੁਰਪਾਲ ਸਿੰਘ ਪਾਲਾ ਜਿੱਥੇ ਖੁਦ ਸ਼ਾਮਲ ਹੋਇਆ ਉਥੇ ਉਸ ਨੇ ਪਿੰਡਾਂ ਪਿੰਡਾਂ ਤੋਂ ਸਿੱਖ ਸੰਗਤਾਂ ਨੂੰ ਇਸ ਰੋਸ ਮਾਰਚ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਜਦੋਂ ਇਸ ਗੋਲੀ ਕਾਂਡ ਵਿੱਚ ਸ਼ਹੀਦ ਭਾਈ ਝਲਮਣ ਸਿੰਘ ਪਿੰਡ ਗੋਰਸੀਆਂ ਦੇ ਗੋਲੀ ਲੱਗੀ ਤਾਂ ਉਸ ਵੇਲੇ ਭਾਈ ਗੁਰਪਾਲ ਸਿੰਘ ਪਾਲਾ ਬਿਲਕੁਲ ਉਸ ਦੇ ਨਜ਼ਦੀਕ ਸੀ। ਇਸ ਤੋ ਕੁੱਝ ਸਮੇਂ ਬਾਅਦ ਨੂਰਮਹਿਲ ਥਾਣੇ ਦਾ ਇੰਚਾਰਜ ਗੱਜਣ ਸਿੰਘ ਭਾਈ ਗੁਰਪਾਲ ਸਿੰਘ ਪਾਲਾ ਨੂੰ ਗ੍ਰਿਫਤਾਰ ਕਰਕੇ ਇੰਟੈਰੋਗੇਟ ਕਰਦਾ ਅਤੇ ਬਾਅਦ ਵਿੱਚ ਪਿਸਤੌਲ ਦੀ ਬਰਾਮਦੀ ਦਾ ਝੂਠਾ ਕੇਸ ਆਰਮਜ਼ ਐਕਟ ਅਧੀਨ ਪਾ ਕੇ ਜੇਲ੍ਹ ਵਿੱਚ ਦਿੰਦਾ। ਕੇਂਦਰੀ ਜੇਲ੍ਹ ਜਲੰਧਰ ਵਿੱਚ ਭਾਈ ਗੁਰਪਾਲ ਸਿੰਘ ਪਾਲਾ ਜਦੋਂ ਗਿਆ ਤਾਂ ਉਸ ਦੀ ਜਾਣ ਪਛਾਣ ਭੁਪਿੰਦਰ ਚਾਂਦੀ ਪਿੰਡ ਕੰਦੋਲਾ ਨਾਲ ਹੋ ਗਈ। ਭਾਵੇਂ ਕਿ ਇਹ ਜਾਣ ਪਛਾਣ ਸਰਸਰੀ ਹੀ ਸੀ ਪਰ ਇਹੀ ਜਾਣ ਪਛਾਣ ਭਾਈ ਗੁਰਪਾਲ ਸਿੰਘ ਪਾਲਾ ਦੀ ਸ਼ਹਾਦਤ ਦਾ ਕਾਰਨ ਬਣ ਗਈ। ਇਹ ਭੁਪਿੰਦਰ ਚਾਂਦੀ ਲੁੱਟਾਂ ਖੋਹਾਂ ਕਰਨ ਦੇ ਕੇਸਾਂ ਵਿੱਚ ਜਲੰਧਰ ਜੇਲ੍ਹ ਵਿੱਚ ਬੰਦ ਸੀ। ਜਦੋਂ ਇਹ ਰਿਹਾਅ ਹੋਇਆ ਤਾਂ ਪੁਲਿਸ ਨੇ ਇਸਨੂੰ ਕੈਟ ਬਣਾ ਲਿਆ ਅਤੇ ਬਕਾਇਦਾ ਹਥਿਆਰ ਦੇ ਦਿੱਤੇ। ਕਿਉਂ ਕਿ ਪੁਲਿਸ ਵਾਲੇ ਜਾਣਦੇ ਸਨ ਕਿ ਇਹ ਬੰਦਾ ਜੇਲ੍ਹ ਵਿੱਚ ਰਹਿ ਕੇ ਆਇਆ ਹੈ ਤਾਂ ਬਹੁਤ ਸਾਰੇ ਖਾੜਕੂਆਂ ਨੂੰ ਪਛਾਣਦਾ ਹੋਵੇਗਾ। ਸਾਡੇ ਇਲਾਕੇ ਵਿੱਚ ਇਸ ਕੈਟ ਭੁਪਿੰਦਰ ਚਾਂਦੀ ਨੇ ਬੜਾ ਹੀ ਗੰਦ ਪਾਇਆ ਸੀ ।

ਭਾਈ ਗੁਰਪਾਲ ਸਿੰਘ ਪਾਲਾ ਦਾ ਅਨੰਦ ਕਾਰਜ 16 ਸਤੰਬਰ 1990 ਵਾਲੇ ਪਿੰਡ ਜਗਤਪੁਤ ਦੇ ਰਹਿਣ ਵਾਲੇ ਸ੍ਰ ਬਲਵੀਰ ਸਿੰਘ ਅਤੇ ਮਾਤਾ ਹਰਬੰਸ ਕੌਰ ਦੀ ਸਪੁੱਤਰੀ ਬੀਬੀ ਹਰਮਿੰਦਰ ਕੌਰ ਨਾਲ ਹੋਇਆ ਸੀ। ਅਕਾਲ ਪੁਰਖ ਵਾਹਿਗੁਰੂ ਨੇ ਸਮਾਂ ਪਾ ਕੇ ਭਾਈ ਗੁਰਪਾਲ ਸਿੰਘ ਪਾਲਾ ਅਤੇ ਬੀਬੀ ਹਰਮਿੰਦਰ ਕੌਮ ਨੂੰ ਇੱਕ ਧੀ ਦੀ ਦਾਤ ਬਖਸ਼ਿਸ਼ ਕੀਤੀ। ਭਾਈ ਗੁਰਪਾਲ ਸਿੰਘ ਪਾਲਾ ਨੇ ਪੁਲਿਸ ਦਾ ਤਸ਼ੱਦਦ

ਬਾਕੀ ਸਫਾ 32 'ਤੇ

# ਨਵੀਂ ਸਿੱਖਿਆ ਨੀਤੀ- ਨਿੱਜੀਕਰਨ ਅਤੇ ਕੇਂਦਰੀਕਰਨ ਵੱਲ ਅਗਲਾ ਕਦਮ

## ਕਾਰਪੋਰੇਟ ਜਗਤ ਵਿਦਿਅਕ ਅਦਾਰਿਆਂ 'ਤੇ ਹਾਵੀ ਹੋਵੇਗਾ ਤੇ ਗਰੀਬ ਸਿੱਖਿਆ ਤੋਂ ਵਿਰਵੇ ਰਹਿਣਗੇ

**-ਗੁਰਮੀਤ ਸਿੰਘ ਪਲਾਹੀ** (9815802070)

ਕੋਰੋਨਾ ਕਾਲ ਵਿਚ ਇੱਕ ਤੋਂ ਬਾਅਦ ਇੱਕ ਨਵੇਂ ਆਰਡੀਨੈਂਸ, ਇੱਕ ਤੋਂ ਬਾਅਦ ਇੱਕ ਲੋਕ ਹਿੱਤਾਂ ਵਿਰੋਧੀ ਫ਼ੈਸਲੇ, ਇੱਕ ਤੋਂ ਬਾਅਦ ਇੱਕ ਹੋਰ ਕਦਮ ਸੂਬਿਆਂ ਦੇ ਅਧਿਕਾਰ ਖੋਹ ਕੇ ਉਹਨਾਂ ਨੂੰ ਕੇਂਦਰ ਅਧੀਨ ਕਰਨ ਦੇ, ਮੌਜੂਦਾ ਸਮੇਂ ਵਿਚ ਕੇਂਦਰ ਸਰਕਾਰ ਦੇ ਉਹ ਫ਼ੈਸਲੇ ਹਨ, ਜਿਹੜੇ ਸਿਆਸੀ ਪਕੜ ਮਜ਼ਬੂਤ ਕਰਨ ਲਈ ਲਏ ਗਏ ਹਨ। ਇਹ ਭਾਰਤੀ ਲੋਕਤੰਤਰਿਕ ਪ੍ਰਣਾਲੀ ਉਤੇ ਵੱਡੀ ਸੱਟ ਹਨ। ਖੇਤੀ ਸਬੰਧੀ ਤਿੰਨ ਆਰਡੀਨੈਂਸਾਂ ਦੀ ਸੱਟ ਹਾਲੀ ਲੋਕ ਭੁਲੇ ਨਹੀਂ, 370 ਧਾਰਾ ਖਤਮ ਕਰਨ ਦੀਆਂ ਚੀਸਾਂ ਲੋਕਾਂ ਨੂੰ ਤੜਫਾ ਰਹੀਆਂ ਹਨ, ਨੋਟ ਬੰਦੀ, ਜੀਐਸ ਟੀ ਦਾ ਭੈੜਾ ਪ੍ਰਭਾਵ ਹਾਲੀ ਲੋਕ ਚੇਤਿਆਂ ਵਿਚ ਜਿਉਂ ਦਾ ਤਿਉਂ ਹੈ। ਉਪਰੰਤ ਕੇਂਦਰੀ ਹਕੂਮਤ ਦੇ ਮੰਤਰੀ ਮੰਡਲ ਵਲੋਂ ਬਿਨ੍ਹਾਂ ਸੰਸਦ ਵਿੱਚ ਲਿਆਉਣ ਦੇ ਨਵੀਂ ਸਿੱਖਿਆ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦਾ ਖਰੜਾ ਕੁਝ ਸਮਾਂ ਪਹਿਲਾਂ ਦੇਸ਼ ਭਰ ਵਿਚ ਜਾਰੀ ਕੀਤਾ ਗਿਆ ਸੀ। ਕੀ ਇਸ ਖਰੜੇ ਸਬੰਧੀ ਦੇਸ਼ ਦੇ ਸਿੱਖਿਆ ਸ਼ਾਸ਼ਤਰੀਆਂ ਤੇ ਸਿੱਖਿਆ ਖੇਤਰ ਵਿਚ ਕੰਮ ਕਰ ਰਹੇ ਸਮਾਜ ਸੇਵਕਾਂ ਦੀ ਰਾਏ ਲਈ ਗਈ ? ਭਾਵੇਂ ਕਿ ਕਿਹਾ ਜਾ ਰਿਹਾ ਹੈ ਕਿ ਦੋ ਲੱਖ ਸੁਝਾਅ ਪ੍ਰਾਪਤ ਹੋਏ ਹਨ। 35 ਸਾਲ ਪਹਿਲਾਂ ਤੋਂ ਚਲੀ ਆ ਰਹੀ ਸਿੱਖਿਆ ਨੀਤੀ ਨੂੰ ਤਿਆਗ ਕੇ ਨਵੀਂ ਸਿੱਖਿਆ ਨੀਤੀ ਵਿਚ ਤਬਦੀਲੀ ਦੀ ਜ਼ਮੀਨ ਤਿਆਰ ਕਰਨ ਲਈ ਨਵੀਂ ਸਿੱਖਿਆ ਨੀਤੀ ਦਾ ਐਲਾਨ ਕਰ ਦਿੱਤਾ ਗਿਆ ਹੈ।

ਦੇਸ਼ ਵਿੱਚ 1986 ਦੀ ਸਿੱਖਿਆ ਨੀਤੀ ਚੱਲ ਰਹੀ ਸੀ, ਜਿਸ ਵਿੱਚ 1992 ਵਿਚ ਕੁਝ ਸੁਧਾਰ ਕੀਤੇ ਗਏ ਸਨ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਨਵੀਂ ਸਿੱਖਿਆ ਨੀਤੀ ਤਹਿਤ ਸਰਕਾਰ ਸਿੱਖਿਆ ਦੇ ਪੂਰੇ ਢਾਂਚੇ ਨੂੰ ਹੀ ਬਦਲਣ 'ਤੇ ਧਿਆਨ ਦੇਣਾ ਚਾਹੁੰਦੀ ਹੈ ਤਾਂ ਕਿ ਅਜਿਹਾ ਸਿਸਟਮ ਵਿਕਸਤ ਕੀਤਾ ਜਾ ਸਕੇ, ਜਿਹੜਾ 21ਵੀਂ ਸਦੀ ਦੇ ਨਿਸ਼ਾਨੇ ਦੇ ਹਿਸਾਬ ਨਾਲ ਹੋਵੇ ਤੇ ਭਾਰਤ ਦੀਆਂ ਪਰੰਪਰਾਵਾਂ ਨਾਲ ਵੀ ਜੁੜਿਆ ਰਹੇ। ਸਰਕਾਰ ਵਲੋਂ ਨਵੀਂ ਸਿੱਖਿਆ ਨੀਤੀ ਤਹਿਤ ਦੁਨੀਆ ਦੀਆਂ ਬਿਹਤਰੀਨ ਇੱਕ ਸੌ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਇੱਕ ਕਾਨੂੰਨ ਰਾਹੀਂ ਭਾਰਤ ਵਿੱਚ ਆਪਣੇ ਕੈਂਪਸ ਖੋਹਲਣ ਤੇ ਸਿੱਖਿਆ ਦੇਣ ਦੀ ਆਗਿਆ ਦਿੱਤੀ ਜਾਵੇਗੀ। ਪੀਪੀਪੀ ਮਾਡਲ ਸਕੂਲੀ ਸਿੱਖਿਆ ਨੂੰ ਉਤਸ਼ਾਹਤ ਕੀਤਾ ਜਾਵੇਗਾ। ਪਰ ਮੁੱਢਲਾ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਸ ਨਾਲ ਇਸ ਦੇਸ਼ ਦਾ ਗਰੀਬ ਤਬਕਾ ਸਿੱਖਿਆ ਪ੍ਰਾਪਤ ਕਰ ਸਕੇਗਾ, ਜਿਸਨੂੰ ਸਿੱਖਿਅਤ ਕਰਨ ਲਈ ਸਰਕਾਰ ਨੇ ਨਵੀਂ ਨੀਤੀ ਦਾ ਐਲਾਨ ਕੀਤਾ ਹੈ ?

ਦੇਸ਼ ਦੀ ਇਸ ਵੇਲੇ ਦੀ ਸਿੱਖਿਆ ਦਾ ਮੁਲਾਂਕਣ ਕਰੋ। ਦੇਸ਼ ਵਿੱਚ ਦੋ ਕਿਸਮ ਦੀ ਸਿੱਖਿਆ ਹੈ। ਇੱਕ ਉਹ ਜਿਹੜੀ ਪੰਜ ਤਾਰਾ ਪਬਲਿਕ ਸਕੂਲਾਂ, ਯੂਨੀਵਰਸਿਟੀਆਂ ਪ੍ਰਬੰਧਨ ਤੇ ਪ੍ਰਫੈਸ਼ਨਲ ਅਦਾਰਿਆਂ ਵਿਚ ਦਿੱਤੀ ਜਾ ਰਹੀ ਹੈ, ਜਿਥੇ ਡਾਕਟਰੀ, ਇੰਜੀਨੀਅਰ, ਆਈ ਏ.ਐਸ., ਐਮ.ਬੀ.ਏ. ਕਰਨ ਵਾਲੇ ਬੱਚਿਆਂ ਨੂੰ ਅੰਤਾਂ ਦੀਆਂ ਸਹੂਲਤਾਂ ਹਨ ਅਤੇ ਦੂਜੀ ਉਹ ਜਿਥੇ ਆਮ ਸਕੂਲਾਂ ਵਿਚ ਬੱਚੇ ਇਮਾਰਤਾਂ, ਟਾਇਲਟਾਂ, ਡੈਸਕਾਂ ਅਤੇ ਹੋਰ ਸਹੂਲਤਾਂ ਤੋਂ ਬਿਨ੍ਹਾਂ ਪੜ੍ਹਦੇ ਹਨ, ਇਥੋਂ ਤੱਕ ਕਿ ਪਹਿਲੀ ਤੋਂ ਪੰਜਵੀਂ ਤੱਕ ਦੇ ਪ੍ਰਾਇਮਰੀ ਸਕੂਲਾਂ ਦੀਆਂ ਪੰਜ ਕਲਾਸਾਂ ਪੜ੍ਹਾਉਣ ਲਈ ਇੱਕ ਅਧਿਆਪਕ ਮਸਾਂ ਸਿਖਦਾ ਹੈ ਭਾਵ ਸਕੂਲਾਂ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਅਨੁਪਾਤ ਪੂਰਾ ਨਹੀਂ ਹੈ। ਯੂਨੀਵਰਸਿਟੀਆਂ ਵਿੱਚ ਅਧਿਆਪਕ ਘੱਟ ਹਨ। ਐਡਹਾਕ ਤੇ ਗੈਸਟ ਟੀਚਰ ਅਸੁਰੱਖਿਅਤਾ ਦੀ ਭਾਵਨਾ ਵਿੱਚ ਪੜ੍ਹਾ ਰਹੇ ਹਨ। ਕੀ ਇਹੋ ਜਿਹੀ ਜ਼ਰਜ਼ਰ ਸਿੱਖਿਆ ਪ੍ਰਣਾਲੀ ਵਿਚ ਨਵੀਂ ਨੀਤੀ ਨੂੰ ਉਤਾਰਨਾ ਸੰਭਵ ਹੈ, ਜਿਥੇ ਪੰਜਵੀ ਤੇ ਦਸਵੀਂ ਦੇ ਵਿਦਿਆਰਥੀ ਦੂਜੀ ਜਮਾਤ ਦੇ ਸਵਾਲ ਹੱਲ ਨਹੀਂ ਕਰ ਪਾਉਂਦੇ।

ਦੇਸ਼ ਵਿੱਚ ਪ੍ਰਾਪਤ ਸਿੱਖਿਆ ਅੰਕੜਿਆਂ ਅਨੁਸਾਰ ਦੇਸ਼ ਵਿੱਚ ਕੁਲ ਸਰਕਾਰੀ ਸਕੂਲਾਂ ਵਿੱਚ 51,62,569 ਟੀਚਰਾਂ ਦੀਆਂ ਪੋਸਟਾਂ ਵਿੱਚੋਂ 41,40,374 ਭਰੀਆਂ ਹੋਈਆਂ ਹਨ। ਦਸ ਲੱਖ ਟੀਚਰਾਂ ਦੀਆਂ ਪੋਸਟਾਂ ਖਾਲੀ ਹਨ। 25 ਫ਼ੀਸਦੀ ਟੀਚਰ ਹਰ ਰੋਜ਼ ਡਿਊਟੀ ਤੋਂ ਗੈਰਹਾਜ਼ਰ ਰਹਿੰਦੇ ਹਨ। ਦੇਸ਼ ਦੇ 60 ਫ਼ੀਸਦੀ ਸਕੂਲ ਕੋਲ ਬਿਜਲੀ ਕੁਨੈਕਸ਼ਨ ਨਹੀਂ ਹੈ। ਦੇਸ਼ ਦੇ 28 ਫ਼ੀਸਦੀ ਸਕੂਲਾਂ ਕੋਲ ਕੰਪਿਊਟਰ ਹਨ (ਸਿਰਫ਼ 18 ਫ਼ੀਸਦੀ ਸਰਕਾਰੀ ਸਕੂਲਾਂ ਕੋਲ ਕੰਪਿਊਟਰ ਹਨ। ਦੇਸ਼ ਦੇ ਸਿਰਫ਼ 9 ਫ਼ੀਸਦੀ (4 ਫ਼ੀਸਦੀ ਸਰਕਾਰੀ) ਸਕੂਲਾਂ ਕੋਲ ਇੰਟਰਨੈੱਟ ਹੈ। ਦੇਸ਼ ਦੇ 57 ਫ਼ੀਸਦੀ ਸਕੂਲਾਂ ਕੋਲ ਖੇਡ ਮੈਦਾਨ ਹਨ। 40 ਫ਼ੀਸਦੀ ਸਕੂਲਾਂ ਦੀਆਂ ਬਾਊਂਡਰੀ ਕੰਧਾਂ ਨਹੀਂ ਹਨ। ਪਹਿਲੀ ਨਜ਼ਰ ਨਵੀਂ ਸਿੱਖਿਆ ਕੀਤੀ ਦਾ ਢਾਂਚਾ ਵਧੀਆ ਲਗਦਾ ਹੈ। ਪੁਰਾਣੀ ਜਮ੍ਹਾਂ ਦੋ ਜਮ੍ਹਾਂ ਤਿੰਨ ਦੇ ਹਿਸਾਬ ਨਾਲ ਵਿਦਿਆਰਥੀ ਪੜ੍ਹਦੇ ਸਨ। ਪਰ ਹੁਣ ਡਿਗਰੀ ਕੋਰਸ ਚਾਰ ਸਾਲ ਦਾ ਹੋਏਗਾ। ਵਿਦਿਆਰਥੀਆਂ ਨੂੰ ਆਪਣੀ ਪਸੰਦ ਦਾ ਵਿਸ਼ਾ ਚੁਨਣ ਦੀ ਆਜ਼ਾਦੀ ਹੋਏਗੀ। ਉਹ ਸਾਇੰਸ ਦੇ ਨਾਲ-ਨਾਲ ਕਲਾ ਸ਼ਿਲਪ ਵੀ ਪੜ੍ਹ ਸਕਦਾ ਹੈ। ਜੇਕਰ ਕੋਈ ਸਾਲ ਦੋ ਸਾਲ ਪੜ੍ਹ ਕੇ ਡਿਗਰੀ ਵਿੱਚ ਹੀ ਛੱਡ ਦਿੰਦਾ ਹੈ ਤਾਂ ਉਸਨੂੰ ਸਰਟੀਫਿਕੇਟ ਪ੍ਰਦਾਨ ਕੀਤਾ ਜਾਏਗਾ। ਇਹ ਨੀਤੀ ਅਮਰੀਕੀ ਮਾਡਲ ਦੇ ਬਹੁਤ ਨਜ਼ਦੀਕ ਹੈ। ਪਰ ਇਹ ਵੇਖਣਾ ਹੋਏਗਾ ਕਿ ਅਮਰੀਕੀ ਨਿੱਜੀ ਯੂਨੀਵਰਸਿਟੀਆਂ, ਭਾਰਤੀ ਨਿੱਜੀ ਯੂਨੀਵਰਸਿਟੀਆਂ ਵਰਗੀਆਂ ਨਹੀਂ ਹਨ ਜਿੱਥੇ ਅਧਿਆਪਕਾਂ ਨੂੰ ਪੂਰੀ ਤਨਖਾਹ ਨਹੀਂ ਦਿੱਤੀ ਜਾਂਦੀ।

### ਕੀ ਹੈ ਨਵੀਂ ਸਿੱਖਿਆ ਪ੍ਰੋਗਰਾਮ

ਆਉ ਨਵੀਂ ਸਿੱਖਿਆ ਨੀਤੀ ਵੱਲ ਝਾਤੀ ਮਾਰੀਏ ਨਵੀਂ ਸਿੱਖਿਆ ਨੀਤੀ ਅਨੁਸਾਰ 10+2 ਦੇ ਢਾਂਚੇ ਨੂੰ 5+3+3+4 ਦੇ ਚਾਰ ਪੱਧਰਾਂ ਵਿਚ ਬਦਲਿਆ ਜਾਵੇਗਾ। ਤੀਜੀ, ਪੰਜਵੀਂ ਤੇ ਅੱਠਵੀਂ ਜਮਾਤ ਨਾਲ ਸਬੰਧਤ ਆਥਾਰਟੀ ਪ੍ਰੀਖਿਆਵਾਂ ਕਰਵਾਏਗੀ। 10ਵੀਂ-12ਵੀਂ ਦੀਆਂ ਪ੍ਰੀਖਿਆਵਾਂ ਸਥਾਪਿਤ ਬੋਰਡ ਲਵੇਗਾ। ਪੂਰੀ ਉੱਚ ਸਿੱਖਿਆ ਨੂੰ ਇੱਕ ਦਾਇਰੇ ਵਿੱਚ ਲਿਆਉਣ ਲਈ ਹਾਇਰ ਐਜੂਕੇਸ਼ਨ ਕਮਿਸ਼ਨ ਆਫ਼ ਇੰਡੀਆ ਦਾ ਗਠਨ ਹੋਏਗਾ। ਸਰਕਾਰੀ ਤੇ ਨਿੱਜੀ ਸਾਰੀਆਂ ਉੱਚ ਸਿੱਖਿਆ ਸੰਸਥਾਵਾਂ ਵਿਚ ਇੱਕ ਹੀ ਤਰ੍ਹਾਂ ਦੇ ਨਿਯਮ ਲਾਗੂ ਹੋਣਗੇ। ਸਾਰੀਆਂ ਯੂਨੀਵਰਸਿਟੀਆਂ ਲਈ ਇੱਕ ਦਾਖ਼ਲਾ ਪ੍ਰੀਖਿਆ ਹੋਏਗੀ। ਨਵੀਂ ਸਿੱਖਿਆ 'ਚ ਇਹ ਤੈਅ ਕੀਤਾ ਜਾਏਗਾ ਕਿ ਕਿਸ ਕੋਰਸ ਦੀ ਕਿੰਨੀ ਫੀਸ ਹੋਏਗੀ ਤੇ ਇਹ ਉੱਚ ਸਿੱਖਿਆ ਮੰਤਰਾਲਾ ਤੈਅ ਕਰੇਗਾ। ਡੂੰਘੀ ਨਜ਼ਰ ਨਾਲ ਵੇਖਿਆਂ ਇਹ ਪਤਾ ਲੱਗਦਾ ਹੈ ਕਿ ਉੱਚ ਸਿੱਖਿਆ ਨੂੰ ਖੁਦਮੁਖ਼ਤਾਰ ਬਨਾਉਣ ਦੀ ਵਕਾਲਤ ਇਸ ਨਵੀਂ ਸਿੱਖਿਆ ਨੀਤੀ ਵਿਚ ਕੀਤੀ ਗਈ ਹੈ, ਜਿਹੜੀ ਸਿੱਖਿਆ ਦੇ ਨਿੱਜੀਕਰਨ ਵੱਲ ਵਧਦਾ ਵੱਡਾ ਕਦਮ ਹੈ। ਕੀ ਗਰੀਬ ਬੱਚੇ ਵਿਸ਼ਵ ਪੱਧਰੀ ਯੂਨੀਵਰਸਿਟੀਆਂ 'ਚ ਦਾਖਲਾ ਲੈ ਸਕਣਗੇ, ਕੀ ਸਿੱਖਿਆ ਦੀ ਪਹੁੰਚ ਆਮ ਆਦਮੀ ਤੱਕ ਰਹਿ ਸਕੇਗੀ ? ਇਹ ਸਪੱਸ਼ਟ ਹੈ ਕਿ ਕੋਰਸਾਂ ਦੀਆਂ ਫੀਸਾਂ ਵਧਣਗੀਆਂ। ਕੀ ਇਕ ਸਾਧਾਰਨ, ਦਰਮਿਆਨਾ ਤੇ ਹਲਕੇ ਪੱਧਰ ਦੀ ਆਮਦਨ ਵਾਲਾ ਪਰਿਵਾਰ 5-7 ਲੱਖ ਦੀ ਸਾਲਾਨਾ ਫੀਸ ਦੇ ਕੇ ਬੱਚੇ ਨੂੰ ਪੜ੍ਹਾ ਸਕੇਗਾ ? ਕੀ ਉਹ 20-22 ਜਾਂ 30 ਲੱਖ ਡਾਕਟਰੀ ਡਿਗਰੀ ਦੀ ਨਿਰਧਾਰਤ ਫੀਸ ਦੇ ਸਕੇਗਾ ? ਕੀ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਇਕ ਸਧਾਰਨ ਪਰਿਵਾਰ ਦਾ ਕੋਈ ਬੱਚਾ ਸਿੱਖਿਆ ਪ੍ਰਾਪਤ ਕਰ ਸਕੇਗਾ ?

ਨਵੀਂ ਸਿੱਖਿਆ ਨੀਤੀ ਵਿਚ ਦੋ ਤੋਂ ਅੱਠ ਸਾਲ ਦੀ ਉਮਰ ਵਿਚ ਸਥਾਨਕ ਭਾਸ਼ਾ ਤੋਂ ਇਲਾਵਾ ਤਿੰਨ ਹੋਰ ਭਾਸ਼ਾਵਾਂ ਵਿਚ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਨਵੀਂ ਸਿੱਖਿਆ ਨੀਤੀ ਵਿਚ ਵੀ ਸਕੂਲਾਂ 'ਚ ਤਿੰਨ ਭਾਸ਼ਾਵਾਂ ਦੀ ਧਾਰਨਾ ਨੂੰ ਚਾਲੂ ਰੱਖਿਆ ਜਾਵੇਗਾ। ਨਵੀਂ ਸਿੱਖਿਆ ਨੀਤੀ ਅਨੁਸਾਰ ਕੇਂਦਰ ਤੇ ਸੂਬੇ ਇਸ ਸਿੱਖਿਆ ਨੀਤੀ ਨੂੰ ਲਾਗੂ ਕਰਨਗੇ। ਭਾਸ਼ਾਵਾਂ ਪੜ੍ਹਾਉਣ ਲਈ 8 ਸਾਲ ਤੋਂ ਬਾਅਦ ਸੰਸਕ੍ਰਿਤ, ਪਾਲੀ, ਪ੍ਰਾਕਿਰਤ ਭਾਸ਼ਾ ਪੜ੍ਹਾਉਣ ਲਈ ਸਿੱਖਿਆ ਨੀਤੀ 'ਚ ਵਰਨਣ ਹੈ। ਪਰ ਕੀ ਸੂਬੇ ਇਸ ਨੂੰ ਲਾਗੂ ਕਰਨ ਲਈ ਮੰਨਣਗੇ ? ਆਂਧਰਾ ਪ੍ਰਦੇਸ਼ ਵਰਗੇ ਸੂਬਿਆਂ ਨੇ ਤਾਂ ਪਹਿਲੀ ਜਮਾਤ ਤੋਂ ਹੀ ਅੰਗਰੇਜ਼ੀ ਜ਼ਰੂਰੀ ਕਰ ਦਿੱਤੀ। ਭਾਵੇਂ ਕਿ ਹਰ ਸੂਬੇ ਲਈ ਇਕ ਖੁਦਮੁਖਤਿਆਰ, ਰਾਜ ਪੱਧਰੀ ਨੇਮਬੱਧ ਸੰਸਥਾ ਬਣਾਈ ਜਾਏਗੀ, ਪਰ ਰਾਸ਼ਟਰੀ ਪੱਧਰ 'ਤੇ ਰਾਸ਼ਟਰੀ ਸਿੱਖਿਆ ਆਯੋਗ ਪ੍ਰਧਾਨ ਮੰਤਰੀ ਦੀ ਅਗਵਾਈ ਵਿਚ ਸਿੱਖਿਆ ਢਾਂਚੇ ਨੂੰ ਵਿਕਸਤ ਕਰਨ, ਘੜਨ, ਲਾਗੂ ਕਰਨ ਤੇ ਸੋਧ ਕਰਨ ਲਈ ਬਣਾਉਣ ਦੀ ਵਿਵਸਥਾ ਸਿੱਖਿਆ ਨੀਤੀ 'ਚ ਕੀਤੀ ਗਈ ਹੈ। ਅਰਥਾਤ ਉੱਚ ਸਿੱਖਿਆ ਸੰਸਥਾਵਾਂ ਦੀ ਗੁਣਵੱਤਾ ਅਤੇ ਇਕਸਾਰਤਾ ਦੇ ਨਾਮ ਉੱਤੇ ਕੇਂਦਰੀਕਰਨ ਕਰ ਦਿੱਤੇ ਜਾਣ ਦਾ ਪ੍ਰਬੰਧ ਸਿੰਗਲ ਰੈਗੂਲੇਟਰ ਬਣਾ ਕੇ ਕੀਤੇ ਜਾਣ ਦਾ ਰਾਹ ਪੱਧਰਾ ਕਰ ਦਿੱਤਾ ਗਿਆ ਹੈ। ਇਹ ਸਿੰਗਲ ਰੈਗੂਲੇਟਰ ਯੂ.ਜੀ.ਸੀ. ਤੇ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਨੂੰ ਭੰਗ ਕਰਕੇ ਬਣਾਇਆ ਜਾਏਗਾ, ਜਿਹੜਾ ਦੇਸ਼ ਭਰ ਵਿਚ ਯੂਨੀਵਰਸਿਟੀਆਂ ਕਾਲਜਾਂ ਨੂੰ ਗ੍ਰਾਂਟਾਂ, ਐਫੀਲੀਏਸ਼ਨ, ਮਾਨਤਾ, ਸਟੈਂਡਰਡ ਆਦਿ ਲਈ ਜ਼ਿੰਮੇਵਾਰ ਹੋਏਗਾ।

ਨਵੀਂ ਸਿੱਖਿਆ ਨੀਤੀ ਸਿੱਖਿਆ ਉੱਤੇ ਜੀ.ਡੀ.ਪੀ. ਦਾ 6 ਫੀਸਦੀ ਖਰਚ ਕਰਨ ਦੀ ਬਾਤ ਪਾਉਂਦੀ ਹੈ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕੇਂਦਰ ਤੇ ਸੂਬਾ ਸਰਕਾਰ ਸਿੱਖਿਆ ਉੱਤੇ ਖਰਚ ਲਈ ਲਗਾਤਾਰ ਹੱਥ ਖਿੱਚ ਰਹੀਆਂ ਹਨ। 6 ਫੀਸਦੀ ਸਿੱਖਿਆ ਉੱਤੇ ਖਰਚੇ ਦਾ ਟੀਚਾ ਤਾਂ 1960 ਵਿਚ ਸਿੱਖਿਆ ਨਾਲ ਸਬੰਧਤ ਕੋਠਾਰੀ ਕਮਿਸ਼ਨ 'ਚ ਮਿਥਿਆ ਗਿਆ ਸੀ, ਪਰੰਤੂ 2012-13 ਵਿਚ ਸਿੱਖਿਆ ਉੱਤੇ ਖਰਚ 3.1 ਫੀਸਦੀ ਸੀ ਜੋ ਮੋਦੀ ਸਰਕਾਰ ਵੇਲੇ 2014-15 ਵਿਚ 2.8 ਫੀਸਦੀ, 2015-16 ਵਿਚ 2.4 ਫੀਸਦੀ ਰਹਿ ਗਿਆ। ਸਿੱਖਿਆ ਨੀਤੀ ਨੂੰ ਕੈਬਨਿਟ ਵਿਚ ਪਾਸ ਕਰਦਿਆਂ ਮੋਦੀ ਸਰਕਾਰ ਨੇ ਸਿੱਖਿਆ ਖਰਚੇ ਲਈ ਜੀ.ਡੀ.ਪੀ. ਦਾ 6 ਫੀਸਦੀ ਸਰਕਾਰ ਵੱਲੋਂ ਖਰਚ ਕਰਨ ਲਈ ਚੁੱਪੀ ਸਾਧੀ ਰੱਖੀ। ਸਰਕਾਰ ਦੀ ਮਨਸ਼ਾ ਇਹ ਤਾਂ ਨਹੀਂ ਕਿ ਸਰਕਾਰ ਵੱਲੋਂ 2 ਜਾਂ 3 ਫੀਸਦੀ ਤੇ ਬਾਕੀ ਪ੍ਰਾਈਵੇਟ ਸੈਕਟਰ ਸਿੱਖਿਆ ਅਦਾਰਿਆਂ ਜੋ ਕਾਰਪੋਰੇਟ ਸੈਕਟਰ ਵੱਲੋਂ ਚਲਾਏ ਜਾ ਰਹੇ ਹਨ ਵੱਲੋਂ ਇਕੱਤਰ ਕੀਤੀਆਂ ਵੱਡੀਆਂ ਫੀਸਾਂ ਨਾਲ ਪੂਰਾ ਕੀਤਾ ਜਾਏਗਾ। ਇਹੀ ਤਾਂ ਕਾਰਨ ਹੈ ਕਿ ਦੇਸ਼ ਦੀਆਂ ਖੱਬੇ ਪਾਰਟੀਆਂ ਕਾਂਗਰਸ ਤੇ 'ਆਪ' ਪਾਰਟੀ ਨੇ ਇਸ ਨੀਤੀ ਦਾ ਵਿਰੋਧ ਕੀਤਾ ਹੈ, ਪਰ ਆਰ.ਐਸ.ਐਸ. ਤੇ ਵੱਡੇ ਘਰਾਣਿਆਂ ਵੱਲੋਂ ਚਲਾਏ ਜਾ ਰਹੇ ਵਿਦਿਅਕ ਅਦਾਰਿਆਂ ਨਾਲ ਸਬੰਧਤ ਸਿੱਖਿਆ ਸ਼ਾਸ਼ਤਰੀਆਂ, ਪ੍ਰਬੰਧਕਾਂ ਨੇ ਇਸ ਸਿਖਿਆ ਨੀਤੀ ਨੂੰ ਜੀਅ ਆਇਆਂ ਕਿਹਾ ਹੈ, ਜਿਹੜੀ ਕਿ ਅਸਲ ਵਿਚ ਇਕ ਚੋਣ ਮੈਨੀਫੈਸਟੋ ਵਾਂਗ ਤਿਆਰ ਕੀਤੀ ਗਈ ਹੈ।

ਹੈਰਾਨੀ ਭਰੀ ਗੱਲ ਤਾਂ ਇਸ ਤੋਂ ਅੱਗੇ ਸ਼ੁਰੂ ਹੁੰਦੀ ਹੈ। ਇਸ ਨਵੀਂ ਸਿੱਖਿਆ ਨੀਤੀ ਵਿਚ ਰਾਈਟ ਟੂ ਐਜੂਕੇਸ਼ਨ ਦਾ ਜ਼ਿਕਰ ਇਕ ਵੇਰ ਵੀ ਨਹੀਂ ਕੀਤਾ ਗਿਆ। ਇਹ ਡਾਕੂਮੈਂਟ ਜੋ ਪਹਿਲਾਂ ਖਰੜੇ ਦੇ ਰੂਪ 'ਚ ਲੋਕਾਂ ਸਾਹਮਣੇ ਪੇਸ਼ ਕੀਤਾ ਗਿਆ। ਕਿਹਾ ਜਾ ਰਿਹਾ ਹੈ ਕਿ ਦੋ ਲੱਖ ਸੁਝਾਅ ਇਸ ਸਬੰਧੀ ਪਬਲਿਕ ਵੱਲੋਂ ਪ੍ਰਾਪਤ ਹੋਏ। ਇਸ ਡਾਕੂਮੈਂਟ ਵਿਚ ਭਾਰੀ ਚੀਜ਼ਾਂ ਹਨ, ਵੋਕੇਸ਼ਨਲ ਸਿੱਖਿਆ ਦਾ ਜ਼ਿਕਰ ਵੀ ਹੈ, ਮਾਤ ਭਾਸ਼ਾ ਦੀ ਗੱਲ ਵੀ ਲਿਖੀ ਹੈ, ਉੱਚ ਸਿੱਖਿਆ ਪ੍ਰਾਪਤੀ ਲਈ ਸੌਖੇ ਢੰਗ ਵੀ ਸੁਝਾਏ ਹਨ, ਵਿਦੇਸ਼ੀ ਯੂਨੀਵਰਸਿਟੀ ਦੀ ਉੱਚ ਪੱਧਰੀ ਸਿੱਖਿਆ ਦੇ ਸੋਹਲੇ ਵੀ ਗਾਏ ਗਏ ਹਨ, ਪਰ ਭਾਰਤ ਦੇ ਹਰ ਨਾਗਰਿਕ ਲਈ ਬਣਾਏ "ਬਰਾਬਰ ਦੀ ਸਿੱਖਿਆ" ਦੇ ਅਧਿਕਾਰ ਦੀ ਗੱਲ ਕਰਨ ਤੋਂ ਕੰਨੀ ਕਤਰਾਈ ਗਈ ਹੈ।

ਭਾਵੇਂ ਕਿ ਹੁਣ ਵੀ ਰਾਈਟ ਟੂ ਐਜੂਕੇਸ਼ਨ ਦਾ ਐਕਟ ਪਾਸ ਹੈ ਪਰ ਗਰੀਬ ਤੇ ਅਮੀਰ ਬੱਚਿਆਂ ਲਈ ਇਕੋ ਜਿਹੀ ਸਿੱਖਿਆ ਦਾ ਪ੍ਰਬੰਧ ਨਹੀਂ ਹੈ। ਇਹ ਨਵੀਂ ਸਿੱਖਿਆ ਨੀਤੀ 'ਚ ਵੀ ਗਾਇਬ ਕਿਉਂ ਹੈ ? ਇਸ ਬਾਰੇ ਕੋਈ ਸ਼ੰਕਾ ਮਨ ਵਿਚ ਨਹੀਂ ਰੱਖਿਆ ਜਾਣਾ ਚਾਹੀਦਾ ਕਿਉਂਕਿ ਸਰਕਾਰ ਸਿੱਖਿਆ ਨੂੰ ਵੀ ਕਮਾਈ ਦੇ ਸਾਧਨ ਵਜੋਂ ਵਰਤੇ ਜਾਣ ਦੇ ਪੱਖ ਦੀ ਧਾਰਨੀ ਹੈ। ਨਵੀਂ ਸਿੱਖਿਆ ਨੀਤੀ ਵਾਰ-ਵਾਰ ਅਤੇ ਲਗਾਤਾਰ ਪ੍ਰਾਈਵੇਟ ਪਾਰਟਨਰ ਦੀ ਗੱਲ ਕਰਦੀ ਹੈ ਕਾਮਨ ਸਕੂਲ ਸਿਸਟਮ ਦੀ ਗੱਲ ਨਹੀਂ ਕਰਦੀ।

ਅੱਜ ਜਦ ਕੋਵਿਟ-2019 ਦਾ ਦੌਰ ਹੈ, ਦੇਸ਼ ਦੇ 70 ਫੀਸਦੀ ਬੱਚੇ ਆਨਲਾਈਨ ਸਿੱਖਿਆ ਤੋਂ ਵਾਂਝੇ ਹਨ ਕਿਉਂਕਿ ਡਿਜ਼ੀਟਲ ਸਿੱਖਿਆ ਲਈ ਬੁਨਿਆਦੀ ਢਾਂਚਾ, ਮੋਬਾਇਲ ਫ਼ੋਨ ਤਾਂ ਉਹਨਾਂ ਕੋਲ ਉਪਲਬਧ ਹੈ ਹੀ ਨਹੀਂ, ਸਗੋਂ ਦੁਪਿਹਰ ਦਾ ਭੋਜਨ, ਜੋ ਉਹਨਾਂ ਨੂੰ ਸਕੂਲਾਂ 'ਚ ਮਿਲਦਾ ਸੀ, ਉਸ ਤੋਂ ਵੀ ਵਾਂਝੇ ਹੋਏ ਬੈਠੇ ਹਨ। ਕੀ ਇਹੋ ਜਿਹੇ ਹਾਲਾਤਾਂ ਵਿਚ ਹਾਕਮ ਧਿਰ ਉਹਨਾਂ ਨਾਲ ਹੋ ਰਹੇ ਵਿਤਕਰੇ ਦੇ ਖਾਤਮੇ ਲਈ ਕੁਝ ਸਾਰਥਕ ਕਰਨ ਦੀ ਸਮਰੱਥਾ ਰੱਖਦੀ ਹੈ ਜਾਂ ਫੋਕੇ ਦਮਗਜੇ ਮਾਰ ਕੇ ਸਿਰਫ਼ ਲੋਕਾਂ ਦੀ ਦੁਖਦੀ ਰਗ ਨੂੰ ਹੋਰ ਦੁੱਖ ਦੇਣ ਦਾ ਰਾਹ ਫੜਦੀ ਹੈ। ਜਿਸ ਰਾਈਟ ਟੂ ਐਜੂਕੇਸ਼ਨ ਦੀ ਗੱਲ ਸਰਕਾਰਾਂ ਵੱਲੋਂ ਲਗਾਤਾਰ ਕੀਤੀ ਜਾਂਦੀ ਹੈ, ਸਭਨਾਂ ਲਈ ਸਿੱਖਿਆ ਦਾ ਟੀਚਾ ਪੂਰਾ ਕਰਨ ਦੀਆਂ ਬਾਤਾਂ ਪਾਈਆਂ ਜਾਂਦੀਆਂ ਹਨ, ਪਰ ਪਿਛਲੇ 10 ਸਾਲਾਂ ਵਿਚ ਸਿਰਫ਼ 12.6 ਫੀਸਦੀ ਦਾ ਟੀਚਾ ਹੀ ਅਸਲੋਂ ਪੂਰਾ ਕੀਤਾ ਜਾ ਸਕਿਆ ਹੈ।

ਸਿੱਖਿਆ ਨੀਤੀ 'ਚ ਵੋਕੇਸ਼ਨਲ ਸਿੱਖਿਆ ਨੂੰ ਧੁਰਾ ਬਣਾ ਕੇ ਪ੍ਰਚਾਰਿਆ ਜਾ ਰਿਹਾ ਹੈ, ਇਹ ਸੋਚੇ ਤੋਂ ਬਿਨਾਂ ਹੀ ਕਿ ਵਿਦਿਆਰਥੀ ਨੂੰ ਮੁਢਲੇ ਸਾਲਾਂ 'ਚ ਕਿੱਤਾ ਸਿਖਲਾਈ, ਉਸਨੂੰ ਕਿੱਤੇ ਵੱਲ ਧੱਕ ਕੇ, ਕਮਾਈ ਦੇ ਰਸਤੇ ਪਾ ਦਏਗੀ, ਪਰ ਅਸਲ ਸਿੱਖਿਆ ਤੋਂ ਵਾਂਝੇ ਕਰ ਦੇਵੇਗੀ ਅਤੇ ਸਿੱਖਿਆ ਦਾ ਅਸਲ ਮੰਤਵ, ਜੋ ਮਨੁੱਖ ਨੂੰ ਸੁਚੱਜੀਆਂ ਕਦਰਾਂ ਕੀਮਤਾਂ ਸਿਖਾਉਂਦਾ ਹੈ, ਉਸ ਤੋਂ ਉਸਨੂੰ ਵਿਰਵਾ ਕਰ ਦਏਗੀ। ਨਵੀਂ ਸਿੱਖਿਆ ਨੀਤੀ ਨੂੰ ਸੰਸਦ ਦੇ ਦੋਹਾਂ ਸਦਨਾਂ ਵਿਚ ਵਿਚਾਰਨ ਦੀ ਲੋੜ ਹੈ।

# ਲੰਮੀ ਉਡੀਕ ਮਗਰੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਡਾ. ਯੋਗਰਾਜ ਦੇ ਰੂਪ ਵਿਚ ਮਿਲਿਆ ਪੱਕਾ ਚੇਅਰਮੈਨ



ਅੰਮ੍ਰਿਤਸਰ ਟਾਈਮਜ਼ ਬਿਊਰੋ- ਪੰਜਾਬ ਵਿਚ ਸਕੂਲੀ ਸਿੱਖਿਆ ਲਈ ਜ਼ਿੰਮੇਵਾਰ ਵਿਭਾਗ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਲੰਮੀ ਉਡੀਕ ਮਗਰੋਂ ਅਖੀਰ ਹੁਣ ਪੱਕਾ ਚੇਅਰਮੈਨ ਮਿਲ ਗਿਆ ਹੈ। ਸੂਬਾ ਸਰਕਾਰ ਵੱਲੋਂ ਉੱਘੇ ਸਿੱਖਿਆ ਸ਼ਾਸਤਰੀ ਡਾ. ਯੋਗਰਾਜ (59) ਨੂੰ ਸਕੂਲ ਬੋਰਡ ਦਾ ਚੇਅਰਮੈਨ ਲਗਾਇਆ ਗਿਆ ਹੈ।

ਪੰਜਾਬ ਦੇ ਰਾਜਪਾਲ ਵੱਲੋਂ 29 ਜੁਲਾਈ ਨੂੰ ਅਧਿਸੂਚਨਾ ਜਾਰੀ ਕਰਦਿਆਂ ਡਾ. ਯੋਗਰਾਜ ਨੂੰ ਸਿੱਖਿਆ ਬੋਰਡ ਦਾ ਚੇਅਰਮੈਨ ਨਿਯੁਕਤ ਕਰਨ ਦੇ ਹੁਕਮ ਜਾਰੀ ਕੀਤੇ ਗਏ।

ਡਾਕਟਰ ਯੋਗਰਾਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਰਿਵਾਰ ਦੇ ਨੇੜੇ ਮੰਨਿਆ ਜਾਂਦਾ ਹੈ। ਡਾ. ਯੋਗਰਾਜ ਆਪਣੇ ਵਿਦਿਆਰਥੀ ਜੀਵਨ ਵਿਚ ਵਿਦਿਆਰਥੀ ਰਾਜਨੀਤੀ ਦਾ ਵੀ ਸਰਗਰਮ ਹਿੱਸਾ ਰਹੇ ਹਨ ਤੇ ਉਹਨਾਂ ਆਪਣੀ ਦਸਵੀਂ ਜਮਾਤ ਵੀ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕੀਤੀ ਹੈ।

ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀਐੱਚਡੀ ਕੀਤੀ। ਇੱਥੋਂ ਹੀ ਐਮਏ ਪੰਜਾਬੀ/ਹਿੰਦੀ ਕੀਤੀ। ਉੱਚ ਸਿੱਖਿਆ ਹਾਸਲ ਕਰਨ ਉਪਰੰਤ ਉਹ ਗਾਂਧੀ ਮੈਮੋਰੀਅਲ ਨੈਸ਼ਨਲ ਕਾਲਜ ਅੰਬਾਲਾ ਕੈਂਟ ਵਿੱਚ 08-09-1987 ਤੋਂ 31-03-1988 ਤੱਕ ਲੈਕਚਰਾਰ ਰਹੇ। 25-07-1989 ਤੋਂ 11-05-1994 (4 ਸਾਲ 10 ਮਹੀਨੇ) ਤੱਕ ਵਾਈਪੀਐਸ ਪਟਿਆਲਾ ਵਿੱਚ ਅਧਿਆਪਕ ਰਹੇ। ਕਰੀਬ 30 ਸਾਲ ਦਾ ਤਜਰਬਾ ਰੱਖਣ ਵਾਲੇ ਡਾਕਟਰ ਯੋਗਰਾਜ ਸਾਢੇ 18 ਸਾਲ ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪ੍ਰੋਫੈਸਰ ਅਤੇ ਪੰਜਾਬੀ ਵਿਕਾਸ ਵਿਭਾਗ ਦੇ ਮੁਖੀ ਹਨ ਅਤੇ ਕੁੱਝ ਦਿਨ ਪਹਿਲਾਂ ਹੀ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰਜਿਸਟਰਾਰ ਦਾ ਵਾਧੂ ਚਾਰਜ ਦਿੱਤਾ ਗਿਆ ਸੀ।

ਪੰਜਾਬ ਦੇ ਤਤਕਾਲੀ ਮੁੱਖ ਸਕੱਤਰ ਦੀ ਅਗਵਾਈ ਵਾਲੀ ਵਿਸ਼ੇਸ਼ ਕਮੇਟੀ ਨੇ ਜੁਲਾਈ ਦੇ ਪਹਿਲੇ ਹਫ਼ਤੇ ਚੇਅਰਮੈਨ ਦੀ ਨਿਯੁਕਤੀ ਲਈ ਪੰਜ ਉਮੀਦਵਾਰ ਸ਼ਾਟ ਲਿਸਟ ਕੀਤੇ ਸਨ, ਜਿਨ੍ਹਾਂ ਵਿੱਚ ਡਾ. ਯੋਗਰਾਜ ਦਾ ਨਾਮ ਸਭ ਤੋਂ ਉੱਤੇ ਸੀ। ਪਿਛਲੇ ਸਾਲ ਤੋਂ ਬੋਰਡ ਦਾ ਕੰਮ ਰੱਬ ਆਸਰੇ ਚੱਲ ਰਿਹਾ ਸੀ। ਬੀਤੀ 25 ਨਵੰਬਰ 2019 ਨੂੰ ਬੋਰਡ ਦੇ ਤਤਕਾਲੀ ਚੇਅਰਮੈਨ ਮਨੋਹਰ ਕਾਂਤ ਕਲੋਹੀਆ ਦੀ ਉਮਰ 66 ਸਾਲ ਦੀ ਹੋਣ ਕਾਰਨ ਉਹ ਇਕ ਦਿਨ ਪਹਿਲਾਂ 24 ਨਵੰਬਰ ਨੂੰ ਛੁੱਟੀ 'ਤੇ ਚਲੇ ਗਏ ਸੀ। ਇਸ ਮਗਰੋਂ ਸਰਕਾਰ ਵੱਲੋਂ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਬੋਰਡ ਦਾ ਦਫ਼ਤਰੀ ਕੰਮ ਚਲਾਉਣ ਲਈ ਚੇਅਰਮੈਨ ਦਾ ਵਾਧੂ ਚਾਰਜ ਦਿੱਤਾ ਗਿਆ ਸੀ।

# ਜ਼ਹਿਰੀਲੀ ਸ਼ਰਾਬ ਦਾ ਧੰਦਾ; 125 ਮੌਤਾਂ, ਕਈਆਂ ਨੇ ਗੁਆਈ ਅੱਖਾਂ ਦੀ ਰੌਸ਼ਨੀ



**✪ ਮਾਝੇ ਦੇ ਪਿੰਡਾਂ-ਮੁਹੱਲਿਆਂ ਵਿਚ ਸ਼ਰੇਆਮ ਵਿਕਦੀਆਂ ਹਨ 20-20 ਰੁਪਏ ਦੀਆਂ ਨਕਲੀ ਸ਼ਰਾਬ ਦੀਆਂ 'ਥੈਲੀਆਂ' ✪ ਪੰਜਾਬ ਵਿਚ ਗੈਰ ਕਾਨੂੰਨੀ ਨਸ਼ੇ ਦਾ ਕਾਰੋਬਾਰ ਤਿੰਨ ਹਜ਼ਾਰ ਕਰੋੜ ਰੁਪਏ ਦੇ ਆਸ ਪਾਸ ਪਹੁੰਚਿਆ ਤੇ ਹਰ ਸਾਲ ਵਿਕਦੀ ਏ ਦੋ ਹਜ਼ਾਰ ਕਰੋੜ ਦੀ ਨਾਜਾਇਜ਼ ਸ਼ਰਾਬ**

-ਬਘੇਲ ਸਿੰਘ ਧਾਲੀਵਾਲ
99142-58142



ਪੰਜਾਬ ਦੇ ਤਰਨ ਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ, ਲੁਧਿਆਣਾ, ਮੋਗਾ, ਪਟਿਆਲਾ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮਰਨ ਵਾਲਿਆਂ ਦੀ ਗਿਣਤੀ 125 ਤੱਕ ਪਹੁੰਚ ਗਈ ਹੈ। ਜ਼ਿਲ੍ਹਾ ਤਰਨ ਤਾਰਨ ਵਿਚ ਪਿਛਲੇ ਤਿੰਨ ਦਿਨਾਂ ਵਿਚ ਮਰਨ ਵਾਲਿਆਂ ਦੀ ਗਿਣਤੀ 93 ਹੋ ਗਈ ਹੈ। ਤਰਨ ਤਾਰਨ ਤੋਂ ਇਲਾਵਾ ਅੰਮ੍ਰਿਤਸਰ ਜ਼ਿਲ੍ਹੇ ਦੇ ਜੰਡਿਆਲਾ ਗੁਰੂ ਵਿੱਚ ਹੁਣ ਤੱਕ 13 ਅਤੇ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਵਿਚ 15 ਮੌਤਾਂ ਹੋ ਚੁੱਕੀਆਂ ਹਨ।

ਇਥੋਂ ਤੱਕ ਕਿ ਮਾਝੇ ਦੇ ਇਕ ਵਿਧਾਇਕ ਸਿੱਕੀ ਦੇ ਪੀ.ਏ. ਦਾ ਨਾਂਅ ਵੀ ਪੀੜਤ ਪਰਿਵਾਰਾਂ ਵਲੋਂ ਖੁੱਲ੍ਹ ਕੇ ਲਿਆ ਜਾ ਰਿਹਾ ਹੈ ਤੇ ਉਸ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵੱਲੋਂ ਯੂਥ ਵਿੰਗ ਦੇ ਪ੍ਰਧਾਨ ਪਰਮਬੰਸ ਸਿੰਘ ਉਰਫ਼ ਬੰਟੀ ਰੋਮਾਣਾ ਦੀ ਅਗਵਾਈ ਵਿੱਚ ਪਿੰਡ ਭੁੱਲਰ ਦੇ ਇਕ ਪੀੜਤ ਪਰਿਵਾਰ ਦੀ ਔਰਤ ਕੰਵਲਜੀਤ ਕੌਰ ਨੇ ਵਿਧਾਇਕ ਰਮਨਜੀਤ ਸਿੰਘ ਸਿੱਕੀ ਤੇ ਉਸ ਦੇ ਨਿੱਜੀ ਸਹਾਇਕ ਜਰਮਨਜੀਤ ਸਿੰਘ ਖਿਲਾਫ਼ ਸ਼ਿਕਾਇਤ ਦਿੱਤੀ। ਉਸ ਨੇ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਇਸ ਕਾਰਨਾਮੇ ਪਿੱਛੇ ਹਾਕਮ ਧਿਰ ਦੇ ਆਗੂਆਂ ਦਾ ਹੀ ਹੱਥ ਹੈ।

ਡੀਜੀਪੀ ਦਿਨਕਰ ਗੁਪਤਾ ਅਨੁਸਾਰ ਅੱਠ ਹੋਰ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚ ਲੁਧਿਆਣਾ ਪੇਂਟ ਵਪਾਰੀ ਰਾਜੇਸ਼ ਜੋਸ਼ੀ ਵੀ ਸ਼ਾਮਲ ਹੈ। ਜੋਸ਼ੀ ਨੇ ਜ਼ਹਿਰੀਲੀ ਸ਼ਰਾਬ ਬਣਾਉਣ ਲਈ ਵਰਤੇ ਜਾਂਦੇ ਤਿੰਨ ਡਰਮਾਂ ਦੀ ਸਪਲਾਈ ਕੀਤੀ। ਜੰਡਿਆਲਾ ਦਾ ਗੋਬਿੰਦਰ ਉਰਫ ਗੋਬਿੰਦਾ ਪਹਿਲਾਂ ਹੀ ਗ੍ਰਿਫਤਾਰ ਹੋ ਚੁੱਕਾ ਹੈ।

ਪੁਲੀਸ ਨੇ ਨਾਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲੀਆਂ ਪੰਜ ਔਰਤਾਂ ਸਮੇਤ ਹੁਣ ਤੱਕ 50 ਦੇ ਕਰੀਬ ਦੋਸ਼ੀ ਫੜੇ ਹਨ, ਪਰ ਵੱਡਾ ਦੋਸ਼ੀ ਅਜੇ ਤੱਕ ਗ੍ਰਿਫ਼ਤਾਰ ਨਹੀਂ ਹੋ ਸਕਿਆ ਜੋ ਇਨ੍ਹਾਂ ਦੀ ਰਾਜਨੀਤਕ ਸੁਰੱਖਿਆ ਕਰਦਾ ਹੈ। ਇਨ੍ਹਾਂ ਦੋਸ਼ੀਆਂ ਖਿਲਾਫ਼ ਆਬਕਾਰੀ ਐਕਟ ਅਧੀਨ ਕੇਸ ਦਰਜ ਕੀਤੇ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਮਾਮਲੇ ਵਿਚ ਬੀਤੇ ਦਿਨੀਂ 7 ਆਬਕਾਰੀ ਤੇ ਕਰ ਅਧਿਕਾਰੀ ਤੇ ਇੰਸਪੈਕਟਰ ਤੇ ਪੰਜਾਬ ਪੁਲਿਸ ਦੇ 2 ਡੀਐਸਪੀਜ਼ ਤੇ 4 ਐਸ.ਐਚ.ਓਜ਼. ਨੂੰ ਮੁਅੱਤਲ ਕਰਕੇ ਇਨ੍ਹਾਂ ਖਿਲਾਫ਼ ਜਾਚ ਦੇ ਹੁਕਮ ਦਿੱਤੇ ਹਨ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ। ਪੀੜਤ ਲੋਕਾਂ ਦਾ ਕਹਿਣਾ ਹੈ ਕਿ ਸ਼ਰਾਬ ਵੇਚਣ ਵਾਲਿਆਂ ਨੂੰ ਫੜਨਾ ਤਾਂ ਦੂਰ ਪੁਲਿਸ ਪਿੰਡ ਵਿਚ ਗੇੜਾ ਵੀ ਨਹੀਂ ਮਾਰਦੀ। ਪੁਲਿਸ ਕਰਮਚਾਰੀਆਂ ਅਤੇ ਸਿਆਸੀ ਆਗੂਆਂ ਦੀ ਸਰਪ੍ਰਸਤੀ ਨਾਲ ਇਹ ਧੰਦਾ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਚੋਣਾਂ 2017 ਤੋਂ ਪਹਿਲਾਂ ਪਵਿੱਤਰ ਗੁਟਕੇ ਉੱਪਰ ਹੱਥ ਰੱਖ ਕੇ ਸਹੁੰ ਚੁੱਕ ਕੇ ਦਾਅਵਾ ਕੀਤਾ ਸੀ ਕਿ ਚਾਰ ਹਫ਼ਤਿਆਂ ਵਿਚ ਪੰਜਾਬ ਨਸ਼ਾ ਮੁਕਤ ਹੋਵੇਗਾ ਪਰ ਹਾਲਾਤ ਜਿਉਂ ਦੇ ਤਿਉਂ ਹਨ। ਇਹ ਵੀ ਕਿਹਾ ਜਾਂਦਾ ਕਿ ਪੰਜਾਬ ਵਿਚ ਨਸ਼ਿਆਂ ਦਾ ਕਾਰੋਬਾਰ ਵਧਣ ਦਾ ਇੱਕ ਕਾਰਨ ਇਹ ਵੀ ਹੈ ਕਿ ਆਬਕਾਰੀ ਐਕਟ ਵਿਚ ਨਸ਼ੇ ਦੇ ਕਾਰੋਬਾਰ 'ਤੇ ਸਜ਼ਾ ਦਾ ਸਖ਼ਤ ਪ੍ਰਬੰਧ ਨਹੀਂ। ਜਿਨ੍ਹਾਂ ਲੋਕਾਂ 'ਤੇ ਮੁਕੱਦਮੇ ਦਰਜ ਹੁੰਦੇ ਹਨ ਰੋਜ਼ ਵਾਂਗ ਜਲਦ ਜ਼ਮਾਨਤ 'ਤੇ ਰਿਹਾਅ ਹੋ ਜਾਂਦੇ ਹਨ। ਇਸ ਤੋਂ ਇਲਾਵਾ ਆਬਕਾਰੀ ਐਕਟ ਵਿਚ ਸਜ਼ਾ ਦਾ ਪ੍ਰਬੰਧ ਸਿਰਫ਼ ਤਿੰਨ ਸਾਲ ਜਾਂ ਇਕ ਲੱਖ ਰੁਪਏ ਜ਼ੁਰਮਾਨਾ ਹੈ। ਪੰਜਾਬ ਵਿਚ ਗੈਰ ਕਾਨੂੰਨੀ ਨਸ਼ੇ ਦਾ ਕਾਰੋਬਾਰ ਤਿੰਨ ਹਜ਼ਾਰ ਕਰੋੜ ਰੁਪਏ ਦੇ ਆਸਪਾਸ ਪਹੁੰਚ ਚੁੱਕਾ ਹੈ। ਹੁਣ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਪੰਜਾਬ ਵਿਚ ਹਰ ਸਾਲ ਦੋ ਹਜ਼ਾਰ ਕਰੋੜ ਦੀ ਨਕਲੀ ਸ਼ਰਾਬ ਵਿਕਦੀ ਹੈ।

### ਵਿਰੋਧੀ ਪਾਰਟੀਆਂ ਵੱਲੋਂ ਨਿੰਦਾ

ਸ਼੍ਰੋਮਣੀ ਦਲ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ, ਆਮ ਆਦਮੀ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ, ਸੁਖਪਾਲ ਸਿੰਘ ਖਹਿਰਾ ਨੇ ਵੱਖ-ਵੱਖ ਮ੍ਰਿਤਕਾਂ ਦੇ ਘਰਾਂ ਵਿੱਚ ਜਾ ਕੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਇਸ ਕਾਰੇ ਪਿੱਛੇ ਹਾਕਮ ਧਿਰ ਦੇ ਹੱਥ ਹੋਣ ਦਾ ਦੋਸ਼ ਲਾਉਂਦਿਆਂ ਕਸੂਰਵਾਰਾਂ ਖ਼ਿਲਾਫ਼ ਕਾਰਵਾਈ ਕਰਨ ਲਈ ਹਾਈ ਕੋਰਟ ਦੇ ਸਿਟਿੰਗ ਜੱਜ ਕੋਲੋਂ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ। ਉਨ੍ਹਾਂ ਪੀੜਤ ਪਰਿਵਾਰਾਂ ਲਈ ਐਲਾਨੀ ਗਈ ਦੋ ਲੱਖ ਰੁਪਏ ਮੁਆਵਜ਼ਾ ਰਾਸ਼ੀ ਵਧਾਉਣ ਅਤੇ ਹਰੇਕ ਪਰਿਵਾਰ ਦੇ ਇਕ-ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਵੀ ਕੀਤੀ।

ਦੂਸਰੇ ਪਾਸੇ ਲੋਕ ਸਭਾ ਮੈਂਬਰ ਜਸਬੀਰ ਸਿੰਘ ਡਿੰਪਾ ਨੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ, ਐੱਸਐੱਸਪੀ ਧਰੁਮਨ ਨਿੰਬਾਲੇ ਨੂੰ ਨਾਲ ਲੈ ਕੇ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਲੋਕਾਂ ਦਾ ਹਾਲ ਜਾਣਿਆ। ਇਸ ਮਾਮਲੇ ਪਿੱਛੇ ਹਾਕਮ ਧਿਰ ਦਾ ਹੱਥ ਹੋਣ ਸਬੰਧੀ ਦੋਸ਼ਾਂ ਨੂੰ ਨਕਾਰਿਆ।

'ਆਪ' ਪਾਰਟੀ, ਬਸਪਾ ਵੱਲੋਂ ਇਸ ਬਾਰੇ ਕੈਪਟਨ ਸਰਕਾਰ ਵਿਰੁੱਧ ਅੰਦੋਲਨ ਖੜੇ ਕੀਤੇ ਜਾ ਰਹੇ ਹਨ। ਸੁਖਦੇਵ ਸਿੰਘ ਢੀਂਡਸਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ, ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕੈਪਟਨ ਸਰਕਾਰ ਦੀ ਸਖ਼ਤ ਨਿੰਦਾ ਕੀਤੀ ਹੈ ਕਿ ਉਹ ਪੰਜਾਬ ਦੇ ਕਿਰਤੀ ਲੋਕਾਂ ਦੀ ਸ਼ਰਾਬ ਨਾਲ ਹੋਈ ਮੌਤ ਦੇ ਜ਼ਿੰਮੇਵਾਰ ਹੈ, ਕਿਉਂਕਿ ਮਾਫੀਆ ਉਨ੍ਹਾਂ ਦੀਆਂ ਅਣਗਹਿਲੀ ਕਾਰਨ ਪੰਜਾਬ ਵਿਚ ਪਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਲੌਕਡਾਊਨ ਦੌਰਾਨ ਜਦੋਂ ਗੈਰ ਕਾਨੂੰਨੀ ਸ਼ਰਾਬ ਦਾ ਗੋਰਖਧੰਦਾ ਸਾਹਮਣੇ ਆਇਆ ਸੀ ਤਾਂ ਮੁੱਖ ਮੰਤਰੀ ਕੈਪਟਨ ਨੇ ਕੋਈ ਉਪਰਾਲਾ ਨਹੀਂ ਕੀਤਾ ਤੇ ਸਿਰਫ ਬਿਆਨਬਾਜ਼ੀ ਤੱਕ ਸੀਮਤ ਰਹੇ। ਕੈਪਟਨ ਦੇ ਹੁਕਮਾਂ ਦੀ ਅਫਸਰਸ਼ਾਹੀ ਨੇ ਕੋਈ ਪ੍ਰਵਾਹ ਨਹੀਂ ਕੀਤੀ, ਜਿਸ ਕਾਰਨ ਇਹ ਵੱਡਾ ਦੁਖਾਂਤ ਪੰਜਾਬ ਨੂੰ ਭੁਗਤਣਾ ਪਿਆ।

ਵਿਰੋਧੀ ਧਿਰ ਦੇ ਆਗੂਆਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਨੇ ਚਾਰ ਹਫ਼ਤਿਆਂ ਵਿਚ ਨਸ਼ਾ ਖ਼ਤਮ ਕਰਨ ਦਾ ਦਾਅਵਾ ਕੀਤਾ ਸੀ, ਪਰ ਕੈਪਟਨ ਸਰਕਾਰ ਤੋਂ ਚਿੱਟਾ ਤਾਂ ਖ਼ਤਮ ਹੋਇਆ ਨਹੀਂ, ਸਗੋਂ ਪੰਜਾਬ ਵਿੱਚ ਸ਼ਰਾਬ ਮਾਫੀਆ ਨੂੰ ਸਰਗਰਮ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐਕਸਾਈਜ਼ ਵਿਭਾਗ ਖੁਦ ਮੁੱਖ ਮੰਤਰੀ ਕੈਪਟਨ ਕੋਲ ਹੈ, ਜਿਸ ਲਈ ਇਸ ਸਾਰੇ ਮਾਮਲੇ ਦੀ ਜ਼ਿੰਮੇਵਾਰੀ ਕੈਪਟਨ ਨੂੰ ਲੈਣੀ ਚਾਹੀਦੀ ਹੈ ਤੇ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ ਹੈ।

### ਕਾਂਗਰਸੀਆਂ ਨੇ ਕੈਪਟਨ ਖਿਲਾਫ਼ ਮੋਰਚਾ ਖੋਲ੍ਹਿਆ

ਕਾਂਗਰਸੀ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਨੇ ਪੰਜਾਬ ਦੇ ਸ਼ਰਾਬ ਮਾਫ਼ੀਏ ਦੇ ਮਾਮਲੇ 'ਤੇ ਆਪਣੀ ਹੀ ਪਾਰਟੀ ਦੀ ਸਰਕਾਰ ਖ਼ਿਲਾਫ਼ ਬਿਗਲ ਵਜਾ ਦਿੱਤਾ ਹੈ। ਦੋਵੇਂ ਸੰਸਦ ਮੈਂਬਰਾਂ ਨੇ ਸ਼ਰਾਬ ਮਾਫ਼ੀਏ ਦੇ ਮੁੱਦੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਿੱਧਾ ਨਿਸ਼ਾਨੇ 'ਤੇ ਲਿਆ ਹੈ। ਦੋਵਾਂ ਨੇ ਪੰਜਾਬ ਦੇ ਰਾਜਪਾਲ ਵੀਪੀ ਸਿੰਘ ਬਦਨੌਰ ਨਾਲ ਮੁਲਾਕਾਤ ਕੀਤੀ ਤੇ ਜ਼ਹਿਰੀਲੀ ਸ਼ਰਾਬ ਕਾਰਨ ਪੰਜਾਬ ਵਿੱਚ ਵਾਪਰੀ ਤਰਾਸਦੀ ਤੇ ਪੰਜਾਬ ਦੇ ਸ਼ਰਾਬ ਮਾਫ਼ੀਏ ਦੀ ਸੀਬੀਆਈ ਤੇ ਈਡੀ ਤੋਂ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਦੋਵਾਂ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਸਰਕਾਰ ਦੀ ਜਾਂਚ 'ਤੇ ਭਰੋਸਾ ਨਹੀਂ ਹੈ। ਰਾਜਪਾਲ ਨੇ ਭਰੋਸਾ ਦਿੱਤਾ ਕਿ ਉਹ ਕੇਂਦਰ ਸਰਕਾਰ ਨੂੰ ਇਹ ਮੰਗ ਲਿਖਤੀ ਤੌਰ 'ਤੇ ਭੇਜ ਦੇਣਗੇ ਤੇ ਪੰਜਾਬ ਸਰਕਾਰ ਤੋਂ ਵੀ ਇਸ ਮਾਮਲੇ 'ਤੇ ਰਿਪੋਰਟ ਮੰਗਣਗੇ।

### ਨਕਲੀ ਸ਼ਰਾਬ ਕਾਰਨ ਪੰਜਾਬ ਦਾ ਮਾਲੀਆ ਘਟਿਆ

ਪੰਜਾਬ ਸਰਕਾਰ ਨੇ ਮਾਰਚ 2017 ਵਿੱਚ ਸ਼ਰਾਬ ਤੋਂ 4406 ਕਰੋੜ ਰੁਪਏ ਦੀ ਕਮਾਈ ਕੀਤੀ ਸੀ। ਮਾਰਚ 2018 ਵਿੱਚ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਨੇ ਸਰਕਾਰੀ ਖਾਤੇ ਵਿੱਚ 5135 ਕਰੋੜ ਰੁਪਏ ਲਿਆਂਦੇ ਸੀ। 2019 ਵਿਚ 6000 ਕਰੋੜ ਦਾ ਟੀਚਾ ਤੈਅ ਕੀਤਾ ਗਿਆ ਸੀ, ਪਰ ਆਮਦਨੀ ਘੱਟ ਕੇ 5072 ਕਰੋੜ ਹੋ ਗਈ। ਪਰ 2019 ਇਕ ਅਜਿਹਾ ਸਾਲ ਸੀ ਜਿਥੇ ਮਾਲੀਆ ਘਟਿਆ। ਇਸ ਦਾ ਸਿੱਧਾ ਕਾਰਨ ਪੰਜਾਬ ਵਿਚ ਨਾਜਾਇਜ਼ ਸ਼ਰਾਬ ਦੀ ਵਿਕਰੀ ਤੇਜ਼ ਹੋਣਾ ਸੀ।

ਸਾਲ 2020-21 ਲਈ ਪੰਜਾਬ ਸਰਕਾਰ ਵਲੋਂ 6200 ਕਰੋੜ ਰੁਪਏ ਦੀ ਰਕਮ ਇਕੱਠੀ ਕਰਨ ਦਾ ਟੀਚਾ ਮਿੱਥਿਆ ਗਿਆ ਸੀ, ਪਰ ਕੋਰੋਨਾ ਵਾਇਰਸ ਦੌਰਾਨ ਪੰਜਾਬ ਵਿਚ ਸਿਆਸੀ ਸਰਪ੍ਰਸਤੀ ਅਤੇ ਪੁਲਿਸ ਦੀ ਮਿਲੀ ਭੁਗਤ ਨਾਲ ਵੱਡੇ ਪੱਧਰ 'ਤੇ ਚੱਲ ਰਹੇ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਤੋਂ ਘਬਰਾਏ ਠੇਕੇਦਾਰਾਂ ਵਲੋਂ ਵੱਡੇ ਪੱਧਰ 'ਤੇ ਸ਼ਰਾਬ ਦੇ ਠੇਕੇ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਸਿਆਸੀ ਦਬਾਅ ਦੇ ਨਾਲ-ਨਾਲ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਅਤੇ ਐੱਸ.ਐੱਸ.ਪੀਜ਼ ਨੂੰ ਦਿੱਤੇ ਗਏ ਨਿਰਦੇਸ਼ਾਂ ਤੋਂ ਬਾਅਦ ਸ਼ਰਾਬ ਦੇ ਠੇਕੇਦਾਰਾਂ ਨੂੰ ਇਹ ਕਹਿ ਕੇ ਕਾਰੋਬਾਰ ਦਿੱਤੇ ਗਏ ਕਿ ਉਨ੍ਹਾਂ ਦੇ ਹਲਕਿਆਂ ਵਿਚ ਨਾਜਾਇਜ਼ ਸ਼ਰਾਬ ਨਹੀਂ ਵਿਕਣ ਦਿੱਤੀ ਜਾਵੇਗੀ। ਠੇਕਿਆਂ ਦੀ ਨਿਲਾਮੀ ਦੇ ਕੁਝ ਦਿਨ ਪਹਿਲਾਂ ਤੇ ਕੁਝ ਦਿਨ ਬਾਅਦ ਧੜੱਲੇ ਨਾਲ ਨਾਜਾਇਜ਼ ਸ਼ਰਾਬ ਦੇ ਕਾਰੋਬਾਰੀਆਂ ਉੱਪਰ ਪਰਚੇ ਕੱਟ ਦਿੱਤੇ ਗਏ। ਕੁਝ ਦਿਨ ਬੀਤਣ ਤੋਂ ਬਾਅਦ ਪਰਨਾਲਾ ਉਥੇ ਦਾ ਉਥੇ ਰਹਿ ਗਿਆ। ਮਾਝੇ ਦੇ ਤਰਨਤਾਰਨ, ਅੰਮ੍ਰਿਤਸਰ, ਬਟਾਲਾ, ਗੁਰਦਾਸਪੁਰ, ਪਠਾਨਕੋਟ ਦੇ ਨਾਲ-ਨਾਲ ਦਰਿਆ ਦੇ ਲਾਗੇ ਪੈਂਦੇ ਜ਼ਿਲ੍ਹਾ ਫ਼ਿਰੋਜ਼ਪੁਰ, ਕਪੂਰਥਲਾ, ਫ਼ਾਜ਼ਿਲਕਾ, ਅਬੋਹਰ ਇਲਾਕਿਆਂ ਵਿਚ ਦੇਸੀ ਭੱਠੀ ਲਗਾ ਕੇ 'ਲਾਹਣ' ਤਿਆਰ ਕੀਤੀ ਜਾਣ ਲੱਗੀ।

ਹਰਿਆਣਾ ਵਿੱਚ ਪੰਜਾਬ ਤੋਂ ਸਸਤੀ ਸ਼ਰਾਬ ਦੀ ਉਪਲਬਧਤਾ ਕਾਰਨ ਸ਼ਰਾਬ ਦੀ ਤਸਕਰੀ ਵਿੱਚ ਵਾਧਾ ਹੋਇਆ ਹੈ, ਜਿਸ ਨਾਲ ਨਾ ਸਿਰਫ ਪੰਜਾਬ ਸਰਕਾਰ ਦਾ ਮਾਲੀਆ ਨੁਕਸਾਨ ਹੋਇਆ, ਬਲਕਿ ਸ਼ਰਾਬ ਦੇ ਠੇਕੇ ਲੈਣ ਵਾਲੇ ਠੇਕੇਦਾਰਾਂ ਨੂੰ ਵੀ ਕਰੋੜਾਂ ਰੁਪਏ ਦਾ ਨੁਕਸਾਨ ਝੱਲਣਾ ਪਿਆ। ਪੁਲਿਸ ਗੁਆਂਢੀ ਸੂਬਿਆਂ ਤੋਂ ਆ ਰਹੀ ਸ਼ਰਾਬ ਨੂੰ ਰੋਕਣ ਵਿੱਚ ਅਸਫਲ ਰਹੀ ਹੈ। ਮਾਲਵੇ ਵਿੱਚ ਹਰਿਆਣਾ ਦੀ ਸ਼ਰਾਬ ਵਧੇਰੇ ਵਿਕਦੀ ਹੈ, ਜਦਕਿ ਦੁਆਬਾ ਤੇ ਮਾਝਾ ਵਿੱਚ ਕੱਚੀ ਸ਼ਰਾਬ ਮਾਫੀਆ ਨੇ ਆਪਣਾ ਪੈਰ ਜਮਾ ਲਿਆ ਹੈ।

ਇਸ ਤੋਂ ਇਲਾਵਾ ਅਰੁਣਾਚਲ ਪ੍ਰਦੇਸ਼ ਤੇ ਚੰਡੀਗੜ੍ਹ ਦੀ ਸ਼ਰਾਬ ਵੀ ਵਿਕਦੀ ਸੀ। ਸ਼ਰਾਬ ਦੇ ਕਾਰੋਬਾਰ ਨਾਲ ਜੁੜੇ ਜਾਣਕਾਰ ਕਹਿੰਦੇ ਹਨ ਕਿ ਕਾਬੂ ਕੀਤੀ ਜਾ ਰਹੀ ਸ਼ਰਾਬ ਦੀ ਮਾਤਰਾ ਲਿਆਂਦੀ ਜਾ ਰਹੀ ਕੁਲ ਸ਼ਰਾਬ ਦਾ 50 ਪ੍ਰਤੀਸ਼ਤ ਵੀ ਨਹੀਂ ਹੈ। ਅੰਗਰੇਜ਼ੀ ਸ਼ਰਾਬ ਦੀ ਉਹੀ ਬੋਤਲ ਪੰਜਾਬ ਵਿਚ 750 ਰੁਪਏ ਵਿਚ ਮਿਲਦੀ ਹੈ ਜੋ ਗੁਆਂਢੀ ਰਾਜਾਂ ਵਿਚ 250 ਰੁਪਏ ਵਿਚ ਮਿਲਦੀ ਹੈ। ਤਸਕਰ 100-150 ਰੁਪਏ ਪ੍ਰਤੀ ਬੋਤਲ ਦਾ ਫਰਕ ਰੱਖ ਕੇ ਖਪਤਕਾਰਾਂ ਨੂੰ 400 ਰੁਪਏ ਵਿੱਚ ਅੰਗਰੇਜ਼ੀ ਸ਼ਰਾਬ ਦੀ ਬੋਤਲ ਮੁਹੱਈਆ ਕਰਵਾ ਰਹੇ ਹਨ। ਤਸਕਰਾਂ ਨੇ ਨਕਲੀ ਸ਼ਰਾਬ ਵੀ ਬਣਾਈ ਅਤੇ ਇਸ ਨੂੰ ਮਿਕਸ ਵੀ ਕੀਤਾ। ਰਾਜਪੁਰਾ ਅਤੇ ਖੰਨਾ ਵਿਚ ਨਾਜਾਇਜ਼ ਸ਼ਰਾਬ ਦੀਆਂ ਫੈਕਟਰੀਆਂ ਚੱਲ ਰਹੀਆਂ ਸੀ। ਜਿਸ ਵਿਚ ਬ੍ਰਾਂਡ ਵਾਲੀ ਸ਼ਰਾਬ ਬਣਾ ਕੇ ਸਪਲਾਈ ਕੀਤੀ ਜਾਂਦੀ ਸੀ।

### ਨਕਲੀ ਸ਼ਰਾਬ ਪੀਂਦੇ ਹਨ ਗਰੀਬ ਲੋਕ

ਦੇਸੀ ਸ਼ਰਾਬ ਹੇਠਲੇ ਵਰਗ ਦੇ ਲੋਕ ਹੀ ਜ਼ਿਆਦਾ ਪੀਂਦੇ ਹਨ, ਪਰ ਕੀਮਤ ਜ਼ਿਆਦਾ ਹੋਣ ਕਾਰਨ ਉਹ ਠੇਕੇ ਦੀ ਸ਼ਰਾਬ ਪੀਣ ਦੀ ਬਜਾਏ ਅਲਕੋਹਲ ਤੋਂ ਤਿਆਰ ਸ਼ਰਾਬ ਤੇ ਭੱਠੀਆਂ ਲਗਾ ਕੇ ਤਿਆਰ ਕੀਤੀ ਨਾਜਾਇਜ਼ ਸ਼ਰਾਬ ਪੀਣ ਨੂੰ ਹੀ ਪਹਿਲ ਦਿੰਦੇ ਹਨ। ਪਿੰਡਾਂ ਵਿਚ ਉਨ੍ਹਾਂ ਨੂੰ ਨਾਜਾਇਜ਼ ਸ਼ਰਾਬ ਦੀ ਸਪਲਾਈ ਘਰਾਂ ਤੱਕ ਵੀ ਮਿਲ ਜਾਂਦੀ ਹੈ ਤੇ 20-30 ਰੁਪਏ ਵਿਚ ਉਹ ਆਪਣੇ ਨਸ਼ੇ ਦੀ ਲਤ ਨੂੰ ਪੂਰਾ ਕਰ ਲੈਂਦੇ ਹਨ।

ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਵਾਲਿਆਂ ਵਲੋਂ ਹੁਣ ਭੱਠੀਆਂ ਲਗਾ ਕੇ ਨਾਜਾਇਜ਼ ਸ਼ਰਾਬ ਤਿਆਰ ਕਰਨ ਦੀ ਬਜਾਇ 'ਮਿਥਾਈਲ ਅਲਕੋਹਲ' ਵਿਚ ਪਾਣੀ ਪਾ ਕੇ ਸ਼ਰਾਬ ਤਿਆਰ ਕਰਨ ਨੂੰ ਹੀ ਤਰਜੀਹ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਮੱਝਾਂ ਨੂੰ ਲਗਾਉਣ ਵਾਲੇ ਟੀਕੇ 'ਆਕਸੀਟੌਕਸਿਨ' ਵੀ ਇਸ ਸ਼ਰਾਬ ਵਿਚ ਮਿਲਾ ਕੇ ਦਿੱਤੇ ਜਾਂਦੇ ਹਨ, ਤਾਂ ਜੋ ਪੀਣ ਵਾਲਿਆਂ ਨੂੰ ਜ਼ਿਆਦਾ ਨਸ਼ਾ ਹੋ ਸਕੇ। ਮਾਝੇ ਦੇ ਹਰੇਕ ਪਿੰਡ ਅਤੇ ਕਸਬਿਆਂ ਦੀਆਂ ਗਲੀਆਂ ਤੇ ਮੁਹੱਲਿਆਂ ਵਿਚ 'ਮਿਥਾਈਲ ਅਲਕੋਹਲ' ਤੋਂ ਸ਼ਰਾਬ ਤਿਆਰ ਕਰ ਕੇ ਪਲਾਸਟਿਕ ਦੀਆਂ 'ਥੈਲੀਆਂ' ਵਿਚ ਪਾ ਕੇ 20-20 ਰੁਪਏ 'ਥੈਲੀ' ਦੇ ਰੂਪ ਵਿਚ ਵੇਚੀ ਜਾ ਰਹੀ ਹੈ। ਐਕਸਾਈਜ਼ ਵਿਭਾਗ ਦੇ ਕੁਝ ਅਧਿਕਾਰੀਆਂ ਅਨੁਸਾਰ ਇਹ ਮਿਥਾਈਲ ਅਲਕੋਹਲ ਤੋਂ ਤਿਆਰ ਹੋਣ ਵਾਲੀ ਨਕਲੀ ਸ਼ਰਾਬ ਵਿਚ ਜੇਕਰ ਮਿਥਾਈਲ ਅਲਕੋਹਲ ਦੀ ਮਾਤਰਾ ਥੋੜ੍ਹੀ ਜਿਹੀ ਵੀ ਜ਼ਿਆਦਾ ਹੋ ਜਾਵੇ ਤਾਂ ਇਹ ਜਾਨਲੇਵਾ ਸਾਬਿਤ ਹੋ ਜਾਂਦੀ ਹੈ ਤੇ ਇਸ ਦਾ ਅਸਰ ਮਨੁੱਖ ਦੇ ਸਰੀਰ ਦੇ ਨਾਲ-ਨਾਲ ਉਨ੍ਹਾਂ ਦੀਆਂ ਅੱਖਾਂ 'ਤੇ ਵੀ ਪੈਂਦਾ ਹੈ।

### ਕੀ ਕਰੇ ਸਰਕਾਰ

ਪੰਜਾਬ ਵਿਚ ਹਰ ਰੋਜ਼ ਕੋਈ ਸਮੈਕ ਤੇ ਚਿੱਟੇ ਨਾਲ ਮਰ ਰਿਹਾ ਹੈ ਤੇ ਰਹਿੰਦੀ ਕਸਰ ਸ਼ਰਾਬ ਨੇ ਚਾਰ ਦਿਨਾਂ ਵਿੱਚ ਕੱਢ ਦਿੱਤੀ ਹੈ। ਸਰਕਾਰ ਨੂੰ ਸਖਤੀ ਨਾਲ ਨਸ਼ੇ ਦੇ ਸਮਗਲਰਾਂ ਨਾਲ ਨਜਿੱਠਣਾ ਚਾਹੀਦਾ ਹੈ। ਫਾਸਟ ਟਰੈਕ ਅਦਾਲਤਾਂ ਰਾਹੀਂ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਅੱਗੇ ਤੋਂ ਹੋਰ ਲੋਕ ਇਹੋ ਜਿਹੀਆਂ ਗਲਤੀ ਕਰਨ ਤੋਂ ਪਹਿਲਾਂ ਸੌ ਵਾਰ ਸੋਚਣ। ਪੰਜਾਬ ਅੰਦਰ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਦੀ ਗਿਣਤੀ ਭਾਵੇਂ ਕਿਸੇ ਵੀ ਮਹਾਮਾਰੀ ਦੇ ਸਾਰੇ ਰਿਕਾਰਡਾਂ ਨੂੰ ਮਾਤ ਪਾਉਂਦੀ ਹੈ, ਪਰ ਮਾਝੇ ਵਿੱਚ ਜਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਨੇ ਕਰੋਨਾ ਮਹਾਮਾਰੀ ਦਾ ਮੂੰਹ ਚਿੜਾਇਆ ਹੈ।

ਨਸ਼ਿਆਂ ਨਾਲ ਹੋਣ ਵਾਲੀਆਂ ਮੌਤਾਂ ਦਾ ਇਹ ਵਰਤਾਰਾ ਪੰਜਾਬ ਅੰਦਰ ਕੋਈ ਨਵਾਂ ਵੀ ਨਹੀ ਹੈ, ਬਲਕਿ ਦਹਾਕਿਆਂ ਤੋ ਲਗਾਤਾਰ ਏਸੇ ਤਰ੍ਹਾਂ ਹੀ ਚੱਲਦਾ ਆ ਰਿਹਾ ਹੈ। ਕਿਸੇ ਸਮੇ ਸੋਹਣੇ ਸਡੌਲ ਤੇ ਤਕੜੇ ਜੁੱਸੇ ਵਾਲੇ ਅਣਖੀਲੇ ਪੰਜਾਬੀਆਂ ਕਰਕੇ ਪੰਜਾਬ ਦਾ ਨਾਮ ਲਿਆ ਜਾਂਦਾ ਸੀ, ਪ੍ਰੰਤੂ ਅੱਜ ਨਸ਼ਿਆਂ ਕਰਕੇ ਪੰਜਾਬ ਦਾ ਨਾਮ ਪੂਰੀ ਦੁਨੀਆਂ ਵਿੱਚ ਬਦਨਾਮ ਹੋ ਚੁੱਕਾ ਹੈ। ਹੈਰਾਨੀ ਇਸ ਗੱਲ ਤੋਂ ਹੁੰਦੀ ਹੈ ਕਿ ਪੰਜਾਬ ਦੇ ਲੋਕ ਇਸ ਬਿਮਾਰੀ ਦੀ ਸ਼ੁਰੂਆਤ ਦੇ ਸਮੇ ਤੋ ਹੀ ਕੂਕ ਕੂਕ ਕੇ ਇਸ ਦੇ ਇਲਾਜ ਦੀ ਦੁਹਾਈ ਪਾਉਂਦੇ ਰਹੇ ਹਨ, ਪਰ ਕਿਸੇ ਵੀ ਸਰਕਾਰ ਨੇ, ਭਾਵੇਂ ਕੇਂਦਰ ਸਰਕਾਰ ਹੋਵੇ ਤੇ ਭਾਵੇਂ ਸੂਬਾ ਸਰਕਾਰ, ਇਸ ਪਾਸੇ ਧਿਆਨ ਨਹੀ ਦਿੱਤਾ। ਪੰਜਾਬ ਨੇ ਉਹ ਸਮੇ ਵੀ ਹੰਢਾਏ ਹਨ, ਜਦੋ ਪੰਜਾਬ ਦੇ ਸਿਵਿਆਂ ਦੀ ਅੱਗ ਕਦੇ ਵੀ ਠੰਡੀ ਨਹੀ ਸੀ ਪੈਂਦੀ। ਪੰਜਾਬ ਦੇ ਹਜਾਰਾਂ ਨੌਜਵਾਨ ਨਸ਼ਿਆਂ ਦੀ ਮਹਾਂਮਾਰੀ ਦੀ ਭੇਂਟ ਚੜ੍ਹ ਚੁੱਕੇ ਹਨ।

ਸੂਬੇ ਵਿੱਚ ਅਜਿਹੇ ਹਜਾਰਾਂ ਅਭਾਗੇ ਮਾਪੇ ਵਖਤ ਨੂੰ ਧੱਕੇ ਦੇਣ ਲਈ ਮਜਬੂਰ ਹਨ, ਜਿੰਨ੍ਹਾਂ ਦੇ ਬੁਢਾਪੇ ਦੀ ਡੰਗੋਰੀ ਨਹੀਂ ਰਹੀ। ਸੈਂਕੜੇ ਔਰਤਾਂ ਅਜਿਹੀਆਂ ਵੀ ਮਿਲ ਜਾਣਗੀਆਂ, ਜਿੰਨ੍ਹਾਂ ਦੇ ਸਿਰ ਦੇ ਸਾਈਂ ਜਾਂ ਤਾਂ ਖੁਦਕੁਸ਼ੀਆਂ ਕਰ ਗਏ,ਜਾਂ ਫਿਰ ਨਸ਼ਿਆਂ ਦੀ ਲੱਤ ਵਿਚ ਲੱਗੀ ਔਲਾਦ ਦੇ ਕਹਿਰ ਦਾ ਸ਼ਿਕਾਰ ਹੋ ਕੇ ਜ਼ਿੰਦਗੀ ਤੋ ਹੱਥ ਧੋ ਬੈਠੇ ਹਨ। ਸੈਂਕੜੇ ਅਭਾਗਣ ਮੁਟਿਆਰਾਂ ਵੀ ਪੰਜਾਬ ਵਿੱਚ ਮਿਲ ਜਾਣਗੀਆਂ, ਜਿੰਨ੍ਹਾਂ ਦੇ ਸੁਹਾਗ ਉੱਜੜ ਗਏ।

ਪੰਜਾਬ ਦੇ ਹਾਲਾਤ ਲਿਖਣ ਲੱਗਿਆਂ ਬੇਹੱਦ ਝਿਜਕ ਮਹਿਸੂਸ ਹੁੰਦੀ ਹੈ, ਕਿਉਕਿ ਜਿਸ ਪੰਜਾਬ ਦੇ ਗੱਭਰੂ ਨੇ ਕਦੇ ਅਬਦਾਲੀਆਂ ਦੁਰਾਨੀਆਂ ਦੇ ਰਸਤੇ ਰੋਕੇ ਸਨ, ਜਿੰਨ੍ਹਾਂ ਵਰਗੇ ਸੂਰਬੀਰ ਪੁੱਤਾਂ ਦੀ ਕਾਮਨਾ ਦੁਸ਼ਮਣਾਂ ਦੀਆਂ ਔਰਤਾਂ ਵੀ ਕਰਦੀਆਂ ਸਨ, ਅੱਜ ਉਹ ਪੰਜਾਬ ਦੇ ਵਾਰਸਾਂ ਦੀ ਇਹ ਹਾਲਤ ਹੈ ਕਿ ਨਸ਼ਿਆਂ ਦੀ ਬਦੌਲਤ ਅੱਜ ਔਲਾਦ ਪੈਦਾ ਕਰਨ ਤੋ ਅਯੋਗ ਪਾਏ ਜਾ ਰਹੇ ਹਨ। ਇਹ ਬੇਹੱਦ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਇਸ ਮਹਾਂਮਾਰੀ ਨੂੰ ਕਿਸੇ ਨੇ ਨਾ ਹੀ ਗੰਭੀਰਤਾ ਨਾਲ ਸਮਝਿਆ ਅਤੇ ਨਾ ਹੀ ਇਸ ਮਹਾਂਮਾਰੀ ਦੀ ਰੋਕਥਾਮ ਲਈ ਗੰਭੀਰਤਾ ਨਾਲ ਸੋਚਿਆ ਗਿਆ। ਪੰਜਾਬ ਦੀ ਇਹ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਹਰ ਰੋਜ ਬਲ਼ਦੇ ਸਿਵਿਆਂ ਦਾ ਸੇਕ ਵੀ ਰਾਜ ਸੱਤਾ ਦੇ ਗਲਿਆਰਿਆਂ ਤੱਕ ਪਹੁੰਚ ਨਾ ਸਕਿਆ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਨੌਜਵਾਨ ਮਰਦੇ ਰਹੇ, ਸਿਵੇ ਬਲ਼ਦੇ ਰਹੇ ਤੇ ਰਾਜਨੀਤਕ ਲੋਕ ਪੰਜਾਬ ਦੀ ਜੁਆਨੀ ਦੇ ਹੋ ਰਹੇ ਦਰਦਨਾਕ ਖਾਤਮੇ ਤੋ ਬੇਫਿਕਰ ਨਸ਼ਿਆਂ ਦੇ ਕਾਰੋਬਾਰ ਦਾ ਪਸਾਰ ਕਰਕੇ ਰਾਜ ਸੱਤਾ ਦੀ ਕੁਰਸੀ ਨੂੰ ਪੱਕਿਆਂ ਕਰਨ ਦੇ ਮਨਸੂਬੇ ਬਣਾਉਂਦੇ ਰਹੇ। ਹਾਲਾਤ ਇਹ ਹੋ ਗਏ ਕਿ ਪੰਜਾਬ ਪੂਰੀ ਦੁਨੀਆਂ ਵਿੱਚ ਨਸ਼ਿਆਂ ਦੀ ਮੰਡੀ ਵਜੋਂ ਜਾਣਿਆ ਜਾਣ ਲੱਗਾ ਹੈ। ਇਹ ਸਾਰਾ ਕੁੱਝ ਰੋਕਿਆ ਕਿਉਂ ਨਹੀ ਜਾ ਸਕਿਆ ? ਪੰਜਾਬ ਦੇ ਗੁਆਂਢੀ ਸੂਬਿਆਂ ਚ ਇਹ ਬਿਮਾਰੀ ਕਿਉਂ ਨਾ ਫੈਲੀ ? ਹਰਿਆਣਾ ਪਾਰ ਕਰਕੇ ਦਿੱਲੀ ਤੋ ਪੰਜਾਬ ਵਿਚ ਨਸ਼ਿਆਂ ਦੀ ਸਪਲਾਈ ਕਿਵੇਂ ਹੁੰਦੀ ਰਹੀ ਤੇ ਗੁਆਂਢੀ ਮੁਲਕ ਤੋ ਸਰਹੱਦ ਪਾਰ ਕਰਕੇ ਗੁਜਰਾਤ ਜਾਂ ਰਾਜਸਥਾਨ ਵਿਚ ਇਹ ਸਪਲਾਈ ਕਿਉਂ ਨਹੀ ਹੁੰਦੀ ? ਕਿਉਂ ਇਹ ਸਾਰਾ ਕੁੱਝ ਪੰਜਾਬ ਨੂੰ ਬਰਬਾਦ ਕਰਨ ਵਾਸਤੇ ਵਰਤਿਆ ਜਾ ਰਿਹਾ ਹੈ, ਇਹ ਸੁਆਲ ਵੀ ਪੰਜਾਬ ਦੇ ਦਰਦਮੰਦਾਂ ਦੇ ਸਾਹਮਣੇ ਖੜੇ ਹਨ। ਪੰਜਾਬ ਦੇ ਲੋਕਾਂ ਨੇ ਕੈਪਟਨ ਵੱਲੋਂ ਕੀਤੇ ਵਾਅਦਿਆਂ ਤੇ ਭਰੋਸਾ ਕਰਕੇ ਉਹਨਾਂ ਨੂੰ ਵੋਟਾਂ ਪਾਈਆਂ ਸਨ ਤਾਂ ਕਿ ਨਸ਼ਿਆਂ ਦੇ ਰਾਹ ਪੈ ਕੇ ਮਰ ਰਹੀ ਪੰਜਾਬ ਦੀ ਜੁਆਨੀ ਨੂੰ ਬਚਾਇਆ ਜਾ ਸਕੇ,ਪਰ ਅਫਸੋਸ ! ਕਿ ਕੈਪਟਨ ਦੇ ਵਾਅਦੇ ਵੀ ਵਫਾ ਨਾ ਹੋਏ, ਪੰਜਾਬ ਸਰਕਾਰ ਵੀ ਨਸ਼ਿਆਂ ਨੂੰ ਰੋਕਣ ਵਿੱਚ ਸਫਲ ਨਾ ਹੋ ਸਕੀ।

ਹੁਣ ਜੇਕਰ ਗੱਲ ਤਾਜ਼ਾ ਹਾਲਾਤਾਂ ਦੀ ਕੀਤੀ ਜਾਵੇ ਤਾਂ ਇੱਕ ਪਾਸੇ ਕਰੋਨਾ ਮਹਾਂਮਾਰੀ ਨੇ ਸਮੁੱਚੇ ਜੀਵਨ ਨੂੰ ਹਾਲੋਂ ਬੇਹਾਲ ਕੀਤਾ ਹੋਇਆ ਹੈ, ਆਰਥਿਕ ਹਲਾਤ ਵਿਗੜੇ ਹੋਏ ਹਨ, ਜਦੋ ਕਿ ਦੂਜੇ ਪਾਸੇ ਪੰਜਾਬ ਅੰਦਰ ਨਸ਼ਿਆਂ ਦਾ ਦੈਂਤ ਅੱਜ ਵੀ ਮੌਤ ਦਾ ਤਾਂਡਵ ਨਾਚ ਨੱਚ ਰਿਹਾ ਹੈ।

-o-

# ਝੂਠੇ ਪੁਲੀਸ ਮੁਕਾਬਲੇ, ਅਪਰਾਧ ਤੇ ਸੁਪਰੀਮ ਕੋਰਟ

-ਜੇ. ਗੋਪਾਲਕ੍ਰਿਸ਼ਣਨ

ਜਦ ਵੱਖ-ਵੱਖ ਸੂਬਿਆਂ ਵਿਚ ਇਨਕਾਊਂਟਰ ਵੱਧ ਰਹੇ ਹਨ ਉਦੋਂ ਕੀ ਸੁਪਰੀਮ ਕੋਰਟ ਲਈ ਇਹ ਸੰਭਵ ਹੋਵੇਗਾ ਕਿ ਉਹ ਹਰੇਕ ਮਾਮਲੇ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਕਿਸੇ ਸੇਵਾ ਮੁਕਤ ਜੱਜ ਦੀ ਨਿਯੁਕਤੀ ਕਰ ਸਕੇ ? ਕੀ ਲੰਬੇ ਸਮੇਂ ਤਕ ਚੱਲਣ ਵਾਲੀ ਅਜਿਹੀ ਜਾਂਚ ਨਾਲ ਸਰਕਾਰੀ ਖ਼ਜ਼ਾਨੇ 'ਤੇ ਵਾਧੂ ਬੋਝ ਨਹੀਂ ਪਵੇਗਾ ? ਕੀ ਸੁਪਰੀਮ ਕੋਰਟ ਇਸ ਪਹਿਲੂ ਦੀ ਵੀ ਨਿਗਰਾਨੀ ਕਰੇਗਾ ਕਿ ਅਜਿਹੇ ਅਪਰਾਧਕ ਅਨਸਰ ਜੋ ਨਾ ਸਿਰਫ਼ ਗਵਾਹਾਂ ਬਲਕਿ ਸਮੁੱਚੇ ਸਮਾਜ ਲਈ ਖ਼ਤਰਾ ਹਨ, ਉਨ੍ਹਾਂ ਨੂੰ ਕਿਸ ਆਧਾਰ 'ਤੇ ਜ਼ਮਾਨਤ ਮਿਲ ਜਾਂਦੀ ਹੈ ? ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੌਰਾਨ ਹੇਠਲੀਆਂ ਅਦਾਲਤਾਂ ਅਤੇ ਅਪਰਾਧਕ ਨਿਆਂ-ਤੰਤਰ ਵਿਚ ਸਾਡੇ ਘੱਟ ਰਹੇ ਭਰੋਸੇ ਨੂੰ ਬਹਾਲ ਕਰਨ ਵਿਚ ਸੁਪਰੀਮ ਕੋਰਟ ਆਖ਼ਰ ਕੀ ਕਰਦਾ ਹੈ ? ਸੁਪਰੀਮ ਕੋਰਟ ਉੱਤਰ ਪ੍ਰਦੇਸ਼ ਵਿਚ ਅਪਰਾਧਕ ਨਿਆਂ-ਤੰਤਰ ਦੀ ਪੜਤਾਲ ਕਰੇਗਾ ਤਾਂ ਉਸ ਤੋਂ ਇਹ ਉਮੀਦ ਹੀ ਰਹੇਗੀ ਕਿ ਉਹ ਇਕ ਕਮਿਸ਼ਨ ਬਿਠਾ ਦੇਵੇ ਜੋ ਇਨ੍ਹਾਂ ਤੱਥਾਂ ਦੀ ਪੁਣਛਾਣ ਕਰੇ ਕਿ ਆਖ਼ਰ ਉਹ ਕਿਹੜੀਆਂ ਕਮਜ਼ੋਰ ਕੜੀਆਂ ਹਨ ਜੋ ਅਤੀਕ ਅਹਿਮਦ ਵਿਰੁੱਧ ਲੰਬਿਤ 53 ਅਪਰਾਧਕ ਮਾਮਲਿਆਂ ਦੇ ਬਾਵਜੂਦ ਉਸ ਨੂੰ ਇਕ ਵਿਚ ਵੀ ਦੋਸ਼ੀ ਸਿੱਧ ਨਹੀਂ ਕਰ ਸਕੀਆਂ ਹਨ ਜਾਂ ਫਿਰ 16 ਅਪਰਾਧਕ ਮਾਮਲਿਆਂ ਦਾ ਮੁਲਜ਼ਮ ਮੁਖਤਾਰ ਅੰਸਾਰੀ ਕਿਹੜੀਆਂ ਲਾਪਰਵਾਹੀਆਂ ਕਾਰਨ ਇਕ ਵੀ ਮਾਮਲੇ ਵਿਚ ਦੋਸ਼ੀ ਸਿੱਧ ਨਹੀਂ ਹੋ ਸਕਿਆ ਹੈ ?

ਸੁਪਰੀਮ ਕੋਰਟ ਨੇ ਬਦਨਾਮ ਅਪਰਾਧੀ ਵਿਕਾਸ ਦੂਬੇ ਦੇ ਹੱਥੋਂ ਅੱਠ ਪੁਲਿਸ ਮੁਲਾਜ਼ਮਾਂ ਦੇ ਮਾਰੇ ਜਾਣ ਅਤੇ ਫਿਰ ਖ਼ੁਦ ਵਿਕਾਸ ਅਤੇ ਉਸ ਦੇ ਸਾਥੀਆਂ ਦੇ ਇਨਕਾਊਂਟਰ ਵਿਚ ਮਾਰੇ ਜਾਣ ਦੇ ਮਾਮਲਿਆਂ ਦੀ ਜਾਂਚ ਲਈ ਗਠਿਤ ਕਮਿਸ਼ਨ ਦੇ ਮੈਂਬਰ ਬਦਲੇ ਜਾਣ ਦੀ ਮੰਗ ਖ਼ਾਰਜ ਕਰ ਦਿੱਤੀ ਹੈ। ਕੁਝ ਦਿਨ ਪਹਿਲਾਂ ਇਸ ਕਮਿਸ਼ਨ ਦਾ ਨਵੇਂ ਸਿਰੇ ਤੋਂ ਗਠਨ ਸੁਪਰੀਮ ਕੋਰਟ ਦੀ ਪਹਿਲ 'ਤੇ ਹੀ ਹੋਇਆ ਸੀ।

ਇਸ ਤੋਂ ਪਹਿਲਾਂ ਤੇਲੰਗਾਨਾ ਵਿਚ ਇਕ ਬੇਹੱਦ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਸੀ ਜਿਸ ਵਿਚ ਇਕ ਮਹਿਲਾ ਵੈਟਰਨਰੀ ਡਾਕਟਰ ਨਾਲ ਜਬਰ-ਜਨਾਹ ਤੋਂ ਬਾਅਦ ਉਸ ਦੀ ਹੱਤਿਆ ਕਰ ਕੇ ਲਾਸ਼ ਨੂੰ ਸਾੜ ਦਿੱਤਾ ਗਿਆ ਸੀ। ਇਸ ਘਟਨਾ ਨੇ ਸਮਾਜ ਦੀ ਸਮੂਹਿਕ ਚੇਤਨਾ 'ਤੇ ਕਰਾਰਾ ਵਾਰ ਕੀਤਾ ਸੀ ਅਤੇ ਜਨਤਾ ਵਿਚ ਵਿਆਪਕ ਗੁੱਸਾ ਭਰ ਦਿੱਤਾ ਸੀ। ਜਾਂਚ ਦੇ ਸਿਲਸਿਲੇ ਵਿਚ ਘਟਨਾ ਸਥਾਨ 'ਤੇ ਲਿਜਾਏ ਗਏ ਅਪਰਾਧੀ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸਨ।

ਸੂਬਾ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਲਈ ਹੈਦਰਾਬਾਦ ਪੁਲਿਸ ਕਮਿਸ਼ਨਰ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦਾ ਗਠਨ ਕੀਤਾ। ਅਪਰਾਧਕ ਪ੍ਰਕਿਰਿਆ ਜ਼ਾਬਤਾ 1973 ਦੀ ਧਾਰਾ 173 ਤਹਿਤ ਮੈਜਿਸਟ੍ਰੇਟ ਜਾਂਚ ਤਹਿਤ ਮਾਲੀਆ ਵਿਭਾਗ ਦੇ ਅਧਿਕਾਰੀ ਅਤੇ ਐੱਸਡੀਐੱਮ ਸ਼ਾਦਨਗਰ ਨੇ ਵੀ ਇਸ ਮਾਮਲੇ ਦੀ ਜਾਂਚ ਕੀਤੀ। ਇਸ ਮਾਮਲੇ ਵਿਚ ਤੇਲੰਗਾਨਾ ਹਾਈ ਕੋਰਟ ਵਿਚ ਇਕ ਲੋਕ ਹਿੱਤ ਪਟੀਸ਼ਨ ਲੰਬਿਤ ਹੋਣ ਦੇ ਬਾਵਜੂਦ ਸੁਪਰੀਮ ਕੋਰਟ ਨੇ ਜਾਂਚ ਕਮਿਸ਼ਨ ਐਕਟ 1972 ਤਹਿਤ ਇਕ ਜਾਂਚ ਟੀਮ ਗਠਿਤ ਕਰ ਦਿੱਤੀ। ਇਹ ਟੀਮ ਸੁਪਰੀਮ ਕੋਰਟ ਦੇ ਇਕ ਸੇਵਾ ਮੁਕਤ ਜੱਜ ਦੀ ਅਗਵਾਈ ਹੇਠ ਬਣੀ ਜਿਨ੍ਹਾਂ ਨੂੰ ਇਸ ਦੇ ਲਈ ਪ੍ਰਤੀ ਸੁਣਵਾਈ ਡੇਢ ਲੱਖ ਰੁਪਏ ਦਾ ਮਾਣਭੱਤਾ ਮਿਲਦਾ ਹੈ। ਇਸ ਵਿਚ ਹਾਈ ਕੋਰਟ ਦੇ ਇਕ ਸਾਬਕਾ ਜੱਜ ਅਤੇ ਸੀਬੀਆਈ ਦੇ ਸਾਬਕਾ ਨਿਰਦੇਸ਼ਕ ਦੇ ਰੂਪ ਵਿਚ ਦੋ ਹੋਰ ਮੈਂਬਰ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਪ੍ਰਤੀ ਸੁਣਵਾਈ ਇਕ ਲੱਖ ਰੁਪਏ ਦਾ ਭੁਗਤਾਨ ਕੀਤਾ ਜਾਂਦਾ ਹੈ। ਇੰਨਾ ਹੀ ਨਹੀਂ, ਉਨ੍ਹਾਂ ਨੂੰ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਦੁਆਰਾ ਸੁਰੱਖਿਆ ਵੀ ਮੁਹੱਈਆ ਕਰਵਾਈ ਗਈ ਹੈ।

ਬੀਤੇ ਦਿਨਾਂ ਦੌਰਾਨ ਸੁਪਰੀਮ ਕੋਰਟ ਨੇ ਇਸ ਕਮਿਸ਼ਨ ਦਾ ਕਾਰਜਕਾਲ ਇਸ ਆਧਾਰ 'ਤੇ ਛੇ ਮਹੀਨੇ ਲਈ ਵਧਾ ਦਿੱਤਾ ਕਿ ਲਾਕਡਾਊਨ ਕਾਰਨ ਜਾਂਚ ਦਾ ਕੰਮ ਰੁਕਿਆ ਰਿਹਾ। ਧਿਆਨ ਰਹੇ ਕਿ ਕਮਿਸ਼ਨ ਦਸੰਬਰ ਵਿਚ ਗਠਿਤ ਹੋਇਆ ਸੀ ਅਤੇ ਲਾਕਡਾਊਨ 22 ਮਾਰਚ ਨੂੰ ਲੱਗਿਆ। ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਕੀ ਕੋਈ ਜੱਜ ਅਜਿਹੇ ਮਾਮਲਿਆਂ ਵਿਚ ਸਵੈ-ਇੱਛੁਕ ਤੌਰ 'ਤੇ ਬਿਨਾਂ ਕਿਸੇ ਭੁਗਤਾਨ ਦੇ ਜਨਹਿੱਤ ਵਿਚ ਆਪਣੀਆਂ ਸੇਵਾਵਾਂ ਦੇਣ ਲਈ ਤਿਆਰ ਹੈ ? ਸਵਾਲ ਇਹ ਵੀ ਹੈ ਕਿ ਸਥਾਨਕ ਲੋਕਾਂ ਦੇ ਬਿਆਨਾਂ ਨੂੰ ਦਰਜ ਕਰਨ ਅਤੇ ਸੈਂਕੜੇ ਗਵਾਹਾਂ ਦੇ ਪ੍ਰੀਖਣ ਦੀ ਪ੍ਰਕਿਰਿਆ ਦੌਰਾਨ ਕੀ ਸੁਪਰੀਮ ਕੋਰਟ ਦਾ ਸੇਵਾ ਮੁਕਤ ਜੱਜ ਸਥਾਨਕ ਭਾਸ਼ਾ ਜਾਂ ਬੋਲੀ ਤੋਂ ਜਾਣੂ ਹੋਵੇਗਾ ?





ਇਸ ਸਮੁੱਚੀ ਪ੍ਰਕਿਰਿਆ ਵਿਚ ਜ਼ਿਲ੍ਹਾ ਜੱਜ ਦੀ ਭੂਮਿਕਾ ਖ਼ਤਮ ਹੋ ਜਾਂਦੀ ਹੈ ਕਿਉਂਕਿ ਆਈਪੀਸੀ ਦੀ ਧਾਰਾ 307 (ਕਤਲ ਦੀ ਕੋਸ਼ਿਸ਼) ਤਹਿਤ ਐੱਫਆਈਆਰ ਦਰਜ ਕਰਨ ਅਤੇ ਅਪਰਾਧਕ ਪ੍ਰਕਿਰਿਆ ਜ਼ਾਬਤੇ ਦੀ ਧਾਰਾ 173 ਤਹਿਤ ਅੰਤਿਮ ਰਿਪੋਰਟ ਤਿਆਰ ਕਰਨ ਦਾ ਆਦੇਸ਼ ਦੇਣ ਅਤੇ ਕਿਸੇ ਹੋਰ ਬਿੰਦੂ ਦੇ ਆਧਾਰ 'ਤੇ ਅੱਗੇ ਹੋਰ ਜਾਂਚ ਕਰਨ ਵਿਚ ਜ਼ਿਲ੍ਹਾ ਜੱਜ ਜਾਂਚ ਕਮਿਸ਼ਨ ਦੀ ਹੀ ਤਰ੍ਹਾਂ ਸਮਰੱਥ ਹੈ। ਉਹ ਟਰਾਇਲ ਪ੍ਰਕਿਰਿਆ ਦੌਰਾਨ ਉਸ ਦੀ ਨਿਗਰਾਨੀ ਕਰਨ ਲਈ ਵੀ ਢੁੱਕਵਾਂ ਹੈ। ਅਜਿਹੇ ਵਿਚ ਸੁਪਰੀਮ ਕੋਰਟ ਦੁਆਰਾ ਹੇਠਲੀਆਂ ਅਦਾਲਤਾਂ ਦੀ ਭੂਮਿਕਾ ਨੂੰ ਲੈ ਕੇ ਪੂਰਵ ਅਨੁਮਾਨ ਲਗਾਉਣਾ ਜਾਂ ਅਜਿਹਾ ਕੋਈ ਯਤਨ ਦੇਸ਼ ਵਿਚ ਅਪਰਾਧਕ ਨਿਆਂ ਪ੍ਰਦਾਨ ਕਰਨ ਵਾਲੇ ਤੰਤਰ 'ਤੇ ਪ੍ਰਤੱਖ ਅਸਰ ਦਿਖਾਵੇਗਾ। ਜੇਕਰ ਹਰੇਕ ਮੁਕਾਬਲੇ ਦੇ ਮਾਮਲੇ ਵਿਚ ਸੁਪਰੀਮ ਕੋਰਟ ਦਾ ਕੋਈ ਸਾਬਕਾ ਜੱਜ ਹੀ ਜਾਂਚ ਕਰੇਗਾ ਤਾਂ ਕੀ ਸਰਬਉੱਚ ਅਦਾਲਤ ਇਸ ਜ਼ਰੀਏ ਇਹ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਉਸ ਨੂੰ ਹੇਠਲੀਆਂ ਅਦਾਲਤਾਂ 'ਤੇ ਕੋਈ ਵੀ ਭਰੋਸਾ ਨਹੀਂ ਰਿਹਾ ਜਦਕਿ ਇਸਤਗਾਸਾ ਪੱਧਰ 'ਤੇ ਮਾਮਲੇ ਦੀ ਸੁਣਵਾਈ ਹਮੇਸ਼ਾ ਉੱਥੇ ਹੀ ਹੋਵੇਗੀ। ਮਾਮਲਾ ਚਾਹੇ ਹੱਤਿਆ ਜਾਂ ਜਬਰ-ਜਨਾਹ ਦੇ ਮੁਜਰਮਾਂ ਦਾ ਹੋਵੇ ਜਾਂ ਕਿਸੇ ਪੁਲਿਸ ਇਨਕਾਊਂਟਰ ਦਾ, ਹੇਠਲੀ ਅਦਾਲਤ ਵਿਚ ਸੁਣਵਾਈ ਕਰਨ ਵਾਲਾ ਜੱਜ ਤਾਂ ਉਹੀ ਰਹੇਗਾ।

ਅਜਿਹੇ ਵਿਚ ਸੁਪਰੀਮ ਕੋਰਟ ਲਈ ਬੇਹੱਦ ਜ਼ਰੂਰੀ ਹੋਵੇਗਾ ਕਿ ਉਹ ਨਾ ਸਿਰਫ਼ ਇਸ ਪਹਿਲੂ 'ਤੇ ਗ਼ੌਰ ਕਰੇ ਬਲਕਿ ਉਨ੍ਹਾਂ ਦੀ ਭੂਮਿਕਾ ਨੂੰ ਵੀ ਅਣਦੇਖਿਆ ਨਾ ਕਰੇ। ਵਿਕਾਸ ਦੂਬੇ ਦੇ ਅਪਰਾਧਾਂ ਦਾ ਇਕ ਲੰਬਾ ਕੱਚਾ ਚਿੱਠਾ ਹੈ।

ਲਗਪਗ 60 ਤੋਂ ਵੱਧ ਮਾਮਲਿਆਂ ਵਿਚ ਉਸ ਦੀ ਸ਼ਮੂਲੀਅਤ ਉਸ ਦੇ ਵਿਆਪਕ ਅਪਰਾਧਕ ਚਰਿੱਤਰ ਨੂੰ ਸਿੱਧ ਕਰਨ ਦੇ ਨਾਲ ਹੀ ਤੰਤਰ ਵਿਚ ਉਸ ਦੀ ਗਹਿਰੀ ਗੰਢ-ਤੁੱਪ ਨੂੰ ਹੀ ਦਰਸਾਉਂਦੀ ਹੈ। ਪੁਲਿਸ ਸਟੇਸ਼ਨ ਵਿਚ ਵੜ ਕੇ ਇਕ ਨੇਤਾ ਦੀ ਹੱਤਿਆ ਦੇ ਮਾਮਲੇ ਵਿਚ ਵੀ ਉਹ ਬਰੀ ਹੋ ਗਿਆ ਸੀ ਕਿਉਂਕਿ ਘਟਨਾ ਸਥਾਨ 'ਤੇ ਮੌਜੂਦ ਪੁਲਿਸ ਮੁਲਾਜ਼ਮ ਗਵਾਹੀ ਦੇਣ ਤੋਂ ਘਬਰਾ ਗਏ ਸਨ। ਦੇਖਿਆ ਜਾਵੇ ਤਾਂ ਉਹ ਵੀ ਦਰੁਸਤ ਸਨ। ਕੋਈ ਵੀ ਵਿਅਕਤੀ ਅਜਿਹਾ ਕੋਈ ਵੀ ਕੰਮ ਨਹੀਂ ਕਰੇਗਾ ਜਿਸ ਕਾਰਨ ਉਸ ਅਤੇ ਉਸ ਦੇ ਪਰਿਵਾਰ ਦੀ ਜਾਨ ਨੂੰ ਕੋਈ ਖ਼ਤਰਾ ਖੜ੍ਹਾ ਹੋਵੇ। ਗਵਾਹਾਂ ਦੀ ਸੁਰੱਖਿਆ ਦਾ ਮੁੱਦਾ ਬੜਾ ਜਟਿਲ ਹੈ।

ਇਹੀ ਕਾਰਨ ਹੈ ਕਿ ਅਕਸਰ ਅਪਰਾਧੀਆਂ ਦੇ ਡਰੋਂ ਲੋਕ ਉਨ੍ਹਾਂ ਵਿਰੁੱਧ ਗਵਾਹੀ ਦੇਣ ਲਈ ਅੱਗੇ ਨਹੀਂ ਆਉਂਦੇ ਜਿਸ ਕਾਰਨ ਉਹ ਆਰਾਮ ਨਾਲ ਬਰੀ ਹੋ ਜਾਂਦੇ ਹਨ। ਇਸ ਮਸਲੇ 'ਤੇ ਵੀ ਅਸਰਦਾਰ ਉਪਰਾਲੇ ਹੋਣੇ ਚਾਹੀਦੇ ਹਨ। ਦੇਖਿਆ ਜਾਵੇ ਤਾਂ ਹਰੇਕ ਮਾਮਲੇ ਵਿਚ ਮੁਲਜ਼ਮ ਬਣਾਉਣ ਦੇ ਬਾਵਜੂਦ ਵਕੀਲਾਂ ਦੀ ਫ਼ੌਜ ਨੇ ਵਿਕਾਸ ਦੂਬੇ ਨੂੰ ਜ਼ਮਾਨਤ ਦਿਵਾਈ ਅਤੇ ਗਵਾਹਾਂ ਨੂੰ ਤੰਗ-ਪਰੇਸ਼ਾਨ ਕਰਨਾ ਜਾਰੀ ਰਿਹਾ। ਦੂਬੇ ਦੇ ਅਪਰਾਧਕ ਤੌਰ-ਤਰੀਕਿਆਂ ਨੇ ਦੋ ਦਹਾਕਿਆਂ ਤੋਂ ਵੱਧ ਸਮੇਂ ਤਕ ਕਾਨਪੁਰ ਨੂੰ ਕਾਂਬਾ ਛੇੜੀ ਰੱਖਿਆ। ਇੱਥੇ ਤੇਲੰਗਾਨਾ ਸਰਕਾਰ ਦੇ ਉਲਟ ਉੱਤਰ ਪ੍ਰਦੇਸ਼ ਸਰਕਾਰ ਨੇ ਅੱਠ ਪੁਲਿਸ ਮੁਲਾਜ਼ਮਾਂ ਦੀ ਹੱਤਿਆ ਅਤੇ ਉਸ ਮਗਰੋਂ ਦੂਬੇ ਅਤੇ ਉਸ ਦੇ ਗੁਰਗਿਆਂ ਦੇ ਇਨਕਾਊਂਟਰ ਨਾਲ ਜੁੜੇ ਮਾਮਲਿਆਂ ਦੀ ਜਾਂਚ ਲਈ ਦੋ ਕਮੇਟੀਆਂ ਗਠਿਤ ਕੀਤੀਆਂ। ਪਹਿਲੀ ਕਮੇਟੀ ਜਾਂਚ ਕਮਿਸ਼ਨ ਐਕਟ 1952 ਤਹਿਤ ਗਠਿਤ ਕੀਤੀ ਗਈ ਜਿਸ ਦੀ ਕਮਾਨ ਇਲਾਹਾਬਾਦ ਹਾਈ ਕੋਰਟ ਦੇ ਇਕ ਸੇਵਾ ਮੁਕਤ ਜੱਜ ਨੂੰ ਸੌਂਪੀ ਗਈ। ਬਾਅਦ ਵਿਚ ਸੁਪਰੀਮ ਕੋਰਟ ਨੇ ਕਮਾਨ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਨੂੰ ਸੌਂਪ ਦਿੱਤੀ। ਦੂਜੀ ਵਿਸ਼ੇਸ਼ ਜਾਂਚ ਟੀਮ ਅਰਥਾਤ ਐੱਸਆਈਟੀ ਪ੍ਰਦੇਸ਼ ਦੇ ਵਧੀਕ ਮੁੱਖ ਸਕੱਤਰ ਦੇ ਨਿਰਦੇਸ਼ਨ ਹੇਠ ਜਾਂਚ ਦਾ ਕੰਮ ਕਰੇਗੀ। ਇਹ ਸਭ ਕੁਝ ਸਰਕਾਰ ਦੇ ਉਸ ਯਤਨ ਵੱਲ ਇਸ਼ਾਰਾ ਕਰਦਾ ਹੈ ਜਿਸ ਵਿਚ ਉਹ ਤੱਥਾਂ ਨੂੰ ਉਲਝਾਉਣਾ ਚਾਹੁੰਦੀ ਹੈ। ਜਦ ਵੱਖ-ਵੱਖ ਸੂਬਿਆਂ ਵਿਚ ਇਨਕਾਊਂਟਰ ਵੱਧ ਰਹੇ ਹਨ ਉਦੋਂ ਕੀ ਸੁਪਰੀਮ ਕੋਰਟ ਲਈ ਇਹ ਸੰਭਵ ਹੋਵੇਗਾ ਕਿ ਉਹ ਹਰੇਕ ਮਾਮਲੇ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਕਿਸੇ ਸੇਵਾ ਮੁਕਤ ਜੱਜ ਦੀ ਨਿਯੁਕਤੀ ਕਰ ਸਕੇ ? ਕੀ ਲੰਬੇ ਸਮੇਂ ਤਕ ਚੱਲਣ ਵਾਲੀ ਅਜਿਹੀ ਜਾਂਚ ਨਾਲ ਸਰਕਾਰੀ ਖ਼ਜ਼ਾਨੇ 'ਤੇ ਵਾਧੂ ਬੋਝ ਨਹੀਂ ਪਵੇਗਾ ? ਕੀ ਸੁਪਰੀਮ ਕੋਰਟ ਇਸ ਪਹਿਲੂ ਦੀ ਵੀ ਨਿਗਰਾਨੀ ਕਰੇਗਾ ਕਿ ਅਜਿਹੇ ਅਪਰਾਧਕ ਅਨਸਰ ਜੋ ਨਾ ਸਿਰਫ਼ ਗਵਾਹਾਂ ਬਲਕਿ ਸਮੁੱਚੇ ਸਮਾਜ ਲਈ ਖ਼ਤਰਾ ਹਨ, ਉਨ੍ਹਾਂ ਨੂੰ ਕਿਸ ਆਧਾਰ 'ਤੇ ਜ਼ਮਾਨਤ ਮਿਲ ਜਾਂਦੀ ਹੈ ? ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੌਰਾਨ ਹੇਠਲੀਆਂ ਅਦਾਲਤਾਂ ਅਤੇ ਅਪਰਾਧਕ ਨਿਆਂ-ਤੰਤਰ ਵਿਚ ਸਾਡੇ ਘੱਟ ਰਹੇ ਭਰੋਸੇ ਨੂੰ ਬਹਾਲ ਕਰਨ ਵਿਚ ਸੁਪਰੀਮ ਕੋਰਟ ਆਖ਼ਰ ਕੀ ਕਰਦਾ ਹੈ ?

ਸੁਪਰੀਮ ਕੋਰਟ ਉੱਤਰ ਪ੍ਰਦੇਸ਼ ਵਿਚ ਅਪਰਾਧਕ ਨਿਆਂ-ਤੰਤਰ ਦੀ ਪੜਤਾਲ ਕਰੇਗਾ ਤਾਂ ਉਸ ਤੋਂ ਇਹ ਉਮੀਦ ਹੀ ਰਹੇਗੀ ਕਿ ਉਹ ਇਕ ਕਮਿਸ਼ਨ ਬਿਠਾ ਦੇਵੇ ਜੋ ਇਨ੍ਹਾਂ ਤੱਥਾਂ ਦੀ ਪੁਣਛਾਣ ਕਰੇ ਕਿ ਆਖ਼ਰ ਉਹ ਕਿਹੜੀਆਂ ਕਮਜ਼ੋਰ ਕੜੀਆਂ ਹਨ ਜੋ ਅਤੀਕ ਅਹਿਮਦ ਵਿਰੁੱਧ ਲੰਬਿਤ 53 ਅਪਰਾਧਕ ਮਾਮਲਿਆਂ ਦੇ ਬਾਵਜੂਦ ਉਸ ਨੂੰ ਇਕ ਵਿਚ ਵੀ ਦੋਸ਼ੀ ਸਿੱਧ ਨਹੀਂ ਕਰ ਸਕੀਆਂ ਹਨ ਜਾਂ ਫਿਰ 16 ਅਪਰਾਧਕ ਮਾਮਲਿਆਂ ਦਾ ਮੁਲਜ਼ਮ ਮੁਖਤਾਰ ਅੰਸਾਰੀ ਕਿਹੜੀਆਂ ਲਾਪਰਵਾਹੀਆਂ ਕਾਰਨ ਇਕ ਵੀ ਮਾਮਲੇ ਵਿਚ ਦੋਸ਼ੀ ਸਿੱਧ ਨਹੀਂ ਹੋ ਸਕਿਆ ਹੈ ? ਇਹ ਇੱਕਾ-ਦੁੱਕਾ ਮਾਮਲੇ ਨਹੀਂ ਹਨ। ਅਸਲ ਵਿਚ ਇਹ ਇਕ ਨਵਾਂ ਚਲਨ ਬਣ ਗਿਆ ਹੈ। ਕੀ ਸਾਡੇ ਜੱਜ ਇਸ ਤੋਂ ਪ੍ਰਸੰਨ ਹਨ ? ਜਦ ਤਕ ਸੁਪਰੀਮ ਕੋਰਟ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਅਪਰਾਧਕ ਨਿਆਂ-ਤੰਤਰ ਦੇ ਰੂਪ ਵਿਚ ਉਸ ਦਾ ਕਿੰਨਾ ਕੁਝ ਦਾਅ 'ਤੇ ਲੱਗਾ ਹੈ, ਉਦੋਂ ਤਕ ਨੇੜ ਭਵਿੱਖ ਵਿਚ ਸਾਨੂੰ ਕੋਈ ਖ਼ਾਸ ਉਮੀਦ ਨਹੀਂ ਕਰਨੀ ਚਾਹੀਦੀ।

-(ਲੇਖਕ ਸੀਨੀਅਰ ਪੱਤਰਕਾਰ ਹੈ)।

# ਅਪਰਾਧੀ, ਪੁਲੀਸ ਅਤੇ ਭਾਰਤੀ ਸਿਆਸਤ ਦੀ ਮਿਲੀਭੁਗਤ

-ਮੋਹਨ ਸ਼ਰਮਾ



ਕਿੰਨੀਆਂ ਹੀ ਉਦਾਹਰਣਾਂ ਸਾਡੇ ਸਾਹਮਣੇ ਹਨ ਜਿੱਥੇ ਅਪਰਾਧੀ, ਪੁਲੀਸ ਅਤੇ ਸਿਆਸਤ ਦੀ ਮਿਲੀਭੁਗਤ ਸਾਹਮਣੇ ਆਉਂਦੀ ਹੈ। ਸਿਆਸਤਦਾਨਾਂ ਦੀ ਸਰਪ੍ਰਸਤੀ ਅਤੇ ਪੁਸ਼ਤਪਨਾਹੀ ਕਾਰਨ ਅਪਰਾਧੀ ਦਨਦਨਾਉਂਦੇ ਫਿਰਦੇ ਹਨ। ਜੇਕਰ ਕੋਈ ਅਪਰਾਧੀ ਦੇ ਵਿਰੁੱਧ ਥਾਣੇ ਵਿੱਚ ਰਿਪੋਰਟ ਦਰਜ਼ ਕਰਵਾਉਣ ਜਾਂਦਾ ਹੈ ਤਾਂ ਉਹਨੂੰ ਬੁਰੀ ਤਰ੍ਹਾਂ ਜ਼ਲੀਲ ਹੋਣਾ ਪੈਂਦਾ ਹੈ। ਪਹਿਲਾਂ ਤਾਂ ਥਾਣੇ ਵਿੱਚ ਰਿਪੋਰਟ ਲਿਖਵਾਉਣ ਲਈ ਖੱਜਲ ਖੁਆਰੀ। ਪੁਲੀਸ ਵਲੋਂ ਰੋਅਬ ਨਾਲ ਜੇਬ ਖਾਲੀ ਕਰਵਾਉਣ ਦੀਆਂ ਕੋਝੀਆਂ ਹਰਕਤਾਂ। ਸਿਆਸੀ ਵਿਅਕਤੀ ਵਲੋਂ ਅਪਰਾਧੀ ਦਾ ਪੱਖ ਪੂਰਨ ਲਈ ਅਤੇ ਉਸਦੀ 'ਆਪਣਾ ਬੰਦਾ' ਵਜੋਂ ਜਾਣ-ਪਹਿਚਾਣ ਕਰਕੇ ਢੁੱਕਵੀਂ ਮਦਦ ਕਰਨ ਦਾ ਆਦੇਸ਼ ਵੀ ਪੁਲੀਸ ਵਾਲਿਆਂ ਨੂੰ ਮਿਲ ਜਾਂਦਾ ਹੈ। ਉੱਧਰੋਂ ਖੱਜਲ ਖੁਆਰ ਹੋ ਕੇ ਜਦੋਂ ਰਿਪੋਰਟ ਦਰਜ ਕਰਵਾਉਣ ਵਾਲਾ ਬਾਹਰ ਨਿਕਲਦਾ ਹੈ ਤਾਂ ਅਪਰਾਧੀ ਦੀ ਖਚਰੀ ਹਾਸੀ ਉਸਦਾ ਮਜ਼ਾਕ ਉਡਾਉਂਦੀ ਹੈ। ਕਈ ਵਾਰ ਤਾਂ ਥਾਣੇ ਵਿੱਚ ਹੀ ਪੁਲੀਸ ਦੇ ਸਾਹਮਣੇ ਉਸ ਨਾਲ ਧੌਲ-ਧੱਫਾ ਕਰ ਦਿੱਤਾ ਜਾਂਦਾ ਹੈ। ਜਿਹੜਾ ਪੁਲੀਸ ਅਧਿਕਾਰੀ ਜਾਂ ਕਰਮਚਾਰੀ ਸਿਆਸੀ ਵਿਅਕਤੀਆਂ ਨੂੰ ਕਾਨੂੰਨ ਦਾ ਵਾਸਤਾ ਪਾ ਕੇ ਸਹੀ ਤਰ੍ਹਾਂ ਡਿਊਟੀ ਕਰਦਿਆਂ ਉਨ੍ਹਾਂ ਦਾ 'ਰੱਬੀ ਹੁਕਮ' ਨਹੀਂ ਮੰਨਦਾ ਉਸ ਨੂੰ ਪਹਿਲਾਂ ਤਾਂ ਧਮਕੀਆਂ ਦੇ ਕੇ 'ਤੂੰ ਮੈਨੂੰ ਜਾਣਦਾ ਨਹੀਂ। ਆਪਣਾ ਬੋਰੀਆ ਬਿਸਤਰਾ ਸਾਂਭ ਲੈ। ਤੂੰ ਸਾਡੀ ਵੁੱਕਤ ਨਹੀਂ ਜਾਣਦਾ। ਅਸੀਂ ਵੱਡੇ ਵੱਡੇ ਸਿੱਧੇ ਕਰ ਦਿੱਤੇ।' ਜਿਹੇ ਸ਼ਬਦ-ਬਾਣ ਛੱਡ ਕੇ ਉਸ ਨੂੰ ਧਮਕਾਇਆ ਜਾਂਦਾ ਹੈ। ਜੇ ਤਾਂ ਪੁਲੀਸ ਨੇ 'ਮਾਈ ਬਾਪ' ਕਹਿ ਕੇ ਮਾਫ਼ੀ ਮੰਗ ਲਈ ਤਾਂ ਉਸ ਨੂੰ ਅੱਗੇ ਤੋਂ 'ਬੰਦਾ ਬਣਨ' ਦੀ ਤਾੜਨਾ ਕਰਕੇ 'ਬਖਸ਼' ਦਿੱਤਾ ਜਾਂਦਾ ਹੈ, ਨਹੀਂ ਫਿਰ ਬਦਲੀ ਕਰਕੇ ਕੋਈ ਹੋਰ 'ਆਪਣਾ ਬੰਦਾ' ਫਿੱਟ ਕਰ ਦਿੱਤਾ ਜਾਂਦਾ ਹੈ। ਰਾਜ ਸਤਾ ਭੋਗ ਰਹੇ ਬਹੁਤ ਸਾਰੇ ਸਿਆਸੀ ਆਗੂਆਂ ਦੀਆਂ 'ਲੋਕ ਹਿਤ' ਵਿੱਚ ਦਿੱਤੀਆਂ ਧਮਕੀਆਂ ਜੱਗ ਜ਼ਾਹਰ ਹਨ। ਰਾਜਸੀ ਆਗੂਆਂ ਦੀ ਕੁੱਤੇ-ਖਾਣੀ ਅਤੇ ਬਦਲੀ ਦੇ ਡਰ ਕਾਰਨ ਪੁਲੀਸ ਵਾਲੇ ਸਮਾਜ ਪ੍ਰਤੀ ਨਹੀਂ ਸਗੋਂ ਸਿਰਫ ਤੇ ਸਿਰਫ ਸਤਾ ਵਿੱਚ ਭਾਈਵਾਲ ਆਗੂਆਂ ਪ੍ਰਤੀ ਹੀ ਜਵਾਬਦੇਹ ਹੁੰਦੇ ਹਨ। ਇਸੇ ਕਾਰਨ ਪੀੜਤ ਵਿਅਕਤੀ ਪਹਿਲਾਂ ਰਾਜਸੀ ਵਿਅਕਤੀਆਂ ਦੀ ਸ਼ਰਨ ਵਿੱਚ ਜਾਂਦੇ ਹਨ। ਉਨ੍ਹਾਂ ਦਾ ਟੈਲੀਫੋਨ ਖੜਕਦਾ ਹੈ, ਫਿਰ ਉਹ ਸਿਆਸੀ ਵਿਅਕਤੀ ਦੀ ਭਾਸ਼ਾ ਅਨੁਸਾਰ ਕੰਮ ਦਾ ਨਿਪਟਾਰਾ ਕਰਦੇ ਹਨ।

ਬਿਨਾਂ ਸ਼ੱਕ ਇਸ ਵੇਲੇ ਕੁੱਤੀ ਚੋਰਾਂ ਨਾਲ ਰਲੀ ਹੋਈ ਹੈ। 'ਜੰਗਲ ਵਾਲੀ ਸੋਚ' ਭਾਰੂ ਹੈ। ਦਰਬਾਨਾਂ ਦੀ ਅੱਖ ਚੋਰਾਂ ਨਾਲ ਮਿਲੀ ਹੋਈ ਹੈ। ਅਜਿਹੇ ਮਾਹੌਲ ਦੀ ਹੀ ਵਿਕਾਸ ਦੂਬੇ ਵਰਗੇ ਹੋਰ ਅਨੇਕਾਂ ਹੀ ਗੈਂਗਸਟਰ ਦੇਣ ਹਨ। ਅਜਿਹੀ ਸਥਿਤੀ ਬਿਮਾਰ ਸਿਆਸੀ ਰਾਜਤੰਤਰ ਦੇ ਨਾਲ-ਨਾਲ ਪੁਲੀਸ ਤੰਤਰ ਨੂੰ ਵੀ ਖੋਖਲਾ ਕਰਦੀ ਹੈ। ਅਜਿਹੇ ਵਰਤਾਰੇ ਵਿੱਚ ਤੰਦਰੁਸਤ ਅਤੇ ਖੁਸ਼ਹਾਲ ਸਮਾਜ ਦੀ ਆਸ ਰੱਖਣੀ ਰੇਤ ਵਿੱਚੋਂ ਤੇਲ ਕੱਢਣ ਵਾਂਗ ਹੈ।

ਪੁਲੀਸ ਤੰਤਰ ਲੋਕਾਂ ਪ੍ਰਤੀ ਸੁਹਿਰਦ ਤਾਂ ਹੋਵੇਗਾ ਜੇ ਸਿਆਸੀ ਵਿਅਕਤੀ ਵੱਖ-ਵੱਖ ਤਰ੍ਹਾਂ ਦੇ ਪਨਪ ਰਹੇ ਮਾਫੀਆ ਗਰੋਹਾਂ ਦੀ ਸਰਪ੍ਰਸਤੀ ਕਬੂਲ ਨਹੀਂ ਕਰਨਗੇ। ਇਹ ਕਿੰਜ ਸੰਭਵ ਹੋ ਸਕਦਾ ਹੈ ? ਇਸ ਸਬੰਧੀ ਪਾਠਕਾਂ ਨਾਲ ਇੱਕ ਸੱਚੀ ਘਟਨਾ ਸਾਂਝੀ ਕਰ ਰਿਹਾ ਹਾਂ। ਇਹ ਗੱਲ ਸਾਲ 1979 ਦੀ ਹੈ। ਉੱਤਰ ਪ੍ਰਦੇਸ਼ ਦੇ ਇੱਕ ਥਾਣੇ ਵਿੱਚ ਮੈਲੇ ਜਿਹੇ ਕੱਪੜਿਆਂ ਵਿੱਚ ਇੱਕ ਬਜ਼ੁਰਗ ਦਾਖਲ ਹੋਇਆ। ਉਸਨੇ ਥਾਣੇਦਾਰ ਕੋਲ ਆਪਣਾ ਬਲਦ ਚੋਰੀ ਹੋਣ ਦੀ ਵਿਥਿਆ ਦੱਸਕੇ ਰਿਪੋਰਟ ਲਿਖਣ ਲਈ ਬੇਨਤੀ ਕੀਤੀ। ਥਾਣੇਦਾਰ ਨੇ ਉਸ ਬਜ਼ੁਰਗ ਨੂੰ ਮੁਣਸ਼ੀ ਵੱਲ ਭੇਜ ਦਿੱਤਾ। ਅਗਾਂਹ ਮੁਣਸ਼ੀ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ। ਬਜ਼ੁਰਗ ਦੇ ਸਾਹਮਣੇ ਉਸਨੇ ਸਵਾਲਾਂ ਦੀ ਝੜੀ ਲਾ ਦਿੱਤੀ। ਬਜ਼ੁਰਗ ਵਿਚਾਰਾ ਇੰਜ ਖੜ੍ਹਾ ਸੀ ਜਿਵੇਂ ਉਹ ਆਪ ਮੁਜਰਮ ਹੋਵੇ। ਅਖੀਰ ਨੂੰ ਮੁਣਸ਼ੀ ਨੇ ਇਹ ਕਹਿਕੇ ਕਿ ਕੱਲ੍ਹ ਨੂੰ ਜਿਸ ਕੋਲੋਂ ਬਲਦ ਖਰੀਦਿਆ ਗਿਆ ਸੀ, ਉਸ ਨੂੰ ਵੀ ਨਾਲ ਲੈ ਕੇ ਆਵੀਂ, ਫਿਰ ਰਿਪੋਰਟ ਲਿਖਣ ਲਈ 'ਵਿਚਾਰ' ਕਰਾਂਗੇ। ਬਜ਼ੁਰਗ ਦੁਬਾਰਾ ਥਾਣੇਦਾਰ ਕੋਲ ਚਲਾ ਗਿਆ। ਥਾਣੇਦਾਰ ਨੇ ਵੀ ਖਚਰੀ ਜਿਹੀ ਨਜ਼ਰ ਨਾਲ ਵਿਹੰਦਿਆਂ ਉਸ ਨੂੰ ਕਿਹਾ ਕਿ ਜਿਵੇਂ ਮੁਣਸ਼ੀ ਕਹਿੰਦਾ ਹੈ, ਉਸ ਤਰ੍ਹਾਂ ਹੀ

ਬਾਕੀ ਸਫਾ 32 'ਤੇ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ:

# ਰਾਜਮੋਹਨ ਗਾਂਧੀ ਦਾ ਪੰਜਾਬ



## - ਡਾ. ਹਰਪਾਲ ਸਿੰਘ ਪੰਨੂ

ਆਖਰ ਵਿਚ ਖਿੱਚ-ਧੂਹ ਇਸ ਵਾਸਤੇ ਹੋਈ ਕਿ ਸਿੱਖ ਪਾਕਿਸਤਾਨ ਵਿਚ ਰਹਿਣ ਕਿ ਹਿੰਦੁਸਤਾਨ ਵਿਚ, ਉਨ੍ਹਾਂ ਦਾ ਆਪਣਾ ਕੋਈ ਥਾਂ ਨਹੀਂ ਸੀ। ਸਿੱਖ ਅਤੇ ਮੁਸਲਮਾਨ ਵਿਸ਼ਵਯੁੱਧ ਵਿਚ ਅੰਗਰੇਜ਼ਾਂ ਦੇ ਹੱਕ ਵਿਚ ਲੜਨ ਲਈ ਵੱਡੀ ਗਿਣਤੀ ਵਿਚ ਇਸ ਕਰਕੇ ਭਰਤੀ ਹੋਏ ਕਿਉਂਕਿ ਹਥਿਆਰਾਂ ਦੀ ਲੋੜ ਪਏਗੀ, ਇਕ ਦੂਜੇ ਨੂੰ ਵੱਢਣ ਲਈ। ਇਹ ਹਥਿਆਰ 1947 ਵਿਚ ਕੰਮ ਆਏ। ਗਾਜਰਾਂ ਮੂਲੀਆਂ ਵਾਂਗ ਬੰਦੇ ਨੇ ਬੰਦੇ ਵੱਢੇ। ਸਿੱਖਾਂ ਨੂੰ ਸਿੱਖੀ ਵਿਸਰ ਗਈ, ਮੁਸਲਮਾਨ ਦੀਨ ਭੁੱਲ ਗਏ। ਦੇਸ ਵੰਡ ਵੇਲੇ ਆਰ.ਐਸ.ਐਸ. ਦੀ ਪੰਜਾਬ ਵਿਚ 47 ਹਜ਼ਾਰ ਦੀ ਭਰਤੀ ਸੀ, ਲੀਗ ਦੇ ਗਾਰਡਾਂ ਦੀ ਗਿਣਤੀ 23 ਹਜ਼ਾਰ, ਸਿੱਖਾਂ ਦੀ ਇਉਂ ਕੋਈ ਫੌਜ ਨਹੀਂ ਸੀ ਕਿਉਂਕਿ ਸਾਰੇ ਸਿੱਖ ਹੀ ਆਪਣੇ ਆਪ ਨੂੰ ਗੁਰੂ ਦੀ ਫੌਜ ਸਮਝਦੇ ਸਨ, ਫਿਰ ਭਰਤੀ ਕਿਸ ਵਾਸਤੇ? ਲੁਹਾਰਾਂ ਦੀਆਂ ਅਹਿਰਨਾਂ ਤੇ ਦਾਤੀ ਰੰਬਿਆਂ ਦੀ ਥਾਂ ਗੰਡਾਸੇ ਅਤੇ ਬਰਛੇ ਢਲਣ ਲੱਗੇ। ਲੀਗ ਨੇ ਔਰਤਾਂ ਨੂੰ ਵੀ ਹਥਿਆਰਬੰਦ ਕਰ ਲਿਆ। ਹਿੰਸਾ ਦੀ ਸ਼ੁਰੂਆਤ ਪੰਜਾਬ ਨਾਲੋਂ ਪਹਿਲਾਂ ਬੰਗਾਲ ਵਿਚ ਹੋਈ। ਪੰਜਾਬ ਵਿਚ 70% ਪੁਲਿਸ ਫੋਰਸ ਮੁਸਲਮਾਨਾਂ ਦੀ ਸੀ, ਸਿੱਖਾਂ ਦਾ ਦੀ ਬਣੇਗਾ? ਗੋਰੀ ਸਰਕਾਰ ਵੀ ਉਲਝੀ ਪਈ ਸੀ। ਗੋਵਲਕਰ, ਰਾਸ਼ਟਰੀ ਸਵੈ ਸੇਵਕ ਸੰਘ ਦਾ ਮੁਖੀ ਪੰਜਾਬ ਵਿਚ ਆਇਆ, ਉਸਨੇ ਹਿੰਦੂਆਂ ਸਿੱਖਾਂ ਨੂੰ ਕਿਹਾ - ਤਿਆਰ ਰਹੋ। ਮੁਸਲਮਾਨਾਂ ਨਾਲ ਹਥਿਆਰਬੰਦ ਯੁੱਧ ਹੋਏਗਾ। ਖਿਜ਼ਰ ਹਯਾਤ ਖਾਨ ਨੇ ਆਰ.ਐਸ.ਐਸ. ਅਤੇ ਮੁਸਲਿਮ ਲੀਗ ਦੀ ਗਾਰਦ ਉੱਪਰ ਪਾਬੰਦੀ ਲਾ ਦਿੱਤੀ। ਆਰ.ਐਸ.ਐਸ. ਖਾਮੋਸ਼ ਹੋ ਗਈ ਪਰ ਮੁਸਲਿਮ ਗਾਰਦ ਨਹੀਂ ਝੁਕੀ। ਖਿਜ਼ਰ ਨੂੰ ਜਿਨਾਹ ਨਾਲ ਸਮਝੌਤਾ ਕਰਨਾ ਪਿਆ। ਅੰਮ੍ਰਿਤ ਛਕ ਕੇ ਧੜਾ ਧੜ ਸਿੱਖ ਨਿਹੰਗ ਹੋ ਗਏ ਕਿਉਂਕਿ ਨਿਹੰਗਾਂ ਨੂੰ ਹਥਿਆਰਬੰਦ ਹੋਣ ਦੀ ਆਗਿਆ ਸੀ। ਅਕਾਲ ਫੌਜ ਤਿਆਰ ਹੋ ਗਈ। ਪਰਿਵਾਰ ਦੇ ਇਕ ਬੱਚੇ ਨੇ ਖਿਜ਼ਰ ਹਯਾਤ ਨੂੰ ਕਿਹਾ - ਮੇਰੇ ਦੋਸਤ ਮੈਨੂੰ ਕਹਿੰਦੇ ਨੇ ਤੇਰਾ ਤਾਇਆ ਮੁਸਲਮਾਨ ਨਹੀਂ। ਖਰਾ ਮੁਸਲਮਾਨ ਖਿਜ਼ਰ ਸ਼ੱਕ ਵਿਚ ਘਿਰ ਗਿਆ, ਜਿਨਾਹ, ਜਿਹੜਾ ਕਿਹਾ ਕਰਦਾ ਸੀ - ਮੈਂ ਕਿੱਧਰ ਦਾ ਮੁਸਲਮਾਨ ਹਾਂ, ਮੁਸਲਮਾਨਾਂ ਦਾ ਲੀਡਰ ਹੋ ਗਿਆ। ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ - ਅਸੀਂ ਜਪਾਨੀਆਂ ਅਤੇ ਨਾਜ਼ੀਆਂ ਵਾਂਗ ਆਤਮਹੱਤਿਆ ਤੱਕ ਕਰ ਲਵਾਂਗੇ ਪਰ ਪਾਕਿਸਤਾਨ ਵਿਚ ਮੁਸਲਮਾਨਾਂ ਦੀ ਗੁਲਾਮੀ ਨਹੀਂ ਝੱਲਾਂਗੇ। ਮਾਰਚ 1947 ਵਿਚ ਕਤਲਾਂ ਦੀ ਸ਼ੁਰੂਆਤ ਹੋ ਗਈ। ਸੈਫੁੱਦੀਨ ਕਿਚਲੂ ਮੁਲਤਾਨ ਆਪਣੇ ਰਸੂਖ ਵਾਲੇ ਦੋਸਤ ਕਲਿਆਣ ਦਾਸ ਦੇ ਘਰ ਮਹਿਮਾਨ ਵਜੋਂ ਠਹਿਰਿਆ ਹੋਇਆ ਸੀ। ਕਲਿਆਣ ਦਾਸ ਦਾ ਸਾਰਾ ਪਰਿਵਾਰ ਵੱਢ ਦਿੱਤਾ। ਕਿਚਲੂ ਨੂੰ ਨੰਗਾ ਕਰਕੇ ਦੇਖਿਆ ਕਿ ਉਸਨੇ ਸੁੰਨਤ ਕਰਵਾਈ ਹੋਈ ਹੈ, ਸੋ ਛੱਡ ਦਿੱਤਾ। ਵਾਇਸਰਾਇ ਦੇ ਜਹਾਜ਼ ਵਿਚ ਸਫਰ ਕਰਦੇ ਜੈਨਕਿਨਜ਼ ਨੇ ਛੇ ਪਿੰਡ ਰਾਵਲਪਿੰਡੀ ਨੇੜੇ 9 ਮਾਰਚ ਨੂੰ ਅੱਗ ਵਿਚ ਸੜਦੇ ਦੇਖੇ।

ਅੰਗਰੇਜ਼ਾਂ ਨੇ ਦੱਸ ਦਿੱਤਾ ਸੀ ਕਿ ਉਹ ਜਾ ਰਹੇ ਹਨ। ਉਨ੍ਹਾਂ ਨੂੰ ਆਪਣੇ ਬਾਲ ਬੱਚਿਆਂ ਦੀ ਜਾਨ ਦਾ ਫਿਕਰ ਸੀ, ਭਾਰਤੀਆਂ ਦਾ ਫਿਕਰ ਕਿਸਨੂੰ ਸੀ? ਇਕ ਵਾਰ ਅੰਗਰੇਜ਼ਾਂ ਨੇ ਇਹ ਵੀ ਸੋਚਿਆ ਕਿ ਮਾਰਸ਼ਲ ਲਾਅ ਲਾਕੇ ਨਰ ਸੰਘਾਰ ਰੋਕਿਆ ਜਾਵੇ ਪਰ ਫਿਰ ਇਹ ਸੋਚ ਕੇ ਕਿ ਮੁਸਲਮਾਨ ਸਮਝਣਗੇ ਇਹ ਪਾਕਿਸਤਾਨ ਬਣਨ ਖਿਲਾਫ ਪਲੈਨ ਹੈ, ਇਸ ਕਰਕੇ ਉਹ ਵੀ ਅੰਗਰੇਜ਼ਾਂ ਦੇ ਖਿਲਾਫ ਹੋ ਜਾਣਗੇ, ਚੁੱਪ ਹੋ ਗਏ। ਜੱਟ ਜਾਣੇ ਜਾਂ ਬਿੱਜੂ, ਆਪਾਂ ਨੂੰ ਕੀ। ਥੱਕੇ ਹਾਰੇ ਗਵਰਨਰ ਪੰਜਾਬ ਨੇ ਹਉਕਾ ਲੈਂਦਿਆ ਕਿਹਾ - ਸਿਤਮ ਹੈ, ਪੰਜਾਬੀ ਮੁਸਲਮਾਨ ਬੰਬਈ ਨਿਵਾਸੀ ਜਿਨਾਹ ਦਾ ਹੁਕਮ ਮੰਨ ਰਹੇ ਹਨ, ਉਹ ਜਿਨਾਹ ਜਿਸਨੂੰ ਪੰਜਾਬ ਦੇ ਹਾਲਾਤ ਦੀ ਏ.ਬੀ.ਸੀ. ਦਾ ਪਤਾ ਨਹੀਂ।

11 ਅਪ੍ਰੈਲ ਨੂੰ ਗਾਂਧੀ ਨੇ ਮਾਊਂਟਬੈਟਨ ਨੂੰ ਪੱਤਰ ਲਿਖਿਆ - ਕਾਂਗਰਸ ਵਿਚ ਮੇਰੀ ਕੋਈ ਸੁਣਵਾਈ ਨਹੀਂ, ਕੇਵਲ ਬਾਦਸ਼ਾਹ ਖਾਨ ਮੇਰੀ ਹਾਂ ਵਿਚ ਹਾਂ ਮਿਲਾਉਂਦਾ ਹੈ।

ਜਿਨਾਹ ਨਾਲ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਗੱਲਬਾਤ ਤਾਂ ਕੀਤੀ, ਜਿਨਾਹ ਨੇ ਸਾਰੀਆਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਪਰ ਕਿਸੇ ਨੂੰ ਇਕ ਦੂਜੇ ਉੱਪਰ ਇਤਬਾਰ ਨਹੀਂ ਸੀ। ਦੰਗੇ ਸ਼ੁਰੂ ਹੋ ਗਏ, ਜਿਨਾਹ ਨੇ 23 ਜੂਨ 1947 ਨੂੰ ਲਾਰਡ ਮਾਊਂਟਬੈਟਨ ਨੂੰ ਕਿਹਾ - ਹਿੰਸਾ ਬੰਦ ਕਰਵਾਉ, ਬੇਸ਼ਕ ਮੁਸਲਮਾਨਾਂ ਉੱਪਰ ਗੋਲੀਆਂ ਦਾਗ ਦਿਉ, ਪਰ ਇਹ ਫਸਾਦ ਬੰਦ ਹੋਣ। ਦੇਸ ਛੱਡ ਕੇ ਜਾਂਦੀ ਸਰਕਾਰ ਨੂੰ ਦੰਗਿਆਂ ਦਾ ਕੀ ਦਰਦ? ਆਰ.ਐਸ.ਐਸ. ਨੇ ਪਹਿਲਾਂ ਲਾਹੌਰ, ਫਿਰ ਅੰਮ੍ਰਿਤਸਰ ਵਿਚ ਕਤਲਿਆਮ ਕੀਤਾ। ਪੂਰਬੀ ਪੰਜਾਬ ਦੇ ਸਿੱਖ ਸੋਚਣ ਲੱਗੇ ਕਿ ਜਿਵੇਂ ਹਿੰਦੂ ਸਿੱਖਾਂ ਨੂੰ ਪੱਛਮੀ ਪੰਜਾਬ ਵਿੱਚੋਂ ਖਤਮ ਕਰਕੇ ਸਫਾਇਆ ਕਰ ਦਿੱਤਾ ਹੈ ਇਵੇਂ ਪੂਰਬੀ ਪੰਜਾਬ ਵਿਚ ਮੁਸਲਮਾਨਾਂ ਦਾ ਸਫਾਇਆ ਕੀਤਾ ਜਾਵੇ।

ਆਲ ਇੰਡੀਆ ਕਾਂਗਰਸ ਕਮੇਟੀ ਨੂੰ ਵੰਡ ਦਾ ਮਤਾ ਪਾਸ ਕਰਨਾ ਪਿਆ। ਇਕ ਮੈਂਬਰ ਦੱਸਦਾ ਹੈ, ਸ਼ੋਕ ਮਤੇ ਨੂੰ ਛੱਡ ਕੇ ਹਰੇਕ ਮੀਟਿੰਗ ਵਿਚ ਵਿਚਾਰ ਵਟਾਂਦਰਾ, ਸ਼ੋਰ ਸ਼ਰਾਬਾ ਹੋਇਆ ਕਰਦਾ ਸੀ। ਦੇਸ ਵੰਡ ਦਾ ਮਤਾ ਪੂਰਨ ਖਾਮੋਸ਼ੀ ਨਾਲ ਪਾਸ ਹੋ ਗਿਆ। ਪੂਰਬੀ ਪੰਜਾਬ ਨੇ ਹਿੰਦੂਸਤਾਨ ਨਾਲ ਰਹਿਣ ਦਾ ਫੈਸਲਾ ਕੀਤਾ। ਵੰਡ ਵੇਲੇ ਪੰਜ ਤੋਂ ਅੱਠ ਲੱਖ ਕਤਲਾਂ ਦਾ ਅਤੇ ਇਕ ਤੋਂ ਡੇਢ ਕਰੋੜ ਲੋਕਾਂ ਦੇ ਉਜੜਨ ਬਾਰੇ ਅੰਕੜੇ ਹਨ।

ਰਾਜਮੋਹਨ ਇਕ ਅਧਿਆਇ ਕਤਲੋਗਾਰਤ ਦਾ ਲਿਖਦਾ ਹੈ, ਇਕ ਅਧਿਆਇ ਮਨੁੱਖੀ ਹਮਦਰਦੀ ਉੱਪਰ ਹੈ, ਘੋਰ ਸੰਕਟ ਵਿਚ ਕਿਤੇ ਕਿਤੇ ਇਸਾਨੀਅਤ ਜਿਉਂਦੀ ਵੀ ਰਹੀ। ਉਸਦੀ ਟਿੱਪਣੀ ਹੈ, "ਨੌਂ ਸਦੀਆਂ ਵਿਚ ਪਹਿਲੀ ਵਾਰ ਪੰਜਾਬੀ ਮੂਲ ਦੇ ਬੰਦਿਆਂ ਨੇ ਪੰਜਾਬ ਉੱਪਰ ਰਾਜ ਕੀਤਾ, ਇਹ ਅਮਨ ਅਮਾਨ ਦਾ ਸਮਾਂ ਸਰਕਾਰ ਖਾਲਸਾ ਦਾ ਸਮਾਂ ਸੀ। ਗਾਂਧੀ, ਨਹਿਰੂ, ਜਿਨਾਹ ਗੈਰ ਪੰਜਾਬੀ ਸਨ ਉਨ੍ਹਾਂ ਨੂੰ ਪੰਜਾਬ ਨਾਲ ਕੋਈ ਹਮਦਰਦੀ ਨਹੀਂ ਸੀ, ਇਹ ਤਾਂ ਪੰਜਾਬੀਆਂ ਨੂੰ ਖੁਦ ਚਾਹੀਦਾ ਸੀ ਆਪਣੀ ਮੁਸੀਬਤ ਦਾ ਹੱਲ ਆਪ ਕੱਢਦੇ।

ਰਾਜਮੋਹਨ ਨੂੰ ਗੁਰਬਾਣੀ ਦੇ ਸੁਨੇਹੇ ਦਾ ਪਤਾ ਹੈ, ਸੂਫੀ ਸ਼ਾਇਰਾਂ ਨੂੰ ਜਾਣਦਾ ਹੈ, ਸ਼ਾਹ ਮੁਹੰਮਦ ਦਾ ਕਿੱਸਾ ਤਾਂ ਪੜ੍ਹਿਆ ਹੀ, ਅੰਮ੍ਰਿਤਾ ਪ੍ਰੀਤਮ ਦੀ ਅੱਜ ਆਖਾਂ ਵਾਰਸ ਸ਼ਾਹ ਨੂੰ ... ਕਵਿਤਾ ਦਾ ਹਵਾਲਾ ਦਿੰਦਾ ਹੈ। ਫੈਜ਼ ਦੀ ਨਜ਼ਮ - ਯੇ ਦਾਗ ਦਾਗ ਉਜਾਲਾ, ਯੇ ਸ਼ੁਬਗੁਜ਼ੀਦਾ ਸਹਰ, ਹਮੇਂ ਇੰਤਜ਼ਾਰ ਥਾ ਜਿਨਕਾ ਯੇ ਵੋ ਸਹਰ ਤੋ ਨਹੀਂ, ਮੰਟੋ ਦਾ ਟੋਬਾ ਟੇਕ ਸਿੰਘ ਅਤੇ ਦਾਮਨ ਦੀ ਕਵਿਤਾ - ਰੋਏ ਤੁਸੀਂ ਵੀ ਹੋ ਰੋਏ ਅਸੀਂ ਵੀ ਹਾਂ, ਪੜ੍ਹੀ ਹੋਈ ਹੈ। ਇੰਦਰਾ ਗਾਂਧੀ ਦੇ ਕਤਲ ਤੋਂ ਬਾਦ ਦਿੱਲੀ ਦੰਗਿਆਂ ਬਾਰੇ ਲਿਖਦਾ ਹੈ - 1857 ਦੇ ਗਦਰ ਸਮੇਂ ਦੇ ਕਤਲਿਆਮ ਤੋਂ ਬਾਦ 1984 ਵਿਚ ਦਿੱਲੀ ਸ਼ਹਿਰ ਨੇ ਸਿੱਖਾਂ ਦਾ ਭਾਰੀ ਕਤਲਿਆਮ ਦੇਖਿਆ।




ਇਸ ਕਿਤਾਬ ਵਿਚ ਪੂਰਬੀ ਅਤੇ ਪੱਛਮੀ ਪੰਜਾਬਾਂ ਦੇ ਮਾਰਚ 2013 ਤੱਕ ਦੇ ਹਾਲਾਤ ਵਰਣਿਤ ਹਨ। ਕਿਤਾਬ ਪੜ੍ਹਦਿਆਂ ਕਈ ਵਾਰ ਦਿਲ ਉਦਾਸ ਹੋਇਆ ਪਰ ਰਾਜਮੋਹਨ ਜਜ਼ਬਾਤਾਂ ਤੋਂ ਮੁਕਤ ਹੈ। ਉਹ ਆਪਣੇ ਬਾਬੇ ਮਹਾਤਮਾ ਗਾਂਧੀ ਬਾਰੇ ਲਿਖਦਿਆਂ ਵੀ ਸੰਤੁਲਨ ਨਹੀਂ ਗੁਆਉਂਦਾ। ਬੰਗਾਲ ਦੇ ਬ੍ਰਾਹਮਣ ਬੈਨਰਜੀ ਖਾਨਦਾਨਾਂ ਨੇ ਜਿਵੇਂ ਸਿੱਖ ਇਤਿਹਾਸ ਲਿਖ ਕੇ ਗੁਰੂ ਸਾਹਿਬਾਨ ਦਾ ਰਿਣ ਉਤਾਰਿਆ ਸੀ, ਗੁਜਰਾਤੀ ਰਾਜਮੋਹਨ ਨੇ ਇਸ ਕਿਤਾਬ ਰਾਹੀਂ ਵਿਸ਼ਾਲ ਪੰਜਾਬ ਨੂੰ ਸਜਦਾ ਕੀਤਾ ਹੈ। ਸਮਰਪਣ ਦੇ ਸ਼ਬਦ ਹਨ:

"ਇਨਸਾਨੀਅਤ ਦੇ ਪੁੰਜ ਅਤੇ ਪਿਆਰੇ ਮਿੱਤਰਾਂ ਖੁਸ਼ਵੰਤ ਸਿੰਘ (ਸਰਗੋਧੇ ਅਤੇ ਲਾਹੌਰ ਤੋਂ ਬਾਦ ਦਿੱਲੀ ਵਸਿਆ), ਮੁਬਾਸ਼ਿਰ ਹਸਨ (ਪਾਣੀਪਤੋਂ ਜਾਕੇ ਲਾਹੌਰ ਵਸਿਆ) ਤੇ ਪਿਆਰੇ ਲਾਲ ਨੱਯਰ, ਜਿਸਨੇ ਵੰਡ ਤੋਂ ਪਹਿਲਾਂ ਤੇ ਵੰਡ ਤੋਂ ਬਾਦ ਪੰਜਾਬ-ਬੰਗਾਲ ਨੂੰ ਪਿਆਰ ਕਰਨਾ ਨਹੀਂ ਛੱਡਿਆ, ਨੂੰ ਸਮਰਪਣ।"

ਕਿਤਾਬ ਪੜ੍ਹ ਕੇ ਸਤਿਆਰਥੀ ਦਾ ਬੰਦ ਯਾਦ ਆਇਆ:

ਇਸ ਸ਼ਹਿਰ ਦਾ ਕੀ ਇਤਿਹਾਸ,
ਵੱਜਦਾ ਆਵੇ ਢੋਲ।
ਮੈਂ ਥਲ ਦਾ ਅੰਨ੍ਹਾ ਦਰਵੇਸ,
ਹੰਝੂ ਜਿਸਦੇ ਬੋਲ।।

-ਸਮਾਪਤ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ:

# ਰਾਜ ਕਰੇਗਾ ਖ਼ਾਲਸਾ



## - ਸਿਰਦਾਰ ਕਪੂਰ ਸਿੰਘ

39. ਇਹ ਸਾਰੇ ਉਦਾਹਰਣ ਤਾਕਤਵਰ ਨੂੰ ਹਾਵਾਂ ਭਾਵਾਂ ਰਾਹੀਂ ਖੁਸ਼ ਕਰਨ ਅਤੇ ਕਮਜ਼ੋਰ ਦੀ ਤਕੜੇ ਸਾਹਮਣੇ ਅਧੀਨਗੀ ਨੂੰ ਪ੍ਰਗਟ ਕਰਦੇ ਹਨ। ਕੋਈ ਹਰਾਇਆ ਯਾ ਅਧੀਨ ਕੀਤਾ ਹੋਇਆ ਵਿਰੋਧੀ ਕਰਦੇ ਨਾ ਮਾਰਿਆ ਜਾਂਦਾ ਹੈ ਅਤੇ ਨਾ ਖਤਮ ਕੀਤਾ ਜਾਂਦਾ ਹੈ। ਇਸ ਸਿੱਖ ਦੋਹਰੇ 'ਬਚੇ ਸ਼ਰਨ ਜੋ ਹੋਇ' ਦੀ ਸਹੀ ਵਿਆਖਿਆ ਇਹ ਹੀ ਹੈ। ਇਸ ਪ੍ਰਕਾਰ ਅਧੀਨ ਕਰਨ ਅਤੇ ਤਬਾਹ ਕਰਨ ਦੀ ਮੂਲ ਭਾਵਨਾ 'ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ' ਭਾਵ ਜਿਸ ਸਮੇਂ ਕੋਈ ਨੀਵਾਂ ਜਾਂ ਕਮਜ਼ੋਰ ਮਨੁੱਖ ਖੁਆਰੀ, ਅਧੀਨਗੀ ਅਤੇ ਸੰਧੀ ਦੁਆਰਾ ਬਚੇ ਰਹਿਣ ਦੀ ਜਾਚ ਸਿੱਖ ਲਵੇ ਤਾਂ ਬਦਲੀ ਜਾ ਸਕਦੀ ਹੈ ਅਤੇ ਜਾਂਦੀ ਹੈ, 'ਖੁਆਰ ਹੋਇ ਸਭ ਮਿਲੇਂਗੇ'। ਮਨੁੱਖ ਅਤੇ ਪੰਛੀ ਦੇ ਦਰਮਿਆਨ ਸਮਰੂਪਤਾ ਦੀ ਤੁਲਨਾ ਵਿਚਕਾਰ ਲੋਰੰਜ ਪ੍ਰਕ੍ਰਿਤੀ ਅੰਦਰ ਜਿਉਂਦੇ ਰਹਿਣ ਅਤੇ ਵਿਕਾਸ ਕਰਨ ਦਾ ਬੁਨਿਆਦੀ ਰਹੱਸ ਦੇਖਦਾ ਹੈ, ਜਿਸ ਨੂੰ ਸਿੱਖ ਦਾਰਸ਼ਨਿਕ ਸਿਧਾਂਤਾਂ ਵਿਚ 'ਕੁਦਰਤ' ਕਿਹਾ ਹੈ ਕਿ ਜੇ ਤਾਕਤਵਰ ਮਾਰਨ ਜਾਂ ਤਬਾਹ ਕਰਨ ਦੀ ਬਜਾਇ ਅਧੀਨ ਕਰਨਾ ਸਿੱਖ ਲਵੇਗਾ ਅਤੇ ਕਮਜ਼ੋਰ ਵਿਰੋਧ ਕਰਨ ਦੀ ਬਜਾਇ ਅਧੀਨਗੀ ਮੰਨਣਾ ਸਿੱਖ ਲਵੇਗਾ ਤਾਂ ਸਾਰੀਆਂ ਲੜਾਈਆਂ ਝਗੜੇ ਤੇ ਅੰਦੋਲਨਾਂ ਦਾ ਖਾਤਮਾ ਹੋ ਜਾਵੇਗਾ ਅਤੇ ਫੇਰ ਮਨੁੱਖ ਲਈ ਜੀਵਤ ਰਹਿਣ ਦੀ ਸਮੱਸਿਆ ਨਹੀਂ ਰਹੇਗੀ। ਪ੍ਰਕ੍ਰਿਤੀ ਬਾਰੇ ਇਸ ਰਹੱਸ ਦੀ ਪੂਰਨ ਜਾਣਕਾਰੀ ਦੇ ਸਬੂਤ ਦੀ ਸਾਖੀ ਇਕ ਦੁਸ਼ਮਣ ਇਤਿਹਾਸਕਾਰ ਨੇ ਸਿੱਖ ਯੁੱਧ ਨੀਤੀ ਅਤੇ ਆਚਾਰ ਵਿਚੋਂ ਭਰੀ ਹੈ। ਕਾਜ਼ੀ ਨੂਰ ਮੁਹੰਮਦ ਆਪਣੇ ਜੰਗਨਾਮੇ (1765 ਈ.) ਵਿਚ ਲਿਖਦਾ ਹੈ ਕਿ ਲੜਾਈ ਵਿਚ ਸਿੱਖ ਉਨ੍ਹਾਂ ਨੂੰ ਕਦੇ ਨਹੀਂ ਮਾਰਦੇ ਜਿਹੜੇ ਹਥਿਆਰ ਸੁੱਟ ਦੇਣ ਅਤੇ ਲੜਨ ਤੇ ਟਾਕਰਾ ਕਰਨ ਤੋਂ ਨਾਂਹ ਕਰ ਦੇਣ:

ਨਾ ਕੁਸ਼ੰਦ ਨਾਮਰਦ ਰਾ ਹੇਚ ਗਾਹ।
ਫਰਾਰੰਦ ਰਾ ਹਮ ਨਾ ਗੀਰੰਦ ਰਾਹ।

40. ਇੱਥੇ ਹੈਰਾਨੀ ਭਰਪੂਰ ਸਚਾਈ ਇਹ ਹੈ ਕਿ ਮਨੁੱਖ ਦੀ ਭਿਅੰਕਰ ਰੁਚੀ ਘੁੱਗੀ ਨਾਲ ਮਿਲਦੀ ਹੈ: ਸਮੇਤ ਫਰਾਂਸੀਸੀ ਚਿੱਤਰਕਾਰ ਅਤੇ ਸ਼ਿਲਪਕਾਰ ਦੀ ਉਸ ਘੁੱਗੀ ਦੇ ਜਿਸ ਨੂੰ ਰੂਸ ਵਾਲਿਆਂ ਨੇ ਆਪਣੀ ਸ਼ਾਂਤੀ ਦੇ ਚਿੰਨ੍ਹ ਵਜੋਂ ਅਪਣਾਇਆ ਹੈ, ਆਪਣੀ ਪ੍ਰਸਿੱਧ ਪੁਸਤਕ ਕਿੰਗ ਸੋਲੋਮਾਨਜ਼ ਰਿੰਗ ਦੇ 'ਮਾਰਲਜ਼ ਐਂਡ ਵੈਪਨਜ਼' ਵਾਲੇ ਅਧਿਆਇ ਵਿਚ ਲੋਰੰਜ ਸਭ ਤੋਂ ਵੱਧ ਹੈਰਾਨੀ ਜਨਕ ਖੋਜ਼ਾਂ ਵਿਚੋਂ ਆਪਣੀ ਇਕ ਖੋਜ ਪਾਠਕ ਨੂੰ ਇਹ ਦੱਸੇ ਕੇ ਸਾਡੇ ਨਾਲ ਸਾਂਝੀ ਕਰਦਾ ਹੈ ਕਿ ਭਾਵੇਂ ਘੁੱਗੀ ਦੀ ਸ਼ੋਭਾ ਸਭ ਤੋਂ ਵਧੀਕ ਸਾਊ ਪੰਛੀ ਵਜੋਂ ਹੈ, ਪਰ ਹਕੀਕੀ ਤੌਰ 'ਤੇ ਉਹ ਸਭ ਤੋਂ ਵੱਧ ਜ਼ਾਲਮ ਹੁੰਦੀ ਹੈ। ਇਹ ਬਿਨਾਂ ਕਿਸੇ ਝਿਜਕ ਦੇ ਆਪਣੀ ਜਾਤੀ ਦੇ ਪੰਛੀਆਂ ਨੂੰ ਵੀ ਟੋਟੇ ਟੋਟੇ ਕਰਕੇ ਤਬਾਹ ਕਰ ਸੁੱਟਦੀ ਹੈ। ਦੂਜੇ ਪਾਸੇ ਆਮ ਪ੍ਰਚਲਿਤ ਵਿਸ਼ਵਾਸ ਅਤੇ ਅਨੁਮਾਨ ਦੇ ਉਲਟ ਲੜਾਈ ਵਿਚ ਬਘਿਆੜ ਕਿਸੇ ਦੂਜੇ ਬਘਿਆੜ ਨੂੰ ਜਾਨੋਂ ਨਹੀਂ ਮਾਰਦਾ,ਜੇ ਹਾਰਨ ਵਾਲਾ ਆਪਣੀ ਗਰਦਨ ਸਿੱਧੀ ਕਰਕੇ ਰਹਿਮ ਦੀ ਮੰਗ ਕਰ ਲਵੇ। ਇੱਥੇ ਉਨ੍ਹਾਂ ਲੋਕਾਂ ਦੇ ਵਿਚਾਰਨਯੋਗ ਸਮੱਗਰੀ ਹੈ, ਜਿਹੜੇ ਅਹਿੰਸਾ ਦੀਆਂ ਹੌਲੀ-ਹੌਲੀ ਗੱਲਾਂ ਕਰਨ ਵਾਲੇ ਪਹਿਲੇ (ਹਿੰਦੂ) ਤੋਂ, ਐਲਾਨੀਆ ਇਹ ਕਹਿਣ ਵਾਲੇ ਦੂਜੇ (ਮੁਸਲਮਾਨ) ਨਾਲੋਂ, ਕਿ 'ਧਰਮ ਬਦਲੋ ਯਾ ਮੌਤ ਕਬੂਲੋ' ਬਚਾਉ ਦੀ ਵੱਧ ਆਸ ਰੱਖਣ ਦਾ ਧੋਖਾ ਖਾਂਦੇ ਹਨ। ਇਹ ਇਕ ਅਜਿਹਾ ਮੂਰਖਤਾ ਭਰਪੂਰ ਖਿਆਲ ਹੈ, ਜਿਸ ਨੇ 1947 ਈ. ਵਿਚ ਅੰਗਰੇਜ਼ਾਂ ਦੇ ਭਾਰਤ ਵਿਚੋਂ ਚਲੇ ਜਾਣ ਤੋਂ ਬਾਅਦ ਦੇ, ਸਿੱਖਾਂ ਲਈ ਨਿਕਲਣ ਵਾਲੇ ਨਤੀਜਿਆਂ ਦੀ ਅਸਲੀ ਮਹੱਤਤਾ ਅਤੇ ਉਲਝਣ ਸਮਝਣ ਤੋਂ ਸਿੱਖ ਲੀਡਰਸ਼ਿਪ ਨੂੰ ਅਸਮਰੱਥ ਬਣਾ ਕੇ ਨਸ਼ਟ ਕਰ ਦਿੱਤਾ ਹੈ।

41. ਮੌਜੂਦਾ ਵਤੀਰੇ ਦੀ ਵੰਨਗੀ ਦੀਆਂ ਜੜ੍ਹਾਂ ਅੱਜ ਵੀ ਭੂਤਕਾਲ ਵਿਚ ਹਨ। ਇਸ ਤਰ੍ਹਾਂ ਕਿਸੇ ਮਨੁੱਖ ਨੂੰ ਸਮਝਣ ਲਈ ਉਸ ਦੇ ਪਿਛੋਕੜ ਨੂੰ ਸਮਝਣਾ ਚਾਹੀਦਾ ਹੈ, ਭਾਵ ਪਸ਼ੂਆਂ ਅਤੇ ਮਨੁੱਖਾਂ ਦੇ ਵਿਸ਼ਲੇਸ਼ਣ ਤੋਂ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਨੂੰ, ਜਿਹੜੇ ਅਲਹਾਮੀ ਅਗਵਾਈ ਭਾਵ ਗੁਰੂ ਦੀ ਓਟ ਆਸਰਾ ਲੈਣ ਨਾਲੋਂ ਆਪਣੀ ਸੇਧ ਨੇੜੇ ਜੀਵਨ ਵਿਚੋ ਲੈ ਸਕਣ ਲਈ ਆਪਣੇ ਆਪ ਨੂੰ ਬੜੇ ਹੁਸ਼ਿਆਰ ਅਤੇ ਯੋਗ ਸਮਝਦੇ ਹਨ, ਜਿਵੇਂਕਿ ਸਿੱਖ ਧਰਮ ਗ੍ਰੰਥ ਦਾ ਵਾਕ ਹੈ:

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥

(ਪੰਨਾ 463)

42. ਰਾਜ ਕਰੇਗਾ ਖ਼ਾਲਸਾ
ਆਕੀ ਰਹੇ ਨਾ ਕੋਇ ॥
ਖ਼ੁਆਰ ਹੋਇ ਸਭ ਮਿਲੇਂਗੇ
ਬਚੇ ਸ਼ਰਨ ਜੋ ਹੋਇ ॥

ਇਹ ਇਕ ਦੈਵੀ ਸੱਚ ਦਾ ਪ੍ਰਗਟਾਵਾ ਹੀ ਨਹੀਂ, ਬਲਕਿ ਇਕ ਭਲੀ ਭਾਂਤ ਸਥਾਪਤ ਵਿਗਿਆਨਕ ਸੱਚਾਈ ਹੈ। ਲੋਰੰਜ, ਐਂਡਰੇ ਅਤੇ ਮੋਰਿਸ ਨੇ ਆਪਣੇ ਸਿਧਾਂਤ ਹਵਾ ਵਿਚੋਂ ਨਹੀਂ ਚੁਣੇ। ਉਨ੍ਹਾਂ ਦਾ ਸਬੰਧ ਪੂਰਨ ਤੌਰ 'ਤੇ ਸਥਾਪਤ ਸ਼ੁਹਰਤ ਵਾਲੀ ਉਸ ਪੱਛਮੀ ਵਿਚਾਰਧਾਰਾ ਅਤੇ ਵਿਗਿਆਨਕ ਖੋਜਾਂ ਨਾਲ ਹੈ, ਜਿਨ੍ਹਾਂ ਦਾ ਪਾਸਾਰ ਪਿੱਛੇ ਸਪੈਂਗਲਰ ਤੋਂ ਥਾਮਸ ਹੋਬਜ਼ ਰਾਹੀਂ ਸਿਗਮੰਡ ਫਰਾਇਡ ਤੱਕ ਫੈਲਿਆ ਹੋਇਆ ਹੈ। ਸਪੈਂਗਲਰ ਆਪਣੀ ਸਭ ਤੋਂ ਉਤਕ੍ਰਿਸ਼ਟ ਰਚਨਾ 'ਡਿਕਲਾਇਨ ਆਫ਼ ਦੀ ਵੈਸਟ' ਵਿਚ ਲੜਾਕੇਪਣ ਸਬੰਧੀ ਆਪਣ ਦਾਹਵਿਆਂ ਬਾਰੇ ਬੜਾ ਦ੍ਰਿੜ੍ਹ ਰਹਿ ਚੁੱਕਾ ਹੈ। ਉਹ ਕਹਿੰਦਾ ਹੈ, ਮਾਸਾਹਾਰੀ ਜਾਨਵਰ, ਕਿਰਿਆਸ਼ੀਲ ਜੀਵਨ ਦਾ ਸਭ ਤੋਂ ਉੱਤਮ ਨਮੂਨਾ ਹਨ। ਮਨੁੱਖੀ ਨਸਲ ਇਸ ਕਰਕੇ ਉੱਚੀ ਮੰਨੀ ਜੀਂਦੀ ਹੈ ਕਿਉਂਕਿ ਇਹ ਮਾਸਾਹਾਰੀ ਜਾਨਵਰਾਂ ਦੀ ਸ਼੍ਰੇਣੀ ਨਾਲ ਸਬੰਧ ਰੱਖਦੀ ਹੈ। ਮਨੁੱਖ ਝਗੜਨ, ਮਾਰਨ ਅਤੇ ਤਬਾਹ ਕਰਨ ਵਿਚ ਲੱਗਿਆ ਰਹਿੰਦਾ ਹੈ:

ਖਾਲਸਾ ਸੋ ਜੋ ਕਰੇ ਨਿਤ ਜੰਗ। (ਸਰਬ ਲੋਹ)

ਮਨੁੱਖ ਇਕ ਸ਼ਿਕਾਰੀ ਜਾਨਵਰ ਹੈ। ਮੈਂ ਇਹ ਬਾਰ ਬਾਰ ਕਹਾਂਗਾ। ਇਹ ਨੇਕੀ ਦੇ ਵਪਾਰੀ, ਸਮਾਜਿਕ ਸਦਾਚਾਹ ਦੇ ਹਮਾਇਤੀ ਵੀ ਟੁੱਟੇ ਦੰਦਾਂ ਵਾਲੇ ਸ਼ਿਕਾਰੀ ਪਸ਼ੂ ਹਨ। ਸਪੈਂਗਲਰ ਦੀ ਨਾਜ਼ੀ ਵਿਚਾਰਧਾਰਾ ਨੂੰ ਕੋਈ ਘੱਟ ਮਹੱਤਵਪੂਰਨ ਦੇਣ ਨਹੀਂ ਸੀ।

43. ਮਨੁੱਖ ਅੰਦਰ ਝਗੜਾਲੂ-ਪੁਣੇ ਦੀ ਮੂਲ ਪਰਵਿਰਤੀ ਹੋਣ ਬਾਰੇ ਫਰਾਇਡ ਦਾ ਦ੍ਰਿੜ ਵਿਸ਼ਵਾਸ ਉਸ ਦੀ ਪੁਸਤਕ ਸਿਵਲਾਈਜੇਸ਼ਨ ਐਂਡ ਇਟਸ ਡਿਸਕੰਟੈਂਟਸ ਵਿਚ ਸਪੱਸ਼ਟ ਹੈ। ਇਸ ਪੁਸਤਕ ਵਿਚ ਉਹ ਕਹਿੰਦਾ ਹੈ: ਸਚਾਈ ਇਹ ਹੈ ਕਿ ਮਨੁੱਖ ਮਿਤਰਤਾ ਚਾਹੁਣ ਵਾਲੇ, ਪਿਆਰ ਦੀ ਲੋਚਾ ਰੱਖਣ ਵਾਲੇ ਸਾਊ ਪ੍ਰਾਣੀ ਨਹੀਂ ਹਨ, ਜਿਹੜੇ ਕੇਵਲ ਉਸ ਸਮੇਂ ਹੀ ਆਪਣਾ ਬਚਾਓ ਕਰਦੇ ਹੋਣ, ਜਿਸ ਸਮੇਂ ਉਨ੍ਹਾਂ ਉਪਰ ਹਮਲਾ ਕੀਤਾ ਜਾਂਦਾ ਹੋਵੇ, ਸਗੋਂ ਝਗੜੇ ਦੀ ਬਹੁਤ ਵਧੀਕ ਮਾਤਰਾ ਸਾਨੂੰ ਉਨ੍ਹਾਂ ਦੇ ਕੁਦਰਤੀ ਸੁਭਾਅ ਵਿਚੋਂ ਮੰਨਣੀ ਪਵੇਗੀ।

44. ਫਰਾਇਡ

ਬਾਕੀ ਸਫਾ 32 'ਤੇ

# “ਮੈਂ ਨਹੀਂ ਜਾਣਦੀ ਕਿ ਭਾਰਤ ’ਚ ਕਿੰਨਾ ਚਿਰ ਕਾਲੇ ਕਨੂੰਨਾਂ ਦਾ ਚੱਕਰ ਚੱਲੇਗਾ”

**✪ ਅਰੁੰਧਤੀ ਰਾਏ ਨੇ ਸਾਈਬਾਬਾ ਨੂੰ ਜੇਲ੍ਹ ’ਚ ਭੇਜਿਆ ਪੱਤਰ ✪ ਭਾਰਤ ’ਚ ਜੋ ਫਿਰਕੂ ਹਾਕਮਾਂ ਕਾਰਨ ਵਾਪਰੇਗਾ ਉਹ ਸਾਡੀ ਕਲਪਨਾ ਤੋਂ ਬਾਹਰ ਹੋਵੇਗਾ ✪ “ਇਹ ਬੇਇਨਸਾਫੀ ਬਹੁਤੀ ਦੇਰ ਨਹੀਂ ਚੱਲੇਗੀ, ਜੇਲ੍ਹ ਦੇ ਦਰਵਾਜ਼ੇ ਖੁੱਲ੍ਹਣਗੇ ਅਤੇ ਤੁਸੀਂ ਸਾਡੇ ਨਾਲ ਖੁੱਲ੍ਹੀਆਂ ਅਜ਼ਾਦ ਹਵਾਵਾਂ ’ਚ ਆਵੋਗੇ”**

ਸਤਿਕਾਰ ਸਾਹਿਤ
ਪ੍ਰੋਫੈਸਰ ਜੀ ਐਨ ਸਾਈਂਬਾਬਾ
ਅੰਡਾ ਸੈਲ, ਕੇਂਦਰੀ ਜੇਲ੍ਹ,
ਨਾਗਪੁਰ, ਮਹਾਰਾਸ਼ਟਰ

ਸਭ ਤੋਂ ਪਹਿਲਾਂ, ਮੈਂ ਮੁਆਫੀ ਚਾਹੁੰਦੀ ਹਾਂ ਕਿ ਮੈਂ ਅਰੁੰਧਤੀ ਲਿਖ ਰਹੀ ਹਾਂ ਨਾ ਕਿ ਅੰਜੁਮ। ਤੁਸੀਂ ਉਸ ਨੂੰ ਤਿੰਨ ਸਾਲ ਪਹਿਲਾਂ ਇੱਕ ਪੱਤਰ ਲਿਖਿਆ ਸੀ। ਇਸ ਲਈ ਜ਼ਰੂਰੀ ਸੀ ਕਿ ਉਹ ਤੁਹਾਨੂੰ ਜਵਾਬ ਦਿੰਦੀ ਪਰ ਮੈਂ ਕੀ ਕਹਿ ਸਕਦੀ ਹਾਂ। ਵਟਸਐਪ ਅਤੇ ਟਵਿੱਟਰ ਦੀ ਇਸ ਦੌੜ ਭੱਜ ਦੇ ਸਮੇਂ ਦੌਰਾਨ ਉਸ ਦੀ ਸਮਝ ਤੁਹਾਡੀ ਮੇਰੀ ਸਮਝ ਨਾਲੋਂ ਬਿਲਕੁਲ ਵੱਖਰੀ ਹੈ। ਉਹ ਸੋਚਦੀ ਹੈ ਕਿ ਤਿੰਨ ਸਾਲਾਂ ਦੌਰਾਨ ਕੋਈ ਏਨਾ ਜ਼ਿਆਦਾ ਸਮਾਂ ਨਹੀਂ ਹੋ ਗਿਆ ਕਿ ਇਕ ਚਿੱਠੀ ਦਾ ਜੁਆਬ ਦੇ ਹੀ ਦੇ। ਉਸਨੇ ਆਪਣੇ ਆਪ ਨੂੰ ਜੰਨਤ ਗੈਸਟ ਹਾਊਸ ਦੇ ਇੱਕ ਕਮਰੇ ਵਿੱਚ ਬੰਦ ਕਰ ਲਿਆ ਹੈ ਅਤੇ ਹਰ ਸਮੇਂ ਗਾਉਂਦੀ ਰਹਿੰਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇੰਨੇ ਸਾਲਾਂ ਬਾਅਦ ਉਸ ਨੇ ਫਿਰ ਗਾਉਣਾ ਸ਼ੁਰੂ ਕਰ ਦਿੱਤਾ ਹੈ। ਉਸ ਦੇ ਦਰਵਾਜ਼ੇ ਦੇ ਕੋਲੋਂ ਲੰਘਦਿਆਂ ਉਸ ਦੇ ਗਾਣੇ ਦੀਆਂ ਮਿੱਠੀਆਂ ਧੁੰਨਾਂ ਤੇ ਅਵਾਜ਼ ਜ਼ਿੰਦਗੀ ਵਿਚ ਇਕ ਅਨੰਦ ਮਹਿਸੂਸ ਕਰਵਾਉਂਦੀ ਹੈ। ਹਰ ਵਾਰ ਜਦੋਂ ਉਹ ‘ਤੁਮ ਬਿਨ ਕੌਨ ਖਬਰੀਆ ਮੋਰੀ ਲੇਤ’ ਗਾਉਂਦੀ ਹੈ, ਤਾਂ ਦਿਲ ਟੁੱਟਣ ਦਾ ਅਹਿਸਾਸ ਕਰਾਉਂਦੀ ਹੈ ਅਤੇ ਜਦੋਂ ਵੀ ਉਹ ਗਾਉਂਦੀ ਹੈ ਤਾਂ ਮੈਨੂੰ ਯਕੀਨ ਹੈ ਕਿ ਉਹ ਤੁਹਾਨੂੰ ਯਾਦ ਕਰਦੀ ਹੈ। ਇਸੇ ਲਈ ਜੇ ਉਹ ਤੁਹਾਡੀ ਚਿੱਠੀ ਦਾ ਜਵਾਬ ਦੇਣ ਦੇ ਯੋਗ ਨਹੀਂ ਹੈ, ਤਾਂ ਸਮਝੋ ਕਿ ਉਹ ਆਮ ਤੌਰ ’ਤੇ ਤੁਹਾਡੇ ਲਈ ਗਾਉਂਦੀ ਹੈ। ਜੇ ਤੁਸੀਂ ਆਪਣੀ ਰੂਹ ਵਿਚ ਝਾਤੀ ਮਾਰੋ ਤਾਂ ਹੋ ਸਕਦਾ ਤੁਸੀਂ ਇਸ ਨੂੰ ਸੁਣ ਵੀ ਸਕੋ।

ਜਦੋਂ ਮੈਂ ‘ਤੁਹਾਡੇ ਅਤੇ ਆਪਣੇ ਸਮੇਂ ਦੀ ਸਮਝ ਬਾਰੇ ਬੋਲ ਰਹੀ ਸੀ ਤਾਂ ਮੈਂ ਨਿਸ਼ਚਤ ਤੌਰ ’ਤੇ ਇਸ ਨੂੰ ਗਲਤ ਕਹਿ ਰਹੀ ਸੀ, ਕਿਉਂਕਿ ਤੁਸੀਂ ਭਿਅੰਕਰ ਅੰਡੇ ਸੈੱਲ ਵਿੱਚ ਉਮਰ ਕੈਦ ਕੱਟ ਰਹੇ ਹੋ। ਇਸ ਲਈ ਤੁਹਾਡੇ ਸਮੇਂ ਦੀ ਸਮਝ ਅੰਜੁਮ ਨਾਲ ਮੇਲ ਖਾਂਦੀ ਨਾ ਕਿ ਮੇਰੇ ਨਾਲ। ਹਾਂ ਅਜਿਹਾ ਵੀ ਹੋ ਸਕਦਾ ਹੈ ਕਿ ਉਸ ਦੇ ਸਮੇਂ ਦੀ ਸਮਝ ਬਿਲਕੁਲ ਵੱਖਰੀ ਹੋਵੇ। ਅੰਜੁਮ ਵੀ ਇਕ ਵੱਖਰੇ ਢੰਗ ਨਾਲ, ਆਪਣੇ ਕਬਰਿਸਤਾਨ ਵਿਚ, ‘ਬੁੱਚੜ ਦਾ ਭਾਣਾ ਮੰਨ ਕੇ ਉਮਰ ਕੈਦ ਦੀ ਸਜ਼ਾ ਕੱਟ ਰਹੀ ਹੈ, ਪਰ ਯਕੀਨਨ, ਉਹ ਸਲਾਖਾਂ ਦੇ ਪਿੱਛੇ ਨਹੀਂ ਹੈ। ਤੁਸੀਂ ਕਿਵੇਂ ਹੋ, ਮੈਂ ਤੁਹਾਨੂੰ ਇਸ ਲਈ ਨਹੀਂ ਪੁੱਛ ਰਹੀ, ਕਿ ਮੈਨੂੰ ਵਾਸੰਤਾ ਨੇ ਤੁਹਾਡੇ ਬਾਰੇ ਸਭ ਕੁਝ ਦੱਸਿਆ ਹੈ। ਮੈਂ ਤੁਹਾਡੀਆਂ ਸਾਰੀਆਂ ਡਾਕਟਰੀ ਰਿਪੋਰਟਾਂ ਧਿਆਨ ਨਾਲ ਵੇਖੀਆਂ ਹਨ। ਮੈਂ ਹੈਰਾਨ ਹਾਂ ਕਿ ਉਨ੍ਹਾਂ ਨੇ ਤੁਹਾਨੂੰ ਜ਼ਮਾਨਤ ਨਹੀਂ ਦਿੱਤੀ ਜਾਂ ਪੈਰੋਲ ਤੇ ਰਿਹਾਈ ਵੀ ਨਹੀਂ ਕੀਤੀ। ਅਸਲੀਅਤ ਇਹ ਹੈ ਕਿ ਕੋਈ ਵੀ ਦਿਨ ਖਾਲੀ ਨਹੀਂ ਲੰਘਦਾ ਜਦੋਂ ਕਿ ਮੈਂ ਤੁਹਾਡੇ ਬਾਰੇ ਨਹੀਂ ਸੋਚਦੀ। ਕੀ ਸਰਕਾਰ ਹੁਣ ਵੀ ਅਖਬਾਰਾਂ ਨੂੰ ਸੈਂਸਰ ਕਰਦੀ ਹੈ ਜਾਂ ਕਿਤਾਬਾਂ ਪੜ੍ਹਨ ਲਈ ਮੁਹੱਈਆ ਨਹੀਂ ਕਰਾਉਂਦੀ? ਕੀ ਕੋਈ ਕੈਦੀ ਤੁਹਾਡੇ ਰੋਜ਼ਾਨਾ ਕੰਮਾਂ ਵਿੱਚ ਤੁਹਾਡੀ ਮਦਦ ਕਰਦੇ ਹਨ, ਜੋ ਤੁਹਾਡੇ ਨਾਲ ਉਸੇ ਸੈੱਲ ਵਿੱਚ ਰਹਿੰਦੇ ਹਨ? ਕੀ ਉਨ੍ਹਾਂ ਦਾ ਵਿਵਹਾਰ ਦੋਸਤਾਨਾ ਹੈ? ਉਹ ਤੁਹਾਡੀ ਵਹੀਲ ਚੇਅਰ ਨੂੰ ਕਿਵੇਂ ਸੰਭਾਲਦੇ ਹਨ?

ਮੈਂ ਇਹ ਜਾਣਦੀ ਹਾਂ ਕਿ ਜਦੋਂ ਤੁਸੀਂ ਘਰ ਵਾਪਸ ਜਾ ਰਹੇ ਸੀ ਤਾਂ ਰਸਤੇ ਵਿੱਚ ਤੁਹਾਨੂੰ ਪੁਲਸ ਵਲੋਂ ਇੰਝ ਅਗਵਾ ਕਰ ਲਿਆ ਗਿਆ ਸੀ, ਜਿਵੇਂ ਕਿ ਤੁਸੀਂ ਇੱਕ ਬਦਨਾਮ ਅਪਰਾਧੀ ਹੋਵੋ। ਅਸੀਂ ਪੁਲਸ ਦੇ ਇਸ ਲਈ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਤੁਹਾਡਾ ਵਿਕਾਸ ਦੂਬੇ ਵਾਂਗ ਮੁਕਾਬਲਾ ਨਹੀਂ ਬਣਾਇਆ। ਨਾ ਹੀ ਇਹ ਕਹਾਣੀ ਘੜੀ ਕਿ ਤੁਸੀਂ ਪੁਲਸ ਦੀ ਬੰਦੂਕ ਖੋਹ ਕੇ ਇਕ ਹੱਥ ਵਿਚ ਪਹੀਏਦਾਰ ਕੁਰਸੀ ਫੜ ਕੇ ਭੱਜਣ ਦੀ ਕੋਸ਼ਿਸ਼ ਕਰ ਰਹੇ ਸੋ। ਮੇਰੇ ਖਿਆਲ ਵਿਚ ਹੁਣ ਸਾਡੇ ਕੋਲ ਇਕ ਨਵੀਂ ਸਾਹਿਤਕ ਸ਼ੈਲੀ ਹੋਣੀ ਚਾਹੀਦੀ ਹੈ, ਜੋ ਅਜੇ ਨਹੀਂ ਹੈ। ਇੱਥੇ ‘ਖਾਕੀ ਗਲਪ’ ਦੇ ਵਿਸ਼ੇ ’ਤੇ ਹਰ ਸਾਲ ਇੱਕ ਸਾਲਾਨਾ ਸਾਹਿਤ ਉਤਸਵ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਇਸ ਵਿਸ਼ੇ ’ਤੇ ਬਹੁਤ ਕੁਝ ਸਟੋਰੀਆਂ ਲੱਭ ਜਾਣਗੀਆਂ। ਇਸ ਦੀ ਇਨਾਮੀ ਰਾਸ਼ੀ ਵੀ ਵੱਡੀ ਹੋਣੀ ਚਾਹੀਦੀ ਹੈ ਅਤੇ ਕੁਝ ਨਿਰਪੱਖ ਅਦਾਲਤਾਂ ਤੇ ਨਿਰਪੱਖ ਨਿਆਂ ਅਧਿਕਾਰੀ ਵੀ ਇੱਥੇ ਸ਼ਾਨਦਾਰ ਸੇਵਾਵਾਂ ਦੇ ਸਕਣਗੇ।

ਮੈਨੂੰ ਉਹ ਦਿਨ ਬਹੁਤ ਚੰਗੇ ਯਾਦ ਹਨ ਜਦੋਂ ਤੁਸੀਂ ਟੈਕਸੀ ਲੈ ਕੇ ਮੈਨੂੰ ਮਿਲਣ ਆਉਂਦੇ ਸੋ ਤੇ ਟੈਕਸੀ ਚਾਲਕ ਤੁਹਾਨੂੰ ਵਹੀਲ ਚੇਅਰ ਰਾਹੀਂ ਸੜਕ ਪਾਰ ਕਰਾ ਕੇ ਮੇਰੇ ਫਲੈਟ ਤੱਕ ਪਹੁੰਚਾਉਣ ਵਿਚ ਮਦਦ ਕਰਦਾ ਸੀ। ਅੱਜ ਕੱਲ, ਉਨ੍ਹਾਂ ਸਾਰੀਆਂ ਪੌੜੀਆਂ ਉੱਪਰ ਅਵਾਰਾ ਕੁੱਤਿਆਂ ਦਾ ਵਾਸਾ ਹੋ ਗਿਆ ਹੈ। ਲੌਕਡਾਊਨ ਦੇ ਖਤਮ ਹੋਣ ਤੋਂ ਬਾਅਦ, ਸਾਡੇ ਸਾਰੇ ਟੈਕਸੀ ਡਰਾਈਵਰ ਦੋਸਤ ਇਥੋਂ ਚਲੇ ਗਏ ਹਨ। ਹੁਣ ਉਨ੍ਹਾਂ ਕੋਲ ਕੋਈ ਕੰਮ ਨਹੀਂ ਹੈ। ਟੈਕਸੀਆਂ ਉਥੇ ਖੜ੍ਹੀਆਂ ਹਨ ਅਤੇ ਉਨ੍ਹਾਂ ’ਤੇ ਧੂੜ ਦੀਆਂ ਪਰਤਾਂ ਜੰਮੀਆਂ ਹੋਈਆਂ ਹਨ। ਵੱਡੇ ਸ਼ਹਿਰਾਂ ਦੀਆਂ ਗਲੀਆਂ ਬਹੁਤ ਵੱਡੀ ਗਿਣਤੀ ਵਿਚ ਛੋਟੇ ਮਜ਼ਦੂਰਾਂ ਤੋਂ ਸੁੰਨੀਆਂ ਹੋ ਚੁੱਕੀਆਂ ਹਨ। ਤੁਸੀ ਮੈਨੂੰ ਅਚਾਰ ਬਣਾ ਕੇ ਦਿੱਤਾ ਸੀ। ਮੈਂ ਅਜੇ ਵੀ ਉਸ ਨੂੰ ਡੱਬਿਆਂ ਵਿਚ ਰੱਖਿਆ ਹੋਇਆ ਹੈ। ਮੈਂ ਤੁਹਾਡੇ ਬਾਹਰ ਆਉਣ ਦੀ ਉਡੀਕ ਕਰ ਰਹੀ ਹਾਂ। ਜੇਲ ਤੋਂ ਜਦੋਂ ਤੁਸੀਂ ਬਾਹਰ ਆਓਗੇ ਤਾਂ ਤੁਸੀਂ ਇਸਨੂੰ ਖੋਲ੍ਹੋਗੇ ਤੇ ਅਸੀਂ ਮਿਲ ਕੇ ਖਾਵਾਂਗੇ। ਉਸ ਸਮੇਂ ਤੱਕ ਇਹ ਪੂਰੀ ਤਰ੍ਹਾਂ ਪੱਕ ਜਾਵੇਗਾ।

ਮੈਂ ਤੁਹਾਡੀ ਵਸੰਤਾ ਤੇ ਮੰਜਿਰਾ ਨੂੰ ਕਦੇ ਕਦਾਈਂ ਮਿਲਦੀ ਹਾਂ, ਕਿਉਂਕਿ ਸਾਡੇ ਸਾਂਝੇ ਦੁੱਖ ਦਾ ਬੋਝ ਉਨ੍ਹਾਂ ਮੁਲਾਕਾਤਾਂ ਨੂੰ ਬਹੁਤ ਉਦਾਸ ਕਰ ਦਿੰਦਾ ਹੈ। ਇਹ ਦੌਰ ਸਿਰਫ ਉਦਾਸੀ ਭਰਿਆ ਨਹੀਂ ਹੁੰਦਾ, ਸਗੋਂ ਇਸ ਵਿਚ ਗੁੱਸਾ, ਬੇਵਸੀ ਤੇ ਮੇਰੇ ਖੁਦ ਦੇ ਹਿੱਸੇ ਦੀ ਅਸਮਰੱਥਾ ਵੀ ਜੁੜੀ ਹੁੰਦੀ ਹੈ। ਮੈਂ ਇਸ ਲਈ ਸ਼ਰਮਿੰਦਾ ਹਾਂ ਕਿ ਮੈਂ ਬਹੁਗਿਣਤੀ ਲੋਕਾਂ ਦਾ ਧਿਆਨ ਤੁਹਾਡੇ ਹਾਲਾਤ ਵਲ ਨਹੀਂ ਦਿਵਾ ਸਕੀ। ਇਹ ਕਿੰਨਾ ਬੇਰਹਿਮ ਸਿਸਟਮ ਹੈ ਕਿ ਇਕ ਵਿਅਕਤੀ ਨੂੰ 90 ਪ੍ਰਤੀਸ਼ਤ ਸਰੀਰਕ ਤੌਰ ’ਤੇ ਅੰਗਹੀਣ ਕਰਾਰ ਦਿੱਤਾ ਹੋਵੇ ਅਤੇ ਉਸ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਜਾਵੇ। ਤੁਹਾਨੂੰ ਬੇਤੁਕੇ ਕਿਸਮ ਦੇ ਅਪਰਾਧ ਦੀ ਸਜ਼ਾ ਦੇ ਕੇ ਗੁਲਾਮੀ ਦਾ ਅਹਿਸਾਸ ਕਰਵਾਇਆ ਗਿਆ ਹੈ। ਸ਼ਰਮਿੰਦਗੀ ਇਸ ਗੱਲ ਲਈ ਵੀ ਹੈ ਕਿ ਅਸੀਂ ਬਹੁਤ ਤੇਜ਼ੀ ਨਾਲ ਨਿਆਂ ਵਿਵਸਥਾ ਦੇ ਉਲਝੇ ਹੋਏ ਰਸਤੇ ’ਤੇ ਚਲ ਕੇ ਤੁਹਾਡੇ ਲਈ ਕੁਝ ਨਹੀਂ ਕਰ ਸਕੇ। ਮੈਨੂੰ ਪੂਰਾ ਯਕੀਨ ਹੈ ਕਿ ਆਖਿਰਕਾਰ ਸੁਪਰੀਮ ਕੋਰਟ ਤੁਹਾਨੂੰ ਬਰੀ ਕਰ ਦੇਵੇਗੀ, ਪਰੰਤੂ ਜਦੋਂ ਇਹ ਪ੍ਰਕਿਰਿਆ ਪੂਰੀ ਹੋਵੇਗੀ ਤਾਂ ਤੁਹਾਨੂੰ ਅਤੇ ਤੁਹਾਡੇ ਵਰਗੇ ਅਨੇਕਾਂ ਜੁਝਾਰੂ ਲੋਕਾਂ ਨੂੰ ਬਹੁਤ ਦੁੱਖ ਝੱਲਣਾ ਪਏਗਾ।

### ਬੁੱਧੀਜੀਵੀਆਂ ’ਤੇ ਜ਼ੁਲਮ

ਭਾਰਤ ਵਿਚ, ਕੋਵਿਡ -19 ਲਗਾਤਾਰ ਜੇਲ੍ਹਾਂ ਵਿਚ ਵੀ ਫੈਲ ਰਿਹਾ ਹੈ। ਇਸ ਵਿਚ ਤੁਹਾਡੀ ਜੇਲ ਵੀ ਸ਼ਾਮਲ ਹੈ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਤੁਹਾਡੀ ਉਮਰ ਕੈਦ ਨੂੰ ਕਿੰਨੀ ਅਸਾਨੀ ਨਾਲ ਮੌਤ ਦੀ ਸਜ਼ਾ ਵਿੱਚ ਬਦਲਿਆ ਜਾ ਸਕਦਾ ਹੈ। ਬਹੁਤ ਸਾਰੇ ਅਜਿਹੇ ਲੋਕ ਜੋ ਸਾਡੇ ਦੋਵਾਂ ਦੇ ਦੋਸਤ ਹਨ - ਵਿਦਿਆਰਥੀ, ਵਕੀਲ, ਪੱਤਰਕਾਰ, ਕਾਰਕੁਨ - ਜਿਨ੍ਹਾਂ ਨਾਲ ਅਸੀਂ ਹੱਸਦੇ ਹਾਂ, ਰੋਟੀ ਖਾਧੀ ਹੈ ਅਤੇ ਚੀਕ ਚੀਕ ਕੇ ਬਹਿਸ ਕੀਤੀ ਹੈ, ਉਹ ਵੀ ਜੇਲ੍ਹ ਵਿੱਚ ਹਨ। ਮੈਨੂੰ ਨਹੀਂ ਪਤਾ ਕਿ ਤੁਹਾਨੂੰ ਬਰਬਰ ਰਾਏ ਬਾਰੇ ਜਾਣਕਾਰੀ ਹੈ ਜਾਂ ਨਹੀਂ।

ਇਸ 81 ਸਾਲਾ ਮਹਾਨ ਕਵੀ ਬਰਬਰ ਰਾਏ ਨੂੰ ਜੇਲ੍ਹ ਵਿਚ ਇੰਝ ਰੱਖਿਆ ਗਿਆ ਹੈ, ਜਿਵੇਂ ਕਿ ਇਕ ਆਧੁਨਿਕ ਯਾਦਗਾਰ ਨੂੰ ਸਜਾ ਕੇ ਰੱਖਿਆ ਗਿਆ ਹੋਵੇ। ਉਸ ਦੀ ਸਿਹਤ ਖ਼ਰਾਬ ਹੋਣ ਦੀਆਂ ਖ਼ਬਰਾਂ ਹਨ। ਉਸ ਦੀ ਸਿਹਤ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸੇ ਕਾਰਨ ਉਹ ਹੁਣ ਕੋਵਿਡ ਨਾਲ ਸੰਕਰਮਿਤ ਹਨ। ਹੁਣ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਉਸ ਨੂੰ ਮਿਲਣ ਵਾਲੇ ਉਸ ਦੇ ਪਰਿਵਾਰ ਦੇ ਮੈਂਬਰਾਂ ਨੇ ਦੱਸਿਆ ਕਿ ਉਹ ਬਿਲਕੁਲ ਮੰਜੇ ’ਤੇ ਪਿਆ ਸੀ। ਉਸ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਸੀ ਅਤੇ ਚਾਦਰਾਂ ਗੰਦੀਆਂ ਸਨ। ਉਹ ਰੁਕ-ਰੁਕ ਕੇ ਬੋਲ ਰਿਹਾ ਸੀ। ਉਹ ਹੁਣ ਤੁਰਨ ਦੀ ਸਥਿਤੀ ਵਿਚ ਨਹੀਂ ਹੈ।



ਪ੍ਰੋਫੈਸਰ ਜੀ ਐਨ ਸਾਈਂਬਾਬਾ ਅਤੇ ਅਰੁੰਧਤੀ ਰਾਏ

ਕਵੀ ਬਰਬਰ ਰਾਏ ਉਹ ਸਖਸ਼ੀਅਤ ਜੋ ਹਜ਼ਾਰਾਂ ਲੱਖਾਂ ਨੂੰ ਸੰਬੋਧਿਤ ਕਰਨ ਵਿਚ ਇੱਕ ਪਲ ਵੀ ਨਹੀਂ ਲਗਾਉਂਦਾ, ਜਿਸ ਦੀਆਂ ਕਵਿਤਾਵਾਂ ਨੇ ਆਂਧਰਾ, ਤੇਲੰਗਾਨਾ ਅਤੇ ਸਾਰੇ ਭਾਰਤ ਦੇ ਲੱਖਾਂ ਮਨੁੱਖਾਂ ਨੂੰ ਪ੍ਰਭਾਵਿਤ ਕੀਤਾ ਹੈ ਤੇ ਉਨ੍ਹਾਂ ਦੀਆਂ ਕਲਪਨਾਵਾਂ ਤੇ ਸੁਪਨਿਆਂ ਨੂੰ ਉਚਾਈਆਂ ’ਤੇ ਪੁਚਾਇਆ ਹੈ। ਮੈਂ ਉਸ ਦੀ ਜ਼ਿੰਦਗੀ ਬਾਰੇ ਸੱਚਮੁੱਚ ਚਿੰਤਤ ਹਾਂ। ਜਿਵੇਂ ਤੁਸੀਂ ਆਪਣੀ ਜ਼ਿੰਦਗੀ ਬਾਰੇ ਚਿੰਤਤ ਹੋ। ਭੀਮ ਕੋਰੇਗਾਓਂ ਕੇਸ ਦੇ ਹੋਰ ਦੋਸ਼ੀ ਵੀ ਬਹੁਤੇ ਠੀਕ ਨਹੀਂ ਹਨ। ਉਨ੍ਹਾਂ ਦਾ ਕੋਵਿਡ -19 ਹੋਣ ਦਾ ਡਰ ਬਹੁਤ ਜ਼ਿਆਦਾ ਹੈ। ਵਰਨਨ ਗੋਂਜ਼ਲਵਿਸ, ਜੋ ਜੇਲ੍ਹ ਵਿਚ ਕਵੀ ਬਰਬਰ ਰਾਏ ਦੀ ਦੇਖਭਾਲ ਕਰ ਰਿਹਾ ਹੈ, ਨੂੰ ਵੀ ਕੋਰੋਨਾ ਲਾਗ ਲੱਗਣ ਦਾ ਗੰਭੀਰ ਖਤਰਾ ਹੈ। ਗੌਤਮ ਨਵਲੱਖਾ ਅਤੇ ਆਨੰਦ ਤੇਲਤੁੰਬੜੇ ਨੂੰ ਵੀ ਉਸੇ ਜੇਲ੍ਹ ਵਿੱਚ ਰੱਖਿਆ ਗਿਆ ਹੈ, ਪਰ ਹਰ ਵਾਰ ਨਿਆਂਪਾਲਿਕਾ ਜ਼ਮਾਨਤ ਦੀ ਅਰਜ਼ੀ ਨੂੰ ਰੱਦ ਕਰ ਰਹੀ ਹੈ ਅਤੇ ਹੁਣ ਅਖਿਲ ਗੋਗੋਈ, ਜੋ ਗੋਹਾਟੀ ਜੇਲ੍ਹ ਵਿਚ ਬੰਦ ਹੈ, ਕੋਵਿਡ ਨਾਲ ਸੰਕਰਮਿਤ ਹੋ ਗਿਆ ਹੈ।

ਸਾਡੇ ਉੱਪਰ ਜਿਸ ਤਰ੍ਹਾਂ ਦੇ ਕੱਟੜ ਦਿਲ ਵਾਲੇ, ਜ਼ਾਲਮ ਅਤੇ ਕਮਜ਼ੋਰ ਦਿਮਾਗ ਵਾਲੇ ਲੋਕ ਸਾਡੇ ਉੱਤੇ ਰਾਜ ਕਰ ਰਹੇ ਹਨ। ਇਸ ਵਿਸ਼ਾਲ ਦੇਸ਼ ਦੀ ਸਰਕਾਰ ਦੀ ਹਾਲਤ ਕਿੰਨੀ ਤਰਸਯੋਗ ਹੋ ਚੁੱਕੀ ਹੈ, ਜਿਨ੍ਹਾਂ ਨੂੰ ਆਪਣੇ ਖੁਦ ਦੇ ਲੇਖਕਾਂ ਅਤੇ ਵਿਦਵਾਨਾਂ ਤੋਂ ਡਰ ਲੱਗਦਾ ਹੈ।

### ਪੁਲਸ ਦੀ ਹਾਜ਼ਰੀ ’ਚ ਦਿੱਲੀ ਦੰਗੇ

ਕੁਝ ਮਹੀਨੇ ਪਹਿਲਾਂ ਦੀ ਹੀ ਤਾਂ ਗੱਲ ਹੈ, ਜਦੋਂ ਮਹਿਸੂਸ ਕੀਤਾ ਗਿਆ ਸੀ ਕਿ ਹਾਲਾਤ ਬਦਲ ਰਹੇ ਹਨ। ਸੀਏਏ ਅਤੇ ਐਨਆਰਸੀ, ਖ਼ਾਸਕਰ ਵਿਦਿਆਰਥੀਆਂ ਦੇ ਵਿਰੋਧ ਵਿੱਚ ਲੱਖਾਂ ਲੋਕ ਸੜਕਾਂ ਤੇ ਉਤਰ ਆਏ ਹਨ। ਇਹ ਇਕ ਦਿਲਚਸਪ ਤਜ਼ਰਬਾ ਸੀ। ਇਸ ਵਿਚ ਕਵਿਤਾਵਾਂ ਸੀ, ਸੰਗੀਤ ਸੀ ਅਤੇ ਪਿਆਰ ਸੀ। ਜੇ ਇਹ ਇਨਕਲਾਬ ਨਹੀਂ ਸੀ, ਤਾਂ ਘੱਟੋ ਘੱਟ ਇਹ ਇਕ ਬਗਾਵਤ ਸੀ। ਜੇ ਤੁਸੀਂ ਹੁੰਦੇ ਤਾਂ ਤੁਸੀਂ ਇਸ ਦਾ ਅਨੰਦ ਲੈਂਦੇ। ਪਰ ਇਸ ਦਾ ਅੰਤ ਬਹੁਤ ਬੁਰਾ ਹੋਇਆ। ਫਰਵਰੀ ਦੌਰਾਨ ਉੱਤਰ-ਪੂਰਬੀ ਦਿੱਲੀ ਵਿਚ 53 ਲੋਕ ਮਾਰੇ ਗਏ ਸਨ ਅਤੇ ਇਸ ਦਾ ਸਾਰਾ ਦੋਸ਼ ਅਮਨ ਪਸੰਦ ਸੀਏਏ ਵਿਰੋਧੀ ਅੰਦੋਲਨਕਾਰੀਆਂ ਉੱਤੇ ਮੜ੍ਹ ਦਿੱਤਾ ਗਿਆ। ਹਥਿਆਰਬੰਦ ਗੁੰਡਿਆਂ ਦੇ ਗਿਰੋਹ ਦਾ ਵੀਡਿਓ ਸਾਫ ਦਸ ਰਿਹਾ ਸੀ ਕਿ ਪੁਲੀਸ ਦੀ ਸੁਰੱਖਿਆ ਵਿਚ ਇਹਨਾਂ ਗੁੰਡਿਆਂ ਨੇ ਮਜ਼ਦੂਰ ਤੇ ਮੁਸਲਮਾਨ ਇਲਾਕਿਆਂ ਵਿਚ ਦੰਗੇ ਕੀਤੇ, ਸਾੜ ਫੂਕ ਕੀਤੀ ਅਤੇ ਕਤਲੇਆਮ ਕਰਨ ਲਈ ਸਰਗਰਮ ਰਹੇ। ਇਹ ਦਰਸਾਉਂਦਾ ਹੈ ਕਿ ਇਹ ਯੋਜਨਾਬੱਧ ਹਮਲਾ ਸੀ। ਕੁਝ ਦਿਨਾਂ ਤੋਂ ਤਣਾਅ ਵਧ ਰਿਹਾ ਸੀ। ਸਥਾਨਕ ਲੋਕ ਵੀ ਤਿਆਰ ਸਨ, ਉਹ ਲੋਕ ਲੜੇ ਵੀ, ਪਰ ਜਿਵੇਂ ਕਿ ਹਮੇਸ਼ਾਂ ਹੁੰਦਾ ਆਇਆ ਹੈ, ਪੀੜਤਾਂ ਨੂੰ ਦੋਸ਼ੀ ਬਣਾ ਦਿੱਤਾ ਜਾਂਦਾ ਹੈ। ਕੋਵਿਡ ਲੌਕਡਾਊਨ ਦੇ ਸਮੇਂ ਸੈਂਕੜੇ ਨੌਜਵਾਨ, ਜਿਨ੍ਹਾਂ ਵਿੱਚ ਜ਼ਿਆਦਾਤਰ ਮੁਸਲਮਾਨ ਤੇ ਬਹੁਤੇ ਵਿਦਿਆਰਥੀ ਹਨ, ਨੂੰ ਦਿੱਲੀ ਅਤੇ ਉੱਤਰ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਗੱਲ ਫੈਲ ਰਹੀ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਕੁਝ ਨੌਜਵਾਨਾਂ ਉੱਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਮੌਕੇ ਦੇ ਗਵਾਹ ਬਣ ਕੇ ਆਪਣੇ ਹੋਰ ਸੀਨੀਅਰ ਨੇਤਾਵਾਂ ਨੂੰ ਇਸ ਕੇਸ ਵਿਚ ਸ਼ਾਮਲ ਕਰਾ ਕੇ ਗ੍ਰਿਫ਼ਤਾਰ ਕਰਾਉਣ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਮਾਮਲੇ ਵਿਚ ਪੁਲਿਸ ਕੋਲ ਕੋਈ ਸਬੂਤ ਨਹੀਂ ਹਨ।

ਜਦੋਂ ਮੈਂ ਇਹ ਲਿਖ ਰਹੀ ਹਾਂ, ਬਿਹਾਰ ਦੇ ਅਰਰੀਆ ਤੋਂ ਇਹ ਖ਼ਬਰਾਂ ਆ ਰਹੀਆਂ ਹਨ ਕਿ ਇਕ ਔਰਤ ਜਿਸ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਉਸ ਨਾਲ ਸਮੂਹਿਕ ਬਲਾਤਕਾਰ ਹੋਇਆ ਹੈ - ਉਸ ਔਰਤ ਅਤੇ ਉਸਦੇ ਨਾਲ ਆਈ ਔਰਤ ਵਰਕਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਬਹੁਤ ਸਾਰੀਆਂ ਬੇਚੈਨ ਕਰਨ ਵਾਲੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਸ ਵਿਚ ਜ਼ਰੂਰੀ ਨਹੀਂ ਕਿ ਖ਼ੂਨ-ਖ਼ਰਾਬਾ ਹੋਵੇ, ਫਿਰਕੂ ਭੀੜ ਹੱਤਿਆ ਕਰੇ, ਸਮੂਹਿਕ ਕਤਲੇਆਮ ਹੋਵੇ ਤੇ ਫਿਰ ਵੱਡੇ ਪੱਧਰ ’ਤੇ ਲੋਕਾਂ ਨੂੰ ਜੇਲ੍ਹ ਵਿਚ ਡੱਕ ਦਿੱਤਾ ਜਾਵੇ। ਕੁਝ ਦਿਨ ਹੀ ਹੋਏ ਕੁਝ ਭਗਵੇਂ ਗੁੰਡਿਆਂ ਨੇ ਇਲਾਹਾਬਾਦ ਦੀ ਇੱਕ ਗਲੀ ਵਿੱਚ ਜ਼ਬਰਦਸਤੀ ਨਿੱਜੀ ਘਰਾਂ ਨੂੰ ਪੇਂਟ ਕੀਤਾ ਅਤੇ ਉਨ੍ਹਾਂ ਘਰਾਂ ਉੱਤੇ ਹਿੰਦੂ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਬਣਾਈਆਂ। ਸੱਚ ਪੁੱਛੋਂ ਤਾਂ ਮੈਂ ਨਹੀਂ ਜਾਣਦੀ ਕਿ ਭਾਰਤ ਵਿਚ ਇਹ ਸਭ ਕੁਝ ਕਿੰਨਾ ਕੁ ਚਿਰ ਚੱਲੇਗਾ।

### ਲੌਕਡਾਊਨ ਦਾ ਗਲਤ ਫੈਸਲਾ

ਜਦੋਂ ਤੁਸੀਂ ਜੇਲ੍ਹ ਤੋਂ ਬਾਹਰ ਆਵੋਗੇ ਤਾਂ ਤੁਸੀਂ ਦੇਖੋਗੇ ਕਿ ਇਹ ਦੁਨੀਆਂ ਕਿੰਨੀ ਬਦਲ ਚੁੱਕੀ ਹੈ। ਕੋਵਿਡ-19 ਦੀ ਤਾਲਾਬੰਦੀ ਅਤੇ ਜਲਦਬਾਜ਼ੀ ਵਾਲੇ ਫੈਸਲੇ ਨੇ ਕਿੰਨੀ ਤਬਾਹੀ ਮਚਾਈ ਹੈ। ਇਸ ਦੇ ਸ਼ਿਕਾਰ ਨਾ ਸਿਰਫ ਗਰੀਬ ਹੋਏ ਹਨ ਸਗੋਂ ਮੱਧ ਵਰਗ ਦੇ ਲੋਕ ਵੀ ਹੋਏ ਹਨ। ਭਗਵੇਂ ਬ੍ਰਿਗੇਡ ਦੇ ਲੋਕ ਵੀ ਇਸ ਦੇ ਘੇਰੇ ਵਿਚ ਆ ਗਏ ਹਨ। ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ 138 ਕਰੋੜ ਲੋਕਾਂ ਨੂੰ ਦੇਸ਼ ਭਰ ਵਿੱਚ ਕਰਫਿਊ ਵਰਗਾ ਲੌਕਡਾਊਨ ਲਗਾਉਣ ਲਈ ਸਿਰਫ ਚਾਰ ਘੰਟੇ (ਸ਼ਾਮ 8 ਵਜੇ ਤੋਂ 12 ਵਜੇ ਤੱਕ) ਦੀ ਮੋਹਲਤ ਦਿੱਤੀ ਗਈ। ਸਭ ਕੁਝ ਠਹਿਰ ਗਿਆ। ਰਾਹ ਵਿੱਚ ਯਾਤਰੀ, ਚੀਜ਼ਾਂ, ਮਸ਼ੀਨ, ਮਾਰਕੀਟ, ਫੈਕਟਰੀ, ਸਕੂਲ, ਯੂਨੀਵਰਸਿਟੀਆਂ ਸਭ ਕੁਝ ਰੋਕ ਦਿੱਤਾ ਗਿਆ! ਸਰਕਾਰ ਵਲੋਂ ਕੋਈ ਨੋਟਿਸ ਜਾਰੀ ਨਹੀਂ ਕੀਤਾ ਗਿਆ। ਇਸ ਵਿਸ਼ਾਲ ਦੇਸ਼ ਨੂੰ ਉਸੇ ਤਰੀਕੇ ਨਾਲ ਬੰਦ ਕਰ ਦਿੱਤਾ ਗਿਆ ਸੀ ਕਿ ਜਿਵੇਂ ਇਕ ਅਮੀਰ ਵਿਗੜਿਆ ਹੋਇਆ ਬੱਚਾ ਬੈਟਰੀ ਨਾਲ ਚੱਲਣ ਵਾਲੇ ਖਿਡੌਣੇ ਦਾ ਰਿਮੋਟ ਤੋੜ ਕੇ ਬਾਹਰ ਸੁੱਟ ਦਿੰਦਾ ਹੈ, ਕਿਉਂਕਿ ਉਹ ਅਜਿਹਾ ਕਰ ਸਕਦਾ ਹੈ।

ਇਸ ਵਿਨਾਸ਼ਕਾਰੀ ਲੌਕਡਾਊਨ ਨੀਤੀ ਕਾਰਨ ਅਰਥ ਵਿਵਸਥਾ ਢਹਿ ਜਾਣ ਦਾ ਵੱਡਾ ਖਤਰਾ ਬਣਿਆ ਹੋਇਆ ਹੈ। ਜਦੋਂ ਕਿ ਵਾਇਰਸ ਜਾਰੀ ਹੈ ਅਤੇ ਇਹ ਲਗਾਤਾਰ ਵਧਦਾ ਜਾ ਰਿਹਾ ਹੈ। ਅਜਿਹਾ ਲਗਦਾ ਹੈ ਜਿਵੇਂ ਅਸੀਂ ਮੌਤ ਨਾਲ ਜੀਅ ਰਹੇ ਹਾਂ। ਸਾਨੂੰ ਅਜੇ ਵੀ ਪਤਾ ਨਹੀਂ ਹੈ ਕਿ ਇਹ ਬਿਖਰੀ ਹੋਈ ਦੁਨੀਆਂ ਕਿੱਥੇ ਡਿੱਗ ਪਏਗੀ ਅਤੇ ਸਾਨੂੰ ਕਿਸ ਹੱਦ ਤੱਕ ਨੁਕਸਾਨ ਪਹੁੰਚੇਗਾ। ਲੱਖਾਂ ਕਾਮੇ ਸ਼ਹਿਰਾਂ ਵਿਚ ਠਹਿਰ ਗਏ। ਇੱਥੇ ਕੋਈ ਰਿਹਾਇਸ਼, ਭੋਜਨ, ਪੈਸੇ, ਰੁਜ਼ਗਾਰ ਨਹੀਂ ਸੀ। ਉਹ ਆਪਣੇ ਪਿੰਡ ਪਹੁੰਚਣ ਲਈ ਸੈਂਕੜੇ ਅਤੇ ਹਜ਼ਾਰਾਂ ਕਿਲੋਮੀਟਰ ਪੈਦਲ ਤੁਰ ਪਏ। ਜਦੋਂ ਉਹ ਅਜੇ ਤੁਰ ਰਹੇ ਸਨ ਤਾਂ ਉਨ੍ਹਾਂ ਨੂੰ ਪੁਲਿਸ ਦੀ ਕੁੱਟ ਸਹਿਣੀ ਪਈ ਅਤੇ ਉਨ੍ਹਾਂ ਨੂੰ ਅਪਮਾਨਿਤ ਹੋਣਾ ਪਿਆ। ਇਸ ਮੁੱਦੇ ਵਿਚ ਕੁਝ ਅਜਿਹਾ ਸੀ ਜਿਸ ਨੇ ਮੈਨੂੰ ਜੌਨ ਸਟੈਨਬੈਕ ਦੇ ‘ਦਿ ਗਰੇਪਸ ਆਫ਼ ਰੈਥ’ ਦੀ ਯਾਦ ਦਿਵਾ ਦਿੱਤੀ। ਮੈਂ ਹੁਣੇ ਇਹ ਕਿਤਾਬ ਪੜ੍ਹੀ ਹੈ। ਇਸ ਨਾਵਲ ਵਿਚ ਜੋ ਵਾਪਰਦਾ ਹੈ (ਇਹ ਮੰਦੀ ਦੇ ਸਮੇਂ ਅਮਰੀਕਾ ਵਿਚ ਲੰਬੇ ਸਮੇਂ ਦੀਆਂ ਦੁਖਾਂਤਕ ਤੇ ਗੁੱਸੇ ਵਾਲੀਆਂ ਲੋਕਾਂ ਦੀਆਂ ਭਾਵਨਾਵਾਂ ਦੇ ਸੰਘਰਸ਼ ਦਾ ਵਰਣਨ ਹੈ) ਅਤੇ ਇਸ ਦੇ ਉਲਟ ਸਾਡੇ ਭਾਰਤੀ ਸਮਾਜ ਵਿਚ ਅਮਰੀਕਾ ਦੇ ਲੋਕਾਂ ਨਾਲ ਅੰਤਰ ਇਹੀ ਹੈ ਕਿ ਭਾਰਤ ਦੇ ਲੋਕਾਂ ਵਿਚ ਸੰਘਰਸ਼ ਤੇ ਗੁੱਸੇ ਦੀ ਪੂਰੀ ਤਰ੍ਹਾਂ ਘਾਟ ਹੈ। ਹਾਂ, ਗੁੱਸਾ ਕਦੇ-ਕਦਾਈਂ ਆਇਆ, ਪਰ ਅਜਿਹਾ ਕਦੇ ਨਹੀਂ ਹੋਇਆ ਜਿਸ ਨੂੰ ਕਾਬੂ ਵਿੱਚ ਨਹੀਂ ਕੀਤਾ ਜਾ ਸਕਿਆ। ਇਹ ਹੈਰਾਨ ਕਰਨ ਵਾਲੀ ਗੱਲ ਸੀ ਕਿ ਲੋਕਾਂ ਨੇ ਤਬਾਹੀ ਨੂੰ ਸਵੀਕਾਰ ਕੀਤਾ। ਕਿੰਨੀ ਆਗਿਆਕਾਰੀ ਭਾਰਤ ਦੀ ਜਨਤਾ ਹੈ ਕਿ ਇਹ ਹਾਕਮ ਜਮਾਤ ਦਾ ਕਿੰਨਾ

ਧਿਆਨ ਰੱਖਦੀ ਹੈ ਤੇ ਉਨ੍ਹਾਂ ਦੀਆਂ ਵਧੀਕੀਆਂ ਨੂੰ ਸਹਿਣ ਕਰਦੀ ਹੈ। ਇਸ ਤੋਂ ਪਤਾ ਚੱਲਦਾ ਹੈ ਕਿ 'ਜਨਤਾ' ਕੋਲ ਦੁੱਖ ਅਤੇ ਤਕਲੀਫਾਂ ਨੂੰ ਝੱਲਣ ਦੀ ਸਹਿਣਯੋਗ ਸ਼ਕਤੀ ਹੈ।

### ਭਾਰਤ ਦੀ ਜਨਤਾ ਤੇ ਗੋਦੀ ਮੀਡੀਆ

ਪਰ ਤੁਸੀਂ ਅਤੇ ਤੁਹਾਡੇ ਵਰਗੇ ਅਨੇਕਾਂ ਹੋਰ ਲੋਕ ਜੋ ਜੇਲ੍ਹਾਂ ਵਿੱਚ ਬੰਦ ਹਨ ਤੇ ਸਿਸਟਮ ਵਿਰੁੱਧ ਅੰਦੋਲਨ ਕਰਦੇ ਰਹੇ ਹਨ। ਇਹ ਉਹ ਸਿਸਟਮ ਹੈ, ਜੋ ਉਜਾੜੇ ਅਤੇ ਗਰੀਬੀ ਨੂੰ ਜਨਮ ਦਿੰਦਾ ਹੈ ਤੇ ਵਾਤਾਵਰਣ ਨੂੰ ਮਲੀਆਮੇਟ ਕਰ ਦਿੰਦਾ ਹੈ ਅਤੇ ਜ਼ਬਰਦਸਤੀ ਪਿੰਡਾਂ ਦੇ ਲੋਕਾਂ ਨੂੰ ਉਜਾੜਦਾ ਹੈ। ਤੁਹਾਡੇ ਵਰਗੇ ਲੋਕ ਹੀ ਨਿਆਂ ਦੀ ਗੱਲ ਕਰਦੇ ਹਨ ਅਤੇ ਬਿਲਕੁਲ ਇਹਨਾਂ ਟੀਵੀ ਚੈਨਲਾਂ ਤੇ ਉਹ ਪੱਤਰਕਾਰ ਅਤੇ ਟਿੱਪਣੀਕਾਰ ਇਸ ਭ੍ਰਿਸ਼ਟ ਤੇ ਜ਼ਾਲਮਾਨਾ ਸਿਸਟਮ ਦਾ ਗੁਣ ਗਾਇਨ ਕਰਦੇ ਹਨ। ਇਹ ਗੋਦੀ ਮੀਡੀਆ ਸਿਰਫ ਤੁਹਾਨੂੰ ਦੋਸ਼ੀ ਠਹਿਰਾਉਂਦਾ ਹੈ, ਤੁਹਾਨੂੰ ਦਾਗੀ ਬਣਾਉਂਦਾ ਹੈ ਅਤੇ ਤੁਹਾਨੂੰ ਹੀ ਬਦਨਾਮ ਕਰਦਾ ਹੈ ਅਤੇ ਹੁਣ ਵੇਖੋ, ਉਹੀ ਮਗਰਮੱਛ ਹੰਝੂ ਵਹਾ ਰਹੇ ਹਨ ਕਿ ਭਾਰਤ ਦਾ ਆਰਥਿਕ ਉਜਾੜਾ ਹੋ ਰਿਹਾ ਹੈ। ਉਹ ਨਕਾਰਾਤਮਕ ਵਿਕਾਸ ਦਰ ਤੋਂ ਡਰੇ ਹੋਏ ਹਨ – ਜਦੋਂ ਕਿ ਤੁਸੀਂ ਜੇਲ ਵਿੱਚ ਬੰਦ ਹੋ।

ਚੀਨ ਦੀ ਫੌਜ ਸਾਡੀ ਸਰਹੱਦ ਵਿਚ ਦਾਖਲ ਹੋ ਗਈ ਹੈ, ਉਹ ਲੱਦਾਖ ਦੇ ਕਈ ਬਿੰਦੂਆਂ 'ਤੇ ਅਸਲ ਕੰਟਰੋਲ ਰੇਖਾ ਨੂੰ ਪਾਰ ਕਰ ਗਈ... ਗੱਲਬਾਤ ਜਾਰੀ ਹੈ। ਹਾਲਾਂਕਿ, ਭਾਰਤ ਜਿੱਤ ਰਿਹਾ ਹੈ, ਪਰ ਸਿਰਫ ਭਾਰਤੀ ਟੈਲੀਵਿਜ਼ਨ 'ਤੇ। ਪਰ ਭਾਰਤੀ ਮੀਡੀਆ ਸਰਕਾਰ ਦੀ ਸ਼ਲਾਘਾ ਕਰ ਰਿਹਾ ਹੈ।

ਤਾਲਾਬੰਦੀ ਦੇ ਦੌਰਾਨ, ਮੈਂ ਪਹਿਲਾ ਨਾਵਲ, ਵੈਸੀਲੀ ਗ੍ਰਾਸਮੈਨ ਦਾ ਸਟਾਲਿਨਗ੍ਰਾਦ ਪੜ੍ਹਿਆ (ਗ੍ਰੌਸਮੈਨ ਰੈੱਡ ਆਰਮੀ ਦਾ ਫਰੰਟ-ਲਾਈਨ ਸਿਪਾਹੀ ਸੀ। ਉਸ ਦੀ ਦੂਜੀ ਕਿਤਾਬ 'ਲਾਈਫ ਐਂਡ ਫੇਟ' (ਜੋ ਜ਼ਿੰਦਗੀ ਅਤੇ ਕਿਸਮਤ ਸੀ) ਜਿਸ ਤੋਂ ਸੋਵੀਅਤ ਸਰਕਾਰ ਨਾਰਾਜ਼ ਹੋ ਗਈ ਅਤੇ ਖਰੜੇ ਨੂੰ ਜ਼ਬਤ ਕਰ ਲਿਆ। ਇਹ ਉਤਸ਼ਾਹ ਨਾਲ ਭਰਪੂਰ ਜੀਵਨੀ ਮਨੁੱਖ ਦਾ ਮਨੋਬਲ ਉੱਚਾ ਕਰਦੀ ਹੈ। ਅਜਿਹੀ ਸਿਰਜਣਾਤਮਕ ਰਚਨਾਤਮਕ ਕਲਾ ਕਲਾਸਾਂ ਵਿੱਚ ਨਹੀਂ ਸਿਖਾਈ ਜਾ ਸਕਦੀ। ਖੈਰ, ਇਕ ਕਾਰਨ ਜਿਸ ਨੇ ਇਹ ਵਿਚਾਰ ਮੇਰੇ ਦਿਮਾਗ ਵਿਚ ਲਿਆਂਦਾ ਉਹ ਇਕ ਸ਼ਾਨਦਾਰ ਵੇਰਵਾ ਹੈ ਜੋ ਇਕ ਸੀਨੀਅਰ ਨਾਜ਼ੀ ਜਰਮਨ ਅਧਿਕਾਰੀ ਨੇ ਰੂਸ ਵਿਚ ਫਰੰਟ ਲੜਾਈ ਤੋਂ ਭੱਜਣ ਤੋਂ ਬਾਅਦ ਬਰਲਿਨ ਪਹੁੰਚ ਕੇ ਫੈਸਲਾ ਕੀਤਾ ਕਿ ਉਹ ਹਿਟਲਰ ਨੂੰ ਦਸੇਗਾ ਕਿ ਜਰਮਨੀ ਨੇ ਰੂਸ ਨਾਲ ਯੁਧ ਛੇੜ ਕੇ ਗ਼ਲਤ ਨੀਤੀ ਅਪਨਾਈ ਸੀ। ਪਰ ਜਦੋਂ ਉਹ ਹਿਟਲਰ ਦੇ ਸਾਹਮਣੇ ਆਉਂਦਾ ਹੈ ਤਾਂ ਉਹ ਬੜਾ ਘਬਰਾ ਜਾਂਦਾ ਹੈ ਅਤੇ ਉਸ ਦਾ ਦਿਮਾਗ ਪੂਰੀ ਤਰ੍ਹਾਂ ਕੰਮ ਕਰਨਾ ਬੰਦ ਕਰ ਦਿੰਦਾ ਹੈ। ਉਹ ਹਿਟਲਰ ਨੂੰ ਖੁਸ਼ ਕਰਨ ਲਈ ਨਿਰੰਤਰ ਕੋਸ਼ਿਸ਼ ਕਰਦਾ ਹੈ ਕਿ ਅਜਿਹਾ ਕੁਝ ਨਾ ਕਹੇ ਜੋ ਉਸਨੂੰ ਪਸੰਦ ਨਹੀਂ ਹੈ। ਇਸੇ ਲਈ ਉਹ ਉਸ ਦੇ ਸਾਹਮਣੇ ਅਸਲੀਅਤ ਦੱਸਣ ਤੋਂ ਘਬਰਾ ਜਾਂਦਾ ਹੈ। ਸਾਡੇ ਦੇਸ਼ ਵਿਚ ਵੀ ਇਹੋ ਕੁਝ ਵਾਪਰ ਰਿਹਾ ਹੈ। ਸਾਡੇ ਦੇਸ ਦੀ ਜਨਤਾ ਵੀ ਡਰ ਤੇ ਚਾਪਲੂਸੀ ਨਾਲ ਲੈਸ ਹੋ ਚੁੱਕੀ ਹੈ। ਸਾਡੀ ਸਮੂਹਿਕ ਜ਼ਮੀਰ ਗਿਰਵੀ ਰੱਖੀ ਜਾ ਚੁੱਕੀ ਹੈ। ਮੀਡੀਆ ਤਾਂ ਕੱਠਪੁਤਲੀ ਬਣ ਚੁੱਕਾ ਹੈ।

ਹਾਲਾਂਕਿ, ਕੋਰੋਨਾ ਮਹਾਂਮਾਰੀ ਤੇਜ਼ੀ ਨਾਲ ਫੈਲ ਰਹੀ ਹੈ। ਇਸ ਮਹਾਂਮਾਰੀ ਫੈਲਾਉਣ ਦੀਆਂ ਗਲਤ ਨੀਤੀਆਂ ਅਪਨਾਉਣ ਵਿਚ ਤਿੰਨ ਦੇਸਾਂ ਦੀ ਅਗਵਾਈ ਤਿੰਨ ਪ੍ਰਤਿਭਾਵਾਨਾਂ ਨੇ ਕੀਤੀ- ਮੋਦੀ, ਟਰੰਪ ਅਤੇ ਬੋਲਸੋਨਾਰੋ। ਉਨ੍ਹਾਂ ਦੇ ਸਿਧਾਂਤ ਉੱਪਰ ਮੌਜੂਦਾ ਦਿੱਲੀ ਦਾ ਮੁੱਖ ਮੰਤਰੀ ਕੇਜਰੀਵਾਲ ਚਲ ਰਿਹਾ ਹੈ ਤੇ ਅਮਿੱਟ ਸ਼ਬਦਾਂ ਵਾਂਗ ਭਾਜਪਾ ਦੇ ਦੁਆਲੇ ਘੁੰਮ ਰਿਹਾ ਹੈ ਕਿ ਹੁਣ ਅਸੀਂ ਦੋਸਤ ਹਾਂ।

### ਭਾਰਤੀ ਰਾਜਨੀਤੀ ਦਾ ਦ੍ਰਿਸ਼

ਅਜਿਹਾ ਲਗਦਾ ਹੈ ਕਿ ਟਰੰਪ ਨਵੰਬਰ ਦੀਆਂ ਚੋਣਾਂ ਵਿਚ ਹਾਰ ਜਾਣਗੇ, ਪਰ ਭਾਰਤ ਵਿਚ ਅਜਿਹਾ ਕੋਈ ਲੱਛਣ ਨਹੀਂ ਦਿਖਾਈ ਦੇ ਰਿਹਾ। ਵਿਰੋਧੀ ਧਿਰ ਬੁਰੀ ਤਰ੍ਹਾਂ ਬਿਖਰ ਰਹੀ ਹੈ। ਲੀਡਰ ਸ਼ਾਂਤ ਹਨ, ਝੁਕੇ ਹੋਏ ਹਨ। ਚੁਣੀਆਂ ਹੋਈਆਂ ਰਾਜ ਸਰਕਾਰਾਂ ਨੂੰ ਫਾਸ਼ੀਵਾਦੀ ਢੰਗ ਨਾਲ ਡੇਗਿਆ ਜਾ ਰਿਹਾ ਹੈ। ਰੋਜ਼ਾਨਾ ਖ਼ਬਰਾਂ ਵਿਚ ਗਦਾਰੀ ਤੇ ਦਲ ਬਦਲੀ ਦੀਆਂ ਰਾਜਨੀਤਕ ਘਟਨਾਵਾਂ ਦਿਲਚਸਪੀ ਨਾਲ ਪੇਸ਼ ਕੀਤੀਆਂ ਜਾ ਰਹੀਆਂ ਹਨ। ਵਿਧਾਇਕਾਂ ਨੂੰ ਭੇਡਾਂ ਬੱਕਰੀਆਂ ਵਾਂਗ ਹੱਕਿਆਂ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਰਿਜ਼ੋਰਟਾਂ ਵਿਚ ਬੰਦ ਰੱਖਿਆ ਜਾ ਰਿਹਾ ਹੈ ਤਾਂ ਜੋ ਉਹ ਨੋਟਾਂ ਨਾਲ ਨਾ ਖਰੀਦੇ ਜਾ ਸਕਣ। ਮੇਰਾ ਮੰਨਣਾ ਹੈ ਕਿ ਜਿਹੜੇ ਰਾਜਨੀਤਕ ਲੋਕ ਆਪਣੇ ਆਪ ਨੂੰ ਵੇਚਣ ਲਈ ਤਿਆਰ ਹਨ ਉਨ੍ਹਾਂ ਦੀ ਜਨਤਕ ਤੌਰ 'ਤੇ ਬੋਲੀ ਲਗਾਈ ਜਾਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦੀ ਉੱਚ ਕੀਮਤ ਪਤਾ ਲੱਗ ਸਕੇ। ਖੈਰ, ਛੱਡੋ ਪਰਾ ਇਨ੍ਹਾਂ ਨੂੰ। ਆਓ ਅਸੀਂ ਅਸਲ ਮੁੱਦੇ ਵਲ ਧਿਆਨ ਦੇਈਏ। ਅਸਲ ਵਿੱਚ, ਸਾਡਾ ਲੋਕਤੰਤਰ ਖਤਮ ਕੀਤਾ ਜਾ ਰਿਹਾ ਹੈ।

### ਕਸ਼ਮੀਰ ਦੇ ਹਾਲਾਤ

ਤਾਲਾਬੰਦੀ ਦੌਰਾਨ, ਕਈ ਮੱਧਵਰਗੀ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਉਹ ਜੇਲ੍ਹ ਵਾਂਗ ਮਹਿਸੂਸ ਕਰ ਰਹੇ ਹਨ। ਪਰ ਅਸਲ ਵਿਚ ਇਹ ਸਭ ਝੂਠ ਹੈ। ਇਹ ਲੋਕ ਤਾਂ ਆਪਣੇ ਘਰਾਂ ਵਿਚ ਆਪਣੇ ਪਰਿਵਾਰਾਂ ਨਾਲ ਰਹਿ ਰਹੇ ਹਨ। ਆਪਣੇ ਅਜ਼ੀਜ਼ਾਂ ਨਾਲ ਗੱਲਬਾਤ ਕਰ ਰਹੇ ਹਨ। ਉਹ ਆਪਣਾ ਕੰਮ ਵੀ ਕਰ ਰਹੇ ਹਨ। ਉਨ੍ਹਾਂ ਕੋਲ ਮੋਬਾਇਲ ਇੰਟਰਨੈਟ ਹਨ। ਉਨ੍ਹਾਂ ਦੀ ਹਾਲਤ ਤੁਹਾਡੇ ਵਰਗੇ ਲੋਕਾਂ ਵਰਗੀ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੀ ਸਥਿਤੀ ਕਸ਼ਮੀਰ ਦੇ ਲੋਕਾਂ ਵਰਗੀ ਹੈ ਜੋ ਕਿ ਪਿਛਲੇ ਸਾਲ 5 ਅਗਸਤ ਤੋਂ ਇਕ ਖ਼ਾਸ ਕਿਸਮ ਦੀ ਜੇਲ੍ਹ ਵਿਚ ਬੰਦ ਹਨ ਜਿੱਥੇ ਇੰਟਰਨੈਟ ਦੀ ਸਹੂਲਤ ਵੀ ਬੰਦ ਕਰ ਦਿੱਤੀ ਜਾਂਦੀ ਹੈ। ਜਦੋਂ ਜੰਮੂ-ਕਸ਼ਮੀਰ ਵਿਚ ਧਾਰਾ 370 ਖ਼ਤਮ ਕੀਤੀ ਗਈ ਸੀ ਤਾਂ ਇਸ ਦਾ ਵਿਸ਼ੇਸ਼ ਰੁਤਬਾ ਅਤੇ ਰਾਜ ਦਾ ਵਜੂਦ ਖਤਮ ਕਰ ਦਿੱਤਾ ਗਿਆ।

ਜੇ ਦੋ ਮਹੀਨਿਆਂ ਦੀ ਤਾਲਾਬੰਦੀ ਨੇ ਭਾਰਤ ਦੀ ਆਰਥਿਕਤਾ ਨੂੰ ਬਹੁਤ ਵੱਡਾ ਝਟਕਾ ਦਿੱਤਾ ਹੈ, ਤਾਂ ਤੁਸੀਂ ਕਸ਼ਮੀਰ ਬਾਰੇ ਸੋਚ ਸਕਦੇ ਹੋ ਕਿ ਉਹ ਸੰਗੀਨਾਂ ਦੇ ਪਰਛਾਵਿਆਂ ਹੇਠ ਕਿਸ ਹਾਲਾਤ ਵਿਚ ਵਸ ਰਹੇ ਹਨ। ਉੱਥੇ ਕਾਰੋਬਾਰ ਪਹਿਲਾਂ ਹੀ ਖਤਮ ਹੋ ਚੁੱਕਾ ਹੈ। ਵਿਦਿਆਰਥੀ ਆਨਲਾਈਨ ਕਲਾਸਾਂ ਵਿਚ ਵੀ ਹਾਜ਼ਰੀ ਨਹੀਂ ਲਗਾ ਰਹੇ। ਤੁਹਾਨੂੰ ਯਾਦ ਕਰਵਾ ਦੇਈਏ ਕਿ 5 ਅਗਸਤ ਦੌਰਾਨ ਹਜ਼ਾਰਾਂ ਕਸ਼ਮੀਰੀਆਂ ਨੂੰ ਜੇਲ ਭੇਜਿਆ ਗਿਆ ਸੀ। ਭਾਰਤੀ ਸਿਸਟਮ ਨੇ ਇਸ ਦੀ ਤਿਆਰੀ ਪਹਿਲਾਂ ਤੋਂ ਕੀਤੀ ਹੋਈ ਸੀ। ਸਾਰੀਆਂ ਜੇਲ੍ਹਾਂ ਉਨ੍ਹਾਂ ਲੋਕਾਂ ਨਾਲ ਭਰੀਆਂ ਹਨ ਜਿਨ੍ਹਾਂ ਨੇ ਕੋਈ ਜੁਰਮ ਨਹੀਂ ਕੀਤਾ।

ਧਾਰਾ 370 ਨੂੰ ਖਤਮ ਕਰਨਾ ਸਟੇਟ ਦੇ ਹੰਕਾਰ ਦਾ ਨਤੀਜਾ ਹੈ। ਇਸ ਨੂੰ ਆਖਰੀ ਹੱਲ ਦਸ ਕੇ ਸ਼ੇਖੀ ਮਾਰੀ ਜਾ ਰਹੀ ਹੈ ਕਿ ਅਸੀਂ ਕਸ਼ਮੀਰ ਦਾ ਮਸਲਾ ਹੱਲ ਕਰ ਦਿੱਤਾ ਹੈ। ਅਜਿਹਾ ਕਰਕੇ ਇਨ੍ਹਾਂ ਨੇ ਸਾਰੇ ਕਸ਼ਮੀਰ ਵਿਚ ਗੜਬੜ ਦਾ ਮਾਹੌਲ ਬਣਾ ਦਿੱਤਾ ਹੈ।

### ਚੀਨ ਤੇ ਪਾਕਿਸਤਾਨ ਨਾਲ ਵਿਵਾਦ

ਭਾਰਤੀ ਹਾਕਮ ਜਾਣਦੇ ਹਨ ਕਿ ਚੀਨੀ ਫੌਜ ਨੇ ਬਾਰਡਰ ਪਾਰ ਕੀਤਾ ਹੈ। ਇੱਥੋਂ ਤੱਕ ਕਿ ਅਸਲ ਕੰਟਰੋਲ ਰੇਖਾ ਅਤੇ ਲੱਦਾਖ ਦੇ ਬਹੁਤ ਸਾਰੇ ਖੇਤਰ ਉੱਤੇ ਕਬਜ਼ਾ ਕਰ ਲਿਆ ਹੈ। ਮੈਂ ਦਸਣਾ ਚਾਹੁੰਦੀ ਹਾਂ ਕਿ ਚੀਨ ਨਾਲ ਲੜਾਈ ਪਾਕਿਸਤਾਨ ਨਾਲ ਲੜਾਈ ਤੋਂ ਬਿਲਕੁਲ ਵੱਖਰੀ ਕਿਸਮ ਦੀ ਹੈ। ਭਾਰਤ ਇਸ ਨੂੰ ਪਾਕਿਸਤਾਨ ਵਾਂਗ ਨਹੀਂ ਨਿਪਟ ਰਿਹਾ। ਤੁਸੀਂ ਇਨ੍ਹਾਂ ਦੇ ਬਿਆਨਾਂ ਤੋਂ ਅੰਦਾਜ਼ਾ ਲਗਾ ਸਕਦੇ ਹੋ। ਇਹ ਆਖ ਰਹੇ ਹਨ ਕਿ ਗੱਲਬਾਤ ਚੱਲ ਰਹੀ ਹੈ। ਹਾਲਾਂਕਿ, ਭਾਰਤ ਦੇ ਟੀਵੀ ਚੈਨਲਾਂ 'ਤੇ ਭਾਰਤ ਜਿੱਤਦਾ ਦਿਖਾਇਆ ਜਾ ਰਿਹਾ ਹੈ, ਪਰ ਟੀਵੀ ਤੋਂ ਬਾਹਰ ਅਜਿਹਾ ਕੁਝ ਵੀ ਨਹੀਂ ਦਿਖਾਈ ਦੇ ਰਿਹਾ।

ਮੈਨੂੰ ਇੰਨੀ ਲੰਬੀ ਚਿੱਠੀ ਲਿਖਣ ਦੀ ਉਮੀਦ ਨਹੀਂ ਸੀ, ਪਰ ਇਹ ਬਹੁਤ ਲੰਮੀ ਹੋ ਗਈ। ਹੁਣ ਮੈਂ ਅਲਵਿਦਾ ਕਹਿੰਦੀ ਹਾਂ ਮੇਰੇ ਦੋਸਤ। ਤੁਹਾਡੇ ਕੋਲ ਹਿੰਮਤ ਹੈ ਅਤੇ ਸਬਰ ਵੀ ਰੱਖਣਾ ਚਾਹੀਦਾ ਹੈ। ਇਹ ਬੇਇਨਸਾਫੀ ਬਹੁਤ ਦੇਰ ਤੱਕ ਨਹੀਂ ਚੱਲ ਸਕੇਗੀ। ਜੇਲ੍ਹ ਦੇ ਦਰਵਾਜ਼ੇ ਖੁੱਲ੍ਹ ਜਾਣਗੇ ਅਤੇ ਤੁਸੀਂ ਸਾਡੇ ਵਿਚਾਲੇ ਆ ਜਾਓਗੇ। ਜੋ ਚੱਲ ਰਿਹਾ ਹੈ ਉਹ ਬਹੁਤ ਲੰਬਾ ਨਹੀਂ ਚਲੇਗਾ। ਇਸ ਦਾ ਵਿਨਾਸ਼ ਖੁਦ-ਬ-ਖੁਦ ਹੋ ਜਾਵੇਗਾ। ਫਿਰਕੂ ਹਾਕਮਾਂ ਕਾਰਨ ਜੋ ਕੁਝ ਵਾਪਰੇਗਾ, ਉਹ ਸਾਡੀ ਕਲਪਨਾ ਤੋਂ ਬਾਹਰ ਹੋਵੇਗਾ। ਸਾਨੂੰ ਕੁਝ ਨਹੀਂ ਕਰਨਾ ਪਏਗਾ। ਮੈਨੂੰ ਯਕੀਨ ਹੈ ਕਿ ਬੋਧਿਕਤਾ ਤੇ ਸੱਚ ਦੀ ਜਿੱਤ ਹੋਵੇਗੀ।

-o-

# ਅਜ਼ਾਦੀ ਨੂੰ ਹਾਸ਼ੀਏ ਵੱਲ ਧੱਕਦੀ ਕਵੀ ਵਰਵਰਾ ਰਾਓ ਦੀ ਜੇਲ ਬੰਦੀ

-ਮਨਮੀਤ ਕੱਕੜ



ਸਮਕਾਲੀ ਭਾਰਤੀ ਕਵੀਆਂ ਦੇ ਇੱਕ ਸਮੂਹ ਨੇ ਇੱਕ ਜਨਤਕ ਬਿਆਨ ਲਿਖਿਆ ਹੈ ਜਿਸ ਵਿੱਚ ਕਵੀ ਅਤੇ ਕਾਰਕੁਨ ਵਰਵਰਾ ਰਾਓ ਦੀ ਰਿਹਾਈ ਦੀ ਅਪੀਲ ਕੀਤੀ ਗਈ ਸੀ, ਜਿਸ ਨੂੰ ਹਾਲ ਹੀ ਵਿੱਚ ਮੁੰਬਈ ਦੀ ਇੱਕ ਜੇਲ ਵਿੱਚੋਂ ਉਸ ਦਾ ਇਲਾਜ ਯਕੀਨੀ ਬਣਾਉਣ ਲਈ ਚਲਾਈ ਮੁਹਿੰਮ ਦੇ ਬਾਅਦ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

ਇਸ ਬਿਆਨ ਦੀ ਮੁੱਖ ਲਾਈਨ ਸੀ, ਅਸੀਂ ... ਸਪਸ਼ਟ ਤੌਰ 'ਤੇ ਦੱਸਦੇ ਹਾਂ ਕਿ ਇਸ ਰਾਸ਼ਟਰ ਦੇ ਨੌਜਵਾਨ ਕਵੀਆਂ ਵਜੋਂ, ਅਸੀਂ ਰਾਓ 'ਤੇ ਹੋਏ ਹਮਲੇ ਨੂੰ ਸਾਡੇ ਸਾਰਿਆਂ, ਆਪਣੇ ਮਨਾਂ, ਕਲਮਾਂ ਅਤੇ ਆਪਣੇ ਵਿਚਾਰਾਂ 'ਤੇ ਹਮਲਾ ਵਜੋਂ ਵੇਖਦੇ ਹਾਂ।

ਦਸੰਬਰ ਉੱਨੀ ਸੌ ਨੱਬੇ ਦੇ ਵਿੱਚ ਸੰਯੁਕਤ ਰਾਸ਼ਟਰ ਸੰਘ ਨੇ ਇੱਕ ਸੰਕਲਪ ਪੱਤਰ ਨੂੰ ਅਪਣਾਇਆ ਸੀ ਜਿਸਦਾ ਨਾਮ ਸੀ ਕੈਦੀਆਂ ਨਾਲ ਆਚਰਣ ਦੇ ਮੁੱਢਲੇ ਸਿਧਾਂਤ। ਇਸ ਵਿੱਚ ਦਸ ਸਿਧਾਂਤਾਂ ਦੀ ਗੱਲ ਕੀਤੀ ਗਈ ਸੀ ਅਤੇ ਇਹ ਕਿਹਾ ਗਿਆ ਸੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕੈਦੀਆਂ ਨਾਲ ਵਿਵਹਾਰ ਤੇ ਇਹ ਸਿਧਾਂਤ ਬਿਨਾਂ ਕਿਸੇ ਭੇਦ ਭਾਵ ਤੋਂ ਇੰਨ ਬਿਨ ਲਾਗੂ ਹੋਣੇ ਚਾਹੀਦੇ ਇਨ੍ਹਾਂ ਵਿੱਚੋਂ ਇੱਕ ਸਿਧਾਂਤ ਸੀ ਤੇ ਕੈਦੀਆਂ ਨੂੰ ਬਿਨਾਂ ਕਿਸੇ ਭੇਦ ਭਾਵ ਤੋਂ ਉਹ ਜਿਹੜੇ ਮਰਜ਼ੀ ਕਾਨੂੰਨੀ ਮਸਲੇ ਦੇ ਅਧੀਨ ਜੇਲ ਵਿੱਚ ਹੋਣ. ਉਨ੍ਹਾਂ ਨੂੰ ਸਿਹਤ ਸੇਵਾਵਾਂ ਮੁਹਈਆ ਕਰਵਾਈਆਂ ਜਾਣਗੀਆਂ।

ਪਿਛਲੇ ਇੱਕ ਹਫਤੇ ਤੋਂ ਸੰਯੁਕਤ ਰਾਸ਼ਟਰ ਸੰਘ ਦੁਆਰਾ ਦਿੱਤੇ ਇਨ੍ਹਾਂ ਸਿਧਾਂਤਾਂ ਦੇ ਕਾਗਜ਼ਾਂ ਨੂੰ ਮਹਾਰਾਸ਼ਟਰ ਵਿੱਚ ਸਾੜ ਕੇ ਡਸਟਬਿਨ ਵਿੱਚ ਸੁੱਟ ਦਿੱਤਾ ਗਿਆ ਅਤੇ ਜੋ ਸਭ ਤੋਂ ਵੱਧ ਚਿੰਤਾਜਨਕ ਗੱਲ ਹੈ ਕਿ ਸਾਡੀ ਅਦਾਲਤਾਂ ਦੇ ਵਿੱਚ ਮੂਰਤੀ ਵਜੋਂ ਸਥਾਪਿਤ ਨਿਆਂ ਦੀ ਦੇਵੀ ਇਹ ਸਭ ਕੁਝ ਹੁੰਦੇ ਹੋਏ ਦੂਸਰੇ ਪਾਸੇ ਅੱਖਾਂ ਘੁੰਮਾ ਕੇ ਖੜ੍ਹੀ ਰਹੀ।

ਇਸ ਹਫਤੇ ਸਮਾਜਿਕ ਕਾਰਕੁਨ ਅਤੇ ਕਵੀ ਵਰਵਰਾ ਰਾਓ ਦੇ ਪਰਿਵਾਰ ਨੇ ਦਿਲ ਨੂੰ ਨੂੰ ਦਹਿਲਾ ਦੇਣ ਵਾਲੀਆਂ ਗੱਲਾਂ ਬਾਹਰ ਲਿਆਂਦੀਆਂ ਅਤੇ ਸਾਂਝੀਆਂ ਕੀਤੀਆਂ। ਲੋਕਾਂ ਦੇ ਸੰਗਠਨਾਂ ਦੁਆਰਾ ਸਰਕਾਰ ਉੱਤੇ ਸੋਸ਼ਲ ਮੀਡੀਆ ਦੁਆਰਾ ਨਿਰੰਤਰ ਦਬਾਅ ਬਣਾਉਣ ਤੋਂ ਬਾਅਦ ਆਖਿਰ ਨੂੰ ਤੇਰਾਂ ਜੁਲਾਈ ਨੂੰ ਵਰਵਰਾ ਰਾਓ ਨੂੰ ਮੁੰਬਈ ਦੇ ਜੇ ਜੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਇਸ ਤੋਂ ਪਹਿਲਾਂ ਵਰਵਰਾ ਰਾਓ ਨੂੰ ਜੇਲ ਵਿੱਚ ਕਿਸੇ ਵੀ ਤਰ੍ਹਾਂ ਦੀ ਮੈਡੀਕਲ ਸਹਾਇਤਾ ਨਹੀਂ ਦਿੱਤੀ ਗਈ ਸੀ ਅਤੇ ਉਸ ਦੇ ਪਰਿਵਾਰ ਦੇ ਮੁਤਾਬਕ ਉਹ ਇੱਕ ਨਰਕ ਵਾਂਗ ਰਹਿ ਰਿਹਾ ਸੀ। ਮੀਡੀਆ ਵਿੱਚ ਆ ਰਹੀਆਂ ਖਬਰਾਂ ਮੁਤਾਬਿਕ ਜਦੋਂ ਵਰਵਰਾ ਰਾਓ ਦੇ ਰਿਸ਼ਤੇਦਾਰ ਅਤੇ ਪਰਿਵਾਰ ਵਾਲੇ ਪਿਛਲੇ ਬੁੱਧਵਾਰ ਹਸਪਤਾਲ ਵਿੱਚ ਉਸ ਦਾ ਪਤਾ ਲੈਣ ਲਈ ਗਏ ਤਾਂ ਦੇਖਦੇ ਹਨ ਕਿ ਵਰਵਰਾ ਰਾਓ ਜੀ ਆਪਣੇ ਹੀ ਪਿਸ਼ਾਬ ਦੇ ਨਾਲ ਲੱਥਪੱਥ ਹੋਏ ਪਏ ਨੇ ਅਤੇ ਹਸਪਤਾਲ ਦੇ ਕਿਸੇ ਸਟਾਫ ਨੇ ਉਨ੍ਹਾਂ ਦੀ ਚਾਦਰ ਤਕ ਨੂੰ ਬਦਲਣ ਦੀ ਜ਼ਹਿਮਤ ਨਹੀਂ ਉਠਾਈ। ਅਤੇ ਅਗਲੇ ਦਿਨ ਵੀਰਵਾਰ ਨੂੰ ਖ਼ਬਰ ਮਿਲਦੀ ਹੈ ਕਿ ਵਰਵਰਾ ਰਾਓ ਜੀ ਕਰੋਨਾ ਦੇ ਨਾਲ ਪੀੜਤ ਹੋ ਗਏ ਹਨ।

ਸਾਡੇ ਨਿਆਇਕ ਮਾਹਿਰ ਅਤੇ ਭਾਰਤ ਦੀ ਸੁਪਰੀਮ ਕੋਰਟ ਅਕਸਰ ਹੀ ਇਹ ਟਿੱਪਣੀ ਕਰਦੀ ਹੈ ਕਿ ਬੇਲ ਅਤੇ ਜੇਲ ਵਿੱਚੋਂ ਹਮੇਸ਼ਾ ਹੀ ਬੇਲ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਜੇਲ ਸਿਰਫ ਉਦੋਂ ਭੇਜਣਾ ਚਾਹੀਦਾ ਹੈ, ਜਦੋਂ ਬਿਲਕੁਲ ਹੀ ਨਾ ਸਕਦਾ ਹੋਵੇ। ਪਰ ਇਹ ਸਿਧਾਂਤ ਵਰਵਰਾ ਰਾਓ ਅਤੇ ਉਸ ਦੇ ਹੋਰ ਸਾਥੀਆਂ 'ਤੇ ਲਾਗੂ ਨਹੀਂ ਹੋਇਆ ਜਿਨ੍ਹਾਂ ਨੂੰ ਦਸੰਬਰ ਦੋ ਹਜ਼ਾਰ ਸਤਾਰਾਂ ਵਿੱਚ ਵਾਪਰੇ ਭੀਮਾ ਕੋਰੇਗਾਂਵ ਕੇਸ ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਇਨ੍ਹਾਂ ਦੇ ਕੇਸ ਵਿੱਚ ਹਮੇਸ਼ਾ ਹੀ ਬੇਲ ਦੀ ਜਗ੍ਹਾ ਜੇਲ ਨੂੰ ਪਹਿਲ ਦਿੱਤੀ ਗਈ ਅਤੇ ਜਿਸ ਵਿੱਚ ਮੁੱਖ ਹਥਿਆਰ ਦੇ ਤੌਰ 'ਤੇ ਲੋਕਾਂ ਦੀ ਆਵਾਜ਼ ਨੂੰ ਦਬਾਉਣ ਵਾਲਾ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ, ਜਿਸ ਨੂੰ ਯੂ ਏ ਪੀ ਏ ਵੀ ਕਿਹਾ ਜਾਂਦਾ ਹੈ, ਦਾ ਇਸਤੇਮਾਲ ਕੀਤਾ ਗਿਆ।

ਜਿੱਥੇ ਇੱਕ ਪਾਸੇ ਯੂ ਏ ਪੀ ਏ ਦਾ ਇਸਤੇਮਾਲ ਕਰਕੇ ਵਰਵਰਾ ਰਾਓ ਤੇ ਉਸਦੇ ਸਾਥੀਆਂ ਨੂੰ ਲਗਾਤਾਰ ਬਾਈ ਮਹੀਨੇ ਜੇਲ ਵਿੱਚ ਕੈਦ ਰੱਖਿਆ ਗਿਆ, ਫਿਰ ਵੀ ਇਹ ਸਮਝ ਨਹੀਂ ਆਉਂਦੀ ਕਿ ਇਸ ਕਾਨੂੰਨ ਦੇ ਬਾਵਜੂਦ ਇੱਕ ਬਜ਼ੁਰਗ ਸਮਾਜਿਕ ਕਾਰਕੁਨ ਨੂੰ ਮੈਡੀਕਲ ਸਹਾਇਤਾ ਵੀ ਕਿਉਂ ਨਹੀਂ ਦਿੱਤੀ ਗਈ। ਇਸ ਸਭ ਵਰਤਾਰੇ ਵਿੱਚੋਂ ਇੱਕ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਾਡੇ ਸਮੇਂ ਦੀ ਮੌਜੂਦਾ ਸਰਕਾਰ ਬਦਲਾ ਲਊ ਨੀਤੀ ਦੇ ਤਹਿਤ ਕੰਮ ਕਰ ਰਹੀ ਹੈ ਅਤੇ ਉਹ ਸੰਕੇਤ ਵੀ ਦੇਣਾ ਚਾਹ ਰਹੀ ਹੈ ਕਿ ਜੋ ਕੋਈ ਸਰਕਾਰ ਦੇ ਖ਼ਿਲਾਫ਼ ਬੋਲੇਗਾ ਉਸ ਨੂੰ ਇੱਦਾਂ ਹੀ ਵਰਵਰਾ ਰਾਓ ਵਾਂਗ ਚੁੱਪ ਕਰਵਾ ਦਿੱਤਾ ਜਾਵੇਗਾ।



ਇਸ ਤਰ੍ਹਾਂ ਬਿਲਕੁਲ ਨਹੀਂ ਹੈ ਕਿ ਸਰਕਾਰ ਵਰਵਰਾ ਰਾਓ ਦੀ ਦਿਨੋ ਦਿਨ ਖਰਾਬ ਹੁੰਦੀ ਜਾ ਰਹੀ ਮੈਡੀਕਲ ਸਥਿਤੀ ਤੋਂ ਜਾਣੂ ਨਹੀਂ ਸੀ ਜਾਂ ਫਿਰ ਅਚਾਨਕ ਹੀ ਵਰਵਰਾ ਰਾਓ ਦੀ ਸਰੀਰਕ ਸਥਿਤੀ ਖਰਾਬ ਹੋ ਗਈ, ਬਲਕਿ ਜੂਨ ਦੋ ਹਜ਼ਾਰ ਉੱਨੀ ਤੋਂ ਹੀ ਸਾਡੇ ਲੋਕ ਸਭਾ ਦੇ ਕਈ ਮੈਂਬਰਾਂ ਨੇ ਸਰਕਾਰ ਨੂੰ ਇਹ ਬੇਨਤੀ ਕੀਤੀ ਗਈ ਸੀ ਕਿ ਵਰਵਰਾ ਰਾਓ ਦੀ ਡਿੱਗਦੀ ਸਿਹਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣਾ ਚਾਹੀਦਾ ਹੈ। ਪਰ ਸਰਕਾਰ ਦੇ ਬਹਿਰੇ ਕੰਨਾਂ ਉੱਪਰ ਇਸਦਾ ਕੋਈ ਅਸਰ ਨਾ ਹੋਇਆ।

ਸਰਕਾਰਾਂ ਤਾਂ ਅਕਸਰ ਹੀ ਇੱਦਾਂ ਕਰਦੀਆਂ ਆਈਆਂ ਹਨ, ਚਾਹੇ ਉਹ ਕਾਂਗਰਸ ਦੀ ਹੋਵੇ ਚਾਹੇ ਭਾਜਪਾ ਦੀ। ਇਸ ਮਾਮਲੇ ਵਿੱਚ ਜੋ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਸੀ, ਉਹ ਸੀ ਸਾਡੀ ਨਿਆਇਕ ਪ੍ਰਣਾਲੀ। ਅਸੀਂ ਅਕਸਰ ਹੀ ਦੇਖਦੇ ਹਾਂ ਕਿ ਜਦੋਂ ਸਰਕਾਰਾਂ ਲੋਕਾਂ ਦੀ ਗੱਲ ਸੁਣਨੀ ਬੰਦ ਕਰ ਦਿੰਦੀਆਂ ਨੇ ਤਾਂ ਲੋਕਾਂ ਦੀ ਰਾਖੀ ਲਈ ਸਾਡੀ ਨਿਆਇਕ ਪ੍ਰਣਾਲੀ ਸਾਹਮਣੇ ਆਉਂਦੀ ਹੈ, ਸਾਡੀਆਂ ਅਦਾਲਤਾਂ ਸਾਹਮਣੇ ਆਉਂਦੀਆਂ ਹਨ। ਪਰ ਰਾਓ ਦੇ ਕੇਸ ਵਿੱਚ ਉਨ੍ਹਾਂ ਦਾ ਯੋਗਦਾਨ ਵੀ ਬਹੁਤਾ ਸਕਾਰਾਤਮਕ ਨਹੀਂ ਰਿਹਾ। ਪਿਛਲੇ ਬਾਈ ਮਹੀਨਿਆਂ ਵਿੱਚ ਲਗਭਗ ਪੰਜ ਵਾਰੀ ਵਰਵਰਾ ਰਾਓ ਨੂੰ ਬੇਲ ਦੇਣ ਦੀ ਅਰਜ਼ੀ ਉੱਪਰ ਨਾਂਹ ਕਰ ਦਿੱਤੀ ਗਈ ਅਤੇ ਸਭ ਤੋਂ ਆਖਰੀ ਜੋ ਅਪੀਲ ਰੱਦ ਕੀਤੀ ਗਈ ਉਹ ਜੂਨ ਛੱਬੀ ਨੂੰ ਕੀਤੀ ਗਈ ਸੀ ਜਦੋਂ ਕਰੋਨਾ ਮਹਾਂਮਾਰੀ ਆਪਣੇ ਸ਼ਿਖਰਾਂ ਉੱਪਰ ਹੈ ਅਤੇ ਖਾਸ ਕਰਕੇ ਸੁਪਰੀਮ ਕੋਰਟ ਨੇ ਸਰਕਾਰਾਂ ਨੂੰ ਇਹ ਆਦੇਸ਼ ਦਿੱਤਾ ਸੀ ਕਿ ਜੇਲਾਂ ਜੋ ਬਹੁਤ ਜ਼ਿਆਦਾ ਭੀੜੀਆਂ ਹਨ ਅਤੇ ਜਿੱਥੇ ਬਹੁਤ ਜ਼ਿਆਦਾ ਗਿਣਤੀ ਵਿੱਚ ਕੈਦੀ ਹਨ ਅਤੇ ਉਨ੍ਹਾਂ ਕੈਦੀਆਂ ਵਿੱਚੋਂ ਜਿਨ੍ਹਾਂ 'ਤੇ ਹਾਲੇ ਕੇਸ ਚੱਲ ਰਿਹਾ ਹੈ ਅਤੇ ਸਜ਼ਾ ਨਹੀਂ ਹੋਈ ਹੈ, ਉਨ੍ਹਾਂ ਨੂੰ ਜ਼ਮਾਨਤ ਲੈ ਕੇ ਛੱਡ ਦਿੱਤਾ ਜਾਵੇ ਤਾਂ ਕਿ ਜੇਲਾਂ ਵਿੱਚ ਕੈਦੀਆਂ ਦੀ ਘਣਤਾ ਨੂੰ ਘੱਟ ਕੀਤਾ ਜਾ ਸਕੇ ਪਰ ਇਸਦੇ ਬਾਵਜੂਦ ਵਰਵਰਾ ਰਾਓ ਵਰਗੇ ਰਾਜਨੀਤਕ ਕੈਦੀਆਂ ਨੂੰ ਕੋਈ ਰਾਹਤ ਨਹੀਂ ਮਿਲੀ।

ਪਿਛਲੇ ਮਹੀਨੇ ਤਾਮਿਲਨਾਡੂ ਦੀ ਇੱਕ ਜੇਲ ਵਿੱਚ ਪਿਓ ਪੁੱਤਰ ਦੀ ਮੌਤ ਹੋ ਗਈ ਜਿਸ ਕਾਰਨ ਜਨਤਾ ਦਾ ਬਹੁਤ ਹੀ ਗੁੱਸੇ ਭਰਿਆ ਰੋਹ ਸਾਹਮਣੇ ਆਇਆ ਅਤੇ ਇਸ ਕਾਰਨ ਤਾਮਿਲਨਾਡੂ ਦੀ ਹਾਈਕੋਰਟ ਨੂੰ ਇਹ ਫੈਸਲਾ ਲੈਣਾ ਪਿਆ ਕਿ ਜਿਹੜੇ ਪੁਲਿਸ ਅਫਸਰਾਂ ਦੀ ਅਣਗਹਿਲੀ ਕਾਰਨ ਮੌਤਾਂ ਹੋਈਆਂ ਹਨ, ਉਨ੍ਹਾਂ ਉੱਪਰ ਕਤਲ ਦਾ ਕੇਸ ਦਰਜ ਕੀਤਾ ਜਾਵੇ। ਪਰ ਹਿਰਾਸਤ ਦੇ ਵਿੱਚ ਟਾਰਚਰ ਸਿਰਫ ਪੁਲਿਸ ਸਟੇਸ਼ਨਾਂ ਦੇ ਵਿੱਚ ਨਹੀਂ ਹੁੰਦਾ, ਸਗੋਂ ਇਸਦੇ ਹੋਰ ਬੜੇ ਤਰੀਕੇ ਹੁੰਦੇ ਹਨ। ਜਿਨ੍ਹਾਂ ਵਿੱਚੋਂ ਇੱਕ ਤਰੀਕਾ ਹੈ ਕਿ ਜਦੋਂ ਕਿਸੇ ਨੂੰ ਮੈਡੀਕਲ ਸਹਾਇਤਾ ਦੀ ਜ਼ਰੂਰਤ ਹੋਵੇ, ਉਸ ਨੂੰ ਇਹ ਮੁਹਈਆ ਨਾ ਕਰਵਾਈ ਜਾਵੇ ਅਤੇ ਮੈਡੀਕਲ ਸਹਾਇਤਾ ਤੋਂ ਬਿਨਾਂ ਉਸ ਨੂੰ ਹੌਲੀ ਹੌਲੀ ਮਰਨ ਦੇ ਲਈ ਛੱਡ ਦਿੱਤਾ ਜਾਵੇ।

ਵਰਵਰਾ ਰਾਓ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਜਦੋਂ ਸਰਕਾਰ ਉਸ ਨੂੰ ਜੇਲ ਵਿੱਚ ਰੱਖਣ ਲਈ ਬਜ਼ਿੱਦ ਹੈ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਸਰਕਾਰ ਅਪ੍ਰਤੱਖ ਢੰਗ ਨਾਲ ਉਸ ਨੂੰ ਫਾਂਸੀ ਉੱਪਰ ਚੜ੍ਹਾ ਰਹੀ ਹੈ ਅਤੇ ਉਹ ਵੀ ਉਦੋਂ ਜਦੋਂ ਉਹਦੇ ਕੇਸ ਵਿੱਚ ਅਦਾਲਤ ਨੇ ਕੋਈ ਫੈਸਲਾ ਨਹੀਂ ਸੁਣਾਇਆ ਹੈ ਅਤੇ ਕੇਸ ਹਾਲੇ ਚੱਲ ਰਿਹਾ। ਅੱਜ ਇਹ ਵਰਵਰਾ ਰਾਓ ਹੈ ਕੱਲ੍ਹ ਨੂੰ ਮੈਂ ਹੋ ਸਕਦਾ ਹਾਂ ਤੇ ਪਰਸੋਂ ਤੁਸੀਂ ਵੀ ਹੋ ਸਕਦੇ

ਬਾਕੀ ਸਫ਼ਾ 32 'ਤੇ

# ਪੰਜਾਬ ਦੇ ਬਟਵਾਰੇ ਦਾ ਦੁਖਾਂਤ

-ਸੰਜੀਵ ਚੋਪੜਾ

ਪੰਜਾਬੀ ਸੂਬੇ ਦੀ ਮੰਗ ਮੰਨੇ ਜਾਣ ਪਿੱਛੋਂ ਪਹਿਲੀ ਨਵੰਬਰ 1966 ਨੂੰ ਪੰਜਾਬ ਤੇ ਹਰਿਆਣਾ ਸੂਬੇ ਹੋਂਦ 'ਚ ਆਏ। ਇਸ ਦੇ ਨਾਲ ਹੀ ਚੰਡੀਗੜ੍ਹ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਿਆ ਤੇ ਪਹਾੜੀ ਇਲਾਕਿਆਂ ਦਾ ਕੇਂਦਰੀ ਸ਼ਾਸਿਤ ਪ੍ਰਦੇਸ਼ ਹਿਮਾਚਲ 'ਚ ਰਲੇਵਾਂ ਹੋਇਆ। ਇਹ ਐੱਸਆਰਸੀ ਦੀਆਂ ਸਿਫਾਰਸ਼ਾਂ ਦੇ ਬਿਲਕੁਲ ਉਲਟ ਹੋਇਆ। ਇਸ ਕਾਲਮ ਵਿੱਚ ਵੰਡ ਤੋਂ ਲੈ ਕੇ ਇੱਕ ਭਾਸ਼ਾਈ ਸੂਬੇ ਪੰਜਾਬ ਦੇ ਬਣਨ ਬਾਰੇ ਗੱਲ ਹੋਵੇਗੀ। ਜਦ ਕਿ ਅਗਲੇ ਦੋ ਲੇਖਾਂ 'ਚ ਕਾਂਗਰਸ, ਅਕਾਲੀ ਦਲ, ਕਮਿਊਨਿਸਟਾਂ, ਜਨ ਸੰਘੀਆਂ ਤੇ ਪੰਜਾਬ ਦੇ ਦਲਿਤਾਂ ਦੀ ਸਿਆਸਤ ਬਾਰੇ ਚਰਚਾ ਕਰਾਂਗੇ। ਇਸ ਤੋਂ ਇਲਾਵਾ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਸੂਬਿਆਂ ਦੇ ਬਣਨ ਦੀ ਗੱਲ ਹੋਵੇਗੀ। ਦੂਜੀ ਆਲਮੀ ਜੰਗ ਪਿੱਛੋਂ, ਦੁਨੀਆਂ 'ਚ ਕਿਤੇ ਵੀ ਦੋ ਦਹਾਕੇ ਇੰਨੇ ਉਥਲ-ਪੁਥਲ ਵਾਲੇ, ਹਿੰਸਕ ਤੇ ਵਹਿਸ਼ੀ ਨਹੀਂ ਰਹੇ ਜਿੰਨੇ ਤਬਾਹਕੁੰਨ ਬਰਤਾਨਵੀ ਹਕੂਮਤ ਹੇਠਲੇ ਪੰਜਾਬ 'ਚ ਰਹੇ। ਇਨ੍ਹਾਂ 'ਚ ਰਾਜਾਸ਼ਾਹੀ ਵਾਲੇ ਇਲਾਕੇ, ਪੱਛਮੀ ਪੰਜਾਬ, ਰਾਜਧਾਨੀ ਇਸਲਾਮਾਬਾਦ (ਪਾਕਿਸਤਾਨ), ਪੂਰਬੀ ਪੰਜਾਬ, ਪੈਪਸੂ (ਪੰਜਾਬ ਐਂਡ ਈਸਟਰਨ ਪੰਜਾਬ ਸਟੇਟਸ ਯੂਨੀਅਨ), ਹਿਮਾਚਲ (ਯੂਪੀ ਤੇ ਫਿਰ ਸੂਬਾ), ਕੌਮੀ ਰਾਜਧਾਨੀ ਦਿੱਲੀ, ਹਰਿਆਣਾ, ਚੰਡੀਗੜ੍ਹ (ਯੂ. ਟੀ.) ਦਾ ਸਾਰਾ ਇਲਾਕਾ ਸ਼ਾਮਲ ਸੀ।

ਸ਼ਾਇਦ ਵੰਡ ਵੇਲੇ ਹੋਈ ਹਿੰਸਾ ਘੱਟ ਰਹਿ ਗਈ ਹੋਵੇ (ਦਸ ਤੋਂ ਵੀਹ ਲੱਖ ਦੇ ਦਰਮਿਆਨ ਲੋਕ ਮਰੇ ਤੇ ਇੱਕ ਕਰੋੜ ਘਰੋਂ ਬੇਘਰ ਹੋ ਗਏ), ਮੁਜ਼ਾਹਰਿਆਂ ਦੀ ਤਰਜ਼ ਤੇ ਹਕੂਮਤੀ ਹੁੰਗਾਰਾ, ਇੱਕੋ ਜਿਹੇ ਹੀ ਰਹੇ। ਮੋਰਚੇ, ਜਵਾਬੀ ਮੋਰਚੇ (ਪੰਜਾਬੀ ਸੂਬਾ, ਮਹਾਂ ਪੰਜਾਬ ਤੇ ਹਿੰਦੀ ਬਚਾਓ ਲਈ) ਸਿਆਸੀ ਗੱਲਬਾਤ ਤੇ ਵਿਚਾਰ ਵਟਾਂਦਰੇ 'ਚ ਜਾਣੇ-ਪਛਾਣੇ ਅਲੰਕਾਰ ਬਣ ਗਏ। ਪੰਜਾਬ ਤੇ ਬੰਗਾਲ ਦੋ ਮੁਸਲਿਮ ਬਹੁਲਤਾ ਵਾਲੇ ਸੂਬੇ ਸਨ ਜਿੱਥੇ ਵੰਡ ਲਈ ਹਿੰਦੂ ਘੱਟ ਗਿਣਤੀ ਵੀ ਓਨੀ ਹੀ ਉਤਾਵਲੀ ਸੀ ਜਿੰਨੇ ਕਿ ਸਾਂਝੀਆਂ ਰਿਆਸਤਾਂ ਤੇ ਬਿਹਾਰ ਦੇ ਮੁਸਲਮਾਨ। ਪੰਜਾਬ ਖ਼ੁਸ਼ਹਾਲ ਸੂਬਾ ਸੀ। ਨਹਿਰੀ ਆਬਾਦੀਆਂ ਨੇ ਬੇਮਿਸਾਲ ਖ਼ੁਸ਼ਹਾਲੀ ਲਿਆਂਦੀ ਸੀ ਤੇ ਜ਼ਿਮੀਦਾਰਾਂ ਦੀ ਅਗਵਾਈ ਯੂਨੀਅਨਿਸਟ ਪਾਰਟੀ ਕਰ ਰਹੀ ਸੀ ਤੇ ਜਿਸ ਨੂੰ ਸਪਸ਼ਟ ਤੌਰ 'ਤੇ ਸਰਕਾਰ ਦੀ ਸਰਪ੍ਰਸਤੀ ਹਾਸਲ ਸੀ। ਇਸ ਕਰਕੇ ਇਸ ਪਾਰਟੀ ਨੂੰ ਉਸ ਵੇਲੇ ਪ੍ਰਾਪਤ ਸੀਮਤ ਵਿਸ਼ੇਸ਼ ਅਧਿਕਾਰ ਕਾਰਨ ਆਮ ਲੋਕਾਂ 'ਚ ਕਾਂਗਰਸ ਤੇ ਮੁਸਲਿਮ ਲੀਗ ਨਾਲੋਂ ਇਸ ਦੀ ਵਧੇਰੇ ਪੁੱਛ ਪ੍ਰਤੀਤ ਸੀ। ਸਾਰੀਆਂ ਰਾਜਾਸ਼ਾਹੀਆਂ, ਮੁਸਲਮਾਨਾਂ ਦੀ ਬਹੁਲਤਾ ਵਾਲੇ ਬਹਾਵਲਪੁਰ ਤੋਂ ਲੈ ਕੇ ਸਿੱਖ ਰਾਜਧਾਨੀ ਪਟਿਆਲਾ ਤੇ ਪੰਜਾਬ ਦੇ ਪਹਾੜੀ ਇਲਾਕਿਆਂ ਦੇ ਰਾਜੇ, ਸਾਰੇ ਹੀ ਬਰਤਾਨਵੀ ਹਕੂਮਤ ਦੇ ਤਰਫ਼ਦਾਰ ਸਨ ਤੇ ਇਹੀ ਕਾਰਨ ਸੀ ਕਿ ਦੋਵੇਂ ਆਲਮੀ ਜੰਗਾਂ ਵਿੱਚ ਫੌਜੀ ਭਰਤੀ ਲਈ ਪੰਜਾਬ ਸਦਾ ਬਰਤਾਨਵੀ ਫੌਜ 'ਚ ਭਰਤੀ ਲਈ ਪਹਿਲੀ ਪਸੰਦ ਰਿਹਾ। ਹਾਲਾਂਕਿ ਤੀਹਵਿਆਂ ਦੇ ਅਖੀਰ ਤਕ ਸਿੱਖਾਂ ਨਾਲੋਂ ਪਠਾਣਾਂ ਨੂੰ ਜ਼ਿਆਦਾ ਪਹਿਲ ਦਿੱਤੀ ਜਾਣ ਲੱਗੀ। ਫਿਰ ਵੀ, ਪੰਜਾਬ ਨੇ ਵੀ ਇਸ ਬੇਚੈਨੀ/ਹਲਚਲ ਦੇ ਸਮੇਂ 'ਚ ਆਪਣਾ ਹਿੱਸਾ ਪਾਇਆ। ਇੱਥੋਂ ਦੇ ਵਿਦੇਸ਼ਾਂ 'ਚ ਗਏ ਲੋਕਾਂ ਨੇ ਗ਼ਦਰ ਲਹਿਰ ਅੰਦੋਲਨ ਚਲਾਇਆ ਤੇ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੇ ਐੱਚਐੱਸਆਰਏ ਦੇ ਝੰਡੇ ਹੇਠ ਅਜਿਹੀ ਇਨਕਲਾਬੀ ਲਹਿਰ ਚਲਾਈ ਜਿਹੋ ਜਿਹੀ ਪਹਿਲਾਂ ਕਦੀ ਨਹੀਂ ਸੀ ਦੇਖੀ ਸੁਣੀ ਗਈ। ਇਹ ਅੰਦੋਲਨ ਤਿੰਨਾਂ ਫਿਰਕਿਆਂ ਨੂੰ ਇੱਕਜੁੱਟ ਕਰ ਗਏ, ਹਾਲਾਂਕਿ ਇੱਕੋ ਜਿੰਨੀ ਗਿਣਤੀ-ਮਿਣਤੀ 'ਚ ਭਾਵੇਂ ਨਾ ਸਹੀ। ਇਨ੍ਹਾਂ ਅੰਦੋਲਨਾਂ ਨੂੰ ਸਖ਼ਤੀ ਨਾਲ ਦਬਾ ਦਿੱਤਾ ਗਿਆ।

ਤਿੰਨਾਂ ਫਿਰਕਿਆਂ ਨੇ ਹੀ ਲਾਹੌਰ ਦੇ ਵਿਕਾਸ 'ਚ ਅਹਿਮ ਯੋਗਦਾਨ ਪਾਇਆ ਸੀ (ਜੋ ਕਿ ਪੂਰਬ ਦਾ ਪੈਰਿਸ ਹੈ ਤੇ ਵਿਵਾਦਿਤ ਸ਼ਹਿਰ ਯੇਰੂਸ਼ਲਮ ਵਾਂਗ ਹੈ।) ਇਹ ਲਾਹੌਰ ਇਕ ਜ਼ਮੀਨ ਦੇ ਟੁਕੜੇ ਤੋਂ ਕਿਤੇ ਵਧੇਰੇ ਅਹਿਮੀਅਤ ਵਾਲਾ ਸ਼ਹਿਰ ਸੀ। ਸੰਨ 1946 ਤਕ ਦੇਸ਼ ਦੇ ਹੋਰ ਹਿੱਸਿਆਂ ਵਾਂਗ, ਪੰਜਾਬ 'ਚ ਕੋਈ ਵੱਡੇ ਪੱਧਰ 'ਤੇ ਫਿਰਕੂ ਦੰਗੇ ਨਹੀਂ ਹੋਏ ਸਨ। ਫਿਰ ਵੀ, ਤਿੰਨਾਂ ਫਿਰਕਿਆਂ ਅੰਦਰ ਵਧਦੇ ਤਣਾਅ ਨੇ ਆਪਣੀ ਪਸੰਦੀਦਾ ਜ਼ੁਬਾਨ 'ਚ ਜ਼ੋਰ ਫੜ ਲਿਆ। ਮੁਸਲਮਾਨਾਂ ਲਈ ਇਹ ਉਰਦੂ ਸੀ (ਜੋ ਕਿ ਅਰਬੀ ਵਾਂਗ ਸੱਜੇ ਤੋਂ ਖੱਬੇ ਨੂੰ ਲਿਖੀ ਜਾਂਦੀ ਸੀ), ਸਿੱਖਾਂ ਲਈ ਗੁਰੂ ਅੰਗਦ ਦੇਵ ਜੀ ਦੀ ਵਰੋਸਾਈ ਹੋਈ ਗੁਰਮੁਖੀ ਸੀ ਤੇ ਹਿੰਦੂਆਂ ਲਈ ਇਹ ਦੇਵਤਿਆਂ ਦੀ ਭਾਸ਼ਾ ਦੇਵਨਾਗਰੀ ਸੀ। ਜਦ 1946 ਦੇ ਅਖੀਰ ਤਕ ਇਹ ਸਪੱਸ਼ਟ ਹੋ ਗਿਆ ਕਿ ਵੰਡ ਅਟੱਲ ਹੈ ਤਾਂ ਜਵਾਲਾਮੁਖੀ ਫਟ ਗਿਆ। ਪੰਜਾਬ ਦੇ ਮੁਸਲਮਾਨ ਪਾਕਿਸਤਾਨ ਨਹੀਂ ਚਾਹੁੰਦੇ ਸਨ, ਉਨ੍ਹਾਂ ਨੇ ਇਸ ਦਾ ਵਿਰੋਧ ਨਾ ਕੀਤਾ, ਪਰ ਲਾਹੌਰ ਦੇ ਹਿੰਦੂਆਂ ਤੇ ਨਹਿਰੀ ਆਬਾਦੀਆਂ ਦੇ ਸਿੱਖਾਂ ਲਈ ਉਨ੍ਹਾਂ ਜ਼ਮੀਨਾਂ ਤੋਂ ਉੱਜੜਨ ਦਾ ਖ਼ਿਆਲ ਜਿਨ੍ਹਾਂ ਨੂੰ ਉਨ੍ਹਾਂ ਆਪਣੇ ਖ਼ੂਨ-ਪਸੀਨੇ ਨਾਲ ਉਪਜਾਊ ਬਣਾਇਆ ਸੀ ਤੇ ਨਨਕਾਣਾ ਸਾਹਿਬ ਦਾ ਵਿਛੋੜਾ, ਮੁਕੰਮਲ ਤੌਰ 'ਤੇ ਸੋਚਣ ਤੋਂ ਕਿਤੇ ਦੂਰ ਦੀ ਗੱਲ ਸੀ। ਸਿੱਖ ਅੰਗ੍ਰੇਜ਼ਾਂ ਦੇ ਵਫ਼ਾਦਾਰ ਰਹੇ ਸਨ (ਮਾਸਟਰ ਤਾਰਾ ਸਿੰਘ ਨੇ ਜੰਗ ਦੀ ਹਮਾਇਤ ਕੀਤੀ ਸੀ, ਹਾਲਾਂਕਿ ਉਸ ਵੇਲੇ ਕਾਂਗਰਸ ਨੇ 'ਭਾਰਤ ਛੱਡੋ' ਦਾ ਸੱਦਾ ਦਿੱਤਾ ਸੀ) ਪਰ ਅੰਗ੍ਰੇਜ਼ਾਂ ਨੇ ਉਨ੍ਹਾਂ ਨੂੰ ਤਿਆਗ ਦਿੱਤਾ ਸੀ। ਉਨ੍ਹਾਂ ਤੋਂ ਪਿੱਛੇ ਹਟ ਗਏ ਸਨ। ਕਾਂਗਰਸ ਨੇ ਸਿੱਖਾਂ ਨੂੰ ਬਰਦਾਸ਼ਤ ਕੀਤਾ ਸੀ ਜਦਕਿ ਮੁਸਲਿਮ ਲੀਗ ਵਾਲੇ ਉਨ੍ਹਾਂ ਨੂੰ ਮਿਹਣੇ ਮਾਰਦੇ ਸਨ। ਮੁੱਕਦੀ ਗੱਲ ਇਹ ਕਿ ਸਿੱਖ ਆਪਣੇ ਹੀ ਸਿਆਸੀ ਝੰਡਾਬਰਦਾਰਾਂ ਦੀਆਂ ਨਾਕਾਮੀਆਂ ਤੋਂ ਨਿਰਾਸ਼ ਸਨ ਤੇ ਜਦ ਪੂਰਬੀ ਪੰਜਾਬ ਬਣਿਆ ਤਾਂ ਉਨ੍ਹਾਂ ਦੇਖਿਆ ਕਿ ਉਹ ਤਾਂ ਫਿਰ ਘੱਟ ਗਿਣਤੀ 'ਚ ਰਹਿ ਗਏ।



ਉਨ੍ਹਾਂ ਦੀ ਦਿਲਚਸਪੀ ਅਜਿਹੀ ਥਾਂ ਸਥਾਪਤ ਕਰਨ 'ਚ ਸੀ ਜਿੱਥੇ ਉਨ੍ਹਾਂ ਦੀ ਬੇਰੋਕ-ਟੋਕ ਆਪਣੀ ਸਿਆਸੀ ਸੱਤਾ ਹੋਵੇ। ਇਸ ਲਈ ਸਿੱਖ ਆਗੂ ਹਰਚਰਨ ਸਿੰਘ ਬਾਜਵਾ,ਭੁਪਿੰਦਰ ਸਿੰਘ ਮਾਨ ਤੇ ਗਿਆਨੀ ਕਰਤਾਰ ਸਿੰਘ ਜਨਵਰੀ 1948 'ਚ ਡਾ. ਅੰਬੇਡਕਰ ਨੂੰ ਮਿਲੇ ਜਿਨ੍ਹਾਂ ਨੇ ਉਨ੍ਹਾਂ ਨੂੰ ਸਿੱਖ ਸਟੇਟ ਮੰਗਣ ਦੀ ਥਾਂ ਭਾਸ਼ਾਈ ਆਧਾਰ ਤੇ ਸੂਬਾ ਮੰਗਣ ਦੀ ਸਲਾਹ ਦਿੱਤੀ। ਵੰਡ ਦੇ ਰੌਲੇ-ਰੱਪੇ ਪਿੱਛੋਂ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਕਪੂਰਥਲਾ, ਜਲੰਧਰ, ਲੁਧਿਆਣਾ, ਬਠਿੰਡਾ, ਪਟਿਆਲਾ ਅਤੇ ਅੰਬਾਲਾ ਤੇ ਸੰਗਰੂਰ ਦੇ ਚੋਖੇ ਹਿੱਸੇ 'ਚ ਸਿੱਖਾਂ ਦੀ ਬਹੁਗਿਣਤੀ ਸੀ। ਬਾਕੀ ਦੇ ਸੂਬੇ 'ਚ ਹਿੰਦੂਆਂ ਦੀ ਚੜ੍ਹਤ ਸੀ। ਅਕਾਲੀਆਂ ਨੇ ਐੱਸਆਰਸੀ ਕੋਲ ਪੰਜਾਬੀ ਸੂਬੇ ਦੀ ਮੰਗ ਜ਼ੋਰਦਾਰ ਢੰਗ ਨਾਲ ਰੱਖੀ। ਅਕਾਲੀ ਦਲ ਨੇ ਕਿਹਾ ਕਿ ਪੈਪਸੂ ਤੇ ਇਸ ਦੇ ਨਾਲ ਲੱਗਦੇ ਪੰਜਾਬੀ ਬੋਲਦੇ ਇਲਾਕਿਆਂ ਦਾ ਰਲੇਵਾਂ ਕਰ ਦਿੱਤਾ ਜਾਵੇ, ਪਹਾੜੀ ਬੋਲਦੇ ਇਲਾਕੇ ਹਿਮਾਚਲ ਨਾਲ ਜੋੜ ਦਿੱਤੇ ਜਾਣ ਤੇ ਹਿੰਦੀ ਬੋਲਦੇ ਇਲਾਕਿਆਂ ਨੂੰ ਦਿੱਲੀ/ਹਰਿਆਣਾ (ਜਿਵੇਂ ਕਿ ਉਸ ਵੇਲੇ ਇਸ ਨੂੰ ਕਿਹਾ ਜਾਂਦਾ ਸੀ) ਨਾਲ ਜੋੜ ਦਿੱਤਾ ਜਾਵੇ। ਇੰਜ ਪੈਪਸੂ ਦਾ ਤਾਂ ਪੰਜਾਬ 'ਚ ਰਲੇਵਾਂ ਕਰ ਦਿੱਤਾ ਗਿਆ ਜਦਕਿ ਹਿੰਦੀ ਬੋਲਦੇ ਇਲਾਕਿਆਂ ਨੂੰ ਵੱਖ ਨਾ ਕੀਤਾ ਗਿਆ ਤੇ ਇਕ ਹੋਰ ਦਹਾਕੇ ਲਈ ਇਹ ਦੋ ਭਾਸ਼ਾਈ ਸੂਬਾ ਬਣਿਆ ਰਿਹਾ!

(ਲੇਖਕ ਸੀਨੀਅਰ ਆਈਏਐੱਸ ਅਫ਼ਸਰ ਹੈ)।

# ਸ਼ਹੀਦ ਭਾਈ ਤਾਰੂ ਸਿੰਘ

-ਰਮੇਸ਼ ਬੱਗਾ ਚੋਹਲਾ (ਮੋਬ:9463132719)

**ਕੌਮਾਂ ਜਿਊਂਦੀਆਂ ਸਦਾ ਕੁਰਬਾਨੀਆਂ 'ਤੇ, ਅਣਖ ਮਰੇ ਤਾਂ ਕੌਮ ਵੀ ਮਰ ਜਾਂਦੀ। ਉਸ ਕੌਮ ਨੂੰ ਸਦਾ ਇਤਿਹਾਸ ਪੂਜੇ, ਬਿਪਤਾ ਹੱਸ ਕੇ ਕੌਮ ਜੋ ਜਰ ਜਾਂਦੀ।**

ਦੁਨੀਆਂ ਵਿਚ ਬਹੁਤ ਸਾਰੀਆਂ ਅਜਿਹੀਆਂ ਕੌਮਾਂ ਹੋਈਆਂ ਹਨ ਜਿਨ੍ਹਾਂ ਦੇ ਸਿਰਾਂ 'ਤੇ ਬਿਪਤਾ ਰੂਪੀ ਬਦਲ ਅਕਸਰ ਮੰਡਰਾਉਂਦੇ ਰਹੇ ਹਨ। ਇਨ੍ਹਾਂ ਕੌਮਾਂ ਵਿਚ ਪੰਜਾਬੀ (ਵਿਸ਼ੇਸ਼ ਕਰਕੇ ਸਿੱਖ) ਕੌਮ ਦਾ ਨਾਮ ਉੱਭਰਵੇਂ ਰੂਪ ਵਿੱਚ ਲਿਆ ਜਾ ਸਕਦਾ ਹੈ। ਸੰਕਟਾਂ ਦੀ ਜਿਹੜੀ ਬਦਲਵਾਈ ਸਿੱਖ ਕੌਮ ਦੇ ਰਹਿਬਰਾਂ ਅਤੇ ਪੈਰੋਕਾਰਾਂ ਉਪਰ ਛਾਈ ਰਹੀ ਹੈ, ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਬਹੁਤ ਹੀ ਘੱਟ ਮਿਲਦੀ ਹੈ। ਜਿਥੇ ਸਿੱਖ ਧਰਮ ਦੇ ਗੁਰੂ ਸਾਹਿਬਾਨਾਂ ਨੂੰ ਆਪਣੇ ਦ੍ਰਿੜ ਇਰਾਦੇ ਅਤੇ ਉਚੀ ਪਹੁੰਚ ਸਦਕਾ ਤੱਤੀਆਂ ਤਵੀਆਂ ਦੇ ਸੇਕ ਨੂੰ ਠੰਢਿਆਂ ਕਰਨਾ ਪਿਆ ਉਥੇ ਇਸ ਧਰਮ ਦੇ ਪੈਰੋਕਾਰਾਂ/ਸੇਵਕਾਂ ਨੂੰ ਵੀ ਆਪਣੀ ਸਿਦਕਦਿਲੀ ਦੇ ਸਰਮਾਏ ਨਾਲ ਰੰਬੀ ਦੀਆਂ ਤਿੱਖੀਆਂ ਧਾਰਾਂ ਦਾ ਮੂੰਹ ਮੋੜਨਾ ਪਿਆ। ਨਿਰਭਉ ਜਪ ਕੇ ਸਗਲ ਭਉ ਮਿਟਾਉਣ ਵਾਲੇ ਅਤੇ ਮਰਨ ਨੂੰ ਸੱਚ ਤੇ ਜਿਊਣ ਨੂੰ ਝੂਠ ਸਮਝਕੇ ਚੱਲਣ ਵਾਲੇ ਇਹ ਮਰਜੀਵੜੇ ਮੌਤ ਨੂੰ ਵੀ ਮਖੌਲ ਕਰਦੇ ਰਹੇ ਹਨ। ਜਿਥੇ ਆਮ ਮਨੁੱਖ ਮੌਤ ਦੇ ਨਾਮ ਤੋਂ ਥਰ-ਥਰ ਕੰਬਦਾ ਹੈ ਉਥੇ ਕਲਗੀਧਰ ਤੋਂ ਥਾਪੜਾ ਲੈ ਕੇ ਜੂਝਣ ਵਾਲੇ ਇਨ੍ਹਾਂ ਯੋਧਿਆਂ ਤੋਂ ਇੱਕ ਵਾਰ ਤਾਂ ਮੌਤ ਵੀ ਭੈਅ ਖਾ ਜਾਂਦੀ ਰਹੀ ਹੈ। ਆਪਣੇ ਤਨ ਅਤੇ ਮਨ ਨੂੰ ਉਸ ਅਕਾਲ-ਪੁਰਖ ਦੀ ਅਮਾਨਤ ਸਮਝਣ ਵਾਲੇ ਇਹ ਸੂਰਮੇ ਜਦੋਂ ਕਿਸੇ ਉੱਚੇ ਅਤੇ ਸੁੱਚੇ ਆਸ਼ੇ ਦੀ ਪੂਰਤੀ ਹਿੱਤ ਮੈਦਾਨ ਵਿਚ ਆ ਜਾਂਦੇ ਹਨ ਤਾਂ ਉਸ ਆਸ਼ੇ ਦੀ ਪੂਰਤੀ ਤੋਂ ਬਗ਼ੈਰ ਮੈਦਾਨ ਨੂੰ ਵੇਹਲਾ ਨਹੀਂ ਕਰਦੇ। ਅਜਿਹਾ ਕਰਦਿਆਂ ਬੇਸ਼ੱਕ ਉਨ੍ਹਾਂ ਨੂੰ ਆਪਣੇ ਸਿਰਾਂ ਦੀਆਂ ਖੋਪਰੀਆਂ ਵੀ ਲਾਹੁਣੀਆਂ ਪੈ ਜਾਣ। ਕੁਰਬਾਨੀ ਦਾ ਪੁੰਜ ਬਣਨ ਵਾਲਿਆ ਇਨ੍ਹਾਂ ਸਿੰਘਾਂ ਵਿਚ ਹੀ ਸ਼ਾਮਿਲ ਹੈ ਸ਼ਹੀਦ ਭਾਈ ਤਾਰੂ ਸਿੰਘ ਦਾ ਨਾਮ।

ਭਾਈ ਤਾਰੂ ਸਿੰਘ ਜੀ ਦਾ ਜਨਮ ਪਿੰਡ ਪਹੂਲਾ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਵਿਖੇ ਇੱਕ ਕਿਰਸਾਣ ਪਰਿਵਾਰ ਵਿੱਚ ਹੋਇਆ। ਬਾਲ ਵਰੇਸ ਵਿੱਚ ਹੀ ਆਪ ਜੀ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ ਸਨ। ਆਪ ਜੀ ਦੀ ਮਾਤਾ ਜੀ ਬਹੁਤ ਹੀ ਨੇਕ ਸੁਭਾਅ ਅਤੇ ਭਜਨੀਕ ਕਿਸਮ ਦੀ ਔਰਤ ਸੀ। ਉਸ ਨੇ ਭਾਈ ਤਾਰੂ ਸਿੰਘ ਦੇ ਮਨ ਵਿੱਚ ਗੁਰੂ ਸਾਹਿਬਾਨ, ਗੁਰਬਾਣੀ ਅਤੇ ਸਿੱਖ ਇਤਿਹਾਸ ਪ੍ਰਤੀ ਅਜਿਹਾ ਸਤਿਕਾਰ ਪੈਦਾ ਕੀਤਾ ਕਿ ਭਾਈ ਸਾਹਿਬ ਆਪਣੀ ਕਿਰਤ-ਕਮਾਈ ਵਿਚੋਂ ਗੁਰੂ ਘਰ ਦੇ ਪ੍ਰੇਮੀਆਂ ਦੀ ਸੇਵਾ ਲਈ ਹਮੇਸ਼ਾਂ ਤੱਤਪਰ ਰਹਿਣ ਲੱਗ ਪਏ। ਲੋੜਵੰਦ ਗੁਰਮੁਖ ਪਿਆਰੇ ਉਨ੍ਹਾਂ ਦੇ ਘਰ ਕਈ-ਕਈ ਦਿਨ ਠਹਿਰ ਕੇ ਪ੍ਰਸ਼ਾਦਾ-ਪਾਣੀ ਛੱਕਦੇ ਸਨ। ਕਦੇ-ਕਦੇ ਭਾਈ ਸਾਹਿਬ ਬਾਬਾ ਬੁੱਢਾ ਜੀ ਨੇੜਲੇ ਜੰਗਲਾਂ ਵਿੱਚ ਵਸਦੇ ਸਿੰਘ ਨੂੰ ਰਸਦਾਂ ਵੀ ਪਹੁੰਚਾਇਆ ਕਰਦੇ ਸਨ। ਪਰਉਪਕਾਰੀ ਅਤੇ ਨੇਕਬਖ਼ਤ ਹੋਣ ਕਰਕੇ ਆਲੇ-ਦੁਆਲੇ ਦੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਵੀ ਉਨ੍ਹਾਂ ਦਾ ਬਰਾਬਰ ਦਾ ਸਤਿਕਾਰ ਸੀ। ਇਸ ਸਤਿਕਾਰ ਸਦਕਾ ਹੀ ਭਾਈ ਤਾਰੂ ਸਿੰਘ ਜੀ ਸਕੰਟ ਦੇ ਸਮੇਂ ਆਪਣੇ ਨਗਰ ਖੇੜੇ ਵਿਚ ਬੇਖੌਫ਼ ਵਿਚਰਦੇ ਰਹੇ ਹਨ।

ਜੰਡਿਆਲੇ ਦਾ ਵਸਨੀਕ ਹਰਭਗਤ ਨਿਰੰਜਨੀਆ, ਜਿਸ ਦੇ ਵਡੇਰਿਆਂ ਦੀ ਬਾਂਹ ਸ੍ਰੀ ਗੁਰੂ ਤੇਗ਼ ਬਹਾਰਦ ਜੀ ਨੇ ਫੜੀ ਸੀ, ਉਹ ਗੁਰੂ ਨਾਨਕ ਦੇ ਘਰ ਦਾ ਅਕ੍ਰਿਤਘਣ ਸਾਬਤ ਹੋ ਗਿਆ। ਬਾਬੇਕਿਆਂ ਦਾ ਧੰਨਵਾਦੀ ਹੋਣ ਦੀ ਬਜਾਏ ਉਹ ਗੁਰੂ ਘਰ ਦੇ ਪਿਆਰਿਆਂ ਲਈ ਘਾਤਕੀ ਬਣ ਬੈਠਾ। ਇਸ ਘਾਤਿਕਮਈ ਪੈਂਤੜੇ ਤੋਂ ਹੀ ਉਸ ਨੇ ਲਾਹੌਰ ਦੇ ਗਵਰਨਰ ਜ਼ਕਰੀਆਂ ਖ਼ਾਨ ਨੂੰ ਜਾ ਕੇ ਮੂੰਹ ਮਾਰਿਆ ਕਿ, ÷ਪੂਹਲੇ ਪਿੰਡ ਵਿਚ ਵਸਦਾ ਤਾਰੂ ਸਿੰਘ ਆਪਣੇ ਘਰ ਆਏ ਡਾਕੂਆਂ ਨੂੰ ਜਲਪਾਨ ਕਰਵਾਉਂਦਾ ਹੈ ਅਤੇ ਰਾਤ ਰਹਿਣ ਦੀ ਠਹਿਰ ਤੱਕ ਵੀ ਦਿੰਦਾ ਹੈ। ਉਸ ਦੇ ਇਸ ਤਰ੍ਹਾਂ ਕਰਨ ਨਾਲ ਪਿੰਡ ਦੇ ਲੋਕਾਂ ਨੂੰ ਆਪਣੀ ਜਾਨ ਅਤੇ ਮਾਲ ਦਾ ਖ਼ਤਰਾ ਅਕਸਰ ਬਣਿਆ ਰਹਿੰਦਾ ਹੈ। ਹਕੂਮਤ ਦੇ ਬਾਗੀਆਂ ਦੀ ਮਦਦ ਕਰਨ ਦੇ ਨਾਲ-ਨਾਲ ਇਹ (ਤਾਰੂ ਸਿੰਘ) ਮੁਖ਼ਬਰੀ ਦਾ ਕੰਮ ਵੀ ਕਰਦਾ ਹੈ।÷ ਇਥੇ ਹੀ ਬੱਸ ਨਹੀਂ ਹੋਰ ਵੀ ਕਈ ਤਰ੍ਹਾਂ ਦੀਆਂ ਝੂਠੀਆਂ ਕਹਾਣੀਆਂ ਘੜ ਕੇ ਨਿਰੰਜਨੀਏ ਨੇ ਜ਼ਕਰੀਆਂ ਖ਼ਾਨ ਦੇ ਕੰਨ ਚੰਗੀ ਤਰ੍ਹਾਂ ਭਰ ਦਿੱਤੇ।

ਦੂਜੇ ਪਾਸੇ ਸਰਕਾਰ ਤਾਂ ਇਹ ਉਮੀਦ ਲਗਾਈ ਬੈਠੀ ਸੀ ਕਿ ਪਿੰਡਾਂ ਵਿਚ ਰਹਿਣ ਵਾਲੇ ਵਿਰਲੇ-ਟਾਵੇਂ ਸਿੱਖ ਜਿੱਥੇ ਸਰਕਾਰ ਦੀ ਹਾਂ ਵਿਚ ਹਾਂ ਮਿਲਾ ਕੇ ਚੱਲਣ ਉੱਥੇ ਸਰਕਾਰੀ ਨਿਜ਼ਾਮ ਦੇ ਪ੍ਰਤੀ ਵਫ਼ਾਦਾਰ ਵੀ ਰਹਿਣ। ਪਰ ਸਰਕਾਰੀ ਉਮੀਦ ਤੋਂ ਬਿਲਕੁਲ ਉਲਟ ਭਾਈ ਤਾਰੂ ਸਿੰਘ ਵਰਗੇ ਸਿੱਖ ਕੇਵਲ ਆਪਣੀ ਸੁਖ-ਸ਼ਾਂਤੀ ਖ਼ਾਤਰ ਹੀ ਨਹੀਂ ਜੀ ਰਹੇ ਸਨ ਸਗੋਂ ਉਹ ਆਪਣੇ ਸਿਰਲੱਖ/ਸੂਰਮੇਂ ਭਰਾਵਾਂ ਦੀ ਲੋੜ ਪੈਣ 'ਤੇ ਡੱਟਵੀਂ ਸਹਾਇਤਾ ਵੀ ਕਰਦੇ ਰਹਿੰਦੇ ਸਨ। ਇਸ ਤੋਂ ਛੁੱਟ ਉਨ੍ਹਾਂ ਵੀਰਾਂ ਨੂੰ ਆਉਣ ਵਾਲੇ ਖ਼ਤਰਿਆਂ ਦੀ ਆਮਦ ਤੋਂ ਵੀ ਗਿਆਤ ਕਰਵਾਉਂਦੇ ਰਹਿੰਦੇ ਸਨ।

ਸੂਬੇਦਾਰ ਜ਼ਕਰੀਆਂ ਖ਼ਾਨ ਨੇ ਹਰ ਭਗਤ ਨਿਰੰਜਨੀਏ ਦੀ ਚੁਗਲੀ ਦੀ ਚੁੱਕ ਵਿਚ ਆ ਕੇ ਅਤੇ ਬਗ਼ੈਰ ਕਿਸੇ ਪੁੱਛ-ਪੜਤਾਲ ਤੋਂ ਭਾਈ ਤਾਰੂ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ। ਇਸ ਹੁਕਮ ਤਹਿਤ ਹੀ ਲੱਗਭਗ ਡੇਢ ਕੁ ਦਰਜਨ ਪੁਲਸੀਏ ਪੈਦਲ ਚੱਲ ਕੇ ਪੂਹਲੇ ਪਿੰਡ ਆਏ ਅਤੇ ਭਾਈ ਤਾਰੂ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ।

ਜਦੋਂ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲੈ ਜਾ ਰਹੇ ਸਨ ਤਾਂ ਪੂਹਲੇ ਪਿੰਡ ਦੇ ਵਸਨੀਕਾਂ ਨੇ ਭਾਈ ਸਾਹਿਬ ਦੀਆਂ ਨੇਕੀਆਂ ਨੂੰ ਸਨਮੁੱਖ ਰੱਖ ਕੇ ਉਨ੍ਹਾਂ ਦੀ ਨਜ਼ਾਇਜ ਪਕੜ ਦੇ ਖਿਲਾਫ਼ ਹਾਅ ਦਾ ਨਾਅਰਾ ਵੀ ਮਾਰਿਆ ਪਰ ਇਸ ਨਾਅਰੇ ਦੀ ਆਵਾਜ਼ ਦਾ ਹਕੂਮਤ ਦੇ ਬੋਲੇ ਕੰਨਾਂ 'ਤੇ ਕੋਈ ਅਸਰ ਨਹੀਂ ਹੋਇਆ। ਰਸਤੇ ਵਿਚ ਪਿੰਡ ਭੜਾਣੇ ਦੇ ਸਿੱਖਾਂ ਨਿਰਦੋਸ਼ ਭਾਈ ਤਾਰੂ ਸਿੰਘ ਨੂੰ ਛੁਡਾਉਣ ਲਈ ਜਦੋਂ ਪੁਲਸੀਆਂ ਨਾਲ ਦੋ ਹੱਥ ਕਰਨੇ ਚਾਹੇ ਤਾਂ ਭਾਈ ਸਾਹਿਬ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ।

ਲਾਹੌਰ ਲੈ ਜਾ ਕੇ ਭਾਈ ਤਾਰੂ ਸਿੰਘ ਨੂੰ ਜ਼ੇਲ੍ਹ ਵਿਚ ਡੱਕ ਦਿੱਤਾ ਗਿਆ। ਜੇਲ੍ਹ ਵਿਚ ਭਾਈ ਜੀ ਨੂੰ ਕਈ ਅਸਹਿ ਅਤੇ ਅਕਹਿ ਤਸੀਹੇ ਦਿੱਤੇ ਗਏ। ਪਰ ਜਿਵੇਂ-ਜਿਵੇਂ ਹਕੂਮਤੀ ਕਰਿੰਦਿਆਂ ਵੱਲੋਂ ਭਾਈ ਸਾਹਿਬ ਨੂੰ ਸਤਾਇਆ ਜਾ ਰਿਹਾ ਸੀ ਤਿਵੇਂ-ਤਿਵੇਂ ਉਨ੍ਹਾਂ ਦੇ ਚਿਹਰੇ ਦੀ ਚਮਕ ਚੜ੍ਹਦੀਕਲਾ ਵਾਲੀ ਹੋਈ ਜਾ ਰਹੀ ਸੀ।

ਅਖੀਰ ਭਾਈ ਤਾਰੂ ਸਿੰਘ ਨੂੰ ਨਵਾਬ ਜ਼ਕਰੀਆਂ ਖ਼ਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਨਿੱਧੜਕਤਾ ਦੇ ਨਾਲ ਭਾਈ ਸਾਹਿਬ ਨੇ ਖ਼ਾਨ ਨੂੰ ਕਿਹਾ, ÷ਅਸੀਂ ਜ਼ਮੀਨ ਦਾ ਮਾਲੀਆ ਅਤੇ ਟੈਕਸ ਸਰਕਾਰ ਨੂੰ ਦਿੰਦੇ ਹਾਂ ਬਾਕੀ ਮਿਹਨਤ ਜੋ ਸਾਡੇ ਪੱਲੇ ਪੈਂਦੀ ਹੈ ਉਸ ਵਿੱਚੋਂ ਅਸੀਂ ਲੋੜਵੰਦਾਂ ਦੀਆਂ ਲੋੜਾ ਪੂਰੀਆਂ ਕਰਦੇ ਹਾਂ। ਹੇ ਨਵਾਬ! ਤੂੰ ਦੱਸ ਕਿ ਇਸ ਵਿੱਚ ਤੇਰੀ ਜੇਬ ਵਿੱਚੋਂ ਕੀ ਜਾਂਦਾ ਹੈ ਜਿਸ ਦੀ ਤੂੰ ਸਾਨੂੰ ਸਜ਼ਾ ਦੇ ਰਿਹਾ ਹੈ?

ਭਾਈ ਤਾਰੂ ਸਿੰਘ ਦੀਆਂ ਖ਼ਰੀਆਂ-ਖ਼ਰੀਆਂ ਸੁਣ ਕੇ ਨਵਾਬ ਜ਼ਕਰੀਆਂ ਖ਼ਾਨ ਦੇ ਸੱਤੀ ਕਪੜੀਂ ਅੱਗ ਲਗ ਗਈ। ਕੋਈ ਦਲੀਲਪੂਰਵਕ ਉਤਰ ਦੇਣ ਦੀ ਬਜਾਏ ਉਹ ਕਹਿਣ ਲੱਗਾ ਕਿ, ÷ਤੇਰੀ ਜਾਨ ਕੇਵਲ ਮੁਸਲਮਾਨ ਬਣਨ ਨਾਲ ਹੀ ਬਖਸ਼ੀ ਜਾ ਸਕਦੀ ਹੈ।÷ ਭਾਈ ਤਾਰੂ ਸਿੰਘ ਜੀ ਨੇ ਦਲੇਰਾਨਾ ਜਵਾਬ ਵਿਚ ਕਿਹਾ ਕਿ, ÷ਕੀ ਮੁਸਲਮਾਨ ਬਣਕੇ ਮੈਨੂੰ ਮੌਤ ਨਹੀਂ ਆਵੇਗੀ? ਕੀ ਮੁਸਲਮਾਨ ਕਦੀ ਮਰਦੇ ਨਹੀਂ ਹਨ? ਜੇਕਰ ਮੌਤ ਨੇ ਇਕ ਦਿਨ ਆ ਹੀ ਜਾਣਾ ਹੈ ਤਾਂ ਮੈਂ ਆਪਣੇ ਗੁਰੂ/ਧਰਮ ਤੋਂ ਕਿਉਂ ਬੇਮੁੱਖ ਹੋਵਾਂ। ਇਸ ਬੇਮੁੱਖਤਾ ਕਾਰਨ ਮੈਂ ਦਰਗਾਹ ਵਿਚ ਕੀ ਮੂੰਹ ਲੇ ਕੇ ਜਾਵਾਂਗਾ।

ਭਾਈ ਤਾਰੂ ਸਿੰਘ ਦੀ ਨਿੱਡਰਤਾ ਨੂੰ ਦੇਖ ਕੇ ਸੂਬੇਦਾਰ ਖ਼ਾਨ ਦੇ ਦੰਦ ਜੁੜ ਗਏ। ਜਨੂੰਨ ਦੀ ਅੱਗ ਵਿਚ ਮੱਚਿਆ ਹੋਣ ਕਰਕੇ ਭਾਈ ਤਾਰੂ ਸਿੰਘ ਨੂੰ ਕਹਿਣ ਲੱਗਾ ਕਿ, ÷ਮੈਂ ਦੇਖਦਾ ਹਾਂ ਕਿ ਤੂੰ ਆਪਣੀ ਇਸ ਸਿੱਖੀ ਨੂੰ ਕਿਸ ਤਰ੍ਹਾ ਕਾਇਮ ਰੱਖਦਾ ਹੈ। ਇਹ ਆਖ ਕੇ ਖ਼ਾਨ ਨੇ ਇਕ ਜਲਾਦ ਨੂੰ ਬੁਲਾ ਲਿਆ ਅਤੇ ਹੁਕਮ ਕੀਤਾ ਇਸ ਬਾਗੀ ਦੀ ਖੋਪਰੀ ਕੇਸ਼ਾਂ ਸਮੇਤ ਸਿਰ ਤੋਂ ਵੱਖ ਕਰ ਦਿੱਤੀ ਜਾਵੇ।

ਭਾਈ ਤਾਰੂ ਸਿੰਘ ਨੇ ਧਰਮ ਨੂੰ ਹਾਰਨ ਦੀ ਬਜਾਏ ਸਰੀਰ ਨੂੰ ਹਾਰਨਾ ਪ੍ਰਵਾਨ ਕਰ ਲਿਆ। ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਮੋਚੀ ਨੇ ਆਪਣੀ ਤੇਜ਼ ਧਾਰ ਵਾਲੀ ਰੰਬੀ ਨਾਲ ਭਾਈ ਸਾਹਿਬ ਦੀ ਖੋਪਰੀ ਕੇਸ਼ਾਂ ਸਮੇਤ ਸਿਰ ਤੋਂ ਉਤਾਰ ਕੇ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੀ। ਇਸ ਕਸ਼ਟ ਨੂੰ ਸਹਿਣ ਕਰਦਿਆਂ ਭਾਈ ਸਾਹਿਬ ਨੇ ਸੀ ਤੱਕ ਨਹੀਂ ਉਚਾਰੀ, ਸਗੋਂ ਅਕਾਲ-ਪੁਰਖ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਲਿਆ।

ਇਧਰ ਜਦੋਂ ਭਾਈ ਤਾਰੂ ਸਿੰਘ ਦੇ ਸਿਰ ਤੋਂ ਖ਼ੂਨ ਵਹਿ ਰਿਹਾ ਸੀ ਤਾਂ ਉਧਰ ਜ਼ਕਰੀਆਂ ਖ਼ਾਨ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ। ਜਦੋਂ ਸਾਰੀਆਂ ਹਿਕਮਤਾਂ-ਹੀਲੇ ਬੇਕਾਰ ਹੋ ਗਏ ਤਾਂ ਖ਼ਾਨ ਨੂੰ ਕੁਝ ਆਪਣੀ ਕੀਤੀ 'ਤੇ ਅਫ਼ਸੋਸ ਹੋਣ ਲੱਗਾ।

ਇਸ ਅਫ਼ਸੋਸ ਸਦਕਾ ਹੀ ਉਸ ਨੇ ਭਾਈ ਸੁਬੇਗ ਸਿੰਘ ਰਾਹੀਂ ਆਪਣਾ ਅਫਸੋਸਨਾਮਾ। ਮੁਆਫ਼ੀਨਾਮਾ ਖ਼ਾਲਸਾ ਪੰਥ ਨੂੰ ਭੇਜ ਦਿੱਤਾ। ਜਦੋਂ ਖ਼ਾਨ ਨੇ ਮੁਆਫ਼ੀਨਾਮੇ ਨੂੰ ਖਾਲਸੇ ਨੇ ਵਿਚਾਰਿਆਂ ਤਾਂ ਉਸ ਵਿਚਾਰ-ਚਰਚਾ ਵਿਚੋਂ ਖ਼ਾਨ ਦੇ ਇਲਾਜ ਲਈ ਭਾਈ ਤਾਰੂ ਸਿੰਘ ਦੀ ਜੁੱਤੀ ਉਸ ਦੇ ਸਿਰ ਵਿਚ ਮਾਰਨ ਦਾ ਸੁਝਾਅ ਦਿੱਤਾ ਗਿਆ। ਫਸੇ ਹੋਏ ਨਵਾਬ ਅਤੇ ਉਸ ਦੇ ਅਹਿਲਕਾਰਾਂ ਨੂੰ ਇਹ ਅੱਕ ਵੀ ਚੱਬਣਾ ਪਿਆ। ਜਿਉਂ-ਜਿਉਂ ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਪਾਪੀ ਖ਼ਾਨ ਦੇ ਸਿਰ ਵਿਚ ਵੱਜ ਰਹੀਆਂ ਸਨ ਤਿਉਂ-ਤਿਉਂ ਉਸ ਦਾ ਪਿਸ਼ਾਬ ਵੀ ਖੁੱਲ ਰਿਹਾ ਸੀ, ਇਸ ਤਰ੍ਹਾਂ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਿਆ।

ਜਦੋਂ ਜ਼ਕਰੀਆ ਖ਼ਾਨ ਦੀ ਮੌਤ ਦੀ ਖ਼ਬਰ ਭਾਈ ਤਾਰੂ ਸਿੰਘ ਜੀ ਨੂੰ ਮਿਲੀ ਤਾਂ ਉਹ ਵੀ ਆਪਣੇ ਪੰਜ ਭੂਤਕ (ਜਖ਼ਮੀ) ਸਰੀਰ ਨੂੰ ਤਿਆਗ ਗਏ। ਅੱਜ ਜਦੋਂ ਵੀ ਵਾਹਿਗੁਰੂ ਦੇ ਸਨਮੁੱਖ ਅਰਦਾਸ ਬੇਨਤੀ ਕੀਤੀ ਜਾਂਦੀ ਹੈ ਤਾਂ ਉਸ ਵਿਚ ਸਿੱਖੀ ਨੂੰ ਕੇਸ਼ਾਂ-ਸੁਆਸਾਂ ਨਾਲ ਨਿਭਾਉਣ ਵਾਲਿਆਂ (ਭਾਈ ਤਾਰੂ ਸਿੰਘ ਜੀ ਵਰਗਿਆਂ)ਦਾ ਨਾਮ ਬੜੇ ਹੀ ਅਦਬ ਨਾਲ ਲਿਆ ਜਾਂਦਾ ਹੈ।

-o-

# ਧਾਰਾ 370 ਹਟਾਉਣ ਦੀ ਬਰਸੀ ਤੋਂ ਪਹਿਲਾਂ ਕਸ਼ਮੀਰ ’ਚ ਕਰਫਿਊ

**✪ ਮਨੁੱਖੀ ਅਧਿਕਾਰ ਫੋਰਮ ਦੀ ਰਿਪੋਰਟ ਅਨੁਸਾਰ ਕਸ਼ਮੀਰ ਦੀ ਆਰਥਿਕ ਹਾਲਤ ਕਮਜ਼ੋਰ, ਲੋਕ ਬੇਰੁਜ਼ਗਾਰ, ਸਿਹਤ ਸੇਵਾਵਾਂ ਢਿੱਲੀਆਂ ਤੇ ਸਿੱਖਿਆ ਪ੍ਰਣਾਲੀ ਤਬਾਹ ✪ ਮੀਡੀਆ ਦੀ ਅਜ਼ਾਦੀ ਹੋਈ ਖਤਮ ✪ ਕਸ਼ਮੀਰ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਕੋਈ ਚੁਣਿਆ ਹੋਇਆ ਨੁਮਾਇੰਦਾ ਨਹੀਂ**

ਟਾਈਮਜ਼ ਮੀਡੀਆ

ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣ ਦੀ ਪਹਿਲੀ ਵਰ੍ਹੇਗੰਢ ਤੋਂ ਦੋ ਦਿਨ ਪਹਿਲਾਂ ਕਸ਼ਮੀਰ ਵਿਚ ਕਰਫਿਊ ਲਗਾ ਦਿੱਤਾ ਗਿਆ। ਸ੍ਰੀਨਗਰ ਦੇ ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਆਦੇਸ਼ ਵਿੱਚ ਕਿਹਾ ਹੈ ਕਿ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ ਕਿ ਵੱਖਵਾਦੀ ਤੇ ਪਾਕਿਸਤਾਨ ਸਮਰਪਿਤ ਸਮੂਹ 5 ਅਗਸਤ ਨੂੰ ਕਾਲੇ ਦਿਨ ਵਜੋਂ ਮਨਾਉਣ ਦੀ ਯੋਜਨਾ ਬਣਾ ਰਹੇ ਹਨ। ਆਦੇਸ਼ ਵਿਚ ਕਿਹਾ ਗਿਆ ਹੈ, “ਅਜਿਹੇ ਸਮੇਂ ਪ੍ਰਦਰਸ਼ਨਾਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦਾ ਕਹਿਣਾ ਹੈ ਕਿ ਇੰਟੈਲੀਜੈਂਸੀ ਰਿਪੋਰਟਾਂ ਮੁਤਾਬਕ ਕਸ਼ਮੀਰ ਵਿਚ ਹਿੰਸਕ ਪ੍ਰਦਰਸ਼ਨ ਹੋ ਸਕਦੇ ਹਨ ਤੇ ਅਮਨ ਕਾਨੂੰਨ ਦੀ ਸਥਿਤੀ ਕਸ਼ਮੀਰ ਵਿਚ ਫਿਰ ਵਿਗੜ ਸਕਦੀ ਹੈ। ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ। ਇਹ ਕਰਫਿਊ ਮੰਗਲਵਾਰ ਤੇ ਬੁੱਧਵਾਰ ਤੱਕ ਲਗਾਇਆ ਗਿਆ। ਕਿਹਾ ਗਿਆ ਕਿ ਜ਼ਰੂਰੀ ਸੇਵਾਵਾਂ ਦੀ ਸਪਲਾਈ ਬਹਾਲ ਰਹੇਗੀ। ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ 5 ਅਗਸਤ ਨੂੰ ਧਾਰਾ 370 ਨੂੰ ਹਟਾਉਣ ਤੋਂ ਪਹਿਲਾਂ ਹੀ ਕੇਂਦਰ ਸਰਕਾਰ ਨੇ ਪੂਰੇ ਰਾਜ ਵਿਚ ਕਰਫਿਊ ਲਗਾ ਦਿੱਤਾ ਸੀ ਅਤੇ ਉਸ ਤੋਂ ਬਾਅਦ ਰਾਜ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਸੀ। ਸਰਕਾਰ ਨੇ ਜੰਮੂ-ਕਸ਼ਮੀਰ ਅਤੇ ਲੱਦਾਖ ਦੋਵਾਂ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਇਆ।

ਰਾਜ ਵਿਚ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੂੰ ਵੱਡੀ ਗਿਣਤੀ ਵਿਚ ਹਿਰਾਸਤ ਵਿਚ ਲੈ ਲਿਆ ਗਿਆ ਸੀ ਜਾਂ ਉਨ੍ਹਾਂ ਨੂੰ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਇਨ੍ਹਾਂ ਨੇਤਾਵਾਂ ਵਿੱਚ ਰਾਜ ਦੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ, ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਤੇ ਉਨ੍ਹਾਂ ਦੇ ਪਿਤਾ ਫਾਰੂਕ ਅਬਦੁੱਲਾ ਸ਼ਾਮਲ ਹਨ। ਇਸ ਸਾਲ ਮਾਰਚ ਵਿੱਚ, ਉਮਰ ਤੇ ਫਾਰੂਕ ਅਬਦੁੱਲਾ ਨੂੰ 7 ਮਹੀਨਿਆਂ ਬਾਅਦ ਰਿਹਾਅ ਕੀਤਾ ਗਿਆ ਸੀ ਪਰ ਮਹਿਬੂਬਾ ਅਜੇ ਵੀ ਨਜ਼ਰਬੰਦ ਹੈ। ਮੋਦੀ ਸਰਕਾਰ ਨੇ ਇਨ੍ਹਾਂ ਤਿੰਨਾਂ ਨੇਤਾਵਾਂ ਉੱਤੇ ਪਬਲਿਕ ਸੇਫਟੀ ਐਕਟ (ਪੀਐਸਏ) ਲਗਾ ਦਿੱਤਾ ਸੀ। ਉਮਰ ਅਤੇ ਫਾਰੂਕ ਦੀ ਰਿਹਾਈ ਤੋਂ ਬਾਅਦ ਪੀਐਸਏ ਹਟਾ ਦਿੱਤਾ ਗਿਆ ਪਰ ਮਹਿਬੂਬਾ ਨੂੰ ਕੋਈ ਰਾਹਤ ਨਹੀਂ ਦਿੱਤੀ। ਪੀਐਸਏ ਅਧੀਨ ਜੰਮੂ-ਕਸ਼ਮੀਰ ਵਿਚ ਸੁਰੱਖਿਆ ਬਲਾਂ ’ਤੇ ਪੱਥਰ ਸੁੱਟਣ ਵਾਲੇ ਅੱਤਵਾਦੀਆਂ, ਵੱਖਵਾਦੀਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ। ਇਹ ਪਹਿਲਾ ਮੌਕਾ ਸੀ ਜਦੋਂ ਮੁੱਖ ਧਾਰਾ ਦੇ ਸਿਆਸਤਦਾਨਾਂ ਉੱਤੇ ਪੀਐਸਏ ਲਗਾਇਆ ਗਿਆ ਸੀ। ਬਹੁਤ ਸਾਰੇ ਸਿਆਸੀ ਨੇਤਾ ਅਜੇ ਵੀ ਜੇਲ੍ਹ ਵਿੱਚ ਹਨ। ਬਹੁਤ ਸਾਰੀਆਂ ਪਾਬੰਦੀਆਂ ਅਜੇ ਵੀ ਲਾਗੂ ਹਨ। ਕਸ਼ਮੀਰੀ 4 ਜੀ ਇੰਟਰਨੈਟ ਤੋਂ ਵਾਂਝਾ ਰਹਿ ਗਿਆ ਹੈ ਅਤੇ ਉਨ੍ਹਾਂ ਨੂੰ ਪਿਛਲੇ ਸਮੇਂ ਦੇ 2 ਜੀ ਇੰਟਰਨੈੱਟ ਦੀ ਵਰਤੋਂ ਕਰਨੀ ਪਈ, ਜਿਸ ਨਾਲ ਵਿਦਿਆਰਥੀਆਂ, ਕਾਰੋਬਾਰੀਆਂ ਤੇ ਕਿਰਤੀ ਲੋਕਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ।

### ਪਿੰਜਰੇ ’ਚ ਬੰਦ ਕਸ਼ਮੀਰੀ

ਮਹਿਬੂਬਾ ਮੁਫਤੀ ਦੀ ਬੇਟੀ ਇਲਤਿਜਾ ਮੁਫਤੀ ਨੇ ਪਿਛਲੇ ਸਾਲ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇੱਕ ਪੱਤਰ ਲਿਖਿਆ ਸੀ, ਜਦੋਂ ਕਿ ਪੂਰੀ ਕੌਮ ਆਜ਼ਾਦੀ ਦਾ ਜਸ਼ਨ ਮਨਾ ਰਹੀ ਸੀ, ਜਦੋਂਕਿ ਕਸ਼ਮੀਰ ਦੇ ਲੋਕ ਪਸ਼ੂਆਂ ਵਾਂਗ ਪਿੰਜਰੇ ਵਿੱਚ ਤਾੜੇ ਹੋਏ ਸਨ। ਉਨ੍ਹਾਂ ਦੇ ਸਾਰੇ ਮਨੁੱਖੀ ਅਧਿਕਾਰ ਖੋਹ ਲਏ ਗਏ ਸਨ। ਇਲਤਿਜਾ ਨੇ ਕਿਹਾ ਸੀ ਕਿ ਉਸ ਨੂੰ ਕਿਸੇ ਨਾਲ ਗੱਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਸੀ ਅਤੇ ਸੁਰੱਖਿਆ ਬਲਾਂ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਜੇ ਉਹ ਮੀਡੀਆ ਨਾਲ ਗੱਲ ਕਰੇਗੀ ਤਾਂ ਉਸ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।



### ਮਨੁੱਖੀ ਅਧਿਕਾਰ ਫੋਰਮ ਦੀ ਰਿਪੋਰਟ

ਜੁਲਾਈ 2020 ਦੇ ਆਖਰੀ ਹਫਤੇ ਦੌਰਾਨ ਜੰਮੂ-ਕਸ਼ਮੀਰ ਦੀ ਸਥਿਤੀ ਬਾਰੇ ਇਕ ਰਿਪੋਰਟ ਜਾਰੀ ਕੀਤੀ ਗਈ ਸੀ, ਜਿਸ ਦਾ ਮੀਡੀਏ ਵਿਚ ਬਹੁਤ ਘੱਟ ਜ਼ਿਕਰ ਆਇਆ ਹੈ। ਇਹ ਰਿਪੋਰਟ ਜੰਮੂ-ਕਸ਼ਮੀਰ ਦੇ ਮਨੁੱਖੀ ਅਧਿਕਾਰ ਫੋਰਮ (ਫੋਰਮ ਆਫ਼ ਹਿਊਮਨ ਰਾਈਟਸ ਇੰਨ ਜੇਐਂਡਕੇ) ਦੇ ਵਲੋਂ ਜਾਰੀ ਕੀਤੀ ਗਈ। ਇਸ ਦੀ ਪ੍ਰਧਾਨਗੀ ਸੁਪਰੀਮ ਕੋਰਟ ਦੇ ਸਾਬਕਾ ਜੱਜ ਮਦਨ ਲੋਕੁਰ ਅਤੇ ਵਿਦਿਅਕ ਮਾਹਿਰ ਰਾਧਾ ਕੁਮਾਰ ਨੇ ਕੀਤੀ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੰਮੂ-ਕਸ਼ਮੀਰ ਵਿਚ ਪਿਛਲੇ ਸਾਲ ਅਗਸਤ ਤੋਂ ਲਾਗੂ ਕੀਤਾ ਗਿਆ ਲੌਕਡਾਊਨ, ਜੋ ਅਜੇ ਤਕ ਜਾਰੀ ਹੈ, ਨੇ ਸਾਰੇ ਖੇਤਰ ਅਤੇ ਇਸ ਦੇ ਆਵਾਮ ਦੀ ਆਰਥਿਕ, ਸਮਾਜਿਕ ਤੇ ਰਾਜਨੀਤਕ ਜ਼ਿੰਦਗੀ ’ਤੇ ਖਤਰਨਾਕ ਪ੍ਰਭਾਵ ਛੱਡੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕਸ਼ਮੀਰ ਲੰਬੇ ਸਮੇਂ ਤੋਂ ਭਾਰਤੀ ਲੋਕਤੰਤਰ ਦੀ ਸਫਲਤਾ ਨੂੰ ਮਾਪਣ ਦਾ ਪੈਮਾਨਾ ਰਿਹਾ ਹੈ, ਜਿਸ ਵਿਚ ਭਾਰਤੀ ਹਾਕਮ ਅਸਫਲ ਹੋਏ ਹਨ।

ਜੰਮੂ-ਕਸ਼ਮੀਰ ਮਨੁੱਖੀ ਅਧਿਕਾਰ ਫੋਰਮ ਵਿਚ ਮਦਨ ਲੋਕੁਰ ਅਤੇ ਰਾਧਾ ਕੁਮਾਰ ਤੋਂ ਇਲਾਵਾ 19 ਮੈਂਬਰ ਹਨ। ਇਨ੍ਹਾਂ ਵਿਚ ਸਾਬਕਾ ਜੱਜ ਏ ਪੀ ਸ਼ਾਹ ਤੇ ਹੁਸੈਨ ਮਸੂਰੀ, ਸਾਬਕਾ ਅਫ਼ਸਰ ਗੋਪਾਲ ਪਿਲਾਈ, ਨਿਰੂਪਮਾ ਰਾਓ ਅਤੇ ਸੇਵਾਮੁਕਤ ਲੈਫਟੀਨੈਂਟ ਜਨਰਲ ਐਚ ਐਸ ਪਨਾਗ ਸ਼ਾਮਲ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲੌਕਡਾਊਨ ਕਾਰਨ ਕਸ਼ਮੀਰ ਘਾਟੀ ਦੇ ਲੋਕ ਲਗਭਗ ਪੂਰੇ ਭਾਰਤ ਅਤੇ ਲੋਕਾਂ ਤੋਂ ਕੱਟੇ ਗਏ ਹਨ।



**–ਅਪੂਰਵਾਨੰਦ (ਪ੍ਰੋ. ਦਿੱਲੀ ਯੂਨੀਵਰਸਿਟੀ)**

ਇੱਥੇ ਜ਼ਿਕਰਯੋਗ ਹੈ ਕਿ ਕੇਂਦਰ ਵਿਚ ਭਾਜਪਾ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 5 ਅਗਸਤ 2019 ਨੂੰ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰਦਿਆਂ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਰਾਜ ਦਾ ਦਰਜਾ ਖਤਮ ਕਰ ਦਿੱਤਾ ਸੀ ਅਤੇ ਇਸ ਨੂੰ ਦੋ ਕੇਂਦਰ- ਸ਼ਾਸਤ ਖੇਤਰਾਂ ਵਿੱਚ ਵੰਡ ਦਿੱਤਾ। ਜੰਮੂ ਕਸ਼ਮੀਰ ਅਤੇ ਲੱਦਾਖ। ਜੰਮੂ-ਕਸ਼ਮੀਰ ਦੇ ਰਾਜ ਵਜੋਂ ਖ਼ਤਮ ਹੋਣ ਤੋਂ ਬਾਅਦ ਉੱਥੇ ਫੌਜ ਦੇ ਜ਼ੋਰ ਨਾਲ ਇਕ ਬਹੁਤ ਸਖਤ ਲੌਕਡਾਊਨ ਕੀਤਾ ਗਿਆ ਅਤੇ ਕਰਫਿਊ ਲਗਾਇਆ ਗਿਆ ਸੀ। 5 ਅਗਸਤ 2019 ਤੋਂ ਜਾਰੀ ਕੀਤਾ ਗਿਆ ਤਾਲਾਬੰਦ 5 ਅਗਸਤ 2020 ਨੂੰ ਇੱਕ ਸਾਲ ਪੂਰਾ ਹੋਵੇਗਾ। ਰਿਪੋਰਟ ਦੇ ਅਨੁਸਾਰ ਲੌਕਡਾਊਨ ਕਾਰਨ ਕਸ਼ਮੀਰ ਘਾਟੀ ਆਪਣੇ ਵਸਨੀਕਾਂ ਲਈ ਇੱਕ ਵੱਡੀ ਜੇਲ ਬਣ ਗਈ। ਇਨ੍ਹਾਂ 11-12 ਮਹੀਨਿਆਂ ਵਿੱਚ ਕਸ਼ਮੀਰੀਆਂ ਦੇ ਕਾਰੋਬਾਰ ਤਬਾਹ ਹੋ ਗਏ ਹਨ। ਹਜ਼ਾਰਾਂ ਲੋਕ ਬੇਰੁਜ਼ਗਾਰ ਹਨ। ਸਕੂਲ, ਕਾਲਜ ਅਤੇ ਯੂਨੀਵਰਸਿਟੀ ਬੰਦ ਹਨ ਤੇ ਸਿੱਖਿਆ ਪ੍ਰਣਾਲੀ ਤਬਾਹ ਹੋ ਗਈ ਹੈ। ਸਿਹਤ-ਮੈਡੀਕਲ ਸੇਵਾਵਾਂ ਦਾ ਬੁਰਾ ਹਾਲ ਹੈ ਅਤੇ ਖੇਤਰੀ ਮੀਡੀਆ ਦੀ ਅਜ਼ਾਦੀ ਖਤਮ ਹੋ ਕੇ ਰਹਿ ਗਈ ਹੈ। ਕਸ਼ਮੀਰ ਬਰਬਾਦੀ ਦੇ ਕਿਨਾਰੇ ’ਤੇ ਪਹੁੰਚ ਚੁੱਕਾ ਹੈ।

ਫੋਰਮ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਜੰਮੂ-ਕਸ਼ਮੀਰ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਕੋਈ ਚੁਣਿਆ ਹੋਇਆ ਨੁਮਾਇੰਦਾ ਨਹੀਂ ਹੈ। ਕੁਝ ਰਾਜਨੀਤਿਕ ਕੈਦੀ ਰਿਹਾਅ ਕੀਤੇ ਗਏ ਹਨ, ਪਰ ਉਨ੍ਹਾਂ ਤੋਂ ਇਕ ਹਲਫਨਾਮਾ ਲਿਆ ਗਿਆ ਹੈ ਕਿ ਉਹ ਕਿਸੇ ਵੀ ਸਰਕਾਰੀ ਕੰਮ ਜਾਂ ਨੀਤੀ ਦੀ ਆਲੋਚਨਾ ਨਹੀਂ ਕਰਨਗੇ।




ਸਾਰੀਆਂ ਸੰਵਿਧਾਨਕ ਸੰਸਥਾਵਾਂ ਜੋ ਨਾਗਰਿਕਾਂ ਨੂੰ ਕੁਝ ਰਾਹਤ ਪ੍ਰਦਾਨ ਕਰਦੀਆਂ ਹਨ, ਲਗਭਗ ਖਤਮ ਹੋ ਚੁੱਕੀਆਂ ਹਨ ਅਤੇ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਮੁੜ ਹੋਂਦ ਵਿਚ ਨਹੀਂ ਲਿਆਂਦਾ। ਇਸ ਦੇ ਕਾਰਨ, ਘਾਟੀ ਦੇ ਲੋਕ ਭਾਰਤ ਤੋਂ ਲਗਭਗ ਬੁਰੀ ਤਰ੍ਹਾਂ ਕੱਟੇ ਗਏ ਹਨ।

ਫੋਰਮ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਲੌਕਡਾਊਨ ਕਰਫਿਊ ਅਤੇ ਸਖਤੀ ਦਾ ਸਥਾਨਕ ਮੀਡੀਆ ਉੱਤੇ ਬਹੁਤ ਗਲਤ ਪ੍ਰਭਾਵ ਪਿਆ ਹੈ। ਪੱਤਰਕਾਰਾਂ ਨੂੰ ਡਰਾਇਆ ਜਾ ਰਿਹਾ ਹੈ ਅਤੇ ਉਨ੍ਹਾਂ ’ਤੇ ਵਹਿਸ਼ੀ ਕਾਨੂੰਨੀ ਧਾਰਾਵਾਂ ਥੋਪੀਆਂ ਜਾ ਰਹੀਆਂ ਹਨ। ਇਸ ਕਾਰਨ ਅਖਬਾਰਾਂ ਦੀਆਂ ਖ਼ਬਰਾਂ ਵਿਚ ਗਿਰਾਵਟ, ਪਾਠਕਾਂ ਦੀ ਗਿਣਤੀ ਵਿਚ ਕਮੀ ਆਈ ਹੈ ਅਤੇ ਬਹੁਤ ਸਾਰੇ ਪੱਤਰਕਾਰ ਆਪਣੀਆਂ ਨੌਕਰੀਆਂ ਗੁਆ ਚੁੱਕੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੰਮੂ-ਕਸ਼ਮੀਰ ਦੀ ਨਵੀਂ ਸਰਕਾਰੀ ਮੀਡੀਆ ਨੀਤੀ ਸੁਤੰਤਰ ਮੀਡੀਆ ਲਈ ਮੌਤ ਦੀ ਘੰਟੀ ਹੈ।

–੦–

## ਉਮਰ ਅਬਦੁੱਲਾ ਕਿਉਂ ਨਰਾਜ਼ ਹਨ ?

ਉਮਰ ਅਬਦੁੱਲਾ ਭਾਰਤ ਦੇ ਵਿਰੋਧੀ ਧਿਰ ਸੰਸਦ ਅਤੇ ਆਪਣੇ ਆਪ ਤੋਂ ਨਰਾਜ਼ ਹਨ। ਉਹ ਆਪਣੇ ਨਾਲ ਕੀਤੇ ਧੋਖੇ ਤੋਂ ਨਾਰਾਜ਼ ਹਨ। ਯਾਦ ਰਹੇ ਕਿ ਜਦੋਂ ਪਿਛਲੇ ਸਾਲ ਉਨ੍ਹਾਂ ਦੀ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਹੋਈ ਸੀ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਨੂੰ ਕੋਈ ਸੰਕੇਤ ਨਹੀਂ ਦਿੱਤਾ ਸੀ ਕਿ ਕੁਝ ਦਿਨਾਂ ਵਿੱਚ ਜੰਮੂ-ਕਸ਼ਮੀਰ ਦੀ ਖੁਦਮੁਖਤਿਆਰੀ ਨੂੰ ਖਤਮ ਕਰਕੇ ਕਸ਼ਮੀਰ ਦੋ ਹਿੱਸਿਆਂ ਵਿੱਚ ਵੰਡ ਕੇ ਸ਼ਾਸ਼ਿਤ ਪ੍ਰਦੇਸ਼ ਬਣਾ ਦਿੱਤਾ ਜਾਵੇਗਾ। ਕਸ਼ਮੀਰ ਦਾ ਰੁਤਬਾ ਗੁਆਚਣ ਤੋਂ ਬਾਅਦ ਉਮਰ ਅਬਦੁੱਲਾ ਅਪਮਾਨਿਤ ਮਹਿਸੂਸ ਕਰ ਰਹੇ ਹਨ। ਗ੍ਰਹਿ ਮੰਤਰੀ ਨੇ ਸੰਸਦ ਵਿਚ ਕਸ਼ਮੀਰ ਬਾਰੇ ਮਿੱਥਕ ਭਾਸ਼ਣ ਦਿੱਤਾ, ਇਸ ਲਈ ਉਹ ਉਦਾਸ ਹਨ। ਇਹ ਮੋਦੀ ਸਰਕਾਰ ਦਾ ਮਿਥਿਆਵਾਦ ਦਾ ਪ੍ਰਚਾਰ ਲਗਾਤਾਰ ਜਾਰੀ ਹੈ। ਹੁਣੇ ਜਿਹੇ ਜਦੋਂ ਕਾਂਗਰਸ ਦੇ ਨੇਤਾ ਸੈਫੂਦੀਨ ਸੋਜ਼ ਨੇ ਸੁਪਰੀਮ ਕੋਰਟ ਵਿੱਚ ਆਪਣੇ ਆਪ ’ਤੇ ਲੱਗੀ ਰੋਕ ਨੂੰ ਚੁਣੌਤੀ ਦਿੱਤੀ ਤਾਂ ਸਰਕਾਰ ਨੇ ਕਿਹਾ ਕਿ ਸਰਕਾਰ ਨੇ ਉਸ ’ਤੇ ਕੋਈ ਵੀ ਪਾਬੰਦੀ ਨਹੀਂ ਲਗਾਈ ਹੈ। ਇਹ ਸੁਣ ਕੇ ਅਦਾਲਤ ਨੇ ਝਟਪਟ ਉਸ ਦੀ ਪਟੀਸ਼ਨ ਨੂੰ ਤੁਰੰਤ ਰੱਦ ਕਰ ਦਿੱਤਾ। ਫਿਰ ਸਾਰਿਆਂ ਨੇ ਵੇਖਿਆ ਕਿ ਕਿਵੇਂ 83 ਸਾਲਾ ਸੋਜ਼ ਸਾਹਿਬ ਨੂੰ ਕਿਸ ਤਰ੍ਹਾਂ ਦੀ ਨਜ਼ਰਬੰਦੀ ਵਿਚ ਰੱਖਿਆ ਹੋਇਆ ਹੈ ਤੇ ਉਹ ਇਕ ਕਦਮ ਵੀ ਬਾਹਰ ਨਹੀਂ ਰੱਖ ਸਕਦੇ। ਜੇ ਉਮਰ ਭਾਰਤੀ ਲੋਕਤੰਤਰੀ ਸੰਸਥਾਵਾਂ ਤੋਂ ਨਿਰਾਸ਼ ਹਨ ਤਾਂ ਉਨ੍ਹਾਂ ਦੀ ਇਹ ਨਿਰਾਸ਼ਾ ਜਾਇਜ਼ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਉਮਰ ਗੁੱਸੇ ਵਿੱਚ ਆਪਣਾ ਪ੍ਰਤੀਕਰਮ ਪ੍ਰਗਟਾ ਰਿਹਾ ਹੈ ਕਿ ਸੰਸਦ ਵਿੱਚ ਵਿਰੋਧੀ ਧਿਰ ਨੇ ਆਪਣੇ ਬੁੱਲ ਕਸ਼ਮੀਰ ਬਾਰੇ ਸੀਅ ਰੱਖੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਦੀ ਆਜ਼ਾਦੀ ’ਤੇ ਹਮਲਾ ਹੁੰਦਾ ਤਾਂ ਕੀ ਉਹ ਆਪਣੀ ਜ਼ੁਬਾਨ ਬੰਦ ਰੱਖਣਗੇ ? ਸਾਨੂੰ ਇਨ੍ਹਾਂ ਤੋਂ ਕਿਸੇ ਕਿਸਮ ਦੀ ਉਮੀਦ ਨਹੀਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸਾਰਾ ਕੁਝ ਕਸ਼ਮੀਰੀਆਂ ਨੂੰ ਅਪਮਾਨਿਤ ਕਰਨ ਲਈ ਤੇ ਖੁਦਮੁਖਤਿਆਰੀ ਨੂੰ ਖਤਮ ਕਰਨ ਲਈ ਕੀਤਾ ਗਿਆ ਸੀ। ਅਜਿਹਾ ਕਰਕੇ ਦੁਨੀਆ ਨੂੰ ਇਹ ਦਰਸਾਇਆ ਗਿਆ ਕਿ ਜੋ ਭਾਰਤੀ ਰਾਸ਼ਟਰਵਾਦ ਦੇ ਰਾਹ ਵਿਚ ਆਵੇਗਾ ਉਹ ਕੁਚਲਿਆ ਜਾਵੇਗਾ। ਕਸ਼ਮੀਰ ਦੇ ਨਾਲ ਕੀਤੇ ਮਾੜੇ ਵਿਹਾਰ ਨਾਲ ਵਿਸ਼ਵ ਵਿੱਚ ਭਾਰਤ ਦਾ ਸਿਰ ਨੀਵਾਂ ਹੋਇਆ ਹੈ।

ਉਮਰ ਅਬਦੁੱਲਾ ਦੇ ਇਨ੍ਹਾਂ ਬਿਆਨਾਂ ਵਿਚ ਉਸ ਦੀ ਅੰਤਰਝਾਤ ਨਹੀਂ ਹੁੰਦੀ ਕਿ ਕੀ ਉਸ ਦੀ ਪਾਰਟੀ ਦੀ ਇਸ ਦੁਖਾਂਤਕ ਕਾਂਡ ਵਿੱਚ ਭੂਮਿਕਾ ਰਹੀ ਹੈ। ਹੁਣ ਕਸ਼ਮੀਰੀਆਂ ਵਿਚ ਉਸਦੀ ਆਵਾਜ਼ ਦੀ ਕੋਈ ਕੀਮਤ ਨਹੀਂ ਹੈ। ਇਹ ਉਸ ਨੂੰ ਜਾਣਨਾ ਚਾਹੀਦਾ ਹੈ ਕਿ ਉਹ ਆਪ ਇਸ ਸਥਿਤੀ ਲਈ ਕਿੰਨਾ ਜ਼ਿੰਮੇਵਾਰ ਹੈ। ਉਮਰ ਹੋਵੇ ਜਾਂ ਮਹਿਬੂਬਾ ਮੁਫਤੀ, ਉਨ੍ਹਾਂ ਨੂੰ ਆਪਣੇ ਆਪ ਨੂੰ ਇਹ ਪੁੱਛਣਾ ਪਏਗਾ ਕਿ ਉਨ੍ਹਾਂ ਨੇ ਉਸ ਰਾਜਨੀਤੀ ਨੂੰ ਕਿੰਨੀ ਤਾਕਤ ਦਿੱਤੀ ਜਿਸ ਨੇ ਕਸ਼ਮੀਰੀਆਂ ਨੂੰ ਨਿਗਲ ਲਿਆ। ਜਦੋਂ ਉਸਨੇ ਪਹਿਲੀ ਵਾਰ ਭਾਜਪਾ ਨਾਲ ਸਮਝੌਤਾ ਕੀਤਾ ਤਾਂ ਉਨ੍ਹਾਂ ਨੂੰ ਅਹਿਸਾਸ ਕਿਉਂ ਨਹੀਂ ਹੋਇਆ ਕਿ ਅਜਿਹੇ ਸਮਝੌਤੇ ਨਾਲ ਕਸ਼ਮੀਰੀਆਂ ਦਾ ਕੀ ਬਣੇਗਾ। ਇਹ ਜ਼ਰੂਰੀ ਨਹੀਂ ਹੈ ਕਿ ਉਮਰ ਜਾਂ ਮਹਿਬੂਬਾ ਆਪਣੇ ਆਪ ਨੂੰ ਕਸ਼ਮੀਰ ਦੀ ਸਥਿਤੀ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਸਮਝਣ। ਯਾਦ ਰਹੇ ਕਿ ਉਮਰ ਅਤੇ ਮਹਿਬੂਬਾ ਦੀ ਪਾਰਟੀ ਨੇ ਉਸ ਸਮੇਂ ਇਹ ਵੀ ਦਲੀਲ ਦਿੱਤੀ ਸੀ ਕਿ ਉਹ ਬਹੁਗਿਣਤੀ ਭਾਰਤੀ ਲੋਕਾਂ ਦਾ ਸਨਮਾਨ ਕਰ ਰਹੇ ਹਨ ਜਿਸ ਨੇ ਭਾਜਪਾ ਦੀ ਅਗਵਾਈ ਵਿਚ ਮੋਦੀ ਸਰਕਾਰ ਨੂੰ ਚੁਣਿਆ ਹੈ।

ਇਹ ਸੱਚ ਹੈ ਕਿ 2014 ਦੌਰਾਨ ਉਮਰ ਅਬਦੁੱਲਾ ਨੇ ਕਿਹਾ ਸੀ ਕਿ ਭਾਜਪਾ ਨਾਲ ਗੱਠਜੋੜ ਨਹੀਂ ਕਰਨਗੇ। ਉਸ ਨੇ ਕਾਰਨ ਵਜੋਂ 2002 ਦੇ ਗੁਜਰਾਤ ਕਤਲੇਆਮ ਲਈ ਮੋਦੀ ਨੂੰ ਜ਼ਿੰਮੇਵਾਰ ਦੱਸਿਆ। ਪਰ ਉਸ ਸਮੇਂ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਿੱਚ ਉਹ ਮੰਤਰੀ ਸਨ। ਉਸਦਾ ਕਹਿਣਾ ਹੈ ਕਿ ਉਸਨੇ ਇਸ ਕਤਲੇਆਮ ਲਈ ਆਪਣਾ ਵਿਰੋਧ ਦਰਸਾਉਣ ਲਈ ਅਟਲ ਬਿਹਾਰੀ ਵਾਜਪਾਈ ਨੂੰ ਆਪਣਾ ਅਸਤੀਫਾ ਭੇਜਿਆ ਸੀ। ਪਰ ਉਸ ਦਾ ਵਿਚਾਰ ਸੀ ਕਿ ਕਤਲੇਆਮ ਵਿਚ ਵਾਜਪਾਈ ਦੀ ਕੋਈ ਭੂਮਿਕਾ ਨਹੀਂ ਸੀ, ਇਸ ਲਈ ਉਸਨੇ ਆਪਣਾ ਅਸਤੀਫਾ ਨਹੀਂ ਦਿੱਤਾ। ਉਹ ਕਹਿੰਦਾ ਹੈ ਕਿ ਸ਼ਾਇਦ ਇਹ ਉਸਦੀ ਮੂਰਖਤਾ ਸੀ। ਬਹੁਤ ਸਾਰੇ ਲੋਕ ਅਜੇ ਵੀ ਵਾਜਪਾਈ ਨੂੰ ਭਾਰਤ ਲਈ ਲਾਜ਼ਮੀ ਮੰਨਦੇ ਹਨ। ਇਸ ਸੰਬੰਧ ਵਿਚ ਉਨ੍ਹਾਂ ਦੀ ਬੋਧਿਕਤਾ ’ਤੇ ਅਫਸੋਸ ਪ੍ਰਗਟਾਇਆ ਜਾ ਸਕਦਾ ਹੈ। ਭਾਵੇਂ ਵਾਜਪਾਈ ਇਸ ਲਈ ਜ਼ਿੰਮੇਵਾਰ ਨਹੀਂ ਸਨ। ਪਰ ਵਾਜਪਾਈ ਨੇ ਉਹੀ ਸਵਾਲ ਪੁੱਛਿਆ, ‘ਆਖਿਰ ਕਿਸਨੇ ਅੱਗ ਲਗਾਈ ਗੁਜਰਾਤ ਵਿਚ ?’ ਇਸ ਤਰੀਕੇ ਨਾਲ, ਉਸਨੇ ਕਿਰਿਆ ਪ੍ਰਤੀਕਿਰਿਆ ਦੇ ਹਿੰਸਕ ਸਿਧਾਂਤ ’ਤੇ ਜ਼ੋਰ ਦਿੱਤਾ ਤੇ ਗੁਜਰਾਤ ਵਿਚ ਜੋ ਕੁਝ ਵੀ ਹੋਇਆ ਉਚਿਤ ਨਹੀਂ ਤਾਂ ਸੁਭਾਵਿਕ ਬਣਾ ਦਿੱਤਾ। ਇਸ ਤੋਂ ਬਾਅਦ ਵੀ ਪੜ੍ਹਿਆ ਲਿਖਿਆ ਉਮਰ ਸਰਕਾਰ ਵਿਚ ਬਣਿਆ ਰਿਹਾ।

ਇਸ ਸਮੇਂ ਇਹ ਪ੍ਰਸ਼ਨ ਕਿਉਂ ਪੁੱਛਿਆ ਜਾਣਾ ਚਾਹੀਦਾ ਹੈ, ਅਤੇ ਆਪਣੀ ਆਤਮਾ ਅੰਦਰ ਝਾਤ ਮਾਰਨ ਦੀ ਜ਼ਰੂਰਤ ਸਿਰਫ ਉਮਰ ਅਬਦੁੱਲਾ ਨੂੰ ਹੀ ਨਹੀਂ, ਸਭ ਨੂੰ ਹੈ। ਉਹ ਭਾਵੇਂ ਕਸ਼ਮੀਰ ਹੋਵੇ ਜਾਂ ਨਾਗਾਲੈਂਡ, ਇਹ ਦਲੀਲ ਨਹੀਂ ਦਿੱਤੀ ਜਾ ਸਕਦੀ ਕਿ ਸਾਡੀ ਸਰਹੱਦ ਸਾਡੇ ਖੇਤਰੀ ਹਿੱਤਾਂ ਨੂੰ ਨਿਰਧਾਰਤ ਕਰਦੀ ਹੈ। ਹਾਲ ਹੀ ਵਿੱਚ ਜਦੋਂ ਇੱਕ ਕਸ਼ਮੀਰੀ ਨੇਤਾ ਨੂੰ ਭਾਜਪਾ ਨਾਲ ਉਸਦੇ ਸਮਝੌਤੇ ਬਾਰੇ ਪੁੱਛਿਆ ਗਿਆ ਤਾਂ ਉਸਨੇ ਜਵਾਬ ਦਿੱਤਾ ਕਿ ਇਹ ‘ਹਿੰਦੂ ਭਾਰਤ’ ਨਾਲ ਸਹਿਹੋਂਦ ਦਾ ਰਾਹ ਲੱਭਣ ਦੀ ਕੋਸ਼ਿਸ਼ ਸੀ। ਮਹਿਬੂਬਾ ਮੁਫਤੀ ਨੇ ਇਹੀ ਦਲੀਲ ਦਿੱਤੀ ਕਿ ਜੰਮੂ ਨੇ ਮੁੱਖ ਤੌਰ ’ਤੇ ਭਾਜਪਾ ਨੂੰ ਬਹੁਮਤ ਦਿੱਤਾ ਸੀ, ਇਸ ਲਈ ਸਮਝੌਤਾ ਕਰਕੇ ਉਹ ਜੰਮੂ ਤੇ ਕਸ਼ਮੀਰ ਦੇ ਵਿਚਾਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰ ਰਹੀ ਸੀ। ਪਰ ਜਦੋਂ ਇਹ ਸਭ ਖੇਤਰੀ ਹਿੱਤਾਂ ਦੀ ਰਾਖੀ ਦੇ ਨਾਂ ’ਤੇ ਅਤੇ ਰਾਜਨੀਤਿਕ ਯਥਾਰਥਵਾਦ ਦੇ ਨਾਮ ਤੇ ਕੀਤਾ ਗਿਆ ਤਾਂ ਲੋਕਤਾਂਤਰਿਕ ਰਾਜਨੀਤਿਕ ਸੋਚ ਦੀ ਜੜ੍ਹ ਕਮਜ਼ੋਰ ਹੋ ਗਈ। ਮਹਿਬੂਬਾ ਹੋਵੇ ਜਾਂ ਉਮਰ, ਉਨ੍ਹਾਂ ਨੇ ਆਪਣੇ ਆਪ ਨੂੰ ਭਾਰਤੀ ਘੱਟ ਗਿਣਤੀ ਜਾਂ ਧਰਮ ਨਿਰਪੱਖ ਚਿੰਤਾ ਤੋਂ ਵੱਖ ਕਰ ਲਿਆ। ਕਿਉਂਕਿ ਤੁਸੀਂ ਕਮਜ਼ੋਰ ਹੋ, ਇਸ ਪਲ ਤੁਹਾਡੇ ਨਾਲ ਹੋਣ ਦਾ ਮੇਰਾ ਕੀ ਲਾਭ ਹੈ ? ਭਾਜਪਾ ਦੀ ਬਹੁਗਿਣਤੀ ਦਾ ਇਹ ਮਤਲਬ ਨਹੀਂ ਸੀ ਕਿ ਉਹ ਸਾਰੇ ਹਿੰਦੂਆਂ ਦੀ ਰਾਇ ਦਾ ਪ੍ਰਤੀਨਿਧ ਬਣ ਗਿਆ ਹੈ।

ਹਿੰਦੂ-ਮੁਸਲਿਮ ਏਕਤਾ ਦੇ ਨਾਮ ’ਤੇ ਹੋਏ ਸਮਝੌਤੇ ਨੂੰ ਜਾਇਜ਼ ਠਹਿਰਾਉਣਾ ਉਨ੍ਹਾਂ ਹਿੰਦੂਆਂ ਦਾ ਅਪਮਾਨ ਕਰਨਾ ਹੈ ਜਿਹੜੇ ਇਸ ਸਮੇਂ ਵੀ ਭਾਜਪਾ ਦਾ ਵਿਰੋਧ ਕਰਦੇ ਰਹੇ ਹਨ। ਪਿਛਲੀ ਸਦੀ ਵਿਚ, ਜਦੋਂ ਬਾਕੀ ਦੇ ‘ਲੋਕਤੰਤਰੀ’ ਸੰਸਾਰ ਨੇ ਸੋਵੀਅਤ ਯੂਨੀਅਨ ਨੂੰ ਕਮਜ਼ੋਰ ਕਰਨ ਵਿਚ ਹਿਟਲਰ ਦੀ ਵਿਚਾਰਧਾਰਾ ਨੂੰ ਸਵੀਕਾਰ ਕਰ ਲਿਆ ਅਤੇ ਜਦੋਂ ਸੋਵੀਅਤ ਯੂਨੀਅਨ ਨੇ ਹਿਟਲਰ ਨਾਲ ਸਮਝੌਤਾ ਕੀਤਾ, ਤਾਂ ਉਸ ਦੇ ਮਨ ਵਿਚ ਜਰਮਨੀ ਜਾਂ ਯੂਰਪ ਦੇ ਯਹੂਦੀਆਂ ਬਾਰੇ ਕੀ ਸੋਚ ਚਲ ਰਹੀ ਸੀ ? ਸੋਵੀਅਤ ਯੂਨੀਅਨ ਦੇ ਆਪਣੇ ਕੌਮੀ ਹਿੱਤ ਸਨ, ਪਰ ਯਹੂਦੀ ਰਾਸ਼ਟਰ ਤੋਂ ਵਿਛੋੜੇ ਹੋਏ ਸਨ ! ਇਸ ਲਈ ਉਨ੍ਹਾਂ ਦੀ ਬਹੁਤੇ ਅਰਥ ਨਹੀਂ ਸਨ। ਇਹ ਸੰਭਵ ਹੈ ਕਿ ਉਮਰ ਅਤੇ ਮਹਿਬੂਬਾ ਨੂੰ ਇਸ ਸਮੇਂ ਇਹ ਪ੍ਰਸ਼ਨ ਅਪ੍ਰਸੰਗਿਕ ਲੱਗਣ ਅਤੇ ਇਸ ਨਾਲ ਉਨ੍ਹਾਂ ਨੂੰ ਪਰੇਸ਼ਾਨੀ ਹੋਵੇ, ਪਰ ਉਨ੍ਹਾਂ ਦੀ ਸਭ ਤੋਂ ਵੱਡੀ ਹਾਰ ਦੇ ਪਲ ਨੂੰ ਆਪਣੇ ਹੌਂਸਲੇ ਵਾਲੇ ਪਲ ਵਜੋਂ ਵੀ ਵਰਤਿਆ ਜਾ ਸਕਦਾ ਹੈ। ਰਾਜਨੀਤੀ ਵਿਚ ਕੁਝ ਮੁੱਢਲੇ ਸਿਧਾਂਤਾਂ ਦੀ ਵਾਪਸੀ ਦੀ ਸ਼ੁਰੂਆਤ ਕੀਤੀ ਜਾ ਸਕਦੀ ਹੈ। ਨਹੀਂ ਤਾਂ ਰਣਨੀਤੀ ਅਤੇ ਨੀਤੀ ਦਾ ਅੰਤਰ ਲੋਕਾਂ ਦੀਆਂ ਰੂਹਾਂ ਤੇ ਵਿਚਾਰਾਂ ਵਿਚੋਂ ਵੀ ਖਤਮ ਹੋ ਜਾਵੇਗਾ।

–੦–

# ਸਿੱਖਾਂ ਉੱਤੇ ਹੋ ਰਹੇ ਜ਼ੁਲਮਾਂ ਨੂੰ ਕਿਵੇਂ ਰੋਕਿਆ ਜਾਵੇ ?



-ਗੁਰਤੇਜ ਸਿੰਘ



ਕਾਰਣ ਸਭ ਜਾਣਦੇ ਹਨ। ਇਹ ਆਰ-ਪਾਰ ਦੀ ਲੜਾਈ ਹੈ। ਵਿਰੋਧੀ ਸਮਝਦੇ ਹਨ ਕਿ ਹੁਣ ਇਹ ਜੰਗ ਸਿੱਖੀ ਦੇ ਖ਼ਾਤਮੇ ਉੱਤੇ ਹੀ ਮੁੱਕੇਗੀ। ਸਿੱਖ ਜਾਣਦੇ ਹਨ ਕਿ ਸਿੱਖੀ ਦੇ ਹਿੰਦ ਵਿੱਚ ਪੱਕੇ ਪੈਰੀਂ ਖੜ੍ਹੇ ਹੋ ਕੇ ਬਣਦਾ ਸਨਮਾਨ ਹਾਸਲ ਕਰਨ ਤੱਕ ਅਸੀਂ ਜੰਗ ਨਹੀਂ ਟਾਲ ਸਕਦੇ। ਓਸ ਸਮੇਂ ਦੇ ਆਉਣ ਤੱਕ ਸਿੱਖਾਂ ਵਾਸਤੇ ਆਪਣੇ ਗ਼ੈਰ ਸਿਆਸੀ ਵਰਗ ਦੀ ਹਰ ਸੰਭਵ ਹਿਫ਼ਾਜ਼ਤ ਲਾਜ਼ਮੀ ਹੈ; ਏਨੀ ਹੀ ਜ਼ਰੂਰੀ ਹੈ ਜਿੰਨਾ ਕਦੇ ਵੱਡੇ ਘੱਲੂਘਾਰੇ ਵਿੱਚ ਵਹੀਰ ਨੂੰ ਬਚਾ ਕੇ ਰੱਖਣਾ ਜ਼ਰੂਰੀ ਸੀ। ਗ਼ੈਰ ਸਿਆਸੀ ਵਰਗ ਨੂੰ ਬਚਾਉਣ ਦਾ ਕੰਮ ਸਿਆਸੀ ਵਰਗ ਦਾ ਸੀ ਜਿਨ੍ਹਾਂ ਦੀ ਹੋਂਦ ਗ਼ੈਰ-ਸਿਆਸੀ ਵਰਗ ਬਿਨਾ ਤਸੱਵਰ ਹੀ ਕੀਤੀ ਨਹੀਂ ਜਾ ਸਕਦੀ।

ਵਿਰੋਧੀ ਨੇ, ਖ਼ਾਸ ਕਰ ਕੇ 1984 ਤੋਂ ਬਾਅਦ, ਜੰਗੀ ਮੁਹਾਜ਼ ਛੱਡਿਆ ਹੀ ਨਹੀਂ। ਹੁਣ ਓਸ ਦਾ ਪੈਂਤੜਾ ਧਾਰਮਕ ਬਿਰਤੀ ਦੇ ਗ਼ੈਰ ਸਿਆਸੀ ਨੌਜਵਾਨਾਂ ਦਾ ਛਿਮਾਹੀ ਘਾਣ ਅਤੇ ਏਸ ਦੇ ਓਹਲੇ, ਬੁੱਕਲ ਦੇ ਮੀਡੀਆ ਕੋਲੋਂ ਸਮੁੱਚੇ ਸਿੱਖ ਪੰਥ ਵਿਰੁੱਧ ਪ੍ਰਚਾਰ ਕਰ ਕੇ ਸਿੱਖੀ ਦੇ ਪੈਰਾਂ ਹੇਠ ਅੱਗ ਬਲਦੀ ਰੱਖਣ ਉੱਤੇ ਮੁਨੱਸਰ ਹੈ। ਇਹ ਸਮਝਦੇ ਹਨ ਕਿ ਏਸ ਬਿਧ ਰਾਹੀਂ ਇਹ ਸਿੱਖ ਕੌਮ ਨੂੰ ਨਿਰੰਤਰ ਸਿਆਸੀ ਅਗਵਾਈ ਤੋਂ ਮਹਿਰੂਮ ਰੱਖ ਕੇ ਸਿੱਖੀ ਦੀ ਪਾਕ ਛਬੀ ਨੂੰ ਕਲੰਕਤ ਕਰਨ ਵਿੱਚ ਕਾਮਯਾਬ ਹੋ ਜਾਣਗੇ। ਸਿੱਖੀ ਰਹਿਤ ਅਤੇ ਇਖ਼ਲਾਕ ਦੀਆਂ ਜੜ੍ਹਾਂ ਪੁੱਟ ਕੇ ਸਹਿਜੇ ਹੀ ਸਿੱਖੀ ਦੇ ਮੁਨਾਰਿਆਂ ਨੂੰ ਢਾਹ ਸਕਣਗੇ। ਵੋਟਾਂ ਲੈਣ ਵਾਲਿਆਂ ਨੇ ਤਾਂ ਹਰ ਦੁਆਰੇ ਅਲਖ਼ ਜਗਾਉਣੀ ਹੀ ਹੁੰਦੀ ਹੈ। ਓਹ ਏਸ ਲਈ ਕੰਨ ਤੇ ਜ਼ੁਬਾਨ ਬੰਦ ਕਰ ਕੇ ਜਗਤ ਤਮਾਸ਼ਾ ਦੇਖ ਰਹੇ ਹਨ। 'ਗਰਮ ਖਿਆਲੀਆਂ' ਨੂੰ ਅਜੇ ਸਮਝ ਆਉਣੀ ਬਾਕੀ ਹੈ ਕਿ ਉਹ ਤਾਜ਼ਾ ਤਲੇ ਅਤੇ ਬੇਹੇ ਗਰਮ ਕੀਤੇ ਨਾਅਰਿਆਂ ਨੂੰ ਬੁਲੰਦ ਕਰ ਕੇ ਕੇਵਲ ਦੁਸ਼ਮਣ ਹੱਥ ਪਰਸਾ ਹੀ ਦੇ ਰਹੇ ਹਨ। ਸਮਝ ਦੀ ਲੋੜ ਵੀ ਨਹੀਂ ਕਿਉਂਕਿ ਕੇਵਲ ਇਹਨਾਂ ਹਾਲਤਾਂ ਵਿੱਚ ਹੀ ਹਲਵਾ ਮੰਦਾ ਚੰਗਾ ਚੱਲ ਸਕਦਾ ਹੈ।

ਇਹਨਾਂ ਹਾਲਤਾਂ ਵਿੱਚ ਨੌਜਵਾਨਾਂ ਉੱਤੇ ਬੇਕਿਰਕ ਚੱਲਦੇ ਕੁਹਾੜੇ ਨੂੰ ਰੋਕਣ ਦੀ ਜ਼ਿੰਮੇਵਾਰੀ ਆਮ ਨਿਤਾਣੇ ਲੋਕ ਸੰਭਾਲ ਰਹੇ ਹਨ। ਉਹਨਾਂ ਨੂੰ ਸੰਗਤ ਦੇ ਸਹਿਯੋਗ ਦੀ ਬਹੁਤ ਜ਼ਿਆਦਾ ਲੋੜ ਹੈ। ਕੁਝ ਕੁ ਲੋਕਾਂ ਨੇ ਤਹੱਈਆ ਕੀਤਾ ਹੈ ਕਿ ਪੰਜਾਬ ਦਾ ਹਰ ਸ਼ਹਿਰ, ਜਿੱਥੇ ਕਚਹਿਰੀ ਲੱਗਦੀ ਹੈ, ਓਸ ਵਿੱਚ ਪੰਜ-ਸੱਤ ਸੇਵਾ ਕਰਨ ਦੇ ਚਾਹਵਾਨ ਵਕੀਲਾਂ ਦਾ ਇੱਕ ਸਮੂਹ ਤਿਆਰ ਕੀਤਾ ਜਾਵੇ। ਇਹਨਾਂ ਦੇ ਸਿਰਨਾਵੇਂ ਅਤੇ ਟੈਲੀਫ਼ੋਨ ਨੰਬਰ ਸੰਸਥਾ ਦੀ ਕੇਂਦਰੀ ਕਮੇਟੀ ਕੋਲ ਹਰ ਵਕਤ ਵਰਤਣ ਲਈ ਤਿਆਰ ਰੱਖੇ ਜਾਣਗੇ। ਪੁਲਿਸ ਵੱਲੋਂ ਕੀਤੇ ਕਮੀਨੇ ਹਮਲੇ ਦਾ ਪਤਾ ਲੱਗਦਿਆਂ ਹੀ ਕਮੇਟੀ ਵਾਰਦਾਤ ਦੇ ਸਭ ਤੋਂ ਨੇੜੇ ਵਾਲੇ ਵਕੀਲ ਸਾਹਿਬਾਨ ਨੂੰ ਮੁਕੰਮਲ ਅਤਾ-ਪਤਾ ਦੱਸ ਕੇ ਕਾਨੂੰਨੀ ਹਿਫ਼ਾਜ਼ਤ ਕਰਨ ਦੀ ਬੇਨਤੀ ਕਰ ਦੇਵੇਗੀ। ਕੋਸ਼ਿਸ਼ ਹੋਵੇਗੀ ਕਿ ਨਿਰਦੋਸ਼ ਫਸਾਏ ਗਏ ਸਿੰਘ/ਸਿੰਘਣੀ ਦੀ ਕਾਨੂੰਨੀ ਪੈਰਵੀ ਪਹਿਲੇ ਕੁਝ ਘੰਟਿਆਂ ਵਿੱਚ ਹੀ ਸ਼ੁਰੂ ਹੋ ਜਾਵੇ- ਉਹ ਵੀ ਮੁਕੰਮਲ ਤਿਆਰੀ ਨਾਲ।

### ਕੇਂਦਰੀ ਕਮੇਟੀ ਦੇ ਇਹ ਕੰਮ ਹੋਣਗੇ :

1) ਵਾਰਦਾਤ ਬਾਰੇ ਵੱਧ ਤੋਂ ਵੱਧ ਜਾਣਕਾਰੀ ਤੁਰੰਤ ਇਕੱਠੀ ਕਰਨਾ।

2) ਨੇੜੇ ਦੇ ਵਕੀਲ ਸਮੂਹ ਨੂੰ ਤੁਰੰਤ ਜਾਣਕਾਰੀ ਦੇਣਾ।

3) ਵਕੀਲ ਦੀ ਫ਼ੀਸ ਘੱਟ ਤੋਂ ਘੱਟ ਸਮੇਂ ਵਿੱਚ ਪਹੁੰਚਾ ਦੇਣੀ।

4) ਮੀਡੀਆ ਆਦਿ ਰਾਹੀਂ ਤੁਰੰਤ ਜਾਣਕਾਰੀ ਲੋਕਾਂ ਨੂੰ ਦੇਣੀ ਤਾਂ ਜੋ ਹਿਰਾਸਤ ਵਿੱਚ ਤਸ਼ੱਦਦ ਨੂੰ ਰੋਕਿਆ ਜਾ ਸਕੇ।

5) ਮਸਲੇ ਦੇ ਨਿਬੜਨ ਤੱਕ ਪੈਰਵੀ ਕਰਨੀ ਅਤੇ ਉਪਰੋਕਤ ਸਭ ਕਾਰਵਾਈਆਂ ਲਈ ਯੋਗ ਸਾਧਨ ਮੁਹੱਈਆ ਕਰਵਾਉਣਾ।

ਨਿਆਂ ਪਸੰਦ ਲੋਕਾਂ, ਖ਼ਾਸ ਤੌਰ ਉੱਤੇ ਦਸਵੰਧ ਕੱਢਣ ਵਾਲੇ ਗੁਰਸਿੱਖਾਂ, ਨੂੰ ਵੀ ਆਪਣਾ ਭਰਪੂਰ ਹਿੱਸਾ ਏਸ ਮਹਾਂਯੱਗ ਵਿੱਚ ਪਾਉਣਾ ਪਵੇਗਾ। ਉਹਨਾਂ ਕੋਲੋਂ ਹੇਠ ਲਿਖੇ ਅਨੁਸਾਰ ਤਵੱਕੋਂ ਰੱਖੀ ਜਾਵੇਗੀ:

1) ਪਿੰਡ ਮੁਹੱਲੇ ਜਾਂ ਸ਼ਹਿਰ ਦੇ ਸਾਰੇ ਲੋਕ ਬਿਨਾ ਹੋਰ ਸਮਾਂ ਗਵਾਏ ਤੁਰੰਤ ਦਸਵੰਧ ਸਭਾਵਾਂ ਬਣਾ ਲੈਣ ਜਿਨ੍ਹਾਂ ਦੇ ਸਿਰਨਾਵੇਂ, ਸੰਪਰਕ ਨੰਬਰ ਆਦਿ ਕੇਂਦਰੀ ਕਮੇਟੀ ਨੂੰ ਭੇਜ ਦਿੱਤੇ ਜਾਣ।

2) ਲੋਕਲ ਸੰਗਤ ਆਪਣੀ ਦੇਖ-ਰੇਖ ਹੇਠ ਦਸਵੰਧ ਦੀ ਕਉਡੀ ਇਕੱਠੀ ਕਰ ਕੇ ਆਪਣੇ ਕੋਲ ਰੱਖ ਲਵੇ।

3) ਕੇਂਦਰੀ ਕਮੇਟੀ ਨੂੰ ਦੱਸ ਦਿੱਤਾ ਜਾਵੇ ਕਿ ਕਿੰਨੇਂ ਪੈਸੇ ਕਿਸ ਭਲੇ ਬੰਦੇ ਕੋਲ ਤਿਆਰ ਪਏ ਹਨ।

4) ਕੇਂਦਰੀ ਕਮੇਟੀ ਵੱਲੋਂ ਲਿਖਤੀ ਬੇਨਤੀ ਆਉਣ ਉੱਤੇ ਸਬੰਧਤ ਵਕੀਲ ਨੂੰ ਫ਼ੀਸ ਪੁੱਜਦੀ ਕਰ ਦਿੱਤੀ ਜਾਵੇ।

5) ਕਿਸੇ ਬੇਗੁਨਾਹ ਦੇ ਨਾਲ ਹੁੰਦੇ ਧੱਕੇ ਆਦਿ ਦਾ ਜਦੋਂ ਵੀ ਪਤਾ ਲੱਗੇ ਓਸ ਦੀ ਸੂਚਨਾ ਤੁਰੰਤ ਸਭ ਨੂੰ ਨਸ਼ਰ ਕੀਤੀ ਜਾਵੇ ਅਤੇ ਜੇ ਹੋ ਸਕੇ ਤਾਂ ਵਕੀਲ ਦਾ ਇੰਤਜ਼ਾਮ ਵੀ ਟਿੱਕੇ ਹੋਏ ਵਕੀਲਾਂ ਦੀ ਫਹਰਿਸਤ ਵੇਖ ਕੇ ਕਰ ਲਿਆ ਜਾਵੇ।

ਵਕੀਲ ਸਾਹਿਬਾਨ ਨੂੰ ਤਾਂ ਆਪਣੇ ਕੰਮ ਅਤੇ ਫ਼ਰਾਇਜ਼ ਦੱਸਣ ਦੀ ਲੋੜ ਹੀ ਨਹੀਂ। ਪੁਰਤਾਨ ਸਿੰਘ ਵਿੱਚ ਭਾਵਨਾ ਪ੍ਰਬਲ ਸੀ: ਸਿੰਘ ਛੁਡਾਵਣ ਹੈ ਵਡ ਧਰਮ ॥ ਗਊ ਬ੍ਰਾਹਮਣ ਤੇ ਸੌ ਗੁਣਾ ਵਡੋ ਕਰਮ ॥ ਏਸੇ ਭਾਵਨਾ ਨੂੰ ਲੈ ਕੇ ਅਸੀਂ ਇਤਿਹਾਸ ਵਿੱਚ ਵਿਚਰੇ ਤਾਂ ਅਸੀਂ ਸਭ ਲੋਕਾਂ ਦੇ ਰਾਖੇ ਬਣ ਕੇ ਭਲ ਖੱਟੀ। ਅੱਜ, ਅਜੇ ਅਸਾਡਾ ਟੀਚਾ ਕੇਵਲ ਆਪਣੇ ਗੁਰਸਿੱਖ ਭੈਣਾਂ, ਭਰਾਵਾਂ ਅਤੇ ਬੱਚਿਆਂ ਦੀ ਕਾਨੂੰਨੀ ਰੱਖਿਆ ਕਰਨ ਦਾ ਹੈ। ਗੁਰੂ ਨੇ ਸਮਰੱਥਾ ਬਖ਼ਸ਼ੀ ਤਾਂ ਹਰ ਮਜ਼ਲੂਮ ਦੀ ਸੇਵਾ ਕਰਨ ਦੀ ਸਿੱਖੀ ਰੀਤ ਵੀ ਨਿਭਾਈ ਜਾਵੇਗੀ।

ਕੇਂਦਰੀ ਕਮੇਟੀ ਕੇਵਲ ਗੁਰੂ ਦੀ ਗੁਰਿਸੱਖਾਂ ਘਰੇ ਪਈ ਦਸਵੰਧ ਦੀ ਗੋਲਕ ਉੱਤੇ ਨਿਰਭਰ ਹੋਵੇਗੀ ਅਤੇ ਆਪਣੇ ਦਸਵੰਧ ਬਿਨਾ ਇੱਕ ਰੁਪਿਆ ਵੀ ਇਕੱਠਾ ਨਹੀਂ ਕਰੇਗੀ ਤੇ ਨਾ ਹੀ ਰੱਖੇਗੀ। ਜੇ ਗੁਰਸਿੱਖਾਂ ਵਿੱਚ ਦਸਵੰਧ ਦੀ ਜ਼ੁੰਮੇਵਾਰਾਨਾ ਅਤੇ ਯੋਗ ਵਰਤੋਂ ਦੀ ਰੀਤ ਗੁਰੂ ਦੀ ਮਿਹਰ ਨਾਲ ਦੁਬਾਰੇ ਫੇਰ ਪੈ ਗਈ ਤਾਂ ਕੇਂਦਰੀ ਕਮੇਟੀ ਪੰਥਕ ਸੇਵਾ ਦੇ ਵੱਡੇ-ਵੱਡੇ ਕੰਮ ਏਸੇ ਵਿਧੀ ਰਾਹੀਂ ਨੇਪਰੇ ਚਾੜ੍ਹਨ ਦੀ ਗੁਰੂ ਦੀ ਮਿਹਰ ਸਦਕਾ ਸਮਰੱਥਾ ਰੱਖਦੀ ਹੈ।

ਪ੍ਰਬੰਧਕਾਂ ਨੂੰ ਜਾਪਦਾ ਹੈ ਕਿ ਏਸ ਰਾਮਬਾਣ ਨੂੰ ਵਰਤ ਕੇ ਸਿੱਖਾਂ ਉੱਤੇ ਹੋ ਰਿਹਾ ਜ਼ੁਲਮ ਅਤੇ ਤਸ਼ੱਦਦ ਤੁਰੰਤ ਅਤੇ ਘੱਟ ਤੋਂ ਘੱਟ ਖ਼ਰਚੇ ਨਾਲ ਰੋਕਿਆ ਜਾ ਸਕਦਾ ਹੈ। ਜੇ ਕਿਸੇ ਭੈਣ/ਭਰਾ ਨੂੰ ਬਿਹਤਰ ਤਰੀਕਾ ਸੁੱਝਦਾ ਹੋਵੇ ਤਾਂ ਉਹ ਬਿਨਾ ਝਿਜਕ ਦੇ ਅਖ਼ਤਿਆਰ ਕਰ ਲਿਆ ਜਾਵੇਗਾ। ਕੇਂਦਰੀ ਕਮੇਟੀ ਹੁੰਗਾਰੇ ਦੀ ਉਡੀਕ ਵਿੱਚ ਹੈ।

-o-

# ਕੋਈ ਦੇਵੇਗਾ ਹਲੂਣਾ 'ਜਥੇਦਾਰ' ਨੂੰ ਵੀ ?

-ਤਰਲੋਚਨ ਸਿੰਘ ਦੁਪਾਲਪੁਰ
tsdupalpuri@yahoo.com
001-408-915-1268



ਜਿਸ ਵੇਲੇ ਸ੍ਰੀ ਦਰਬਾਰ ਸਾਹਿਬ ਤੋਂ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਹੁੰਦਾ ਹੈ ਉਸ ਵੇਲੇ ਅਸੀਂ ਕੈਲੀਫੋਰਨੀਆਂ ਵਿਚ ਬੈਠੇ ਸ਼ਾਮ ਦੀ ਚਾਹ ਪੀ ਰਹੇ ਹੁੰਦੇ ਹਾਂ।ਕਰੋਨਾ ਵਾਇਰਸ ਕਾਰਨ ਅਸੀਂ ਸਾਰਾ ਪ੍ਰਵਾਰ ਘਰੇ ਬੈਠੇ ਕੀਰਤਨ ਸਰਵਣ ਕਰਦੇ ਹਾਂ। ਇਸ ਕਰਕੇ ਟੀ.ਵੀ ਰਾਹੀਂ ਪ੍ਰਸਾਰਤ ਹੋ ਰਿਹਾ ਅੰਮ੍ਰਿਤ ਵੇਲੇ ਦਾ ਕੀਰਤਨ ਵਧੇਰੇ ਇਕਾਗਰਤਾ ਨਾਲ ਸੁਣਦੇ ਹਾਂ। ਕਈ ਦਿਨਾਂ ਤੋਂ ਦੇਖ ਰਿਹਾ ਹਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਰੋਜ ਹੀ ਰਾਗੀ ਸਿੰਘਾਂ ਦੇ ਬਿਲਕੁਲ ਪਿੱਛੇ ਆਣ ਵਿਰਾਜਦੇ ਹਨ। ਉਨ੍ਹਾਂ ਦੇ ਆਸੇ ਪਾਸੇ ਸ਼ਰਧਾਲੂ ਤਾਂ ਹੋਰ ਵੀ ਬੈਠੇ ਹੁੰਦੇ ਹਨ। ਪਰ ਗਿਆਨੀ ਜੀ ਹੁਣੀ ਕੀਰਤਨ ਸੁਣਦੇ ਹੋਏ ਏਨੀ ਵਿਸਮਾਦਤ ਮੁਦਰਾ ਵਿਚ ਆਲੇ ਦੁਆਲੇ ਅਤੇ ਉੱਪਰ ਹੇਠ ਨੂੰ ਇੰਝ ਸਿਰ ਹਿਲਾਉਂਦੇ ਹਨ, ਜਿਵੇਂ ਉਹ ਉਚਾਰੇ ਜਾ ਰਹੇ ਸ਼ਬਦਾਂ ਦੇ ਅਰਥਾਂ ਵਿੱਚ ਪੂਰੇ ਗੜੂੰਦ ਹੋ ਰਹੇ ਹੋਣ ! ਅਜਿਹਾ ਕਰਦਿਆਂ ਕਦੇ ਉਹ ਆਪਣੇ ਨੇਤਰ ਮੁੰਦ ਲੈਂਦੇ ਨੇ.. ਕਦੇ ਉਘਾੜ ਲੈਂਦੇ ਹਨ।ਕਹਿਣ ਦਾ ਮਤਲਬ ਕਿ ਉਹ 'ਵਿਦਵਾਨ ਤੇ ਵਿਲੱਖਣ ਸ੍ਰੋਤਾ' ਹੋਣ ਦਾ ਪ੍ਰਭਾਵ ਦੇ ਰਹੇ ਹੁੰਦੇ ਨੇ।

ਇਕ ਸ਼ਰਧਾਲੂ ਸਿੱਖ ਵਜੋਂ ਉਨ੍ਹਾਂ ਵਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਇੰਜ ਕੀਰਤਨ ਸਰਵਣ ਕਰਨ ਨੂੰ ਸੁਭਾਗਾ ਤੇ ਵਡਭਾਗਾ ਕਿਹਾ ਜਾਣਾ ਚਾਹੀਦਾ ਹੈ ਕਿਉਂਕਿ ਹਰੇਕ ਗੁਰੂ ਨਾਨਕ ਨਾਮੁ ਲੇਵਾ ਅਰਦਾਸ ਵਿੱਚ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਦੀ ਜਾਚਨਾ ਕਰਦਾ ਹੈ।

ਇੰਜ ਬੀਤੀ ਛੱਬੀ ਜਲਾਈ ਦੇ ਸਵੇਰੇ ਅੰਮ੍ਰਿਤ ਵੇਲੇ ਕੀਰਤਨੀ ਜਥੇ ਦੇ ਪਿੱਛੇ ਸਿਰ ਹਿਲਾਉਂਦੇ ਗਿਆਨੀ ਗੁਰਬਚਨ ਸਿੰਘ ਹੁਣਾਂ ਵੱਲ ਦੇਖ ਕੇ ਮੇਰੇ ਜਿਹਨ ਵਿਚ ਦੋ ਗੱਲਾਂ ਆ ਗਈਆਂ- ਪਹਿਲੀ ਤਾਂ ਗਿਆਨੀ ਜੀ ਹੁਣਾ ਦੇ ਜਥੇਦਾਰੀ-ਕਾਲ ਵੇਲੇ ਵਾਪਰੇ ਬਿਅਦਬੀ ਕਾਂਡ ਉਪਰੰਤ ਸਿਰਸੇ ਵਾਲੇ ਰਾਮ ਰਹੀਮ ਨੂੰ ਦਿੱਤੀ ਮੁਆਫੀ ਅਤੇ ਉਸ ਮੁਆਫੀ ਨੂੰ ਮੰਨ ਲੈਣ ਲਈ ਜਾਰੀ ਕੀਤੇ ਹੁਕਮਨਾਮੇ ਵਾਲਾ ਸਾਰਾ ਕਾਂਡ, ਦੂਸਰੀ ਇੱਕ ਪਟਵਾਰੀ ਨੂੰ ਮੰਦਰ ਦੇ ਪੁਜਾਰੀ ਵਲੋਂ ਦਿੱਤੀ ਨਸੀਹਤ।

ਪਹਿਲਾਂ ਪੁਜਾਰੀ ਦੀ ਨਸੀਹਤ ਦਾ ਇਕ ਕਿੱਸਾ ਸੁਣ ਲਉ- ਟਾਂਡੇ ਲਾਗਲੇ ਪਿੰਡ ਜਾਜੇ ਦੇ ਮੇਰੇ ਦੋਸਤ ਨੇ ਸਰਦਾਰ ਰਜਿੰਦਰ ਸਿੰਘ ਰਾਣਾ ਜੋ ਅਜ ਕਲ ਅਮਰੀਕਾ ਵਸਦੇ ਹਨ।ਉਹ ਮੈਨੂੰ ਅਕਸਰ ਆਪਣੇ ਸੇਵਾ ਮੁਕਤ ਹੋ ਚੁੱਕੇ ਪਟਵਾਰੀ ਬਾਪ ਦੀ ਧਾਰਮਿਕ ਬਿਰਤੀ ਅਤੇ ਅਸੂਲਪ੍ਰਸਤੀ ਦੀਆਂ ਕਈ ਦਿਲਚਸਪ ਗੱਲਾਂ ਸੁਣਾਉਂਦੇ ਹੁੰਦੇ ਨੇ। ਕਹਿੰਦੇ ਇਕ ਵਾਰ ਉਨ੍ਹਾਂ ਦੇ ਬਾਪ ਦੀ ਬਦਲੀ ਇਕ ਐਸੇ ਪਿੰਡ ਵਿਚ ਹੋ ਗਈ ਜਿੱਥੇ ਦਾ ਪਟਵਾਰ ਖਾਨਾ, ਪਿੰਡ ਦੇ ਬਾਹਰਵਾਰ ਸਥਿਤ ਇਕ ਮੰਦਰ ਦੇ ਕੰਪਲੈਕਸ ਵਿਚ ਬਣਿਆਂ ਹੋਇਆ ਸੀ।

ਸ਼ੁੱਧ ਸ਼ਾਕਾਹਾਰੀ ਅਤੇ ਸਨਾਤਨੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਪਟਵਾਰੀ ਜੀ ਅਜਿਹੀ ਧਾਰਮਿਕ ਜਗਾਹ ਆਪਣਾ ਦਫਤਰ ਦੇਖ ਕੇ ਗਦ ਗਦ ਹੋ ਗਏ ! ਆਮ ਪਟਵਾਰੀਆਂ ਦੀਆਂ ਰਿਸ਼ਵਤਖੋਰੀ ਵਰਗੀਆਂ ਅਲਾਮਤਾਂ ਤੋਂ ਕੋਹਾਂ ਦੂਰ ਰਹਿਣ ਵਾਲੇ ਇਸ ਪਟਵਾਰੀ ਨੂੰ ਮੌਜ ਲੱਗ ਗਈ।ਸਵੇਰੇ ਸ਼ਾਮ ਉਹ ਮੰਦਰ ਵਿੱਚ ਜਾ ਕੇ ਬੜੀ ਸ਼ਰਧਾ ਨਾਲ ਉਹ ਮੰਤਰਾਂ ਦਾ ਜਾਪ ਅਤੇ ਹੋਰ ਪੂਜਾ ਅਰਚਨਾਂ ਕਰਕੇ ਖੁਸ਼ੀ ਖੁਸ਼ੀ ਦਫਤਰ ਵਿੱਚ ਕੰਮ ਕਾਜ ਕਰਦੇ।

ਉਨ੍ਹਾਂ ਦੇ ਪਟਵਾਰ ਹਲਕੇ ਵਿਚਲੇ ਤਿੰਨ ਚਾਰ ਪਿੰਡਾਂ ਦੇ ਕਿਸਾਨ ਭਰਾ ਅਤੇ ਹੋਰ ਲੋੜਵੰਦ ਲੋਕ ਸਾਰਾ ਦਿਨ ਦੇ ਕੰਮ ਧੰਦੇ ਨਿਪਟਾ ਕੇ ਆਪੋ ਆਪਣੇ ਕੰਮਾਂ ਲਈ ਪਟਵਾਰੀ ਜੀ ਕੋਲ ਆ ਜਾਂਦੇ।ਇਸ ਸਿਲਸਿਲੇ ਦੇ ਚਲਦਿਆਂ ਇਕ ਸ਼ਾਮ ਵੇਲੇ ਪਟਵਾਰੀ ਹੁਣੀ ਮੰਦਰ ਦੇ ਪੁਜਾਰੀਆਂ ਨਾਲ




ਮਿਲਕੇ ਭਗਵਾਨ ਜੀ ਦੀ ਸੰਧਿਆ ਆਰਤੀ ਵਿੱਚ ਮਸ਼ਰੂਫ ਸਨ। ਸੰਖ ਪੂਰੇ ਜਾ ਰਹੇ ਸਨ, ਟੱਲੀਆਂ ਵੱਜ ਰਹੀਆਂ ਸਨ ਫ਼ੁੱਲ-ਪੱਤੀਆਂ ਦੀ ਵਰਖਾ ਹੋ ਰਹੀ ਸੀ ਅਤੇ ਪਟਵਾਰੀ ਜੀ ਆਸਾ ਦੀ ਵਾਰ ਸੁਣ ਰਹੇ ਸਾਡੇ ਗਿਆਨੀ ਗੁਰਬਚਨ ਸਿੰਘ ਵਾਂਗ ਮੰਤਰ ਮੁਗਧ ਹੋਏ ਆਰਤੀ ਦੀ ਧੁਨ ਦੇ ਨਾਲ ਨਾਲ ਸਿਰ ਹਿਲਾ ਰਹੇ ਸਨ।

ਇੰਨੇ ਨੂੰ ਅਚਾਨਕ ਕੀ ਹੋਇਆ.. ਕਿਸੇ ਨੇ ਪਿੱਛਿਓਂ ਆ ਕੇ ਪਟਵਾਰੀ ਜੀ ਦੇ ਮੋਢੇ 'ਤੇ ਹੱਥ ਰੱਖਿਆ। ਇਕ ਦਮ ਪਿੱਛੇ ਨੂੰ ਭਉਂ ਕੇ ਪਟਵਾਰੀ ਹੁਣੀ ਅੱਖਾਂ ਖੋਲ੍ਹੀਆਂ..! ਇਸ ਅਸਥਾਨ ਦਾ ਵੱਡਾ ਮੁਖੀਆ ਪੁਜਾਰੀ ਸ੍ਰੀ ਮਹੰਤ ਮਹਾਰਾਜ ਇਨ੍ਹਾਂ ਨੂੰ ਉੱਠਣ ਦਾ ਇਸ਼ਾਰਾ ਕਰ ਰਿਹਾ ਸੀ। ਹੈਰਾਨ ਹੋਏ ਪਟਵਾਰੀ ਹੁਣੀ ਸੰਗਤ ਵਿਚੋਂ ਉੱਠੇ ਅਤੇ ਮਹੰਤ ਜੀ ਦੇ ਮਗਰ ਮਗਰ ਬਾਹਰ ਆ ਗਏ।ਪਟਵਾਰ ਖਾਨੇ ਦੇ ਮੋਹਰੇ ਡੱਠੇ ਬੈਂਚਾਂ ਉੱਪਰ ਬੈਠੇ ਵਿਅਕਤੀਆਂ ਵੱਲ੍ਹ ਹੱਥ ਕਰਕੇ ਮਹੰਤ ਜੀ ਪਟਵਾਰੀ ਨੂੰ ਕਹਿੰਦੇ-

ਆਹ ਵਿਚਾਰੇ ਅੰਨ-ਦਾਤੇ ਸਾਰਾ ਦਿਨ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋ ਕੇ ਮਿਹਨਤ ਕਰਨ ਵਾਲੇ ਥੱਕੇ ਹਾਰੇ ਤੇਰੇ ਕੋਲ ਆਪਣੇ ਕੰਮਾਂ ਲਈ ਆਏ ਬੈਠੇ ਹਨ। ਪਰ ਤੂੰ ਅੰਦਰ ਆਰਤੀ ਵਿੱਚ ਮਘਨ ਹੋਇਆ ਬੈਠਾ ਐਂ ? ਤੈਨੂੰ ਤਨਖਾਹ ਆਰਤੀ ਸੁਣਨ ਦੀ ਮਿਲਦੀ ਹੈ ਕਿ ਇਨ੍ਹਾਂ ਵਿਚਾਰਿਆਂ ਦੇ ਕੰਮ ਕਰਨ ਦੀ ?

ਤਲਖ ਕਲਾਮੀ ਛੱਡ ਕੇ ਫਿਰ ਮਹੰਤ ਜੀ ਨਿਮਰਤਾ ਵਿਚ ਆ ਗਏ- ਸ੍ਰੀ ਮਾਨ ਜੀ ਜਿਨ੍ਹਾਂ ਦੀ ਸੇਵਾ ਲਈ ਤੈਨੂੰ ਇਹ ਨੌਕਰੀ ਮਿਲੀ ਹੋਈ ਹੈ, ਉਨਾਂ ਦੇ ਕੰਮ ਕਰਨਾ ਹੀ ਤੇਰੀ 'ਸੱਚੀ ਆਰਤੀ' ਹੈ। ਭਗਵਾਨ ਜੀ ਤੇਰੀ ਇਸੇ ਆਰਤੀ 'ਤੇ ਪ੍ਰਸੰਨ ਹੋਣਗੇ !

ਹਾਰਮੋਨੀਅਮ ਦੀਆਂ ਧੁਨਾਂ 'ਤੇ ਝੂਮਦੇ ਦਿਸਦੇ ਗਿਆਨੀ ਗੁਰਬਚਨ ਸਿੰਘ ਵੱਲ੍ਹ ਦੇਖ ਕੇ ਮੈਨੂੰ ਰਹਿ ਰਹਿ ਕੇ ਇਹ ਖਿਆਲ ਆ ਰਿਹਾ ਸੀ ਕਿ ਅਜੋਕੇ ਸਿੱਖ ਸਮਾਜ ਵਿਚ ਉਕਤ ਮਹੰਤ ਜੀ ਵਰਗਾ ਸੂਝਵਾਨ ਤੇ ਜੁਰਅਤ ਵਾਲਾ ਕੋਈ ਸੰਤ, ਬਾਬਾ, ਬ੍ਰਹਮਗਿਆਨੀ, ਆਗੂ, ਰਾਗੀ ਢਾਡੀ ਜਾਂ ਜਥੇਦਾਰ ਹੈ ਈ ਨਹੀਂ ਜੋ ਤਿੰਨ ਫੁੱਟੀ ਕਿਰਪਾਨ ਲਈ ਫਿਰਦੇ ਇਸ ਜਥੇਦਾਰ ਦੇ ਮੋਢੇ 'ਤੇ ਹੱਥ ਰੱਖ ਸਕੇ ?

.. ਤੇ ਹਲੂਣਾ ਦੇ ਕੇ ਪੁੱਛੇ ਕਿ ਭਾਈ ਜਥੇਦਾਰਾ, ਜਦ ਤੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ 'ਸਿੰਘ ਸਾਹਿਬ' ਵਜੋਂ ਸਜਿਆ ਹੋਇਆ ਸੀ ਉਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਿਅਦਬੀ ਹੋਈ, ਰੋਸ ਪ੍ਰਗਟਾਉਂਦੀ ਸੰਗਤ ਉੱਤੇ ਬਾਦਲ ਸਰਕਾਰ ਦੇ ਹੁਕਮਾਂ 'ਤੇ ਚਲਾਈ ਗੋਲੀ ਨਾਲ ਸਿੱਖ ਗਭਰੂ ਮਾਰੇ ਗਏ.. ਬਿਅਦਬੀ ਦੀਆਂ ਤਾਰਾਂ ਜਿਸ ਰਾਮ ਰਹੀਮ ਦੇ ਡੇਰੇ ਨਾਲ ਜੁੜੀਆਂ.. ਪਹਿਲਾਂ ਤੂੰ ਦਿੱਤੀ ਉਸ ਰਾਮ ਰਹੀਮ ਨੂੰ ਮੁਆਫੀ.. ਫਿਰ ਮੁਆਫੀ ਨੂੰ ਸਿੱਖਾਂ ਵਲੋਂ ਮੰਨ ਲੈਣ ਲਈ ਜਾਰ੍ਹੀ ਕੀਤਾ ਹੁਕਮਨਾਮਾ.. ਹੁਕਮਨਾਮਾ ਪ੍ਰਚਾਰਨ ਲਈ ਨੱਬੇ ਲੱਖ ਰੁਪਏ ਵਿੱਚ ਗੋਲਕ ਲੁਟਾਈ.. ਫਿਰ ਹੁਕਮਨਾਮਾ ਵਾਪਸ ਲੈਣ ਦੀ ਹਾਸੋ ਹੀਣੀ ਕਰਵਾਈ..।

ਇਹ ਸਾਰਾ ਘੋਰ ਅਨਰਥ ਤੇਰੇ ਹੱਥੀਂ ਅਤੇ ਤੇਰੀ ਦੇਖ ਰੇਖ ਹੇਠ ਹੋਇਆ ਉਸ ਵੇਲੇ ਦੇ ਤੇਰੇ ਭਾਈਵਾਲ ਗਿਆਨੀ ਗੁਰਮੁਖ ਸਿੰਘ ਅਤੇ ਭਾਈ ਇਕਬਾਲ ਸਿੰਘ ਪਟਨੇ ਸਾਹਬ ਵਾਲਾ, ਕਈ ਵਾਰ ਅੰਦਰਲੇ ਸੱਚੇ ਤੱਥ ਸ਼ਰੇਆਮ ਦੱਸ ਚੁੱਕੇ ਹਨ। ਪਰ ਤੂੰ ਹਾਲੇ ਤੱਕ ਇਹ ਪਾਪਾਂ ਦਾ ਟੋਕਰਾ ਸਿਰ ਉੱਤੇ ਚੁੱਕੀ ਫਿਰਦਾ ਐਂ !

ਭਾਈ ਸਿੰਘਾ ਜੇ ਤੂੰ ਅਕਾਲ ਪੁਰਖ ਦੀ ਦਰਗਾਹ ਵਿਚ ਸੁਰਖਰੂ ਹੋ ਕੇ ਜਾਣਾ ਚਾਹੁੰਦਾ ਹੈਂ ਤਾਂ ਕਿਸੇ ਦਿਨ ਬੜੇ ਸਤਿਕਾਰ ਨਾਲ ਪ੍ਰੈੱਸ ਕਾਨਫਰੰਸ ਸੱਦ ਕੇ ਆਪਣੇ ਨਾਲ ਹੋਈ ਖੱਜਲ ਖੁਆਰੀ ਦਾ ਸਾਰਾ ਚਿੱਠਾ ਖੋਲ੍ਹ ਕੇ ਸੁਣਾ ਦੇ। ਗੁਰੂ ਪੰਥ ਬਖਸ਼ਿੰਦ ਹੈ, ਭੁੱਲਾਂ ਗੁਸਤਾਖੀਆਂ ਬਖਸ਼ ਦੇਵੇਗਾ !

ਰੱਖੇਗਾ ਕੋਈ ਗਿਆਨੀ ਗੁਰਬਚਨ ਸਿੰਘ ਦੇ ਮੋਢੇ ਉੱਤੇ ਹੱਥ ? -o-

# ਕੋਵਿਡ ਅਪਡੇਟ ਅਤੇ ਉਸਦੇ ਟੀਕਾਕਰਨ ਦਾ ਕੱਚ ਸੱਚ




ਡਾ. ਹਰਸ਼ਿੰਦਰ ਕੌਰ
ਐਮ. ਡੀ.
ਫੋਨ ਨੰ: 0175-2216783


ਸੰਨ 1846 ਦੀ ਗੱਲ ਹੈ। ਹੰਗਰੀ ਵਿਚ ਡਾ. ਇਗਨਾਜ਼ ਸੈੱਮਲਵੀ ਵਿਏਨਾ ਜਨਰਲ ਹਸਪਤਾਲ ਵਿਚ ਕੰਮ ਕਰਦਾ ਸੀ। ਉਸ ਨੇ ਵੇਖਿਆ ਕਿ ਮੁਰਦਾਘਰ ਵਿਚ ਲਾਸ਼ਾਂ ਦੀ ਕੱਟ ਵੱਢ ਕਰਨ ਬਾਅਦ ਡਾਕਟਰ ਨਾਲ ਲੱਗਦੇ ਜੱਚਾ ਵਿਭਾਗ ਵਿਚ ਰਾਊਂਡ ਕਰਨ ਜਾ ਰਹੇ ਹਨ। ਉਸ ਵਿਭਾਗ ਵਿਚ ਮੌਤ ਦਰ ਬਾਕੀਆਂ ਨਾਲੋਂ ਕਈ ਗੁਣਾ ਵੱਧ ਸੀ।

ਜਿਹੜੇ ਵਾਰਡਾਂ ਨੇੜੇ ਕੋਈ ਮੁਰਦਾਘਰ ਨਹੀਂ ਸੀ, ਉੱਥੇ ਮੌਤ ਦਰ ਬਹੁਤ ਘੱਟ ਸੀ। ਉਸ ਨੇ ਲਗਾਤਾਰ ਇਸ ਪੱਖ ਉੱਤੇ ਖੋਜ ਕਰ ਕੇ ਨਤੀਜਾ ਕੱਢਿਆ ਕਿ ਲਾਸ਼ਾਂ ਦੀ ਕੱਟ ਵੱਢ ਕਰਦਿਆਂ ਹੱਥਾਂ ਉੱਤੇ ਬਰੀਕ ਕਣ ਲੱਗੇ ਰਹਿ ਜਾਂਦੇ ਸਨ। ਉਹੀ ਹੱਥ ਜਦੋਂ ਜੱਚਾ ਦੀ ਚੈੱਕਅੱਪ ਕਰਦੇ ਸਨ ਤਾਂ ਉਨ੍ਹਾਂ ਵਿਚ ਬੁਖ਼ਾਰ ਹੋਣ ਲੱਗ ਪੈਂਦਾ ਸੀ। ਇਹੀ ਉਨ੍ਹਾਂ ਦੀ ਮੌਤ ਦਰ ਵਧਾ ਰਿਹਾ ਸੀ।

ਇਸ ਦਾ ਮਤਲਬ ਉਸ ਇਹ ਕੱਢਿਆ ਕਿ ਲਾਸ਼ਾਂ ਵਿਚਲੇ ਕਣ ਕੁੱਝ ਖ਼ਰਾਬੀ ਕਰ ਰਹੇ ਹਨ। ਡਾ. ਸੈੱਮਲਵੀ ਨੇ ਉਸ ਵਾਰਡ ਵਿਚ ਦਾਖਲ ਹੋਣ ਵਾਲੇ ਡਾਕਟਰਾਂ ਲਈ ਇੱਕ ਵੱਖ ਕਾਨੂੰਨ ਲਾਗੂ ਕਰ ਦਿੱਤਾ। ਉਸ ਦੇ ਕਹਿਣ ਮੁਤਾਬਕ ਸਾਰੇ ਡਾਕਟਰ ਕਲੋਰੀਨ ਨਾਲ ਹੱਥ ਧੋ ਕੇ ਵਾਰਡ ਵਿਚ ਆਉਣ ਲੱਗ ਪਏ। ਸਿਰਫ਼ ਏਨੇ ਨਾਲ ਹੀ ਇੱਕ ਮਹੀਨੇ ਵਿਚ ਮੌਤ ਦਰ 10 ਫੀਸਦੀ ਤੋਂ ਘੱਟ ਕੇ ਦੋ ਫੀਸਦੀ ਰਹਿ ਗਈ। ਇਸ ਗੱਲ ਨਾਲ ਉਸ ਦੀ ਚੁਫ਼ੇਰੇ ਲੋਕਾਂ ਵਿਚ ਸੋਭਾ ਫੈਲ ਗਈ। ਸਾਥੀ ਡਾਕਟਰਾਂ ਨੂੰ ਇਸ ਗੱਲ ਦਾ ਬਹੁਤ ਸਾੜਾ ਲੱਗਿਆ। ਲਹੂ ਦਾ ਘੁੱਟ ਪੀ ਕੇ ਬੈਠੇ ਡਾਕਟਰਾਂ ਨੇ ਉਸ ਵਿਰੁੱਧ ਸਾਜਿਸ਼ਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਸੰਨ 1861 ਵਿਚ ਡਾਕਟਰ ਸੈੱਮਲਵੀ ਨੇ ਆਪਣੀ ਖੋਜ ਛਾਪੀ ਜੋ ਇਤਿਹਾਸ ਮੁਤਾਬਕ ਸੈਨੇਟਾਈਜੇਸ਼ਨ ਬਾਰੇ ਪਹਿਲੀ ਖੋਜ ਸੀ। ਇਸ ਦੀ ਚਰਚਾ ਏਨੀ ਜ਼ਿਆਦਾ ਹੋ ਗਈ ਕਿ ਸਾਥੀ ਡਾਕਟਰਾਂ ਨੇ ਸਾੜੇ ਸਦਕਾ ਸਿਆਸੀ ਲੀਡਰਾਂ ਦੀ ਮਦਦ ਨਾਲ ਵਿਚਾਰੇ ਬੇਗੁਣਾਹ ਡਾਕਟਰ ਸੈੱਮਲਵੀ ਨੂੰ ਹਸਪਤਾਲ ਵਿੱਚੋਂ ਬਾਹਰ ਕੱਢਵਾ ਦਿੱਤਾ। ਜਦੋਂ ਏਨੇ ਬਾਅਦ ਵੀ ਉਸ ਦੀ ਸੋਭਾ ਘੱਟ ਨਾ ਹੋਈ ਤਾਂ ਹੋਰ ਤਸੀਹੇ ਦੇਣ ਦੀ ਕੋਸ਼ਿਸ਼ ਕੀਤੀ ਗਈ। ਉਸ ਵਿਰੁੱਧ ਉਸ ਦੀ ਪਤਨੀ ਦੇ ਵੀ ਕੰਨ ਭਰ ਦਿੱਤੇ ਗਏ ਜੋ ਉਸ ਨੂੰ ਪਾਗਲ ਮੰਨ ਕੇ ਛੱਡ ਕੇ ਚਲੀ ਗਈ। ਸਾਥੀ ਡਾਕਟਰਾਂ ਨੇ ਲੋਕਾਂ ਵਿਚ ਵੀ ਉਸ ਨੂੰ ਪਾਗਲ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਤੇ ਅਖ਼ੀਰ ਸਿਆਸੀ ਲੀਡਰਾਂ ਦੀ ਮਦਦ ਨਾਲ ਧੱਕੋਜ਼ੋਰੀ ਉਸ ਨੂੰ ਸੰਨ 1865 ਵਿਚ ਪਾਗਲਖ਼ਾਨੇ ਡੱਕ ਦਿੱਤਾ ਗਿਆ। ਉੱਥੇ ਲਾਸ਼ਾਂ ਕੱਟਣ ਵਾਲੇ ਵਰਤੇ ਹੋਏ ਔਜ਼ਾਰ ਵੀ ਰੱਖ ਦਿੱਤੇ ਗਏ ਤੇ 14 ਦਿਨਾਂ ਦੇ ਅੰਦਰ ਹੀ ਇਨਫੈਕਸ਼ਨ ਨਾਲ ਅਤੇ ਗਾਰਡਾਂ ਵੱਲੋਂ ਬੇਤਹਾਸ਼ਾ ਕੀਤੀ ਮਾਰ ਕੁਟਾਈ ਸਦਕਾ ਉਸ ਦੀ ਮੌਤ ਹੋ ਗਈ।

ਉਸ ਦੀ ਮੌਤ ਤੋਂ ਕੁੱਝ ਸਾਲਾਂ ਬਾਅਦ ਲੂਈ ਪਾਸਚਰ ਨੇ ਕੀਟਾਣੂਆਂ ਤੇ ਉਨ੍ਹਾਂ ਤੋਂ ਹੁੰਦੀਆਂ ਬੀਮਾਰੀਆਂ ਬਾਰੇ ਚੇਤੰਨ ਕੀਤਾ ਅਤੇ ਡਾ. ਸੈੱਮਲਵੀ ਦੀ ਖੋਜ ਨੂੰ ਸੱਚ ਸਾਬਤ ਕਰ ਦਿੱਤਾ। ਡੇਢ ਸੌ ਸਾਲ ਬਾਅਦ ਡਾ. ਸੈੱਮਲਵੀ ਦੇ ਨਾਂ ਉੱਤੇ ਬਣੀ ਸੈੱਮਲਵੀ ਯੂਨੀਵਰਸਿਟੀ ਵਿਖੇ ਡਾਕਟਰਾਂ ਨੂੰ ਤੇ ਆਮ ਲੋਕਾਂ ਨੂੰ ਹੱਥ ਸੈਨੇਟਾਈਜ਼ ਕਰਨ ਦੇ ਢੰਗ ਪਹਿਲੀ ਵਾਰ ਸਿਖਾਏ ਗਏ। ਉਹੀ ਢੰਗ ਹੁਣ ਤੱਕ ਸਹੀ ਸਾਬਤ ਹੋ ਰਹੇ ਹਨ ਕਿ ਕਿਸੇ ਵੀ ਤਰ੍ਹਾਂ ਦੀ ਬੀਮਾਰੀ ਤੋਂ ਬਚਣ ਲਈ ਸਭ ਤੋਂ ਬਿਹਤਰ ਤਰੀਕਾ ਸਾਬਣ ਨਾਲ ਚੰਗੀ ਤਰ੍ਹਾਂ ਹੱਥ ਧੋਣੇ ਹਨ। ਬਾਕੀ ਹਰ ਤਰ੍ਹਾਂ ਦੇ ਸੈਨੇਟਾਈਜ਼ਰ ਬਾਅਦ ਵਿਚ ਆਉਂਦੇ ਹਨ। ਨੋਵਲ ਕੋਰੋਨਾ ਸਾਰਸ ਕੋਵ-2 ਵਿਚ ਵੀ ਸਭ ਤੋਂ ਵੱਧ ਅਸਰਦਾਰ ਸਾਬਣ ਨਾਲ ਹੱਥ ਧੋਣਾ ਹੀ ਸਾਬਤ ਹੋ ਚੁੱਕਿਆ ਹੈ।

ਕੋਵਿਡ ਬੀਮਾਰੀ ਬਾਰੇ ਵਿਸ਼ਵ ਭਰ ਵਿਚ ਖੋਜਾਂ ਲਗਾਤਾਰ ਜਾਰੀ ਹਨ। ਇਸ ਬਾਰੇ ਹੌਲੀ-ਹੌਲੀ ਸਮਝ ਵਿਚ ਵਾਧਾ ਹੋ ਰਿਹਾ ਹੈ। ਤਾਜ਼ਾ ਖੋਜਾਂ ਮੁਤਾਬਕ ਕੋਵਿਡ ਪੀੜਤ ਮਰੀਜ਼ਾਂ ਵਿਚ ਨੱਕ ਤੋਂ ਲਏ ਟੈਸਟ 30 ਫੀਸਦੀ ਕੇਸਾਂ ਵਿਚ ਹੀ ਪਾਜ਼ੀਟਿਵ ਮਿਲੇ ਹਨ। ਗਲੇ ਤੋਂ ਲਏ ਸੈਂਪਲ ਵਿਚ 50 ਫੀਸਦੀ ਕੇਸਾਂ ਵਿਚ ਟੈਸਟ ਪਾਜ਼ੀਟਿਵ ਮਿਲਿਆ, ਬਲਗਮ ਵਿਚ 70 ਫੀਸਦੀ ਤੇ ਫੇਫੜਿਆਂ ਅੰਦਰਲੇ ਪਾਣੀ ਵਿਚ 90 ਫੀਸਦੀ ਮਰੀਜ਼ਾਂ ਵਿਚ।




ਸ਼ੁਰੂਆਤੀ ਦੌਰ ਵਿਚ ਟੈਸਟ ਪਾਜ਼ੀਟਿਵ ਹੋਣ ਦੇ ਆਸਾਰ ਵੱਧ ਹੁੰਦੇ ਹਨ। ਜਿਉਂ ਹੀ ਬੀਮਾਰੀ ਦੇ ਲੱਛਣ ਵੱਧਣ ਤਾਂ ਟੈਸਟ ਨੈਗੇਟਿਵ ਹੋ ਸਕਦਾ ਹੈ। ਬੱਚਿਆਂ ਵਿਚ ਆਮ ਤੌਰ ਉੱਤੇ ਟੈਸਟ ਨੈਗੇਟਿਵ ਹੁੰਦਾ ਹੈ।

ਆਮ ਹੋ ਰਿਹਾ ਟੈਸਟ, ਜੋ ਕੋਵਿਡ ਬੀਮਾਰੀ ਲਈ ਕੀਤਾ ਜਾ ਰਿਹਾ ਹੈ, ਆਰ.ਟੀ.ਪੀ.ਸੀ.ਆਰ. ਹੈ, ਜੋ ਜਿਊਂਦੇ ਅਤੇ ਮਰ ਚੁੱਕੇ ਕੋਰੋਨਾ ਵਾਇਰਸ ਵਿਚ ਫ਼ਰਕ ਨਹੀਂ ਦੱਸ ਸਕਦਾ। ਇਸ ਦਾ ਮਤਲਬ ਇਹ ਹੈ ਕਿ ਪਾਜ਼ੀਟਿਵ ਟੈਸਟ ਵਿਚ ਵੀ ਬੀਮਾਰੀ ਹੋਣ ਦਾ ਖ਼ਤਰਾ ਨਾ ਬਰਾਬਰ ਹੋ ਸਕਦਾ ਹੈ।

ਇਹੀ ਟੈਸਟ ਬੀਮਾਰੀ ਖ਼ਤਮ ਹੋ ਜਾਣ ਬਾਅਦ ਵੀ ਮਹੀਨਿਆਂ ਬੱਧੀ ਪਾਜ਼ੀਟਿਵ ਰਹਿ ਸਕਦਾ ਹੈ। ਏਸੇ ਲਈ ਦੁਬਾਰਾ ਟੈਸਟ ਕਰਵਾਉਣ ਦਾ ਬਹੁਤਾ ਫ਼ਾਇਦਾ ਨਹੀਂ ਹੈ। ਦਸ ਦਿਨਾਂ ਦੀ ਬੀਮਾਰੀ ਤੋਂ ਬਾਅਦ ਕਿਸੇ ਮਰੀਜ਼ ਕੋਲੋਂ ਹੋਰਨਾਂ ਤੱਕ ਬੀਮਾਰੀ ਫੈਲਣ ਦਾ ਖ਼ਤਰਾ ਨਾ ਬਰਾਬਰ ਹੁੰਦਾ ਹੈ।

ਬੀਮਾਰ ਮਰੀਜ਼ ਦੇ ਗਲੇ ਵਿੱਚੋਂ ਸਭ ਤੋਂ ਵੱਧ ਵਾਇਰਸ ਫੈਲਣ ਦਾ ਖ਼ਤਰਾ ਚੌਥੇ ਦਿਨ ਹੁੰਦਾ ਹੈ। ਉਸ ਤੋਂ ਬਾਅਦ ਗਲੇ ਵਿੱਚੋਂ ਫੈਲਣ ਦਾ ਖ਼ਤਰਾ ਘੱਟ ਹੋ ਜਾਂਦਾ ਹੈ।

ਮਰੀਜ਼ ਦੀ ਬਲਗਮ ਵਿਚ ਵਾਇਰਸ ਚੌਥੇ ਤੋਂ ਨੌਵੇਂ ਦਿਨ ਤਕ ਰਹਿੰਦਾ ਹੈ ਤੇ ਗਿਆਰਵੇਂ ਦਿਨ ਤੱਕ ਖ਼ਤਮ ਹੋ ਜਾਂਦਾ ਹੈ। ਟੱਟੀ ਰਾਹੀਂ ਇਹ ਵਾਇਰਸ ਤਿੰਨ ਹਫ਼ਤੇ ਤੱਕ ਬਾਹਰ ਨਿਕਲਦਾ ਰਹਿੰਦਾ ਹੈ।

ਇਸ ਦੌਰਾਨ ਜੇ ਮਰੀਜ਼ ਨੂੰ ਕੋਈ ਲੱਛਣ ਨਹੀਂ ਹੈ ਤਾਂ ਉਹ ਘਰ ਹੀ ਆਰਾਮ ਨਾਲ ਰਹਿ ਸਕਦਾ ਹੈ। ਘਰ ਅੰਦਰ ਇੱਕ ਮਰੀਜ਼ ਤੋਂ ਦੂਜੇ ਨੂੰ ਵਾਇਰਸ ਫੈਲਣ ਦਾ ਖ਼ਤਰਾ 30 ਫੀਸਦੀ ਹੈ ਜੋ 'ਸਾਰਸ' ਤੇ 'ਮਰਸ' ਵਾਇਰਸ ਤੋਂ ਕਿਸੇ ਵੱਧ ਹੈ। ਇਸੇ ਲਈ ਘੱਟ ਲੱਛਣਾਂ ਵਾਲੇ ਮਰੀਜ਼ ਨੂੰ ਘਰ ਵਿਚ ਵੀ ਵੱਖ ਕਮਰੇ ਵਿਚ ਰੱਖਣਾ ਚਾਹੀਦਾ ਹੈ।

ਕੋਰੋਨਾ ਵਾਇਰਸ ਪਲਾਸਟਿਕ ਉੱਤੇ 72 ਘੰਟੇ ਜ਼ਿੰਦਾ ਰਹਿ ਜਾਂਦਾ ਹੈ, ਸਟੀਲ ਉੱਤੇ 48 ਘੰਟੇ, ਤਾਂਬੇ ਉੱਤੇ 4 ਘੰਟੇ, ਗੱਤੇ ਉੱਤੇ 24 ਘੰਟੇ ਤੇ ਨਿੱਛ ਰਾਹੀਂ ਹਵਾ ਵਿਚ ਤਿੰਨ ਘੰਟੇ। ਜੇ ਹਵਾ ਵਿਚ ਨਮੀ 40 ਫੀਸਦੀ ਹੋਵੇ ਤਾਂ 7 ਦਿਨ ਤੱਕ ਵਾਇਰਸ ਜ਼ਿੰਦਾ ਰਹਿ ਜਾਂਦਾ ਹੈ।

ਜੇ ਤਾਪਮਾਨ 22 ਡਿਗਰੀ ਸੈਂਟੀਗਰੇਡ ਹੋਵੇ ਅਤੇ ਨਮੀ 65 ਫੀਸਦੀ ਹੋਵੇ ਤਾਂ ਅਖ਼ਬਾਰੀ ਕਾਗਜ਼ ਉੱਤੇ ਤਿੰਨ ਘੰਟੇ, ਲੱਕੜ ਅਤੇ ਕਪੜੇ ਉੱਤੇ ਦੋ ਦਿਨ, ਸ਼ੀਸ਼ੇ ਅਤੇ ਬੈਂਕ ਦੇ ਨੋਟਾਂ ਉੱਤੇ 4 ਦਿਨ, ਪਲਾਸਟਿਕ ਅਤੇ ਸਟੀਲ ਉੱਤੇ 7 ਦਿਨ ਤੱਕ ਵਾਇਰਸ ਜ਼ਿੰਦਾ ਰਹਿ ਜਾਂਦਾ ਹੈ।

ਸਭ ਤੋਂ ਵੱਧ ਜ਼ਰੂਰੀ ਨੁਕਤਾ ਇਹ ਸਾਹਮਣੇ ਆ ਚੁੱਕਿਆ ਹੈ ਕਿ ਮਰੀਜ਼ ਦੇ ਸਰੀਰ ਅੰਦਰਲੀਆਂ ਐਂਟੀਬਾਡੀਜ਼ ਦੂਜੀ ਵਾਰ ਕੋਰੋਨਾ ਦੇ ਹੱਲੇ ਨੂੰ ਪੂਰੀ ਤਰ੍ਹਾਂ ਰੋਕਣ ਦੇ ਸਮਰੱਥ ਨਹੀਂ ਹਨ।

ਹਰਡ ਇਮਿਊਨਿਟੀ :- ਜਦੋਂ ਵੱਡੀ ਗਿਣਤੀ ਲੋਕ ਕਿਸੇ ਕਿਸਮ ਦੀ ਬੀਮਾਰੀ ਤੋਂ ਬਚ ਜਾਣ ਅਤੇ ਉਨ੍ਹਾਂ ਦੇ ਸਰੀਰ ਉਸ ਬੀਮਾਰੀ ਵਿਰੁੱਧ ਐਂਟੀਬਾਡੀਜ਼ ਤਿਆਰ ਕਰ ਲੈਣ ਤਾਂ ਉਨ੍ਹਾਂ ਦਾ ਇਮਿਊਨ ਸਿਸਟਮ ਏਨਾ ਤਗੜਾ ਹੋ ਜਾਂਦਾ ਹੈ ਕਿ ਕੀਟਾਣੂ ਦੁਬਾਰਾ ਹੱਲਾ ਕਰ ਹੀ ਨਹੀਂ ਸਕਦੇ। ਇਹੋ ਜਿਹਾ ਹਾਲ ਤਾਂ ਹੀ ਹੋ ਸਕਦਾ ਹੈ ਜੇ ਟੀਕਾਕਰਨ ਹੋ ਜਾਵੇ ਜਾਂ ਵੱਡੀ ਗਿਣਤੀ ਲੋਕ ਉਸ ਬੀਮਾਰੀ ਨੂੰ ਸਹੇੜ ਚੁੱਕੇ ਹੋਣ ਤੇ ਕੁਦਰਤੀ ਤੌਰ ਉੱਤੇ ਉਨ੍ਹਾਂ ਦੀ ਬੀਮਾਰੀ ਨਾਲ ਲੜਨ ਦੀ ਤਾਕਤ ਕਈ ਗੁਣਾਂ ਵੱਧ ਜਾਵੇ। ਇੰਜ ਬੀਮਾਰੀ ਹੋਰ ਫੈਲ ਨਹੀਂ ਸਕਦੀ। ਇਸੇ ਨੂੰ ਹਰਡ ਇਮਿਊਨਿਟੀ ਕਹਿੰਦੇ ਹਨ।

ਨਵਜੰਮੇਂ ਬੱਚੇ ਦਾ ਆਪਣਾ ਇਮਿਊਨ ਸਿਸਟਮ ਤਗੜਾ ਨਹੀਂ ਹੁੰਦਾ ਅਤੇ ਉਸ ਦੇ ਸਰੀਰ ਅੰਦਰ ਮਾਂ ਦੇ ਸਰੀਰ ਵੱਲੋਂ ਬਣੀਆਂ ਬਣਾਈਆਂ ਐਂਟੀਬਾਡੀਜ਼ ਪਹੁੰਚ ਜਾਂਦੀਆਂ ਹਨ ਜਿਸ ਸਦਕਾ ਟੀਕਾ ਲਾਉਣ ਦਾ ਕੋਈ ਫ਼ਾਇਦਾ ਨਹੀਂ ਹੁੰਦਾ।

ਜਦੋਂ ਦੁਨੀਆ ਭਰ ਵਿਚ ਹਰਡ ਇਮਿਊਨਿਟੀ ਹੋ ਜਾਵੇ ਤਾਂ ਉਹ ਬੀਮਾਰੀ ਹਮੇਸ਼ਾ ਲਈ ਖ਼ਤਮ ਹੋ ਜਾਂਦੀ ਹੈ ਜਿਵੇਂ ਸਮਾਲ ਪਾਕਸ (ਵੱਡੀ ਮਾਤਾ)। ਅਫ਼ਸੋਸ ਕਿ ਅੱਜ ਵੀ ਪਿੰਡਾਂ ਵਿਚ ਲੋਕਾਂ ਨੂੰ ਮੂਰਖ ਬਣਾ ਕੇ ਕਈ ਨੀਮ ਹਕੀਮ ਹਰ ਤਰ੍ਹਾਂ ਦੇ ਬੁਖ਼ਾਰ ਨੂੰ ਵੱਡੀ ਮਾਤਾ ਕਹਿ ਕੇ ਲੋਕਾਂ ਨੂੰ ਲੁੱਟਦੇ ਜਾ ਰਹੇ ਹਨ ਜਦਕਿ ਇਹ ਰੋਗ ਪੂਰੀ ਦੁਨੀਆ ਵਿੱਚੋਂ ਖ਼ਤਮ ਹੋ ਚੁੱਕਿਆ ਹੈ।

ਕੋਵਿਡ ਬੀਮਾਰੀ ਵਿਚ ਹਾਲੇ ਹਰਡ ਇਮਿਊਨਿਟੀ ਨਹੀਂ ਬਣੀ ਕਿਉਂਕਿ 60 ਫੀਸਦੀ ਲੋਕਾਂ ਵਿਚ ਹਾਲੇ ਇਮਿਊਨਿਟੀ ਨਹੀਂ ਹੈ ਅਤੇ ਇਹ ਤੱਥ ਵੀ ਹਾਲੇ ਖੋਜ ਅਧੀਨ ਹੈ ਕਿ ਕੋਵਿਡ ਬੀਮਾਰੀ ਤੋਂ ਬਾਅਦ ਬਣੀਆਂ ਐਂਟੀਬਾਡੀਜ਼ ਕਿੰਨਾ ਕੁ ਚਿਰ ਅਸਰਦਾਰ ਹਨ!

ਹੁਣ ਤੱਕ ਦੀਆਂ ਖੋਜਾਂ ਵਿਚ ਇਹ ਪਤਾ ਲੱਗਿਆ ਹੈ ਕਿ 20 ਫੀਸਦੀ ਲੋਕਾਂ ਵਿਚ ਬੀਮਾਰੀ ਤੋਂ ਬਾਅਦ ਐਂਟੀਬਾਡੀਜ਼ ਨਾ ਬਰਾਬਰ ਹੀ ਬਚੀਆਂ ਹਨ। ਇਸੇ ਲਈ ਹਾਲੇ ਤੱਕ ਕੋਈ ਅਸਰਦਾਰ ਟੀਕਾ ਬਣ ਨਹੀਂ ਸਕਿਆ ਅਤੇ ਹਾਲੇ ਟੈਸਟ ਹੀ ਚੱਲ ਰਹੇ ਹਨ।

ਉਪਰੋਕਤ ਸਾਰੇ ਤੱਥ 56 ਵੱਖੋ-ਵੱਖ ਅੰਤਰਰਾਸ਼ਟਰੀ ਖੋਜਾਂ ਉੱਤੇ ਆਧਾਰਿਤ ਹਨ ਜਿਨ੍ਹਾਂ ਵਿਚ ਬਹੁਤੀਆਂ ਚੀਨ ਅਤੇ ਜਪਾਨ ਵਿਚ ਹੋਈਆਂ ਹਨ, ਬਾਕੀ ਫਿਨਾਡੈਲਫੀਆ, ਇੰਗਲੈਂਡ, ਵਿਸ਼ਵ ਸਿਹਤ ਸੰਸਥਾ, ਸਿੰਗਾਪੁਰ, ਆਦਿ ਵਿਚ ਵੀ ਹੋਈਆਂ ਹਨ ਅਤੇ ਚੋਟੀ ਦੇ ਅੰਤਰਰਾਸ਼ਟਰੀ ਰਸਾਲਿਆਂ, ਜਿਵੇਂ ਨੇਚਰ, ਲੈਨਸਟ ਤੇ ਸਾਇੰਸ ਵਿਚ ਛਪ ਚੁੱਕੀਆਂ ਹਨ।

**ਕੋਵਿਡ ਵਿਚ ਇਮਿਊਨ ਸਿਸਟਮ ਦਾ ਰੋਲ :-**

ਸਰੀਰ ਅੰਦਰ ਦੋ ਤਰ੍ਹਾਂ ਦੇ ਸਿਸਟਮ ਇਮਿਊਨਿਟੀ ਬਣਾਉਂਦੇ ਹਨ- 'ਟੀ ਸੈੱਲ' ਤੇ 'ਬੀ ਸੈੱਲ'। 'ਟੀ ਸੈੱਲ' ਸਰੀਰ ਵਿਚਲੇ ਥਾਈਮਸ ਗਲੈਂਡ ਵਿਚ ਹੁੰਦੇ ਹਨ ਅਤੇ ਸੈੱਲਾਂ ਰਾਹੀਂ ਬੀਮਾਰੀ ਨਾਲ ਲੜਨ ਦੀ ਤਾਕਤ ਵਧਾਉਂਦੇ ਹਨ। 'ਬੀ ਸੈੱਲ' ਹੱਡੀਆਂ ਦੇ ਮਾਦੇ ਵਿਚ ਹੁੰਦੇ ਹਨ ਅਤੇ ਇਮਿਊਨਿਟੀ ਵਧਾਉਣ ਲਈ ਐਂਡੀਬਾਡੀ ਬਣਾਉਂਦੇ ਹਨ। ਇਹ ਐਂਟੀਬਾਡੀਜ਼ 'ਆਈ.ਜੀ.ਐਮ.' ਅਤੇ 'ਆਈ.ਜੀ.ਜੀ.' ਹੁੰਦੀਆਂ ਹਨ। ਬੀਮਾਰੀ ਹੋਣ ਤੋਂ 6 ਤੋਂ 15 ਦਿਨਾਂ ਅੰਦਰ ਸਰੀਰ ਵਿਚ ਇਹ ਤਿਆਰ ਹੋ ਜਾਂਦੀਆਂ ਹਨ। ਲਗਭਗ 12 ਤੋਂ 52 ਹਫ਼ਤਿਆਂ ਦੇ ਵਿਚ ਇਹ ਐਂਟੀਬਾਡੀਜ਼ ਘੱਟ ਜਾਂਦੀਆਂ ਹਨ। 'ਸਾਰਸ ਕੋਵ ਇਕ' ਦੀਆਂ ਐਂਟੀਬਾਡੀਜ਼ ਦੋ ਤੋਂ ਤਿੰਨ ਸਾਲ ਤਕ ਚੁਸਤ ਰਹਿੰਦੀਆਂ ਹਨ।

ਕੋਵਿਡ ਬੀਮਾਰੀ ਵਿਚ ਟੀ ਜਾਂ ਬੀ ਸੈੱਲ ਵਿੱਚੋਂ ਕਿਹੜੇ ਸੈੱਲ ਵੱਧ ਇਮਿਊਨਿਟੀ ਦੇ ਰਹੇ ਹਨ, ਬਾਰੇ ਖੋਜਾਂ ਜਾਰੀ ਹਨ। ਹੁਣ ਤੱਕ ਦੇ ਮਰੀਜ਼ਾਂ ਨੂੰ ਘੋਖਣ ਬਾਅਦ ਇਹ ਪਤਾ ਲੱਗਿਆ ਹੈ ਕਿ ਇਮਿਊਨਿਟੀ ਬਹੁਤੀ ਤਗੜੀ ਨਹੀਂ ਹੈ ਤੇ ਨਾ ਹੀ ਲੰਮੇ ਸਮੇਂ ਲਈ ਬਣ ਰਹੀ ਹੈ। ਇਸੇ ਲਈ ਦੁਬਾਰਾ ਕੋਵਿਡ ਦਾ ਹੱਲਾ ਹੋ ਸਕਦਾ ਹੈ।

ਕੋਵਿਡ ਤੋਂ ਬਚਣ ਲਈ ਟੀਕੇ :-

ਹੁਣ ਤੱਕ ਦੀਆਂ ਖੋਜਾਂ ਬਾਅਦ ਤਿਆਰ ਕੀਤੇ ਟੀਕੇ ਲਗਭਗ 26 ਕਿਸਮਾਂ ਦੇ ਹਨ। ਇਹ ਧਿਆਨ ਰਹੇ ਕਿ ਕਈ ਸਾਲਾਂ ਦੀ ਮਿਹਨਤ ਬਾਅਦ ਵੀ ਸਾਰਸ, ਮਰਸ ਤੇ ਜ਼ੀਕਾ ਵਾਇਰਸ ਵਿਰੁੱਧ ਇੱਕ ਵੀ ਅਸਰਦਾਰ ਟੀਕਾ ਨਹੀਂ ਬਣ ਸਕਿਆ ਹੈ।

ਮੌਜੂਦਾ ਖੋਜਾਂ ਵਿਚਲੇ ਟੀਕੇ :-

1. ਆਕਸਫੋਰਡ ਵੱਲੋਂ ਤਿਆਰ ਹੋਇਆ ਟੀਕਾ- ਕੋਵੀ ਸ਼ੀਲਡ ਜੋ ਲਗਭਗ 1000 ਰੁਪੈ ਦਾ ਹੈ।
2. ਕੋਵੈਕਸਿਨ :- ਭਾਰਤ ਵੱਲੋਂ ਤਿਆਰ ਕੀਤਾ ਟੀਕਾ
3. ਮੌਡਰਨਾ ਟੀਕਾ- ਅਮਰੀਕਾ ਵੱਲੋਂ ਤਿਆਰ ਹੋਇਆ, ਜੋ ਆਰ.ਐਨ.ਏ., ਵਾਇਰਸ ਉੱਤੇ ਆਧਾਰਿਤ ਹੈ।
4. ਸਾਈਨੋਵੈਕ (ਚੀਨ)- ਇਸ ਦੀਆਂ ਸਭ ਤੋਂ ਵਧ ਖੋਜਾਂ ਹੋ ਚੁੱਕੀਆਂ ਹਨ।
5. ਬਾਇਓ ਐਨ.ਟੈਕ. (ਜਰਮਨੀ)- ਆਰ.ਐਨ.ਏ. ਉੱਤੇ ਆਧਾਰਿਤ
6. ਇਨੋਵੀਓ ਟੀਕਾ- ਡੀ.ਐਨ.ਏ. ਉੱਤੇ ਆਧਾਰਿਤ
7. ਸਾਈਨੋਫਾਰਮ-(ਬੀਜਿੰਗ ਇਨਸਟੀਚਿਊਟ)
8. ਕੈਨਸੀਨੋ - (ਬੀਜਿੰਗ ਇਨਸਟੀਚਿਊਟ)
9. ਆਈ.ਐਨ.ਓ. 4800
10. ਇੰਮਪੀਰੀਅਲ ਕਾਲਜ ਲੰਡਨ ਵੱਲੋਂ ਤਿਆਰ ਟੀਕਾ

ਇਨ੍ਹਾਂ ਤੋਂ ਇਲਾਵਾ ਵੀ ਕਈ ਹੋਰ ਤਰ੍ਹਾਂ ਦੇ ਟੀਕੇ ਈਜਾਦ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਟੈਸਟ ਹਾਲੇ ਜਾਰੀ ਹਨ। ਲੋਕਾਂ ਨੂੰ ਇਹ ਟੀਕੇ ਲਾ ਕੇ ਉਨ੍ਹਾਂ ਵਿਚ ਟੀਕਿਆਂ ਦੇ ਮਾੜੇ ਅਸਰ, ਚੰਗੇ ਅਸਰ, ਐਂਟੀਬਾਡੀ ਕਿੰਨੀ ਦੇਰ ਵਿਚ ਬਣਨ ਅਤੇ ਟਿਕਣ, ਬੀਮਾਰੀ ਤੋਂ ਬਚਣ ਦਾ ਕਿੰਨਾ ਅਸਰ, ਆਦਿ ਵੇਖੇ ਜਾ ਰਹੇ ਹਨ।

ਲਗਭਗ 140 ਤੋਂ ਵੱਧ ਟੀਕੇ ਹਾਲੇ ਹੋਰ ਤਿਆਰ ਹੋ ਰਹੇ ਹਨ। ਪਹਿਲੇ ਆ ਚੁੱਕਿਆਂ ਵਿੱਚੋਂ 19 ਕਿਸਮਾਂ ਦੀ ਹਾਲੇ ਪਹਿਲੇ ਚਰਨ ਦੀ ਟੈਸਟਿੰਗ ਚੱਲ ਰਹੀ ਹੈ ਜੋ ਤਿੰਨ ਚਰਨ ਤੱਕ ਚੱਲਣੀ ਹੁੰਦੀ ਹੈ। ਹੁਣ ਤੱਕ 13 ਕਿਸਮਾਂ ਦੇ ਟੀਕੇ ਚਰਨ ਦੋ ਤੱਕ ਪਹੁੰਚ ਚੁੱਕੇ ਹਨ ਤੇ 4 ਤਰ੍ਹਾਂ ਦੇ ਤੀਜੇ ਚਰਨ ਵਿਚ ਹਨ। ਚੀਨ ਦੀ ਫੌਜ ਵੱਲੋਂ ਬਣਿਆ ਟੀਕਾ- 'ਕੈਨ ਸਾਈਨੋ' ਹੀ ਹਾਲੇ ਤੱਕ ਦੁਨੀਆ ਦਾ ਪਹਿਲਾ ਟੀਕਾ ਹੈ ਜੋ ਸਾਰੀ ਚੀਨੀ ਫੌਜ ਨੂੰ ਲਾਇਆ ਜਾਣ ਲੱਗ ਪਿਆ ਹੈ, ਪਰ ਇਸ ਦੇ ਲੰਮੇ ਸਮੇਂ ਤੱਕ ਕੀ ਅਸਰ ਲੱਭਦੇ ਹਨ, ਬਾਰੇ ਹਾਲੇ ਤੱਕ ਪਤਾ ਨਹੀਂ ਹੈ।

ਹੁਣ ਤੱਕ ਦੇ ਬਣੇ ਟੀਕੇ ਕੋਰੋਨਾ ਵਾਇਰਸ ਦੇ ਵੱਖੋ-ਵੱਖਰੇ ਹਿੱਸਿਆਂ ਵਿਰੁੱਧ ਬਣਾਏ ਗਏ ਹਨ। ਕੁੱਝ ਆਰ.ਐਨ.ਏ. ਤੇ ਕੁੱਝ ਡੀ.ਐਨ.ਏ. ਉੱਤੇ ਆਧਾਰਿਤ ਹਨ, ਕੁੱਝ ਵਾਇਰਸ ਨੂੰ ਅਧਮਰਿਆ ਕਰ ਕੇ ਤੇ ਕੁੱਝ ਵਾਇਰਸ ਨੂੰ ਕਮਜ਼ੋਰ ਕਰ ਕੇ ਬਣਾਏ ਗਏ ਹਨ। ਅਸਟ੍ਰੇਲੀਆ ਵਿਚ ਬੀ.ਸੀ.ਜੀ. ਦੇ ਟੀਕੇ ਦਾ ਹੀ ਅਸਰ ਕੋਰੋਨਾ ਉੱਤੇ ਘੋਖਿਆ ਜਾ ਰਿਹਾ ਹੈ।

ਅਮਰੀਕਾ ਦੀ ਬੈਟ ਕੰਪਨੀ ਨੇ ਤਮਾਕੂ ਵਿਚ ਮਿਲਾ ਕੇ ਟੀਕਾ ਬਣਾਉਣਾ ਸ਼ੁਰੂ ਕੀਤਾ ਹੈ। ਖੋਜ ਅਧੀਨ ਇਕ ਹੋਰ ਟੀਕਾ ਹੈ ਜੋ ਸੂਈ ਰਾਹੀਂ ਲਾਉਣ ਦੀ ਥਾਂ ਬੂੰਦਾਂ ਰਾਹੀਂ ਪਿਆਇਆ ਜਾ ਸਕੇਗਾ। ਇਸ ਦਾ ਨਾਂ 'ਵੈਕਸਾਰਟ' ਹੈ।

ਜਾਨਸਨ ਐਂਡ ਜਾਨਸਨ ਕੰਪਨੀ ਇਜ਼ਰਾਈਲ ਵਿਚ ਐਡੀਨੋ ਵਾਇਰਸ ਵਰਤ ਕੇ ਕੋਰੋਨਾ ਵਿਰੁੱਧ ਟੀਕਾ ਤਿਆਰ ਕਰ ਰਹੀ ਹੈ। ਇਸ ਤੋਂ ਪਹਿਲਾਂ ਇਹੀ ਢੰਗ ਵਰਤ ਕੇ ਉਹ ਈਬੋਲਾ ਵਾਇਰਸ ਵਿਰੁੱਧ ਵੀ ਟੀਕਾ ਬਣਾ ਚੁੱਕੇ ਹਨ।

ਉਮੀਦ ਹੈ ਕਿ ਇਕ ਸਾਲ ਦੇ ਅੰਦਰ ਕਈ ਤਰ੍ਹਾਂ ਦੇ ਟੀਕੇ ਬਜ਼ਾਰ ਵਿਚ ਆ ਜਾਣਗੇ, ਪਰ ਹਾਲੇ ਤੱਕ ਇਹ ਪਤਾ ਨਹੀਂ ਹੈ ਕਿ ਇਨ੍ਹਾਂ ਵਿੱਚੋਂ ਕਿੰਨਿਆਂ ਦਾ ਅਸਰ ਕਿੰਨਾ ਲੰਮਾ ਚੱਲੇਗਾ ਕਿਉਂਕਿ ਫਲੂ ਦਾ ਟੀਕਾ ਹਰ ਸਾਲ ਲਵਾਉਣਾ ਪੈਂਦਾ ਹੈ ਤੇ ਉਹ ਵਾਇਰਸ ਸ਼ਕਲ ਤਬਦੀਲ ਕਰਦੀ ਰਹਿੰਦੀ ਹੈ। ਇਸੇ ਤਰ੍ਹਾਂ ਕੋਰੋਨਾ ਕੀ ਰੰਗ ਵਿਖਾਏਗੀ, ਆਉਣ ਵਾਲਾ ਸਮਾਂ ਹੀ ਦੱਸੇਗਾ।

ਇਸ ਵੇਲੇ ਸਿਆਸੀ ਗਲਿਆਰਿਆਂ ਵਿੱਚ ਕੋਰੋਨਾ ਦਾ ਭੈਅ ਚਰਮ ਸੀਮਾ ਉੱਤੇ ਹੈ ਅਤੇ ਉਹ ਲੋਕ ਭਲਾਈ ਦੇ ਕੰਮ ਕਾਰ ਤੋਂ ਭੱਜ ਕੇ ਏ.ਸੀ. ਘੁਰਨਿਆਂ ਦੇ ਵਿੱਚ ਦਫ਼ਨ ਹੋ ਚੁੱਕੇ ਹਨ। ਦੂਜੇ ਪਾਸੇ 'ਕੋਰੋਨਾ ਵਾਰੀਅਰਜ਼' ਉੱਤੇ ਵਾਧੂ ਭਾਰ ਪਾਉਣ ਦੇ ਨਾਲ-ਨਾਲ ਤਨਖਾਹਾਂ ਨਾ ਮਿਲਣੀਆਂ ਅਤੇ ਹਿੰਸਾ ਦਾ ਸ਼ਿਕਾਰ ਹੋ ਜਾਣ ਸਦਕਾ ਭਾਰੀ ਨਿਰਾਸਾ ਵੇਖਣ ਵਿਚ ਆ ਰਹੀ ਹੈ। ਰੱਬ ਹੀ ਰਾਖਾ ਆਉਣ ਵਾਲੇ ਸਮੇਂ ਦਾ!

-o-

ਕੋਵਿਡ ਬੀਮਾਰੀ ਵਿਚ ਹਾਲੇ ਹਰਡ ਇਮਿਊਨਿਟੀ ਨਹੀਂ ਬਣੀ ਕਿਉਂਕਿ 60 ਫੀਸਦੀ ਲੋਕਾਂ ਵਿਚ ਹਾਲੇ ਇਮਿਊਨਿਟੀ ਨਹੀਂ ਹੈ ਅਤੇ ਇਹ ਤੱਥ ਵੀ ਹਾਲੇ ਖੋਜ ਅਧੀਨ ਹੈ ਕਿ ਕੋਵਿਡ ਬੀਮਾਰੀ ਤੋਂ ਬਾਅਦ ਬਣੀਆਂ ਐਂਟੀਬਾਡੀਜ਼ ਕਿੰਨਾ ਕੁ ਚਿਰ ਅਸਰਦਾਰ ਹਨ! ਹੁਣ ਤੱਕ ਦੀਆਂ ਖੋਜਾਂ ਵਿਚ ਇਹ ਪਤਾ ਲੱਗਿਆ ਹੈ ਕਿ 20 ਫੀਸਦੀ ਲੋਕਾਂ ਵਿਚ ਬੀਮਾਰੀ ਤੋਂ ਬਾਅਦ ਐਂਟੀਬਾਡੀਜ਼ ਨਾ ਬਰਾਬਰ ਹੀ ਬਚੀਆਂ ਹਨ। ਇਸੇ ਲਈ ਹਾਲੇ ਤੱਕ ਕੋਈ ਅਸਰਦਾਰ ਟੀਕਾ ਬਣ ਨਹੀਂ ਸਕਿਆ ਅਤੇ ਹਾਲੇ ਟੈਸਟ ਹੀ ਚੱਲ ਰਹੇ ਹਨ।

# ਕੂੰਡੇ ਵਾਲੀ ਚਟਣੀ

-ਗੁਰਚਰਨ ਸਿੰਘ ਜਿਉਣ ਵਾਲਾ
# 647 966 3132



ਨਾ ਕੋਈ ਮੈਕਸੀ ਸੀ ਨਾ ਕੋਈ ਗਰਾਈਂਡਰ, ਨਾ ਕੋਈ ਜੂਸਰ ਅਤੇ ਨਾ ਕੋਈ ਹੋਰ ਕਿਸੇ ਕਿਸਮ ਦੀ ਬਿਜਲੀ ਨਾਲ ਚੱਲਣ ਵਾਲੀ ਮਸ਼ੀਨ। ਇਹ ਕਿੱਥੋਂ ਹੋਣੇ ਸਨ ਜਦੋਂ ਹਾਲੇ ਸਾਡੇ ਪਿੰਡਾਂ ਵਿਚ ਬਿਜਲੀ ਹੀ ਨਹੀਂ ਸੀ ਆਈ। ਸੱਤਰਵਿਆਂ ਦੇ ਸ਼ੁਰੂ-ਸ਼ੁਰੂ ਦੇ ਦਿਨਾਂ ਦੀਆਂ ਯਾਦਾਂ ਤੁਹਾਡੇ ਨਾਲ ਸਾਂਝੀਆਂ ਕਰਨ ਲੱਗਿਆ ਹਾਂ। ਸਰਦੀਆਂ ਵਿਚ ਚੁੱਲੇ ਤੇ ਤਵੇ ਦੀ ਰੋਟੀ ਅਤੇ ਗਰਮੀਆਂ ਵਿਚ ਤੰਦੂਰੀ ਰੋਟੀ ਹਾਲੇ ਪੱਕਣੀ ਸ਼ੁਰੂ ਹੀ ਹੁੰਦੀ ਸੀ ਤਾਂ ਮਾਂ ਬਾਪੂ ਨੂੰ ਅਵਾਜ ਮਾਰਦੀ ਕਿ ਕੂੰਡੇ ਵਿਚ ਮਿਰਚਾਂ ਰਗੜ ਲਓ ਰੋਟੀ ਤਿਆਰ ਹੈ। ਬਸ ਫਿਰ ਕੀ ਸੀ ਬਾਪੂ ਹੱਥ ਵਿਚ ਗੰਡੇ ਨੂੰ ਮਲਦਾ ਤੇ ਛਿਲੜ ਨੂੰ ਦੂਰ ਕਰਦਾ, ਜੜਾਂ ਤੇ ਭੂਕਾਂ ਵਾਲੇ ਪਾਸਿਓ ਜੇਕਰ ਚਾਕੂ ਲੱਭ ਜਾਂਦਾ ਤਾਂ ਠੀਕ ਨਹੀਂ ਤਾਂ ਮੂੰਹ ਨਾਲ ਹੀ ਕੰਮ ਸਾਰ ਲੈਂਦਾ। ਦੋ ਕੁ ਮਿੰਟਾਂ 'ਚ ਗੰਡਾ, ਮਿਰਚਾਂ, ਲੂਣ ਅਤੇ ਲਸਣ ਨੂੰ ਦਰੜ-ਫਰੜ ਕੇ ਬਾਪੂ ਕੂੰਡੇ ਨੂੰ ਮਾਂ ਕੋਲ ਧਰ ਦਿੰਦਾ। ਗਰਮੀਆਂ ਵਿਚ ਖੱਖੜੀਆਂ ਦੇ ਬੀਜ ਤੇ ਸਰਦੀਆਂ ਵਿਚ ਕਪਾਹ ਦੀ ਫਸਲ ਵਿਚੋਂ ਇਕੱਠੇ ਕੀਤੇ ਚਿੱਬੜ ਵੀ ਚਟਣੀ 'ਚ ਮਿਲਾ ਕੇ ਖਾਣ ਦਾ ਸਵਾਦ ਲੈਂਦੇ। ਥੋੜੀ ਕੁ ਚਟਣੀ ਅਤੇ ਮੱਖਣ ਦੋ ਰੋਟੀਆਂ ਤੇ ਰੱਖ ਕੇ ਮਾਂ ਕਹਿੰਦੀ 'ਆਹ ਲੈ ਪੁੱਤ ਖਾ ਤੇ ਸਕੂਲ ਨੂੰ ਤੁਰਦਾ ਬਣ'। ਦੁਪਹਿਰ ਨੂੰ ਅੱਧੀ ਛੁੱਟੀ ਵੇਲੇ ਫਿਰ ਘਰ ਰੋਟੀ ਖਾਣ ਆਉਣਾ ਤਾਂ ਸਵੇਰ ਵਾਲੀ ਪੱਕੀ ਹੋਈ ਰੋਟੀ ਅਚਾਰ ਨਾਲ ਖਾ ਕੇ ਫਿਰ ਸਕੂਲ ਨੂੰ ਭੱਜ ਜਾਣਾ। ਨਾ ਮਾਂ ਨੂੰ ਫਿਕਰ ਕੇ ਭਾਂਡੇ ਮਾਂਜਣੇ ਹਨ ਤੇ ਨਾ ਹੀ ਆਮ ਘਰਾਂ ਵਿਚ ਐਨੀਆਂ ਕੌਲੀਆਂ, ਚਮਚੇ ਅਤੇ ਥਾਲੀਆਂ ਹੁੰਦੀਆਂ ਸਨ ਕੇ ਸਾਰੇ ਇਕੱਠੇ ਬੈਠ ਕੇ ਰੋਟੀ ਖਾਂਦੇ ਪਰ ਹੁੰਦੇ ਉਹ ਇਕੱਠੇ ਹੀ। ਇੱਥੇ ਮੈਨੂੰ ਇਕ ਢੁੱਕਵਾਂ ਚੁੱਟਕਲਾ ਯਾਦ ਆਇਆ। ਇਕ ਵਾਰੀ ਕੋਈ ਬੰਦਾ ਆਪਣੇ ਬਾਪੂ ਨੂੰ ਡਾਕਟਰ ਕੋਲ ਕਿਸੇ ਬਿਮਾਰੀ ਕਰਕੇ ਲੈ ਗਿਆ। ਮਰੀਜ਼ ਨੂੰ ਦੇਖਣ ਤੋਂ ਬਾਅਦ ਡਾਕਟਰ ਕਹਿੰਦਾ, ਬਾਬਾ ਜੀ ਆਹ ਲਓ ਦਵਾਈ ਦੀ ਸ਼ੀਸ਼ੀ। ਦੋ ਚਮਚੇ ਸਵੇਰੇ, ਦੋ ਚਮਚੇ ਦੁਪਿਹਰੇ ਅਤੇ ਦੋ ਚਮਚੇ ਸ਼ਾਮ ਨੂੰ ਦਵਾਈ ਦੇ ਲੈਣੇ ਹਨ। ਅੱਗੋ ਬਾਪੂ ਜੀ ਕਹਿੰਦੇ, ਡਾਕਟਰ ਸਾਹਿਬ ਆਹ ਫੜੋ ਆਪਣੀ ਦਵਾਈ ਵਾਲੀ ਸ਼ੀਸ਼ੀ ਸਾਡੇ ਘਰੇ ਤਾਂ ਐਨੇ ਚਮਚੇ ਹੀ ਨਹੀਂ।

ਇਹ ਸੀ ਓਹ ਵੇਲਾ ਜਦੋਂ ਕਿਸੇ ਵਿਰਲੇ ਤਕੜੇ ਜਿਮੀਂਦਾਰ ਦੇ ਘਰ ਦੋ ਵੇਲੇ ਦਾਲ ਸਬਜ਼ੀ ਬਣਦੀ। ਆਮ ਜਿਮੀਂਦਾਰਾਂ ਦੇ ਘਰ ਸਰਦੀਆਂ ਵਿਚ ਲਵੇਰਾ ਹੁੰਦਾ ਤਾਂ ਸਵੇਰੇ ਦਹੀਂ ਦੀ ਕੌਲੀ ਅਤੇ ਮੱਖਣੀ ਮਿਲਦੀ ਨਹੀਂ ਤਾਂ ਰੋਟੀ ਚਟਣੀ ਨਾਲ ਖਾ ਲੈਣੀ ਤੇ ਸਾਰੀ ਦਿਹਾੜੀ ਕੰਮ ਕਰਦੇ ਰਹਿਣਾ। ਸਿਰਫ ਸ਼ਾਮ ਦੇ ਵੇਲੇ ਹੀ ਤੌੜੀ ਵਿਚ ਰਿੰਨੀ ਦਾਲ ਖਾਣ ਨੂੰ ਮਿਲਦੀ। ਨਾ ਕਿਸੇ ਨੂੰ ਸਰਦੀ-ਜ਼ੁਕਾਮ, ਤਾਪ ਅਤੇ ਮਲੇਰੀਆ ਹੁੰਦਾ ਤੇ ਨਾ ਹੀ ਕੋਈ ਸ਼ਹਿਰ ਡਾਕਟਰ ਕੋਲ ਦਵਾਈ ਲੈਣ ਜਾਂਦਾ। ਪਹਿਲੀ ਗੱਲ ਤਾਂ ਇਹ ਹੈ ਕਿ ਕਿਸੇ ਜਿਮੀਂਦਾਰ ਦਾ ਲਮਕਮਾ ਢਿੱਡ ਹੀ ਨਹੀਂ ਸੀ ਹੁੰਦਾ। ਜਦੋਂ ਬੰਦਾ ਵਾਧੂ ਭਾਰ ਹੀ ਨਹੀਂ ਚੱਕਦਾ ਤਾਂ ਗੋਡਿਆਂ ਨੂੰ ਕੀ ਹੋਣਾ ਸੀ। ਜਦੋਂ ਵਾਧੂ ਭਾਰ ਹੀ ਨਹੀਂ ਤਾਂ ਦਿਲ ਨੂੰ ਬਹੁਤਾ ਕੰਮ ਕਰਨ ਦੀ ਵੀ ਲੋੜ ਨਹੀ ਸੀ ਪੈਂਦੀ। ਇਸ ਕਰਕੇ ਨਾ ਹਰਟ-ਅਟੈਕ ਤੇ ਨਾ ਬਲੱਡ-ਪਰੈਸ਼ਰ। ਹੋ ਸਕਦਾ ਐ ਕਿ ਕੁੱਝ ਲੋਕ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਮਰਦੇ ਹੋਣ। ਪਰ ਜਦੋਂ ਪਤਾ ਹੀ ਨਹੀਂ ਤੇ ਇਲਾਜ ਕਰਾਉਣ ਵਾਸਤੇ ਕੋਈ ਸਹੂਲਤ ਵੀ ਨਹੀਂ, ਪੈਸਾ ਵੀ ਨਹੀਂ ਤਾਂ ਫਿਰ ਇਹੀ ਕਿਹਾ ਜਾਂਦਾ ਕਿ 'ਫਲਾਣਿਆਂ ਦਾ ਬੁੜਾ ਤਾਂ ਚੰਗੇ-ਕਰਮਾਂ ਵਾਲਾ ਸੀ। ਵੇਖੋ ਕਿਵੇਂ ਬੈਠਾ-ਬੈਠਾ ਹੀ ਚਲਿਆ ਗਿਆ।' ਇਸ ਨੂੰ ਅਸੀਂ ਅਗਿਆਨਤਾ ਤਾਂ ਕਹਿ ਸਕਦੇ ਹਾਂ ਪਰ ਅੱਜ ਵਾਲਾ ਅੰਧਵਿਸ਼ਵਾਸ਼ ਨਹੀਂ।

1960ਵਿਆਂ ਵਿਚ ਕਈ ਗਰੀਬ ਕ੍ਰਿਸਾਨਾਂ ਦੇ ਘਰੀਂ ਸਰਦੀਆਂ ਵਿਚ ਦਾਣੇ ਮੁੱਕ ਜਾਂਦੇ ਤੇ ਇਕੱਲਾ ਸਾਗ ਖਾ ਕੇ ਹੀ ਰਾਤ ਲੰਘਾਉਣ ਪੈਂਦੀ ਤੇ ਕਈ ਹੋਰ ਗਰੀਬ ਪ੍ਰੀਵਾਰ ਭੁੱਖੇ ਹੀ ਸੌਂਦੇ। ਫਿਰ ਹਰੀ ਕਰਾਂਤੀ ਸ਼ੁਰੂ ਹੋਈ। ਪਹਲੇ ਪਹਿਲ ਮੈਕਸੀਕਨ ਕਣਕ ਤੇ ਅਗਲੇ ਸਾਲ ਕਲਿਆਣ ਤੇ ਥੋੜਾ ਚਿਰ ਬਾਅਦ ਤਾਂ ਪਤਾ ਹੀ ਨਹੀਂ ਕਿਨੇ ਕੁ ਹੋਰ ਨਮੂੰਨੇ ਬਜਾਰ ਵਿਚ ਵਿਕਣ ਲਈ ਤਿਆਰ ਬੈਠੇ ਸਨ। ਮੈਕਸੀਕਨ ਕਣਕ ਦੀ ਰੋਟੀ ਥੋੜੀ ਕਾਲੀ ਅਤੇ ਲਾਲ ਜਿਹੇ ਰੰਗ ਦੀ ਹੁੰਦੀ ਸੀ। ਜੇਕਰ ਆਟਾ ਗੁੰਨ ਕੇ ਥੋੜੀ ਦੇਰ ਪਰਾਂਤ ਵਿਚ ਰੱਖ ਦਿੱਤਾ ਤਾਂ ਆਟਾ ਵਗ ਤੁਰਦਾ। ਜੇ ਰੋਟੀ ਠੰਡੀ ਹੋ ਗਈ ਤਾਂ ਖਿੱਚਿਆਂ ਟੁੱਟਦੀ ਨਹੀਂ ਸੀ, ਜੇ ਖਾ ਲਈ ਤਾਂ, ਲੋੜੀਂਦੇ ਤੱਤਾਂ ਦੀ ਘਾਟ ਕਰਕੇ, ਫਿਰ ਦੋ ਘੰਟਿਆਂ ਬਾਅਦ ਭੁੱਖੇ ਦੇ ਭੁੱਖੇ। ਜਿਨ੍ਹਾਂ ਸੱਜਣਾਂ ਨੇ ਇਹ ਵਕਤ ਆਪਣੇ ਹੱਡਾਂ ਤੇ ਹੰਢਾਇਆ ਹੈ ਉਹ ਇਹ ਸਭ ਜਾਣਦੇ ਹਨ।

1972'ਚ ਪੰਜਾਬ ਦੇ ਬਹੁਤੇ ਪਿੰਡਾਂ ਵਿਚ ਬਿਜਲੀ ਦੀ ਸਹੂਲਤ ਮਿਲਣੀ ਸ਼ੁਰੂ ਹੋਈ ਤੇ ਇਸੇ ਹੀ ਦੌਰ 'ਚ ਲੋਕ ਬਾਹਰ ਨੂੰ ਭੱਜਣੇ ਸ਼ੁਰੂ ਹੋਏ। ਬਸ ਫਿਰ ਕੀ ਸੀ ਹਰ ਇਕ ਨੇ, ਜਿਨ੍ਹਾਂ ਜ਼ੋਰ ਲੱਗ ਸਕਦਾ ਸੀ ਲਾਇਆ, ਆਪਣੇ-ਆਪਣੇ ਘਰ ਨੂੰ ਸਵਾਰਿਆ ਅਤੇ ਆਪਣੇ ਕਰੀਬੀ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਬਾਹਰ ਖਿੱਚਿਆ। ਮਣਾਂ-ਮੂੰਹੀਂ ਪੈਸਾ ਪੰਜਾਬ ਵਿਚ ਭੇਜਿਆ। ਇਸੇ ਦੌਰ ਵਿਚ ਅਸੀਂ ਕੂੰਡੇ ਵਾਲੀ ਚਟਣੀ ਦਾ ਭੋਗ ਪਾ ਦਿੱਤਾ। ਰਾਜੀਵ ਗਾਂਧੀ ਅਤੇ ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਬਣਨ ਦੇ ਸਮੇਂ ਵਿਚ ਘੁਮਿਆਰਾਂ ਦੇ ਆਵੇ ਠੰਡੇ ਹੋਣੇ ਸ਼ੁਰੂ ਹੋਏ ਤੇ ਕਈ ਵੀਚਾਰੇ ਗਰੀਬੀ ਨਾਲ ਲੜਦੇ-ਘੁਲਦੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਕਾਰਖਾਨਿਆਂ ਵਾਲੀ ਤਰੱਕੀ ਦੇ ਰਾਹ ਪੈਣ ਤੇ ਅਸੀਂ ਸਰੀਰਕ ਕਸਰਤ ਤੋਂ ਛੁਟਕਾਰਾ ਪਾ ਕੇ ਬਿਮਾਰੀਆਂ ਵਾਲੇ ਰਸਤੇ ਪੈ ਗਏ ਜਿਸਦਾ ਪਤਾ ਸਾਨੂੰ ਹੁਣ 60 ਸਾਲਾਂ ਬਾਅਦ ਲੱਗ ਰਿਹਾ ਹੈ।

ਅੱਜ ਸਾਨੂੰ ਫਰਿੱਜ ਵਿਚੋਂ ਕੱਢਕੇ ਠੰਡੇ ਪਾਣੀ ਪੀਣ ਦੇ ਨੁਕਸਾਨਾਂ ਦਾ ਹੌਲੀ-ਹੌਲੀ ਪਤਾ ਲੱਗ ਰਿਹਾ ਹੈ ਤੇ ਆਮ ਜਨਤਾ ਘੁਮਿਆਰਾਂ ਦੇ ਆਵੇ ਦੇ ਪਕਾਏ ਘੜੇ ਮੁੜ ਤੋਂ ਖਰੀਦਣੇ ਸ਼ੁਰੂ ਕਰ ਰਹੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਅਸੀਂ ਬਹੁਤ ਸਾਰੀਆਂ ਕਾਢਾਂ ਆਪਣੇ ਬਚਾਓ ਲਈ ਨਹੀਂ ਸਗੋਂ ਨੁਕਸਾਨ ਵਾਸਤੇ ਵੀ ਕੱਢ ਲਈਆਂ ਹਨ ਜਾਂ ਫਿਰ ਇੰਞ ਕਹਿ ਲਈਏ ਕਿ ਸਾਨੂੰ ਉਸਦੇ ਵਰਤਣ ਦਾ ਪਤਾ ਨਹੀਂ। ਮੈਂ ਆਪ ਕਦੀ-ਕਦੀ ਰੋਪੜ ਵਾਲੇ ਵੈਦਾਂ, ਜੋ ਗੁਰੂ ਅਰਜਨ ਪਾਤਸ਼ਾਹ ਦੇ ਵੇਲੇ ਤੋਂ ਹਕੀਮੀ ਕਰਦੇ ਆ ਰਹੇ ਹਨ, ਨੂੰ ਫੂੰਨ ਕਰਕੇ ਕੁੱਝ ਨਾ ਕੁੱਝ ਪੁੱਛਦਾ ਰਹਿੰਦਾ ਹਾਂ। ਉਨ੍ਹਾਂ ਤੋਂ ਇਹ ਪਤਾ ਚੱਲਿਆ ਕਿ ਲਸਣ ਨੂੰ ਚਾਕੂ ਨਾਲ ਬਿਲਕੁੱਲ ਨਹੀਂ ਕੱਟਣਾ ਤੇ ਤੇਲ ਵਿਚ ਭੁੰਨ ਕੇ ਖਾਣ ਨਾਲ 90% ਤੱਤ ਖਤਮ ਹੋ ਜਾਂਦੇ ਹਨ ਪਰ ਸਾਨੂੰ ਤਾਂ ਕੋਈ ਵੀ ਸਬਜ਼ੀ ਜਾਂ ਦਾਲ ਤੜਕੇ ਤੋਂ ਬਗੈਰ ਸਵਾਦ ਹੀ ਨਹੀਂ ਲੱਗਦੀ। ਮਿੱਟੀ ਦਾ ਕੂੰਡਾ, ਵਿਚ ਪੱਥਰ ਦੇ ਰੋੜ ਅਤੇ ਨਿੰਮ ਦਾ ਘੋਟਣਾ ਇਹ ਤਿੰਨੇ ਹੀ ਅੰਦਰੂਨੀ ਬਿਮਾਰਿਆਂ ਨੂੰ ਖਤਮ ਕਰਨ ਦਾ ਕੰਮ ਕਰਦੇ ਹਨ। ਪਰ ਮੈਕਸੀ ਵਿਚ ਚਟਣੀ ਬਣਾਉਣ ਨਾਲ ਅਸੀਂ ਇਨ੍ਹਾਂ ਤਿੰਨਾਂ ਚੀਜਾਂ ਦੇ ਫਾਈਦੇ ਉਠਾਉਣ ਤੋਂ ਵਾਂਝੇ ਰਹਿ ਗਏ ਤੇ ਅਸੀਂ ਬਿਮਾਰੀਆਂ ਵੱਲ ਨੂੰ ਆਪ ਹੀ ਤੁਰ ਗਏ। ਕੱਚਾ ਲਸਣ ਸਾਡੇ ਖ਼ੂੰਨ ਨੂੰ ਪਤਲਾ ਕਰਦਾ ਹੈ ਅਤੇ ਨਾੜੀਆਂ ਨੂੰ ਬੰਦ ਹੋਣ ਤੋਂ ਬਚਾਉਂਦਾ ਹੈ। ਜੇਕਰ ਨਾੜੀਆਂ ਬੰਦ ਜਾਂ ਤੰਗ ਹੋਣੋ ਬਚ ਗਈਆਂ ਤਾਂ ਅਸੀਂ ਵੀ ਬਲੱਡ-ਪਰੈਸ਼ਰ ਅਤੇ ਹਰਟ-ਅਟੈਕ ਦੀ ਬਿਮਾਰੀ ਤੋਂ ਬਚ ਗਏ। ਮੈਕਸੀ ਵਿਚ ਤਿਆਰ ਕੀਤੀ ਚਟਣੀ ਦਾ ਇਕ ਚਮਚ ਪਾਣੀ ਦੇ ਗਿਲਾਸ ਵਿਚ ਪਾ ਕੇ ਦੇਖੋ ਤੁਹਾਨੂੰ ਪੁਦੀਨੇ ਦੇ ਪੱਤੇ ਬਰੀਕ-ਬਰੀਕ ਕੱਟੇ ਹੋਏ ਨਜ਼ਰ ਤਾਂ ਆਉਣਗੇ ਪਰ ਘੁਟੇ ਹੋਏ ਨਹੀਂ ਦਿਸਣਗੇ। ਅਸੀਂ ਆਪਣਾ ਕੰਮ ਤਾਂ ਸੌਖਾ ਕਰ ਲਿਆ ਪਰ ਉਸਦੇ ਫਾਇਦੇ ਤੋਂ ਵੀ ਵਾਂਝੇ ਹੋ ਗਏ। ਹਾੜੀ ਵੱਢਦਿਆਂ ਦੇ ਜਦੋਂ ਉਂਗਲ ਤੇ ਦਾਤਰੀ ਵੱਜਦੀ ਤਾਂ ਬਾਪੂ ਕਹਿੰਦਾ ਮੁੰਡਿਆ ਜ਼ਖਮ ਤੇ ਪਿਸ਼ਾਬ ਕਰਕੇ ਫਿਰ ਥੋੜੀ ਮਿੱਟੀ ਲਾ ਕੇ ਉਪਰ ਟਾਕੀ ਬੰਨ ਲੈ ਕੱਲ੍ਹ ਤਕ ਅਰਾਮ ਆ ਜਾਊ। ਪਰ ਅੱਜ ਦੇ ਬੱਚਿਆਂ ਨੂੰ ਤਾਂ ਪਤਾ ਹੀ ਨਹੀਂ ਕਿ ਪਿਸ਼ਾਬ ਐਂਟੀਸੈਪਟਿਕ ਹੈ। ਅੱਜ ਦੇ ਬੱਚੇ ਤਾਂ ਇਹ ਜਾਣਦੇ ਹਨ ਕਿ ਪਿਸ਼ਾਬ ਕਰਨ ਤੋਂ ਬਾਅਦ ਸਾਬਣ ਨਾਲ ਹੱਥ ਚੰਗੀ ਤਰ੍ਹਾਂ ਧੋਣੇ ਬਹੁਤ ਜ਼ਰੂਰੀ ਹਨ।

ਛੇ ਕੁ ਮਹੀਨੇ ਪਹਿਲਾਂ ਮੈਂ ਇਕ ਲੇਖ, ਕੁੱਝ ਬਿਮਾਰੀਆਂ ਦੇ ਇਲਾਜ਼ ਤੁਹਾਡੇ ਹੱਥ ਵਿਚ ਲਿਖਿਆ ਸੀ ਜਿਸਨੂੰ ਪਾਠਕ ਅੱਜ ਤਕ ਸਾਂਭੀ ਬੈਠੇ ਹਨ। ਕੱਲ ਕਿਸੇ ਸੱਜਣ ਨੇ ਫੂੰਨ ਕੀਤਾ ਕਿ ਗਠੀਏ ਦੇ ਇਲਾਜ਼ ਬਾਰੇ ਦੱਸੋ। ਫੂੰਨ ਜੀ ਸਦਕੇ ਕਰੋ ! ਕੋਈ ਗੱਲ ਨਹੀਂ ਪਰ ਮੇਰੀ ਬੇਨਤੀ ਹੈ ਕਿ ਮੈਂ ਕੋਈ ਵੈਦ ਜਾਂ ਦਵਾਖਾਨਾ ਨਹੀਂ ਖੋਲਿਆ ਹੋਇਆ। ਜਿਸ ਕਿਸੇ ਨੁਸਖੇ ਬਾਰੇ ਮੈਨੂੰ ਪਤਾ ਚੱਲਦਾ ਹੈ ਉਹ ਮੈਂ ਪੰਜਾਬੀ ਭੈਣਾਂ-ਭਰਾਵਾਂ ਦੇ ਪੇਸ਼ ਕਰ ਦਿੰਦਾ ਹਾਂ। ਲਸਣ, ਅਧਰਕ ਜਿਤਨਾ ਹੋ ਸਕੇ ਕੱਚਾ ਖਾਇਆ ਜਾਵੇ ਜਾਂ ਫਿਰ ਸ਼ਹਿਦ ਵਿਚ ਮਿਲਾ ਕੇ। ਫਇਦਾ ਹੀ ਫਾਇਦਾ ਨੁਕਸਾਨ ਕੋਈ ਨਹੀਂ। ਮਸਾਲਿਆਂ ਨੂੰ ਰਿੱਝਦੇ ਸਾਗ, ਦਾਲ ਜਾਂ ਮੀਟ ਵਿਚ ਪਾ ਦਿਓ। ਹੌਲੀ ਹੌਲੀ ਆਦਤ ਬਦਲ ਜਾਵੇਗੀ ਤੇ ਇਹੋ ਬਗੈਰ ਤੜਕੇ-ਫੜਕੇ ਦੇ ਹੀ ਸਵਾਦ ਲੱਗਣ ਲੱਗ ਪਵੇਗਾ। ਜੇਕਰ ਤੜਕਾ ਲਾਉਣਾ ਹੀ ਹੈ ਤਾਂ ਸਿਰਫ ਪਿਆਜ ਨੂੰ ਤੇਲ ਵਿਚ ਭੂੰਨ ਲਓ ਤੇ ਅਖੀਰਲੇ ਮਿੰਟ ਹਲਦੀ ਤੇ ਹੋਰ ਗਰਮ ਮਸਾਲੇ ਜਲਦੀ-ਜਲਦੀ ਪਾ ਕੇ ਥੋੜਾ ਬਹੁਤ ਹਲਾ ਕੇ ਥੱਲੇ ਲਾਹ ਲਓ। ਬਸ ਇਤਨਾ ਹੀ ਕਾਫੀ ਹੈ। ਗੁਰਬਾਣੀ ਦਾ ਫੁਰਮਾਣ ਹੈ:

ਸਿਰੀਰਾਗੁ ਮਹਲਾ ੫ ॥ ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ॥ ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ ॥ ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ ॥੧॥ ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥ ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ ਰਹਾਉ ॥

ਜਿਨ੍ਹਾ ਜ਼ਿਆਦਾ ਮਿੱਠਾ ਅਸੀਂ ਖਾਦੇ ਹਾਂ ਉਤਨਾ ਹੀ ਉਸਦਾ ਸਾਡੇ ਸ਼ਰੀਰ ਤੇ ਭੈੜਾ ਅਸਰ ਪੈਂਦਾ ਹੈ ਜਿਵੇਂ ਤਿਜ਼ਾਬੀ ਮਾਦਾ ਦਾ ਹੋਣਾ ਜਾਂ ਸ਼ੂਗਰ ਰੋਗ ਦਾ ਉਤਪੰਨ ਹੋਣਾ। ਜਿਨ੍ਹੇ ਜ਼ਿਆਦਾ ਦੋਸਤ ਮਿੱਤਰ ਬਣਾਏ ਉੱਤਨੇ ਹੀ ਵਾਧੂ ਝਗੜੇ ਸਹੇੜੇ ਜਾਂਦੇ ਹਨ। ਇਹ ਸਾਰੀਆਂ ਚੀਜਾਂ, ਧਨ-ਦੌਲਤ ਆਦਿ ਦਾ ਜਾਂਦਿਆਂ ਦਾ ਪਤਾ ਵੀ ਨਹੀਂ ਲੱਗਦਾ। ਐ ਬੰਦੇ ! ਆਪਣੀ ਮੱਤ ਛੱਡ ਤੇ ਗਿਆਨ ਲੈ ਕੇ ਸੱਚ ਨਾਲ ਜ਼ਿੰਦਗੀ ਬਤੀਤ ਕਰਨ ਦੀ ਕੋਸ਼ਿਸ਼ ਕਰ। ਇਹੀ ਇਕ ਵਧੀਆ, ਸੌਖਾ ਤੇ ਸਰਲ ਤਰੀਕਾ ਹੈ ਅਨੰਦ ਮਾਨਣ ਦਾ। -੦-

# ਵਿਕਾਸ ਦੇ ਲਈ ਭਾਰਤ ਗੁਆਂਢੀ ਦੇਸਾਂ ਨਾਲ ਚੰਗੇ ਸੰਬੰਧ ਬਣਾਏ

-ਰਜਿੰਦਰ ਸਿੰਘ

**ਕੋਰੋਨਾ ਵਾਇਰਸ ਦੇ ਯੁੱਗ ਦੌਰਾਨ ਨਵੇਂ ਗਲੋਬਲ ਵਿਲੇਜ (ਵਿਸ਼ਵ ਪਿੰਡ) ਦੀ ਧਾਰਨਾ ਪ੍ਰਫੁਲਿਤ ਹੋਵੇਗੀ, ਜਿਸ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਦੀ ਸਰਬੱਤ ਦੇ ਭਲੇ ਵਾਲੀ ਨੀਤੀ ਅਗਵਾਈ ਕਰੇਗੀ। ਮੌਜੂਦਾ ਦੌਰ ਦੇਖਣ ਤੋਂ ਬਾਅਦ ਜ਼ਿਆਦਾਤਰ ਇਨਸਾਨ ਇਹ ਹਰਗਿਜ਼ ਨਹੀਂ ਚਾਹੁਣਗੇ ਕਿ ਸੰਸਾਰ ਵਿਚ ਅਣ-ਮਨੁੱਖੀ ਵਰਤਾਰਾ ਵਧੇ-ਫੁੱਲੇ ਤੇ ਜੰਗਾਂ ਦਾ ਮਾਹੌਲ ਬਣੇ। ਫਾਸ਼ੀਵਾਦ, ਨਸਲਵਾਦ ਤੇ ਜਾਤੀਵਾਦ ਤੇ ਹਰੇਕ ਤਰ੍ਹਾਂ ਦੀ ਗਿਰਾਵਟ ਦੇ ਚੱਕਰਵਿਊ ਵਿਚ ਫਸੇ ਸਮਾਜ ਨੂੰ ਪਸੰਦ ਨਹੀਂ ਕੀਤਾ ਜਾ ਸਕਦਾ। ਦੇਸ਼ਾਂ ਵਿਚਾਲੇ ਨਫ਼ਰਤਾਂ ਤੋਂ ਮੁਕਤੀ ਵਾਲੇ ਸਰਬੱਤ ਦੇ ਭਲੇ ਵਾਲੇ ਸੰਸਾਰ ਦੀ ਕਲਪਨਾ ਕਰਨੀ ਬਣਦੀ ਹੈ। ਇਸ ਦੇ ਲਈ ਰਾਸ਼ਟਰਾਂ ਨੂੰ ਆਪਣੀ ਸੋਚ ਬਦਲਣੀ ਪਵੇਗੀ। ਆਪਣੇ ਨਾਗਰਿਕਾਂ ਨੂੰ ਇੰਦਰੀਆਂ ਦੇ ਸੁੱਖ ਵਾਲੇ ਜੀਵਨ ਦੀ ਥਾਂ ਹਕੀਕੀ ਜੀਵਨ ਸੁੱਖ ਦੀ ਪ੍ਰਾਪਤੀ ਦੀ ਵਿਧੀ ਦੀ ਸਿਖਲਾਈ ਦੇਣੀ ਹੋਵੇਗੀ। ਸੰਜਮ ਭਰਪੂਰ ਅਤੇ ਸਾਦਗੀ ਵਾਲੀ ਜੀਵਨ-ਸ਼ੈਲੀ ਦੀ ਦਰਕਾਰ ਹੋਵੇਗੀ।**

ਜਦੋਂ ਭਾਰਤ ਵਿਸ਼ਵਵਿਆਪੀ ਕੋਰੋਨਾ ਮਹਾਂਮਾਰੀ ਅਤੇ ਆਰਥਿਕ ਮੰਦੀ ਦਾ ਸਾਹਮਣਾ ਕਰ ਰਿਹਾ ਹੈ ਤਾਂ ਉਸ ਸਮੇਂ ਦੌਰਾਨ ਭਾਰਤ-ਚੀਨ ਸਰਹੱਦ 'ਤੇ ਲੱਦਾਖ ਵਿਚ ਗੰਭੀਰ ਟਕਰਾਅ ਪੈਦਾ ਹੋਣਾ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਸੀ। ਭਾਰਤ ਦੇ 20 ਜਵਾਨ ਇਸ ਘਟਨਾ ਵਿਚ ਸ਼ਹੀਦ ਹੋ ਚੁੱਕੇ ਹਨ। ਪਰ ਸੰਕਟ ਦਾ ਹੱਲ ਅਜੇ ਤੱਕ ਨਹੀਂ ਨਿਕਲਿਆ। ਬਹੁਤ ਸਾਰੇ ਸਰੋਤ ਇਹ ਕਹਿ ਰਹੇ ਹਨ ਕਿ ਚੀਨ ਨੇ ਸ਼ੁਰੂਆਤ ਕੀਤੀ। ਦੂਸਰੇ ਪਾਸੇ ਚੀਨ ਦਾ ਵੀ ਮੱਤ ਹੈ ਕਿ ਉਹ ਆਪਣੀ ਹੱਦ ਵਿਚ ਹੀ ਹਨ। ਸਾਨੂੰ ਜਾਪਦਾ ਹੈ ਕਿ ਇਹ ਗੱਲ ਅਖ਼ਬਾਰੀ ਬਿਆਨਾਂ ਤੇ ਬਿਉਰੋਕ੍ਰੇਸੀ ਦੇ ਪੱਧਰ 'ਤੇ ਨਹੀਂ ਨਿਪਟ ਸਕਦੀ। ਇਸ ਗੱਲ ਨੂੰ ਨਿਪਟਾਉਣ ਦੇ ਲਈ ਦੋਹਾਂ ਪ੍ਰਧਾਨ ਮੰਤਰੀਆਂ ਨੂੰ ਆਪਸ ਵਿਚ ਤਾਲਮੇਲ ਤੇ ਗੱਲਬਾਤ ਕਰਨ ਦੀ ਲੋੜ ਹੈ। ਇਹ ਏਸ਼ੀਆ ਦੀ ਸ਼ਾਂਤੀ ਲਈ ਅਤਿਅੰਤ ਜ਼ਰੂਰੀ ਹੈ। ਬਹੁਤ ਸਾਰੇ ਅਖੌਤੀ ਦੇਸ਼ ਭਗਤ ਇਸੇ ਸੋਚ ਵਿਚ ਪਾਗਲ ਹੋਈ ਜਾ ਰਹੇ ਹਨ ਕਿ 20 ਸ਼ਹੀਦ ਜਵਾਨਾਂ ਦਾ ਬਦਲਾ ਲੈਣਾ ਚਾਹੀਦਾ ਹੈ, ਜਿਵੇਂ ਪਾਕਿਸਤਾਨ ਉੱਪਰ ਸਰਜੀਕਲ ਸਟ੍ਰਾਈਕ ਕੀਤਾ ਗਿਆ ਸੀ। ਪਰ ਇਨ੍ਹਾਂ ਭਗਤਾਂ ਨੂੰ ਇਹ ਗਿਆਨ ਨਹੀਂ ਹੈ ਕਿ ਚੀਨ ਭਾਰਤ ਤੋਂ ਫੌਜੀ ਸ਼ਕਤੀ ਪੱਖੋਂ ਜ਼ਿਆਦਾ ਮਜ਼ਬੂਤ ਹੈ ਤੇ ਭਾਰਤ ਦੇ ਆਲੇ-ਦੁਆਲੇ ਦੋ ਗੁਆਂਢੀ ਦੇਸ ਹਨ, ਉਹ ਵੀ ਚੀਨ ਦੇ ਪੱਖ ਵਿਚ ਹਨ। ਕਾਂਗਰਸ ਵੀ ਇਸ ਪੱਖੋਂ ਭੜਕਾਊ ਬਿਆਨ ਦੇ ਰਹੀ ਹੈ, ਪਰ ਪ੍ਰਧਾਨ ਮੰਤਰੀ ਮੋਦੀ ਨੇ ਹਾਲੇ ਤੱਕ ਇਸ ਬਾਰੇ ਸੂਝ ਬੂਝ ਨਾਲ ਕਦਮ ਉਠਾਏ ਹਨ। ਆਸ ਕੀਤੀ ਜਾਂਦੀ ਹੈ ਕਿ ਉਹ ਗੱਲਬਾਤ ਦਾ ਰਾਹ ਅਪਨਾ ਕੇ ਚੀਨ ਤੋਂ ਇਲਾਵਾ ਪਾਕਿਸਤਾਨ, ਨੇਪਾਲ, ਸ੍ਰੀਲੰਕਾ, ਬੰਗਲਾਦੇਸ ਸਭ ਦੇ ਨਾਲ ਭਾਈਚਾਰਾ ਕਾਇਮ ਕਰਨਗੇ। ਯਾਦ ਰੱਖਣ ਵਾਲੀ ਗੱਲ ਇਹ ਵੀ ਹੈ ਕਿ ਫੌਜੀ ਸ਼ਕਤੀ ਦੇ ਮਾਮਲੇ ਵਿਚ ਚੀਨ ਤੇ ਭਾਰਤ ਦੁਨੀਆਂ ਦੀ ਦੂਸਰੀ ਤੇ ਤੀਸਰੀ ਵੱਡੀਆਂ ਫੌਜੀ ਤਾਕਤਾਂ ਹਨ। ਚੀਨ ਦੇ ਕੋਲ ਭਾਰਤ ਤੋਂ ਪੰਜਾਹ ਪ੍ਰਤੀਸ਼ਤ ਤੋਂ ਜ਼ਿਆਦਾ ਹਥਿਆਰ ਤੇ ਤਿਗੁਣਾ ਫੌਜੀ ਬਜਟ ਹੈ। ਪਿਛਲੇ ਚਾਰ ਦਹਾਕਿਆਂ ਵਿਚ ਚੀਨ ਨੇ ਵੱਡੀ ਪੱਧਰ 'ਤੇ ਆਰਥਿਕ ਵਿਕਾਸ ਕੀਤਾ ਹੈ। ਚੀਨ ਦੁਨੀਆਂ ਨੂੰ ਸਸਤੀ ਤੇ ਵਿਸ਼ਵ ਪੱਧਰੀ ਫੈਕਟਰੀਆਂ ਦਿੰਦਾ ਹੈ। ਪਰ ਭਾਰਤ ਨੇ ਅਜਿਹਾ ਨਹੀਂ ਕੀਤਾ। ਹਾਲਾਂਕਿ ਭਾਰਤ ਕੋਲ ਵੱਡਾ ਬਾਜ਼ਾਰ ਹੈ, ਪਰ ਉਸ ਦੀ ਔਸਤ ਕਾਰਜ ਸ਼ਕਤੀ ਇਕ ਔਸਤ ਚੀਨੀ ਨਾਲੋਂ ਪੰਜ ਗੁਣਾਂ ਘੱਟ ਹੈ। ਸੋ ਦੁਨੀਆਂ ਤਾਂ ਚੀਨ ਦਾ ਹੀ ਸਾਥ ਨਿਭਾਏਗੀ। ਜ਼ਾਹਿਰ ਹੈ ਕਿ ਆਰਥਿਕ ਫੌਜੀ ਤੇ ਕੂਟਨੀਤਕ ਦ੍ਰਿਸ਼ਟੀ ਤੋਂ ਭਾਰਤ ਦੇ ਲਈ ਸਥਿਤੀ ਬਹੁਤ ਜਟਿਲ ਤੇ ਔਖੀ ਹੈ। ਉਹ ਰਾਮ ਮੰਦਰ, ਮੁਸਲਮਾਨਾਂ ਵਿਰੁਧ ਸਾਜ਼ਿਸ਼ਾਂ ਘੜਨ, ਯੂਏਪੀਏ ਦਾ ਕਾਲੇ ਕਾਨੂੰਨਾਂ ਵਿਚ ਉਲਝਿਆ ਹੋਇਆ ਹੈ। ਕੋਰੋਨਾ ਯੁੱਗ ਵਿਚ ਉਹ ਕੋਰੋਨਾ ਦਾ ਹੱਲ ਭਾਬੀ ਜੀ ਦੇ ਪਾਪੜ ਤੇ ਪਾਖੰਡੀ ਬਾਬੇ ਰਾਮਦੇਵ ਦੀ ਦਵਾਈਆਂ ਵਿਚੋਂ ਭਾਲ ਰਿਹਾ ਹੈ।

ਭਾਰਤ ਨੂੰ ਫੌਜੀ ਟਕਰਾਅ ਨਹੀਂ ਵਧਾਉਣਾ ਚਾਹੀਦਾ। ਇਸ ਵਾਪਰੀ ਘਟਨਾ ਤੋਂ ਪਹਿਲਾਂ, ਜੇ ਭਾਰਤ 45 ਸਾਲਾਂ ਤੋਂ ਸ਼ਾਂਤੀ ਬਣਾਈ ਰੱਖ ਸਕਦਾ ਹੈ ਤਾਂ ਇਹੀ ਕੋਸ਼ਿਸ਼ ਭਾਰਤ ਨੂੰ ਕਰਨੀ ਚਾਹੀਦੀ ਹੈ। ਭਾਰਤ ਨੂੰ ਚੀਨ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਇਸ ਗੱਲਬਾਤ ਦੇ ਅਰਥ ਹਨ ਕਿ ਏਸ਼ੀਆ ਵਿਚ ਸ਼ਾਂਤੀ ਕਾਇਮ ਰੱਖਣਾ ਤੇ ਵੱਡੀ ਆਰਥਿਕ ਤਾਕਤ ਬਣਨਾ। ਕੁਝ ਲੈਣਾ ਤੇ ਕੁਝ ਦੇਣਾ ਇਹੀ ਸਮਝੌਤੇ ਦੇ ਅਰਥ ਹੁੰਦੇ ਹਨ। ਜੇਕਰ ਭਾਰਤ ਆਪਣੇ ਗੁਆਂਢੀਆਂ ਦਾ ਸਨਮਾਨ ਕਰੇਗਾ ਤਾਂ ਇਸ ਦੇ ਚੰਗੇ ਨਤੀਜੇ ਨਿਕਲਣਗੇ। ਭਾਰਤ ਨੂੰ ਪਾਕਿਸਤਾਨ ਦੇ ਨਾਲ ਵੀ ਦੋਸਤੀ ਦਾ ਹੱਥ ਵਧਾਉਣਾ ਚਾਹੀਦਾ ਹੈ। ਇਸ ਸੰਬੰਧ ਵਿਚ ਰੂਸ ਤੇ ਚੀਨ ਦੀ ਸਹਾਇਤਾ ਵੀ ਲਈ ਜਾ ਸਕਦੀ ਹੈ। ਇਸ ਨਾਲ ਭਾਰਤ ਵਿਚ ਅਮਰੀਕਾ ਦੀ ਦਖਲਅੰਦਾਜ਼ੀ ਵੀ ਘਟੇਗੀ ਅਤੇ ਵਿਸ਼ਵ ਪੱਧਰ 'ਤੇ ਉਸ ਦੀ ਆਰਥਿਕ ਸ਼ਕਤੀ ਵਿਚ ਵੀ ਵਾਧਾ ਹੋਵੇਗਾ। ਇਸ ਲਈ ਭਾਰਤ ਨੂੰ ਮੰਨਣਾ ਚਾਹੀਦਾ ਹੈ ਕਿ ਚੀਨ ਭਾਰਤ ਦਾ ਵਿਰੋਧੀ ਨਹੀਂ, ਮਿੱਤਰ ਹੈ। ਜੋ ਹੱਦਾਂ ਦਾ ਝਗੜਾ ਹੈ ਉਹ ਤਾਂ ਗੱਲਬਾਤ ਰਾਹੀਂ ਨਿਬੜ ਸਕਦਾ ਹੈ। ਕੋਰੋਨਾ ਵਾਇਰਸ ਦੇ ਯੁੱਗ ਦੌਰਾਨ ਨਵੇਂ ਗਲੋਬਲ ਵਿਲੇਜ (ਵਿਸ਼ਵ ਪਿੰਡ) ਦੀ ਧਾਰਨਾ ਪ੍ਰਫੁਲਿਤ ਹੋਵੇਗੀ, ਜਿਸ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਦੀ ਸਰਬੱਤ ਦੇ ਭਲੇ ਵਾਲੀ ਨੀਤੀ ਅਗਵਾਈ ਕਰੇਗੀ। ਮੌਜੂਦਾ ਦੌਰ ਦੇਖਣ ਤੋਂ ਬਾਅਦ ਜ਼ਿਆਦਾਤਰ ਇਨਸਾਨ ਇਹ ਹਰਗਿਜ਼ ਨਹੀਂ ਚਾਹੁਣਗੇ ਕਿ ਸੰਸਾਰ ਵਿਚ ਅਣ-ਮਨੁੱਖੀ ਵਰਤਾਰਾ ਵਧੇ-ਫੁੱਲੇ ਤੇ ਜੰਗਾਂ ਦਾ ਮਾਹੌਲ ਬਣੇ। ਫਾਸ਼ੀਵਾਦ, ਨਸਲਵਾਦ ਤੇ ਜਾਤੀਵਾਦ ਤੇ ਹਰੇਕ ਤਰ੍ਹਾਂ ਦੀ ਗਿਰਾਵਟ ਦੇ ਚੱਕਰਵਿਊ ਵਿਚ ਫਸੇ ਸਮਾਜ ਨੂੰ ਪਸੰਦ ਨਹੀਂ ਕੀਤਾ ਜਾ ਸਕਦਾ। ਦੇਸ਼ਾਂ ਵਿਚਾਲੇ ਨਫ਼ਰਤਾਂ ਤੋਂ ਮੁਕਤੀ ਵਾਲੇ ਸਰਬੱਤ ਦੇ ਭਲੇ ਵਾਲੇ ਸੰਸਾਰ ਦੀ ਕਲਪਨਾ ਕਰਨੀ ਬਣਦੀ ਹੈ। ਇਸ ਦੇ ਲਈ ਰਾਸ਼ਟਰਾਂ ਨੂੰ ਆਪਣੀ ਸੋਚ ਬਦਲਣੀ ਪਵੇਗੀ। ਆਪਣੇ ਨਾਗਰਿਕਾਂ ਨੂੰ ਇੰਦਰੀਆਂ ਦੇ ਸੁੱਖ ਵਾਲੇ ਜੀਵਨ ਦੀ ਥਾਂ ਹਕੀਕੀ ਜੀਵਨ ਸੁੱਖ ਦੀ ਪ੍ਰਾਪਤੀ ਦੀ ਵਿਧੀ ਦੀ ਸਿਖਲਾਈ ਦੇਣੀ ਹੋਵੇਗੀ। ਸੰਜਮ ਭਰਪੂਰ ਅਤੇ ਸਾਦਗੀ ਵਾਲੀ ਜੀਵਨ-ਸ਼ੈਲੀ ਦੀ ਦਰਕਾਰ ਹੋਵੇਗੀ।

ਭਾਰਤੀ ਸੰਦਰਭਾਂ ਵਿਚ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੋਚ ਨੂੰ ਅਪਨਾ ਕੇ ਹੀ ਭਾਰਤ ਨੂੰ ਵਿਕਾਸ ਦੇ ਰਾਹਾਂ 'ਤੇ ਤੋਰਿਆ ਜਾ ਸਕਦਾ ਹੈ। ਯਾਦ ਰੱਖਣ ਵਾਲੀ ਗੱਲ ਹੈ ਕਿ ਹਰ ਆਫ਼ਤ ਅਤੇ ਵੱਡੀ ਜੰਗ ਤੋਂ ਬਾਅਦ ਦੁਨੀਆ ਨੇ ਦਿਸ਼ਾ ਬਦਲੀ ਹੈ। ਟੀਚੇ ਬਦਲੇ ਹਨ। ਇਸ ਮਹਾਮਾਰੀ ਨੇ ਸਟਾਰਵਾਰ ਦੀ ਕਲਪਨਾ ਵਾਲੀ ਸੱਭਿਅਤਾ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ। ਮੰਗੋਲੀਆ, ਕੰਬੋਡੀਆ, ਵੀਅਤਨਾਮ, ਭੂਟਾਨ ਅਤੇ ਕਾਫ਼ੀ ਹੱਦ ਤਕ ਭਾਰਤ ਵੀ ਖੜ੍ਹਾ ਹੈ ਤਾਂ ਇਸ ਲਈ ਕਿ ਇੱਥੇ ਪਿੰਡ ਜ਼ਿੰਦਾ ਹਨ, ਖੇਤੀ ਦਾ ਸੱਭਿਆਚਾਰ ਜ਼ਿੰਦਾ ਹੈ। ਇਨ੍ਹਾਂ ਸਭ ਥਾਵਾਂ 'ਤੇ ਖੇਤੀ ਵਪਾਰ ਨਹੀਂ ਹੈ। ਜੀਵਨ ਦਾ ਆਧਾਰ ਸੀ ਅਤੇ ਹੈ। ਇਨ੍ਹਾਂ ਹਾਲਾਤਾਂ ਨੂੰ ਭਾਰਤ ਲਈ ਸਮਝਣ ਦੀ ਲੋੜ ਹੈ, ਨਹੀਂ ਤਾਂ ਕੋਈ ਨਵੇਂ ਵਿਸ਼ਾਣੂ ਸਾਡਾ ਨੁਕਸਾਨ ਕਰਨਗੇ। ਸੱਭਿਅਤਾ ਤਾਂ ਉਹੀ ਹੈ ਜੋ ਸਭ ਵਿਚ ਨਿਡਰਤਾ, ਅਜ਼ਾਦੀ ਤੇ ਮਨੁੱਖੀ ਭਾਵਨਾ ਪੈਦਾ ਕਰੇ। ਮਨੁੱਖ ਅਤੇ ਕੁਦਰਤ ਦਾ ਆਪਸ ਵਿਚ ਕੋਈ ਵੈਰ ਨਾ ਹੋਵੇ। ਆਪਸੀ ਭਾਈਚਾਰਕ ਸਾਂਝ ਵਾਲੀ ਸੱਭਿਅਤਾ ਹੋਵੇ। ਕੋਰੋਨਾ ਨੇ ਕੁਝ ਸਬਕ ਵੀ ਸਿਖਾਏ ਹਨ। ਉਨ੍ਹਾਂ ਵਿਚ ਸਭ ਤੋਂ ਮਹੱਤਵਪੂਰਨ ਹੈ ਕਿ ਮਨੁੱਖ ਦੀਆਂ ਜ਼ਰੂਰਤਾਂ ਬਹੁਤ ਸੀਮਤ ਹਨ। ਦੁਨੀਆ ਬਿਨਾਂ ਤੇਲ ਫੂਕੇ ਵੀ ਚੱਲ ਸਕਦੀ ਹੈ। ਦੁਨੀਆ ਜਲ-ਥਲ ਅਤੇ ਆਕਾਸ਼ ਨੂੰ ਗੰਦਾ ਕੀਤੇ ਬਿਨਾਂ ਵੀ ਚੱਲ ਸਕਦੀ ਹੈ। ਜਿਸ ਰਸਤੇ 'ਤੇ ਦੁਨੀਆ ਪੰਜ ਮਹੀਨੇ ਚੱਲ ਸਕਦੀ ਹੈ, ਉਸ ਰਸਤੇ 'ਤੇ ਚੱਲਣ ਵਾਲੀ ਸੱਭਿਅਤਾ ਜਾਂ ਵਿਸ਼ਵ ਵਿਵਸਥਾ ਬਣਾਈ ਜਾਵੇ ਅਤੇ ਪ੍ਰਮਾਣੂ ਜੰਗਾਂ ਨਾਲ ਤੋੜ ਵਿਛੋੜਾ ਕੀਤਾ ਜਾਵੇ। ਇਸੇ ਤਹਿਤ ਹੀ ਮਨੁੱਖੀ ਵਿਕਾਸ ਸੰਭਵ ਹੈ। ਇਹੀ ਪੂੰਜੀਵਾਦੀ ਸੱਭਿਅਤਾ ਤੇ ਗੋਲਬਲ ਯੁੱਗ ਦਾ ਬਦਲ ਹੈ। ਮਨੁੱਖ ਦੇ ਸਵੈ-ਮਾਣ ਅਤੇ ਮਨੁੱਖਤਾ ਦੇ ਕਲਿਆਣ ਵਾਲੀ ਸੱਭਿਅਤਾ ਉਸਾਰਨ ਦੀ ਲੋੜ ਹੈ, ਜਿਸ ਦਾ ਭਰਪੂਰ ਨਕਸ਼ਾ ਗੁਰੂ ਗ੍ਰੰਥ ਸਾਹਿਬ ਵਿਚ ਹਲੇਮੀ ਰਾਜ ਤੇ ਬੇਗਮਪੁਰੇ ਦੇ ਰੂਪ ਵਿਚ ਖਿਚਿਆ ਹੈ। ਭਾਰਤ ਇਸ ਨੂੰ ਕਦੋਂ ਪ੍ਰਵਾਨ ਕਰਦਾ ਹੈ, ਇਹ ਤਾਂ ਅਗਲਾ ਸੁਆਲ ਹੈ। ਉਸ ਨੇ ਉਜਾੜੇ ਵਲ ਜਾਣਾ ਹੈ ਜਾਂ ਮਨੁੱਖੀ ਕਲਿਆਣ ਵਲ। -੦-

# ਮੀਰੀ-ਪੀਰੀ

-ਪਰਮਿੰਦਰ ਸਿੰਘ ਪਰਵਾਨਾ

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ। ਸਿੱਖ ਧਰਮ ਦੀ ਨੀਂਹ ਸੱਚ ਅਤੇ ਕੁਰਬਾਨੀ ਤੇ ਰੱਖੀ ਗਈ ਹੈ। ਸਿੱਖ ਗੁਰੂਆਂ ਨੇ ਜਿੱਥੇ ਲੋਕਾਈ ਨੂੰ ਬੇਗਰਜ਼ ਸੇਵਾ ਨੂੰ ਮੁਕਤੀ ਨਾਲ ਜੋੜਿਆ, ਉਥੇ ਲੋੜ ਪੈਣ ਤੇ ਸੀਸ ਵੀ ਭੇਟ ਕੀਤੇ ਜਾਂਦੇ ਰਹੇ ਹਨ। ਸਿੱਖ ਇਤਿਹਾਸ ਵਿਚ ਉਹਨਾਂਕੁਰਬਾਨੀਆਂ ਤੇ ਸ਼ਹੀਦੀਆਂ ਦੀ ਲੰਮੀ ਦਾਸਤਾਨ ਹੈ ਜੋ ਗੁਰੂ ਸਾਹਿਬਾਨ ਦੇ ਅਨੇਕਾਂ ਸਿੰਘ, ਸਿੰਘਣੀਆਂ ਅਤੇ ਭੁਝੰਗੀਆਂ ਨੇ ਪ੍ਰਾਪਤ ਕੀਤੀਆਂ। ਗੁਰੂ ਗੋਬਿੰਦ ਸਿੰਘ ਜੀ ਨੇ ਗਰੀਬ, ਨਿਤਾਣੇ, ਲੁੱਟੇ-ਪੁੱਟੇ, ਦਬੇ ਕੁਚਲੇ, ਨਿਕੰਮੇ ਕਹੇ ਜਾਣ ਵਾਲਿਆਂ ਵਿਚ ਸਿੱਖੀ ਦਾ ਅਜਿਹਾ ਜਜ਼ਬਾ ਭਰਿਆ ਕਿ ਉਹ ਸਵੈਮਾਣ, ਸਵੈ-ਰੱਖਿਆ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਧਰਮੀ ਖਾਲਸਾ ਜੀ ਹੋ ਨਿਬੜੇ।ਨਿਸ਼ਾਨਾ ਅਜਿਹੇ ਰਾਜ ਦੀ ਪ੍ਰਾਪਤੀ ਦਾ ਰਿਹਾ ਜਿਸ ਵਿਚ ਧਰਮ ਅਤੇ ਰਾਜਨੀਤੀ ਦਾ ਸੰਯੋਗ ਹੋਵੇ। ਧਰਮ ਅਤੇ ਰਾਜਨੀਤੀ ਇਕ ਦੂਜੇ ਦੇ ਪੂਰਕ ਹਨ। ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹੋਏ ਵੀ ਸਮਤੋਲ ਵਿਚ ਰਹਿਣ ਤਾਂ ਸੰਸਾਰ ਵਿਚ ਉੱਨਤੀ ਅਤੇ ਅਮਨ ਕਾਇਮ ਰਹਿੰਦਾ ਹੈ।

ਕੁਰਬਾਨੀ ਜਜ਼ਬੇ ਦੇ ਮੀਰੀ ਗੁਣ, ਦੁਨਿਆਵੀ ਸੋਝੀ, ਸ਼ਕਤੀ ਅਤੇ ਤਾਕਤ ਦੇ ਨਾਲ ਨਾਲ ਅਧਿਆਤਮਕਤਾ ਦੇ ਪੀਰੀ ਗੁਣਾਂ ਤੋਂ ਮੀਰੀ-ਪੀਰੀ ਦੀ ਭਾਵਨਾ ਜਾਗ੍ਰਿਤ ਹੁੰਦੀ ਹੈ। ਮੁਗਲ ਹਾਕਮਾਂ ਨੇ ਜ਼ਬਰੀ ਧਰਮ ਪਰਿਵਰਤਨ ਲਈ ਪਰਜਾ ਤੇ ਬੜੇ ਜੁਲਮ ਕੀਤੇ।ਸਤਾਏ ਲੋਕਾਂ ਵਿਚ ਜੂਝ ਕੇ ਜਬਰ ਦਾ ਨਾਸ਼ ਕਰਨ ਦੀ ਭਾਵਨਾ ਪ੍ਰਗਟ ਹੋਈ। ਸਿੰਘਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਇਤਨੇ ਅਣ-ਮਨੁੱਖੀ ਤਸੀਹੇ ਤਨ ਤੇ ਹੰਢਾਏ ਕਿ ਜ਼ੁਲਮਾਂ ਦੇ ਥੰਮ ਢਾਹ ਦਿੱਤੇ।

ਪੀਰੀ ਤੋਂ ਭਾਵ ਅਧਿਆਤਮਕ ਜੀਵਨ ਸ਼ੈਲੀ ਹੈ ਅਤੇ ਮੀਰ ਤੋਂ ਭਾਵ ਹੈ ਅਮੀਰ ਜਾਂ ਹੁਕਮ ਕਰਨ ਵਾਲਾ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੀ ਸ਼ਖਸੀਅਤ ਨਾਲ ਮੀਰੀ ਅਤੇ ਪੀਰੀ ਨੂੰ ਜੋੜ ਲਿਆ ਤਾਂ ਜੋ ਧਰਮ ਅਤੇ ਸ਼ਕਤੀ ਦਾ ਸੁਮੇਲ ਸਮੂਹਿਕ ਤੌਰ 'ਤੇ ਕਾਇਮ ਰਹੇ। ਗੁਰੂ ਸਾਹਿਬ ਨੇ ਧਰਮ ਅਤੇ ਸ਼ਕਤੀ ਦੀ ਪੂਰਤੀ ਲਈ ਦੋ ਤਲਵਾਰਾਂ ਸਜਾ ਲਈਆਂ। ਅਧਿਆਤਮਕ ਜੀਵਨ ਜਿਉਂਦੇ ਸ਼ਕਤੀ ਨੂੰ ਵੀ ਧਾਰਨ ਕਰਨਾ ਹੈ। ਬਰਕਰਾਰ ਰੱਖਣਾ ਹੈ। ਭਗਤੀ ਮਾਰਗ ਦੇ ਨਾਲ ਨਾਲ ਸ਼ਕਤੀ ਮਾਰਗ ਨੂੰ ਵੀ ਅੱਗੇ ਤੋਰਿਆ। ਰੂਹਾਨੀ ਅਤੇ ਸਿਆਸੀ ਦੋਹਾਂ ਤਰ੍ਹਾਂ ਦੀ ਸਤਾ ਨੂੰ ਇਕ ਥਾਂ ਰੱਖਣਾ ਹੈ। ਜਦੋਂ ਸਮਰੱਥ ਰਾਮਦਾਸ ਨੇ ਗੁਰੂ ਸਾਹਿਬ ਨੂੰ ਪੁੱਛਿਆ ਕਿ ਰੂਹਾਨੀ ਸਖਸ਼ੀਅਤਾਂ ਨੂੰ ਸ਼ਸਤਰ ਰੱਖ ਦੀ ਕੀ ਲੋੜ ਹੈ ਤਾਂ ਗੁਰੂ ਸਾਹਿਬ ਨੇ ਫੁਰਮਾਇਆ ਸੀ ਕਿ ਸ਼ਸਤਰ ਮਜਲੂਮ ਦੀ ਰੱਖਿਆ ਤੇ ਜਰਵਾਣੇ ਦੀ ਭੱਖਿਆ ਲਈ ਹਨ।ਸੰਦੇਸ਼ ਸਾਫ ਸੀ ਕਿ ਸ਼ਸਤਰ ਧਾਰਨ ਕਰਕੇ ਅਨਿਆਂ, ਲੁੱਟ ਅਤੇ ਅਤਿਆਚਾਰ ਦਾ ਨਾਸ ਕਰਨਾ ਹੈ। ਜਦੋਂ ਗੁਰੂ ਜੀ ਦੇ ਸਿੱਖਾਂ ਨੇ ਭਗਤੀ ਦੀ ਰੋਸ਼ਨੀ ਵਿਚ ਸ਼ਕਤੀ ਦਾ ਪ੍ਰਯੋਗ ਕੀਤਾ ਤੇ ਕ੍ਰਾਂਤੀ ਆਈ। ਸਿੱਖ ਲਹਿਰ ਚਲੀ ਕਿ ਸਿੱਖ ਇਕ ਸੰਤ ਸਿਪਾਹੀ ਧਾਰਮਿਕ ਯੋਧਾ ਬਣ ਜ਼ੁਲਮ ਦੇ ਵਿਰੁਧ ਜੂਝਿਆ। ਗੁਰੂ ਜੀ ਨੇ 12 ਜੂਨ 1606 ਨੂੰ ਮੀਰੀ ਪੀਰੀ ਨਾਲ ਪੰਥ ਨੂੰ ਬਕਾਇਦਾ ਹਥਿਆਰਬੰਦ ਹੋਣ ਦਾ ਐਲਾਨ ਕਰ ਦਿੱਤਾ। ਸ਼ਾਂਤ ਰੱਸ ਦੇ ਨਾਲ ਨਾਲ ਬੀਰ-ਰਸ ਵੀ ਆਣ ਰਲਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੀ ਪਾਵਨ ਗੱਦੀ ਉਪਰ ਸਮੇਂ ਦੀ ਲੋੜ ਅਤੇ ਮਹੱਤਤਾ ਨੂੰ ਵੇਖ ਕੇ ਅਕਾਲ ਤਖਤ ਉੱਤੇ ਗੱਦੀ ਨਸ਼ੀਨ ਹੋਏ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਸਜਾਉਣੀਆਂ ਸ਼ੁਰੂ ਕਰ ਦਿੱਤੀਆਂ। ਮਾਲਾ ਅਤੇ ਸੇਲੀ ਦੀ ਥਾਂ ਦੋ ਤਲਵਾਰਾਂ ਸਜਾਉਣ ਨਾਲ ਧਾਰਮਿਕ ਸਿਧਾਂਤ ਸਿਆਸੀ ਜੱਦੋ-ਜਹਿਦ ਦਾ ਸੰਘਰਸ਼ ਬਣ ਗਿਆ। ਸਿੱਖ ਸਿਧਾਂਤ ਦਾ ਨਿਸ਼ਾਨਾ ਮਨੁੱਖ ਦੀ ਪੂਰਨ ਅਜ਼ਾਦੀ ਹੋਰ ਵੀ ਦ੍ਰਿੜ ਹੋ ਉੱਭਰਿਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਸ਼ਹਾਦਤ ਵੇਲੇ ਇਹ ਜਾਣ ਲਿਆ ਸੀ ਕਿ ਜ਼ੁਲਮ ਦੇ ਟਾਕਰੇ ਲਈ ਹਥਿਆਰਾਂ ਦੀ ਲੋੜ ਪਵੇਗੀ। ਉਨ੍ਹਾਂ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਹਦਾਇਤ ਕੀਤੀ ਕਿ ਹਥਿਆਰਬੰਦ ਹੋ ਕੇ ਗੁਰਗੱਦੀ ਤੇ ਬੈਠਣਾ ਹੈ। ਸਵੈ ਰੱਖਿਆ ਲਈ ਫੌਜ ਵੀ ਰੱਖਣੀ ਹੈ। ਤਦ ਹੀ ਗੁਰੂ ਹਰਗੋਬਿੰਦ ਸਿੰਘ ਸਾਹਿਬ ਜੀ ਕੋਲ 7000 ਘੋੜੇ 1300 ਘੋੜ ਸਵਾਰ ਤੇ 60 ਤੋਪਚੀ ਹਮੇਸ਼ਾ ਤਿਆਰ ਰਹਿੰਦੇ ਸਨ। ਸੰਗਤ ਉਨ੍ਹਾਂ ਨੂੰ ਮੀਰੀ ਪੀਰੀ ਦੇ ਮਾਲਕ ਕਹਿੰਦੀ ਸੀ। ਗੁਰੂ ਸਾਹਿਬ ਜੀ ਨੇ ਸ਼ਾਸਤਰ ਨੀਤੀ ਦੇ ਨਾਲ ਸ਼ਸਤਰ ਨੀਤੀ ਲਈ ਵੀ ਅਗਵਾਈ ਕੀਤੀ। ਇਸ ਚੜ੍ਹਦੀ ਕਲਾ ਦੀ ਭਾਵਨਾ ਨੂੰ ਦਸਾਂ ਗੁਰੂਆਂ ਨੇ ਨੇਪਰੇ ਚਾੜ੍ਹਿਆ।



ਪਹਿਲੇ ਪਾਤਿਸਾਹ ਗੁਰੂ ਨਾਨਕ ਦੇਵ ਜੀ ਨੇ ਸਮਾਜ ਦੀ ਦੁਰਦਸ਼ਾ ਵੇਖ ਕੇ ਜੀਵਨ ਵਿਚ ਜਪ, ਤਪ ਤੇ ਸੰਜਮ ਵਿਚ ਰਹਿੰਦਿਆਂ ਬਦੀ ਵਿਰੁਧ ਆਵਾਜ ਉਠਾਉਣਾ ਧਰਮ ਦਾ ਫਰਜ਼ ਦੱਸਿਆ। 'ਰਾਜੇ ਸੀਹ ਮੁਕਦਮ ਕੁਤੇ' ਕਹਿ ਕੇ ਸਮੇਂ ਦੇ ਹਾਕਮਾਂ ਦੇ ਜੁਲਮ ਤੇ ਅਨਿਆਂ ਦੀ ਨਿਖੇਧੀ ਕੀਤੀ।ਸੱਚ ਲਈ ਜੂਝਣ ਦੀ ਪ੍ਰੇਰਨਾ ਹੈ। ਗੁਰੂ ਨਾਨਕ ਦੇਵ ਜੀ ਨੇ ਦੌਲਤ ਖਾਂ ਲੋਧੀ ਨੂੰ ਕਿਹਾ ਕਿ ਉਹ ਰੱਬ ਤੋਂ ਬਗੈਰ ਕਿਸੇ ਵੀ ਦੂਜੇ ਦੀ ਸੱਤਾ ਨੂੰ ਨਹੀਂ ਮੰਨਦੇ। ਦੂਜੇ ਪਾਤਿਸਾਹ ਗੁਰੂ ਅੰਗਦ ਦੇਵ ਜੀ ਨੇ ਬਾਦਸ਼ਾਹ ਹਮਾਯੂੰ ਵੱਲ ਕੋਈ ਧਿਆਨ ਨਾ ਦਿੱਤਾ।

ਜਦ ਕਈ ਮੁਸਲਮਾਨ ਪੰਚਮ ਪਾਤਿਸਾਹ ਗੁਰੂ ਅਰਜਨ ਦੇਵ ਜੀ ਦੇ ਪੈਰੋਕਾਰ ਬਣ ਗਏ ਤਾਂ ਮੁਗਲ ਬਾਦਸ਼ਾਹ ਜਹਾਂਗੀਰ ਔਖਾ ਸੀ, ਉਸ ਨੇ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਕੇਵਲ ਅਕਾਲ ਪੁਰਖ ਦਾ ਤਖਤ ਕਾਇਤ ਕੀਤਾ। ਛੇਵੇਂ ਪਾਤਿਸਾਹ ਗੁਰੂ ਹਰਗੋਬਿੰਦ ਜੀ ਨੇ ਅਧਿਆਤਮਕ ਮਾਰਗ ਨੂੰ ਉਸੇ ਤਰ੍ਹਾਂ ਜਾਰੀ ਰੱਖਦਿਆਂ, ਮੁਗਲ ਸਮਾਰਾਜ ਨੂੰ ਚੁਣੌਤੀ ਦਿੱਤੀ। ਬਾਦਸ਼ਾਹ ਦੇ ਬਰਾਬਰ ਘੋੜ ਸਵਾਰੀ ਕੀਤੀ। ਸ਼ਿਕਾਰ ਖੇਡਿਆ, ਅਕਾਲ ਤਖਤ ਦੀ ਉਸਾਰੀ ਕੀਤੀ। ਅਦਾਲਤ ਲਗਾਈ। ਫੈਸਲੇ ਕੀਤੇ। ਬਕਾਇਦਾ ਫੌਜ ਬਣਾਈ। ਠਾਠ ਨਾਲ ਵਿਚਰੇ। ਸੰਗਤ ਦੀ ਭੇਟਾ ਵਿਚ ਸੁਡੌਲ ਜਵਾਨੀਆਂ ਅਤੇ ਹਥਿਆਰ ਲੈਣੇ ਅਰੰਭੇ। ਯੁੱਧ ਕੀਤੇ। ਭਗਤੀ ਅਤੇ ਸ਼ਕਤੀ ਨਾਲ ਲੋਕਾਂ ਵਿਚ ਹਿੰਮਤ, ਹੌਂਸਲਾ ਅਤੇ ਉਤਸ਼ਾਹ ਪੈਦਾ ਕੀਤਾ।

ਉਨ੍ਹਾਂ ਗੁਰੂ ਨਾਨਕ ਦੇਵ ਜੀ ਦਾ ਸਿੱਖੀ-ਸਿਧਾਂਤ ਦੱਸਿਆ ਕਿ ਗੁਰੂ ਨੇ ਕਿਹਾ ਸੀ ਕਿ ਲਾਲਚ ਨਾਲ ਦੌਲਤ ਇਕੱਠੀ ਕਰਨ ਦੀ ਮਨਾਹੀ ਕੀਤੀ। ਪਰ ਕਿਸੇ ਯੋਗ ਨਿਸ਼ਾਨੇ ਲਈ ਅਤੇ ਅਤਿਆਚਾਰ ਖਤਮ ਕਰਨ ਲਈ ਤਾਕਤ ਦੀ ਵਰਤੋਂ ਕਰਨ ਦੀ ਮਨਾਹੀ ਨਹੀਂ ਸੀ ਕੀਤੀ।

ਮਨੁੱਖਤਾ ਦੇ ਭਲੇ ਅਤੇ ਧਰਮ ਦੀ ਰੱਖਿਆ ਲਈ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ੧੬੭੫ ਵਿਚ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹੀਦੀਆਂ ਅਕਾਲ ਪੁਰਖ ਦੇ ਵਿਸ਼ਵਾਸ਼ ਵਿਚ ਹੋਈਆਂ। ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਹੋਈਆਂ ਲੜਾਈਆਂ ਵਿਚ ਬਹੁਤ ਸਾਰੇ ਯੋਧਿਆਂ ਨੇ ਸ਼ਹੀਦੀਆਂ ਦਿੱਤੀਆਂ, ਧਰਮ ਨਹੀਂ ਹਾਰਿਆ। ਸਿੱਖ ਲਹਿਰ ਦਾ ਨਿਸ਼ਾਨਾ ਕੇਵਲ ਮੁਗਲ ਹਕੂਮਤ ਦੇ ਧਾਰਮਿਕ ਅਤੇ ਸਿਆਸਤ ਖਿਲਾਫ ਲੜਨਾ ਹੀ ਨਹੀਂ ਸੀ ਸਗੋਂ ਬੇਗਮਪੁਰਾ ਦਾ ਆਦਰਸ਼ਕ ਸਮਾਜ ਤੇ ਹਲੇਮੀ ਰਾਜ ਜਿਹੇ ਆਦਰਸ਼ਕ ਰਾਜ ਦੀ ਕਾਇਮੀ ਹਿਤ ਸੱਤਾ ਸੰਭਾਲਣਾ ਸੀ। ਗੁਰੂ ਤੇਗ ਬਹਾਦਰ ਜੀ ਨੇ ਸਿੱਖੀ ਭਾਵਨਾ ਨੂੰ ਹੋਰ ਬਲ ਬਖਸਿਆ ਕਿ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥' ਸਿੱਖ ਗੁਰੂਆਂ ਨੇ ਸਪੱਸ਼ਟ ਕੀਤਾ ਕਿ ਪੀਰੀ ਨੂੰ ਸੰਭਾਲਣ ਲਈ ਮੀਰੀ ਦੀ ਸ਼ਕਤੀ ਦੀ ਲੋੜ ਹੈ ਅਤੇ ਲੋੜ ਪੈਣ 'ਤੇ ਸ਼ਸਤਰ ਚੁੱਕਣੇ ਜਾਇਜ਼ ਹਨ। ਭਗਤੀ ਤੋਂ ਬਿਨਾਂ ਅਜਿਹੀ ਸ਼ਕਤੀ ਆ ਹੀ ਨਹੀਂ ਸਕਦੀ ਤੇ ਭਗਤੀ ਵੀ ਸ਼ਕਤੀ ਤੋਂ ਬਿਨਾਂ ਕਾਇਮ ਨਹੀਂ ਰਹਿ ਸਕਦੀ। ਇਸੇ ਪੈਰਵਾਈ ਨਾਲ ਸਿੱਖੀ ਕਾਇਮ ਹੈ।

ਇਸ ਚੜ੍ਹਦੀ ਕਲਾ ਦੀ ਭਾਵਨਾ ਨਾਲ ਦਸਮ ਪਾਤਿਸਾਹ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨ ਸੰਤ ਸਿਪਾਹੀ ਨੂੰ ਆਪਣਾ ਖਾਸ ਰੂਪ ਮੰਨਿਆ। ਜੋ ਕਹਿਣੀ ਤੇ ਕਰਨੀ ਵਿਚ ਪੱਕਾ ਹੈ।ਖ਼ਾਲਸਾ ੧੬੯੯ ਵਿਚ ਸਾਜਿਆ ਗਿਆ ਕਿ ਦਬਾਈ ਹੋਈ ਜਨਤਾ, ਰਾਜਸੀ ਤਾਕਤ ਆਪਣੇ ਹੱਥਾਂ ਵਿਚ ਪ੍ਰਾਪਤ ਕਰੇ।

ਅੰਤਿਕਾ: ਹੇ ਸੱਚੇ ਪਾਤਿਸਾਹ! ਸਾਰੀ ਸ੍ਰਿਸ਼ਟੀ ਦਿਨ ਰਾਤ ਤੇਰੀ ਹੀ ਸੇਵਾ ਭਗਤੀ ਕਰਦੀ ਹੈ। ਤੂੰ ਹਰੇਕ ਜੀਵ ਦੀ ਅਰਦਾਸ ਸੁਣਦਾ ਹੈ। ਹੇ ਭਾਈ! ਮੈਂ ਸਾਰੀ ਲੁਕਾਈ ਨੂੰ ਚੰਗੀ ਤਰ੍ਹਾਂ ਪਰਖ ਕੇ ਵੇਖ ਲਿਆ ਹੈ। ਜਿੰਨਾ ਜਿੰਨਾ ਨੂੰ ਵਿਕਾਰਾਂ ਤੋਂ ਛੁਡਾਇਆ ਹੈ। ਪ੍ਰਭੂ ਨੇ ਆਪ ਹੀ ਪ੍ਰਸੰਨ ਹੋ ਕੇ ਛੁਡਾਇਆ ਹੈ। ਜਿਸ ਜਿਸ 'ਤੇ ਰੱਬ ਦੀ ਮਿਹਰ ਹੋਈ ਹੈ। ਉਹ ਸਾਰੀ ਲੁਕਾਈ ਅੰਤਰ ਆਤਮੇ ਆਤਮਕ ਆਨੰਦ ਵਿਚ ਵਸ ਰਹੀ ਹੈ। ਹਰੇਕ ਦੇ ਅੰਦਰ ਇਹ ਨਿਮਰਤਾ ਦਾ ਰਾਜ ਹੋ ਗਿਆ ਹੈ। ਮਿਹਰਬਾਨ ਪ੍ਰਭੂ ਦਾ ਹੁਣ ਐਸਾ ਹੁਕਮ ਵਰਤਿਆ ਹੈ ਕਿ ਕੋਈ ਵੀ ਕਾਮਦਾਇਕ ਵਿਕਾਰ ਸ਼ਰਨ ਆਏ ਕਿਸੇ ਨੂੰ ਵੀ ਦੁਖੀ ਨਹੀਂ ਕਰ ਸਕਦਾ। ਹੇ ਅਕਾਲ ਪੁਰਖ! ਮੇਰੇ ਖਸਮ! ਮੈਂ ਵੀ ਤੇਰੀ ਪ੍ਰੇਰਣਾ ਨਾਲ ਤੇਰੀ ਸਿਫਤਿ ਸਾਲਾਹ ਦੇ ਬੋਲ ਬੋਲ ਰਿਹਾ ਹਾਂ। ਆਤਮਕ ਅਡੋਲਤਾ ਪੈਦਾ ਕਰਕੇ ਤੇਰਾ ਨਾਮ ਅੰਮ੍ਰਿਤ ਮੇਰੇ ਅੰਦਰ ਵਰਖਾ ਕਰ ਰਿਹਾ ਹੈ। ਮੈਂ ਤੇਰੇ ਉਤੇ ਹੀ ਮਾਣ ਕਰਦਾ ਆਇਆਂ ਹਾਂ। ਮੈਨੂੰ ਨਿਸ਼ਚਾ ਹੈ ਕਿ ਤੂੰ ਆਪ ਹੀ ਮੈਨੂੰ ਕਬੂਲ ਕਰ ਲਏਂਗਾ। ਹੇ ਮਹਿਰਵਾਨ! ਮੇਰੀ ਵੀ ਤਾਂਘ ਪੂਰੀ ਕਰ। ਹੇ ਸੁੱਖਾਂ ਦੇਣ ਵਾਲੇ ਦਾਤੇ ਮੈਨੂੰ ਆਪਣਾ ਦਰਸ਼ਨ ਦੇਹ। ਮੈਨੂੰ ਆਪਣੇ ਗਲ ਨਾਲ ਲਾ ਲੈ। ਹੇ ਵਾਹਿਗੁਰੂ! ਤੂੰ ਸਾਰੇ ਦੇਸ਼ਾਂ ਵਿਚ, ਭਵਨਾਂ ਤੇ ਪਾਤਾਲਾਂ ਵਿਚ ਵਸਦਾ ਹੈ। ਤੇਰੇ ਬਰਾਬਰ ਦਾ ਕੋਈ ਹੋਰ ਕਿਤੇ ਵੀ ਨਹੀਂ ਲਭਦਾ। ਹੇ ਸੱਚੇ ਸਵਾਮੀ! ਤੂੰ ਹਰੇਕ ਥਾਂ ਵਿਚ ਵਿਆਪਕ ਹੈ। ਹੇ ਨਾਨਕ! ਪ੍ਰਭੂ ਦੀ ਭਗਤੀ ਕਰਨ ਵਾਲਿਆਂ ਬੰਦਿਆਂ ਨੂੰ ਸਦਾ ਥਿਰ ਪ੍ਰਭੂ ਦਾ ਨਾਮ ਹੀ ਜੀਵਨ ਲਈ ਸਹਾਰਾ ਹੈ। (ਅੰਗ-14)

-੦-

# ਗੁਰਮਤਿ ਅਤੇ ਮਨੁੱਖੀ ਕਰਮ

-ਜਗਦੀਪ ਸਿੰਘ
ਰਿਸਰਚ ਸਕਾਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ (ਪੰਜਾਬੀ ਯੂਨੀਵਰਸਿਟੀ, ਪਟਿਆਲਾ)

ਸੰਸਾਰ ਇਕ ਵਿਸ਼ਾਲ ਰਚਨਾ ਹੈ, ਜਿਸ ਵਿਚ ਲਗਪਗ 200 ਤੋਂ ਜ਼ਿਆਦਾ ਦੇਸ਼ ਅਤੇ 700 ਕਰੋੜ ਤੋਂ ਵੱਧ ਦੀ ਆਬਾਦੀ ਹੈ। ਏਨੀ ਭਾਰੀ ਆਬਾਦੀ ਵਿਚੋਂ ਇਕ ਆਮ ਵਿਅਕਤੀ ਦੀ ਪਹਿਚਾਣ ਉਸ ਦੇ ਕੀਤੇ ਕਰਮਾਂ ਤੋਂ ਹੀ ਬਣਦੀ ਹੈ। 'ਕਰਮ' ਸ਼ਬਦ ਫ਼ਾਰਸੀ ਅਤੇ ਸੰਸਕ੍ਰਿਤ ਦੋਹਾਂ ਭਾਸ਼ਾਵਾਂ ਵਿਚ ਵਰਤਿਆ ਗਿਆ ਹੈ। ਦੋਹਾਂ ਭਾਸ਼ਾਵਾਂ ਵਿਚ ਇਸ ਸ਼ਬਦ ਦਾ ਉਚਾਰਨ ਭਾਵੇਂ ਇਕੋ ਹੀ ਹੈ ਪਰ ਅਰਥ ਅਲੱਗ-ਅਲੱਗ ਹਨ। ਫ਼ਾਰਸੀ ਵਿਚ ਕਰਮ ਸ਼ਬਦ 'ਬਖਸ਼ਿਸ਼' ਦੇ ਭਾਵ-ਅਰਥਾਂ ਵਿਚ ਵਰਤਿਆ ਗਿਆ ਹੈ। ਅਤੇ ਸੰਸਕ੍ਰਿਤ ਵਿਚ ਇਸ ਦੇ ਅਰਥ 'ਮਨੁੱਖ ਦੁਆਰਾ ਕੀਤੇ ਜਾਣ ਵਾਲੇ ਕੰਮ' ਹਨ। ਇਸ ਲੇਖ ਦਾ ਆਧਾਰ ਸੰਸਕ੍ਰਿਤ ਭਾਸ਼ਾ ਦਾ ਕਰਮ ਸ਼ਬਦ ਹੈ। ਸਮਾਜ ਵਿਚ ਵਿਚਰਦਿਆਂ ਮਨੁੱਖ ਦੇ ਕਰਮ ਹੀ ਉਸ ਨੂੰ ਆਪਣੇ ਇਲਾਕੇ ਵਿਚ, ਦੇਸ਼ ਵਿਚ, ਅਤੇ ਫ਼ਿਰ ਸੰਸਾਰ ਪੱਧਰ 'ਤੇ ਉਭਾਰਦੇ ਹਨ। ਹਰ ਮਨੁੱਖ ਚੰਗੇ ਕਰਮਾਂ ਨਾਲ ਸੰਸਾਰ 'ਤੇ ਆਪਣਾ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਸੰਸਾਰੀ ਲੋਕ ਤਾਂ ਹੋ ਸਕਦਾ ਸਾਡੇ ਕੀਤੇ ਜਾਂਦੇ ਬਾਹਰੀ ਕਰਮਾਂ ਤੋਂ ਪ੍ਰਭਾਵਿਤ ਹੋ ਜਾਣ ਪਰ ਪਰਮਾਤਮਾ ਨਿਰੇ ਸਾਡੇ ਕਰਮਾਂ 'ਤੇ ਨਹੀਂ ਰੀਝਦਾ। ਪਰਮਾਤਮਾ ਦੀ ਨਿਗ੍ਹਾ ਕਰਮ ਦੇ ਨਾਲ-ਨਾਲ ਉਸ ਪਿੱਛੇ ਕੰਮ ਕਰ ਰਹੀ ਸਾਡੀ ਨੀਅਤ 'ਤੇ ਵੀ ਹੁੰਦੀ ਹੈ। 'ਕਰਮ' ਅਤੇ 'ਨੀਅਤ' ਦਾ ਆਪਸ 'ਚ ਬਹੁਤ ਗੂੜ੍ਹਾ ਸਬੰਧ ਹੈ। ਮਨੁੱਖ ਦੀ ਸ਼ਖ਼ਸੀਅਤ ਦੀ ਘਾੜਤ ਉਸ ਦੀ ਨੀਅਤ 'ਤੇ ਬਹੁਤ ਨਿਰਭਰ ਕਰਦੀ ਹੈ। ਚੰਗੀ ਨੀਅਤ ਰੱਖਣ ਵਾਲੇ ਦੁਨੀਆ ਅੰਦਰ ਲੋਕਾਈ ਦਾ ਸਦੀਵੀ ਪਿਆਰ ਹਾਸਲ ਕਰਦੇ ਹਨ। ਗੁਰਬਾਣੀ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਜੇ ਇਨਸਾਨ ਦੀ ਨੀਅਤ ਚੰਗੀ ਹੋਵੇ ਤਾਂ ਪਰਮਾਤਮਾ ਘਰ ਬੈਠਿਆਂ ਨੂੰ ਹੀ ਮਿਲ ਜਾਂਦਾ ਹੈ।

ਚੰਗਾ ਕਰਮ ਤਾਂ ਹਰ ਕੋਈ ਕਰ ਸਕਦਾ ਹੈ ਪਰ ਉਸ ਪਿੱਛੇ ਚੰਗੀ ਨੀਅਤ ਵਿਰਲੇ ਸੂਰਮੇ ਦੀ ਹੀ ਹੁੰਦੀ ਹੈ। ਗੁਰਬਾਣੀ ਸਾਨੂੰ ਹਦਾਇਤ ਕਰਦੀ ਹੈ ਕਿ ਹੇ ਮਨੁੱਖ! ਤੂੰ ਕੋਈ ਵੀ ਕਰਮ ਖੋਟੀ ਨੀਅਤ ਨਾਲ ਨਾ ਕਰ। ਕਿਉਂਕਿ ਪਰਮਾਤਮਾ ਦੀ ਪਾਰਖੂ ਅੱਖ ਹਰ ਵਕਤ, ਹਰ ਪਲ ਤੈਨੂੰ ਪਰਖ਼ ਰਹੀ ਹੈ:

ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ॥

ਸਿਰਫ਼ ਬਾਹਰੀ ਕਰਮ ਦੇਖ ਕੇ ਪਰਮਾਤਮਾ ਕਿਸੇ ਵੀ ਮਨੁੱਖ ਨੂੰ ਮਿਹਰ ਦਾ ਪਾਤਰ ਨਹੀਂ ਬਣਾਉਂਦਾ। ਉਹ ਤਾਂ ਘਟ-ਘਟ ਦੇ ਅੰਤਰ ਦੀ ਜਾਣਨ ਵਾਲਾ ਹੈ। ਉਸ ਤੋਂ ਕੁਝ ਵੀ ਲੁਕਿਆ ਨਹੀਂ, ਨੀਅਤ ਵੀ ਨਹੀਂ। ਕਈ ਵਾਰ ਚੰਗੇ ਦਿਸਦੇ ਕਰਮਾਂ ਪਿੱਛੇ ਨੀਅਤ ਕਪਟੀ ਹੁੰਦੀ ਹੈ ਅਤੇ ਕਈ ਵਾਰ ਗ਼ਲਤ ਜਾਪਦੇ ਕੰਮਾਂ ਮਗਰ ਨੀਅਤ ਪਾਕ-ਪਵਿੱਤਰ ਕੰਮ ਕਰਦੀ ਹੈ। ਅਨੰਦਪੁਰ ਸਾਹਿਬ ਦੀ ਜੰਗ ਅੰਦਰ ਜਿੱਥੇ ਭਾਈ ਘਨੱਈਆ ਜੀ ਜ਼ਖਮੀ ਹੋਏ ਸਿੰਘਾਂ ਨੂੰ ਪਾਣੀ ਪਿਲਾ ਰਹੇ ਸਨ, ਉਥੇ ਉਹ ਜ਼ਖ਼ਮੀ ਹੋਏ ਦੁਸ਼ਮਣਾਂ ਦੀ ਫ਼ੌਜ ਦੀ ਵੀ ਪਾਣੀ ਪਿਆ ਕੇ ਪਿਆਸ ਬੁਝਾ ਰਹੇ ਸਨ। ਇਹ ਕੰਮ ਜੰਗ ਵਿਚ ਲੜ ਰਹੇ ਸਿੰਘਾਂ ਨੂੰ ਬਹੁਤ ਗ਼ਲਤ ਲੱਗਾ ਤੇ ਉਨ੍ਹਾਂ ਨੇ ਸਖ਼ਤ ਇਤਰਾਜ਼ ਵੀ ਕੀਤਾ। ਅੱਜ ਵੀ ਕੋਈ ਦੁਸ਼ਮਣ ਫ਼ੌਜ ਦੀ ਮਦਦ ਕਰਦਾ ਫੜਿਆ ਜਾਵੇ ਤਾਂ ਉਸ ਨੂੰ ਗ਼ੱਦਾਰ ਘੋਸ਼ਿਤ ਕਰਕੇ ਮੌਤ ਦੀ ਸਜ਼ਾ ਤੱਕ ਦੇ ਦਿੱਤੀ ਜਾਂਦੀ ਹੈ। ਸਿੰਘਾਂ ਨੇ ਵੀ ਭਾਈ ਘਨੱਈਆ ਜੀ ਦੀ ਸ਼ਿਕਾਇਤ ਕੀਤੀ। ਪਰ ਸ਼ਿਕਾਇਤ ਸੁਣਨ ਵਾਲਾ ਕੋਈ ਆਮ ਦੁਨਿਆਵੀ ਵਿਅਕਤੀ ਨਹੀਂ ਸੀ ਸਗੋਂ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਨ। ਉਨ੍ਹਾਂ ਨੇ ਭਾਈ ਘਨੱਈਆ ਜੀ ਦੇ ਬਾਹਰੀ ਕਰਮ ਨੂੰ ਨਹੀਂ ਸਗੋਂ ਉਸ ਪਿੱਛੇ ਕੰਮ ਕਰ ਰਹੀ ਉਨ੍ਹਾਂ ਦੀ ਪਵਿੱਤਰ ਨੀਅਤ ਨੂੰ ਪਹਿਚਾਣਿਆ। ਇਹੀ ਕਾਰਨ ਸੀ ਕਿ ਗੁਰੂ ਸਾਹਿਬ ਨੇ ਭਾਈ ਘਨੱਈਆ ਜੀ ਨੂੰ ਬਿਨਾਂ ਪੱਖਪਾਤ ਕੀਤੇ ਪਾਣੀ ਪਿਲਾਉਣ ਦੇ ਨਾਲ-ਨਾਲ ਜ਼ਖਮੀਆਂ ਦੀ ਮੱਲ੍ਹਮ-ਪੱਟੀ ਕਰਨ ਦਾ ਵੀ ਆਦੇਸ਼ ਦਿੱਤਾ। ਗੁਰੂ ਹਮੇਸ਼ਾ ਸਿੱਖ ਦੁਆਰਾ ਕੀਤੇ ਹੋਏ ਕਰਮ ਪਿੱਛੇ ਨੀਅਤ ਨੂੰ ਵਾਚਦਾ ਹੈ।

ਲੋੜ ਤਾਂ ਸੀ ਕਿ ਸੇਵਾ ਆਪਣਾ ਫ਼ਰਜ਼ ਸਮਝ ਕੇ, ਸਮਰਪਿਤ ਹੋ ਕੇ ਨਿਸ਼ਕਾਮਤਾ ਨਾਲ ਕੀਤੀ ਜਾਵੇ ਪਰ ਅਜੋਕੇ ਪਦਾਰਥਵਾਦੀ ਯੁੱਗ ਵਿਚ ਜੇਕਰ ਕੋਈ ਵਿਅਕਤੀ ਸਮਾਜ-ਭਲਾਈ ਹਿਤ ਕਾਰਜ ਕਰਦਾ ਹੈ ਤਾਂ ਉਸ ਪਿੱਛੇ ਉਹ ਨਿੱਜੀ ਸੁਆਰਥ ਸੋਚੀ ਬੈਠਾ ਹੈ। ਸਾਰੇ ਤਾਂ ਨਹੀਂ ਪਰ ਬਹੁਤਾਤ ਲੋਕਾਂ ਦੀ ਅੱਜ ਸੇਵਾ ਜਾਂ ਦਾਨ-ਪੁੰਨ ਪਿੱਛੇ ਨੀਅਤ ਰਾਜਨੀਤਕ ਜਾਂ ਸਮਾਜਿਕ ਲਾਹਾ ਲੈਣ ਦੀ ਹੁੰਦੀ ਹੈ। 'ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ॥' ਅਨੁਸਾਰ ਅਸੀਂ ਚੰਗੇ ਕਰਮਾਂ ਦੇ ਆਸਰੇ ਨਾਲ ਸੰਸਾਰ ਅੰਦਰ ਸਿਰਫ਼ ਵਡਿਆਈ ਹਾਸਲ ਕਰਨਾ ਚਾਹੁੰਦੇ ਹਾਂ। ਅਸੀਂ ਪ੍ਰਭੂਤਾ ਹਾਸਲ ਕਰਨ ਲਈ ਕਿਸੇ ਲੋੜਵੰਦ ਗਰੀਬ ਦੀ ਕੀਤੀ ਛੋਟੀ ਤੋਂ ਛੋਟੀ ਮਦਦ ਵੀ ਹਰ ਹੀਲੇ-ਵਸੀਲੇ ਜਨਤਕ ਕਰਦੇ ਹਾਂ। ਇੰਞ ਜਾਪਦਾ ਹੈ ਜਿਵੇਂ ਲੋੜਵੰਦ ਉਹ ਗ਼ਰੀਬ ਨਹੀਂ, ਸਗੋਂ ਉਹ ਮਨੁੱਖ ਹੈ ਜੋ ਪ੍ਰਭੂਤਾ ਹਾਸਲ ਕਰਨ ਲਈ ਕਿਸੇ ਗ਼ਰੀਬ ਕੋਲ ਜਾਂਦਾ ਹੈ, ਮਦਦ ਕਰਦਾ ਹੈ ਤੇ ਫ਼ਿਰ ਸਮਾਜ ਕੋਲੋਂ ਵਡਿਆਈ ਲੋਚਦਾ ਹੈ। ਗੁਰਬਾਣੀ ਇਹੋ ਜਿਹੇ ਕੀਤੇ ਪੁੰਨ ਨੂੰ ਵੀ ਪਾਪ ਹੀ ਆਖਦੀ ਹੈ। ਕਿਉਂਕਿ ਮਨੁੱਖ ਪਾਪ ਸੁਆਰਥ ਵੱਸ ਹੋ ਕੇ, ਲੋਭ ਵੱਸ ਹੋ ਕੇ, ਜਾਂ ਹੰਕਾਰ ਵੱਸ ਹੋ ਕੇ ਕਰਦਾ ਹੈ ਤੇ ਜੇਕਰ ਉਹ ਪੁੰਨ-ਦਾਨ ਵੀ ਸੁਆਰਥ, ਲੋਭ, ਹੰਕਾਰ ਵੱਸ ਹੋ ਕੇ ਕਰਦਾ ਹੈ ਤਾਂ ਫ਼ਿਰ ਇਹੋ ਜਿਹੇ ਪੁੰਨ ਵੀ ਪਰਮਾਤਮਾ ਦੀ ਨਿਗ੍ਹਾ ਵਿਚ ਪਾਪ ਸਾਮਾਨ ਹੀ ਹਨ।

ਗੁਰੂ ਸਾਹਿਬ ਆਖਦੇ ਹਨ ਕਿ ਜਿਸ ਕਰਮ ਪਿੱਛੇ ਕੋਈ ਦੁਨਿਆਵੀ ਇੱਛਾ ਜਾਂ ਵਿਅਕਤੀਗਤ ਫਾਇਦਾ ਜੁੜਿਆ ਹੋਵੇ ਉਹ ਕਰਮ ਪਰਮਾਤਮਾ ਦੀ ਨਿਗ੍ਹਾ ਵਿਚ ਧਰਮ ਨਹੀਂ ਹੈ, ਜਿਸ ਕਾਰਨ ਉਸ ਕਰਮ ਦਾ ਚੰਗਾ ਫਲ ਵੀ ਨਹੀਂ ਹੈ। ਅਤੇ ਜਿਸ ਕਰਮ ਪਿੱਛੇ ਨਿੱਜੀ ਸੁਆਰਥ ਨਾ ਹੋ ਕੇ ਕੇਵਲ ਈਸ਼ਵਰੀ ਭਾਵਨਾ ਕੰਮ ਕਰੇ ਉਹ ਕਰਮ ਹੀ ਧਰਮ ਬਣ ਕੇ ਪ੍ਰਫੁੱਲਿਤ ਹੁੰਦਾ ਹੈ ਤੇ ਸਰਬ ਸੁੱਖਾਂ ਦਾ ਕਾਰਨ ਬਣਦਾ ਹੈ। ਸੱਚੇ ਮਨੋਂ ਅਤੇ ਨਿਰਸੁਆਰਥ ਹੋ ਕੇ ਕੀਤੀ ਸੇਵਾ ਤਾਂ ਪਰਮਾਤਮਾ ਦੇ ਦਰ ਤੱਕ ਖੁਲ੍ਹਾ ਦਿੰਦੀ ਹੈ। ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ' ਅਨੁਸਾਰ ਬਸ ਕੀਤੀ ਹੋਈ ਸੇਵਾ ਉਸ ਨੂੰ ਪ੍ਰਵਾਨ ਹੋਣੀ ਚਾਹੀਦੀ ਹੈ, ਉਸ ਦਾ ਮਨ ਮੰਨਣਾ ਚਾਹੀਦਾ ਹੈ। ਤੇ ਪਰਮਾਤਮਾ ਦਾ ਮਨ ਤਾਂ ਹੀ ਮੰਨੇਗਾ ਜੇ ਸਾਡੇ ਕਰਮਾਂ ਪਿੱਛੇ ਨੀਅਤ ਸੱਚੀ ਹੋਵੇਗੀ। ਸੋ ਅਕਾਲ ਪੁਰਖ਼ ਅੱਗੇ ਅਰਦਾਸ ਕਰੀਏ ਕਿ ਸੱਚੇ ਪਾਤਸ਼ਾਹ ਸਾਨੂੰ ਨੀਅਤ ਸਾਫ਼ ਰੱਖ ਕੇ ਕਰਮ ਕਰਨ ਦੀ ਬੁੱਧ ਬਖਸ਼ਣ। ਕੋਈ ਵੀ ਕਰਮ ਕਰਦਿਆਂ ਉਸ ਨੂੰ ਪਰਮਾਤਮਾ ਵਲੋਂ ਲਾਈ ਆਪਣੀ ਡਿਊਟੀ ਅਤੇ ਮਨੁੱਖਤਾ ਪ੍ਰਤੀ ਆਪਣਾ ਫ਼ਰਜ਼ ਸਮਝਦੇ ਹੋਏ ਨਿਭਾਈਏ। ਜਦੋਂ ਸਾਨੂੰ 'ਕਰਮ ਕਰਤ ਹੋਵੈ ਨਿਹਕਰਮ' ਵਾਲੀ ਅਵਸਥਾ ਪ੍ਰਾਪਤ ਹੋ ਜਾਵੇਗੀ ਤਾਂ ਫ਼ਿਰ ਹੀ ਅਸੀਂ ਉਸ ਪਰਮ ਪਿਤਾ ਪਰਮਾਤਮਾ ਦੀ ਮੇਹਰ ਦੇ ਪਾਤਰ ਬਣ ਸਕਦੇ ਹਾਂ। -੦-

# ਹਸਤਕਲਾ ਦਾ ਅਨਿੱਖੜਵਾਂ ਅੰਗ ਸੰਕੇਤ-ਲਿਪੀ

-ਗੁਰਪ੍ਰੀਤ ਸਿੰਘ ਚੰਬਲ
(98881-40052)



ਕੁਦਰਤੀ ਤੌਰ ਤੇ ਮਨੁੱਖ ਦੇ ਹੱਥ ਵਿੱਚ ਕੋਈ ਨਾ ਕੋਈ ਅਜਿਹੀ ਕਲਾ ਸਮੋਈ ਹੁੰਦੀ ਹੈ ਜਿਸ ਕਾਰਨ ਮਨੁੱਖ ਕਲਾਕਾਰ ਬਣਦਾ ਹੈ। ਪ੍ਰੰਤੂ ਇਹ ਕਲਾ ਜੇਕਰ ਸਮੇਂ ਸਿਰ ਨਿੱਖੜ ਕੇ ਮਨੁੱਖ ਦੇ ਸਾਹਮਣੇ ਪ੍ਰਕਾਸ਼ਮਾਨ ਹੋਵੇ ਤਾਂ ਹੀ ਉਹ ਇਸ ਦੀ ਸੁਯੋਗ ਵਰਤੋਂ ਕਰਕੇ ਕਲਾਕਾਰ ਬਣ ਸਕਦਾ ਹੈ। ਇਸੇ ਤਰਾਂ ਅਸੀਂ ਇੱਥੇ ਗੱਲ ਕਰਦੇ ਹਾਂ ਮਨੁੱਖ ਦੇ ਅੰਦਰ ਬੈਠੀ ਇੱਕ ਅਜਿਹੀ ਹਸਤਕਲਾ ਦੀ ਜਿਸ ਕਾਰਨ ਮਨੁੱਖ ਅਜੋਕੇ ਯੁੱਗ ਵਿੱਚ ਆਪਣਾ ਭਵਿੱਖ ਸੰਵਾਰ ਸਕਦਾ ਹੈ। ਹਸਤਕਲਾ ਦਾ ਇੱਕ ਨਮੂਨਾ ਹੈ ਸੰਕੇਤ-ਲਿਪੀ ਜਿਸ ਨੂੰ ਆਮ ਕਰਕੇ ਸਟੈਨੋ ਜਾਂ ਸਟੈਨੋਗ੍ਰਾਫੀ ਵੀ ਕਿਹਾ ਜਾਂਦਾ ਹੈ। ਕਿਸੇ ਭਾਸ਼ਾ ਨੂੰ ਸੰਕੇਤਕ ਰੂਪ ਵਿੱਚ ਲਿਖਣ ਲਈ ਸੰਕੇਤ-ਲਿਪੀ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਸੰਸਾਰ ਵਿੱਚ ਅਨੇਕਾਂ ਭਾਸ਼ਾਵਾਂ ਦੀਆਂ ਸੰਕੇਤ ਲਿਪੀਆਂ ਹਨ ਜਿਨ੍ਹਾਂ ਵਿੱਚੋਂ ਇੱਕ ਪੰਜਾਬੀ ਪ੍ਰਮਾਣਿਕ ਸੰਕੇਤ-ਲਿਪੀ ਵੀ ਹੈ। ਸੰਕੇਤ-ਲਿਪੀ ਹਸਤਕਲਾ ਦਾ ਇੱਕ ਅਨਿੱਖੜਵਾਂ ਅੰਗ ਹੈ। ਸੰਕੇਤ-ਲਿਪੀ ਨੂੰ ਹਸਤਕਲਾ ਦੀ ਸੰਘਿਆ ਇਸ ਕਰਕੇ ਦੇ ਰਹੇ ਹਾਂ ਕਿਉਂਕਿ ਇਸ ਨੂੰ ਹੱਥ ਦੁਆਰਾ ਹੀ ਲਿਖਿਆ ਜਾਂਦਾ ਹੈ। ਜਿਸ ਤਰ੍ਹਾਂ ਕਿਸੇ ਵੀ ਸੰਸਾਰਕ ਭਾਸ਼ਾ ਨੂੰ ਲਿਖਣ ਦੇ ਮਾਧਿਅਮ ਦੀ ਵਰਤੋਂ ਹੁੰਦੀ ਹੈ ਠੀਕ ਉਸੇ ਤਰਾਂ ਹੀ ਸੰਕੇਤ-ਲਿਪੀ ਵੀ ਲਿਖੀ ਜਾਂਦੀ ਹੈ। ਭਾਸ਼ਾ ਵੀ ਹਸਤਕਲਾ ਦਾ ਇੱਕ ਅਨੋਖਾ ਨਮੂਨਾ ਹੈ ਕਿਉਂਕਿ ਹਰ ਮਨੁੱਖ ਦਾ ਅੱਖਰ ਲਿਖਣ ਦਾ ਢੰਗ ਵੱਖਰਾ ਹੈ। ਹਰ ਵਿਅਕਤੀ ਅੱਖਰਾਂ ਨੂੰ ਆਪਣੀ ਸੁਹਜ ਮੁਤਾਬਕ ਰੂਪ ਦਿੰਦਾ ਹੈ ਇਸੇ ਕਰਕੇ ਹੀ ਭਾਸ਼ਾ ਨੂੰ ਵੀ ਹਸਤਕਲਾ ਦੀ ਸ਼੍ਰੇਣੀ ਵਿੱਚ ਗਿਣਿਆ ਜਾਂਦਾ ਹੈ। ਸੰਕੇਤ-ਲਿਪੀ ਦੀ ਵਰਤੋਂ ਕਾਫੀ ਲੰਮੇ ਸਮੇਂ ਤੋਂ ਹੋ ਰਹੀ ਹੈ। ਸੰਕੇਤ-ਲਿਪੀ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਇਹ ਕਹਿਣਾ ਸੁਭਾਵਿਕ ਹੈ ਕਿ ਮਨੁੱਖ ਦੀ ਸੱਭਿਅਤਾ ਦੇ ਨਾਲ-ਨਾਲ ਹੀ ਇਸ ਦਾ ਵਿਕਾਸ ਵੀ ਪੜਾਅ-ਦਰ-ਪੜਾਅ ਹੁੰਦਾ ਆਇਆ ਹੈ।

ਸੰਕੇਤ-ਲਿਪੀ ਵਿੱਚ ਕਿਸੇ ਵੀ ਭਾਸ਼ਾ ਦੇ ਅੱਖਰਾਂ ਅਤੇ ਸਵਰਾਂ ਨੂੰ ਲਿਪੀਬੱਧ ਕਰਨ ਲਈ ਵਿਸ਼ੇਸ਼ ਚਿੰਨਾਂ ਜਾਂ ਸੰਕੇਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜ਼ਰੂਰੀ ਨਹੀਂ ਕਿ ਹਰ ਇੱਕ ਮਨੁੱਖ ਦੇ ਕਿਸੇ ਭਾਸ਼ਾ ਦੀ ਸੰਕੇਤ-ਲਿਪੀ ਲਿਖਣ ਵੇਲੇ ਸੰਕੇਤ ਇੱਕੋ ਜਿਹੇ ਹੋਣ ਇਹ ਭਿੰਨ-ਭਿੰਨ ਵੀ ਹੋ ਸਕਦੇ ਹਨ ਪ੍ਰੰਤੂ ਕਿਸੇ ਵੀ ਭਾਸ਼ਾ ਦੀ ਸੰਕੇਤ-ਲਿਪੀ ਲਿਖਣ ਵੇਲੇ ਇੱਕ ਸੁਯੋਗ ਵਿਧੀ ਦੀ ਵਰਤੋਂ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸ ਵਿਧੀ ਵਿੱਚ ਹਰ ਇੱਕ ਅੱਖਰ ਲਈ ਇੱਕ ਖਾਸ ਸੰਕੇਤ ਵਰਤਿਆ ਜਾਂਦਾ ਹੈ। ਸੰਕੇਤ ਦੀ ਪਛਾਣ ਕਰਨ ਲਈ ਇਹਨਾਂ ਨੂੰ ਗੂੜੇ ਤੇ ਫਿੱਕੇ ਦੋ ਵਰਨਾਂ ਵਿੱਚ ਅਤੇ ਰੂਪ ਜਾਂ ਦਿਸ਼ਾ ਦੇ ਆਧਾਰ ਤੇ ਸੂਤਰਬੱਧ ਕੀਤਾ ਜਾਂਦਾ ਹੈ। ਪੰਜਾਬੀ ਭਾਸ਼ਾ ਦੀ ਪ੍ਰਮਾਣਿਕ ਸੰਕੇਤ-ਲਿਪੀ ਜੋ ਕਿ ਭਾਸ਼ਾ ਵਿਭਾਗ ਪੰਜਾਬ ਦੁਆਰਾ ਤਿਆਰ ਕਰਕੇ ਕਾਫੀ ਲੰਮੇ ਅਰਸੇ ਤੋਂ ਪ੍ਰਮਾਣਿਕ ਸੰਕੇਤ-ਲਿਪੀ ਕਿਤਾਬਚੇ ਦੇ ਰੂਪ ਵਿੱਚ ਛਪਦੀ ਆ ਰਹੀ ਹੈ ਉਸ ਵਿੱਚ ਪੰਜਾਬੀ ਭਾਸ਼ਾ ਦੇ ਕੁੱਲ ੩੪ ਵਿਅੰਜਨਾਂ ਦੀਆਂ ਸੰਕੇਤ ਰੇਖਾਵਾਂ ਦਿੱਤੀਆਂ ਗਈਆਂ ਹਨ। ਓ, ਅ ਅਤੇ ੲ ਨੂੰ ਛੱਡ ਕੇ ਬਾਕੀ ਦੇ ਸ, ਹ ਅਤੇ ਕਵਰਗ, ਚਵਰਗ, ਟਵਰਗ, ਤਵਰਗ, ਪਵਰਗ ਅਤੇ ਯ, ਰ, ਲ, ਵ, ੜ ਤੱਕ ਦੇ ਵਿਅੰਜਨਾਂ ਦੀਆਂ ਸੰਕੇਤ ਰੇਖਾਵਾਂ ਜਿਨਾਂ ਦੀ ਗਿਣਤੀ 32 ਹੈ ਆਉਂਦੀਆਂ ਹਨ ਅਤੇ 2 ਸੰਕੇਤਕ ਰੇਖਾਵਾਂ ਸ਼ ਅਤੇ ਜ਼ ਨੂੰ ਵੀ ਸੰਕੇਤ ਦਾ ਰੂਪ ਦਿੱਤਾ ਗਿਆ ਹੈ ਜਿਸ ਨਾਲ ਇਨਾਂ ਦੀ ਕੁੱਲ ਗਿਣਤੀ 34 ਦਰਸਾਈ ਗਈ ਹੈ। ਓ, ਅ, ੲ ਨੂੰ ਪੰਜਾਬੀ ਸੰਕੇਤ-ਲਿਪੀ ਵਿੱਚ ਸਵਰ ਵਾਹਕਾਂ ਦਾ ਦਰਜਾ ਦਿੱਤਾ ਗਿਆ ਹੈ। ਇਨਾਂ ਤਿੰਨ ਸਵਰ ਵਾਹਕਾਂ ਤੋਂ ਅੱਗੇ ਜਾ ਕੇ ਪੰਜਾਬੀ ਸੰਕੇਤ-ਲਿਪੀ ਵਿੱਚ ਵਰਤੇ ਜਾਂਦੇ 11 ਸਵਰਾਂ ਦੀ ਰਚਨਾ ਕੀਤੀ ਗਈ ਹੈ।



**ਪੰਜਾਬੀ ਭਾਸ਼ਾ ਦੀ ਪ੍ਰਮਾਣਿਕ ਸੰਕੇਤ-ਲਿਪੀ ਜੋ ਕਿ ਭਾਸ਼ਾ ਵਿਭਾਗ ਪੰਜਾਬ ਦੁਆਰਾ ਤਿਆਰ ਕਰਕੇ ਕਾਫੀ ਲੰਮੇ ਅਰਸੇ ਤੋਂ ਪ੍ਰਮਾਣਿਕ ਸੰਕੇਤ-ਲਿਪੀ ਕਿਤਾਬਚੇ ਦੇ ਰੂਪ ਵਿੱਚ ਛਪਦੀ ਆ ਰਹੀ ਹੈ ਉਸ ਵਿੱਚ ਪੰਜਾਬੀ ਭਾਸ਼ਾ ਦੇ ਕੁੱਲ ੩੪ ਵਿਅੰਜਨਾਂ ਦੀਆਂ ਸੰਕੇਤ ਰੇਖਾਵਾਂ ਦਿੱਤੀਆਂ ਗਈਆਂ ਹਨ। ਓ, ਅ ਅਤੇ ੲ ਨੂੰ ਛੱਡ ਕੇ ਬਾਕੀ ਦੇ ਸ, ਹ ਅਤੇ ਕਵਰਗ, ਚਵਰਗ, ਟਵਰਗ, ਤਵਰਗ, ਪਵਰਗ ਅਤੇ ਯ, ਰ, ਲ, ਵ, ੜ ਤੱਕ ਦੇ ਵਿਅੰਜਨਾਂ ਦੀਆਂ ਸੰਕੇਤ ਰੇਖਾਵਾਂ ਜਿਨਾਂ ਦੀ ਗਿਣਤੀ 32 ਹੈ ਆਉਂਦੀਆਂ ਹਨ ਅਤੇ 2 ਸੰਕੇਤਕ ਰੇਖਾਵਾਂ ਸ਼ ਅਤੇ ਜ਼ ਨੂੰ ਵੀ ਸੰਕੇਤ ਦਾ ਰੂਪ ਦਿੱਤਾ ਗਿਆ ਹੈ ਜਿਸ ਨਾਲ ਇਨਾਂ ਦੀ ਕੁੱਲ ਗਿਣਤੀ 34 ਦਰਸਾਈ ਗਈ ਹੈ। ਓ,ਅ, ੲ ਨੂੰ ਪੰਜਾਬੀ ਸੰਕੇਤ-ਲਿਪੀ ਵਿੱਚ ਸਵਰ ਵਾਹਕਾਂ ਦਾ ਦਰਜਾ ਦਿੱਤਾ ਗਿਆ ਹੈ। ਇਨਾਂ ਤਿੰਨ ਸਵਰ ਵਾਹਕਾਂ ਤੋਂ ਅੱਗੇ ਜਾ ਕੇ ਪੰਜਾਬੀ ਸੰਕੇਤ-ਲਿਪੀ ਵਿੱਚ ਵਰਤੇ ਜਾਂਦੇ 11 ਸਵਰਾਂ ਦੀ ਰਚਨਾ ਕੀਤੀ ਗਈ ਹੈ।**

ਸੰਕੇਤ-ਲਿਪੀ ਦੀ ਵਰਤੋਂ ਕਰਨ ਦਾ ਮੁੱਖ ਮੰਤਵ ਇਹ ਸੀ ਕਿ ਬਹੁਤੇ ਸ਼ਬਦਾਂ ਨੂੰ ਸੰਖੇਪ ਰੂਪ ਵਿੱਚ ਤੇਜ਼ ਗਤੀ ਨਾਲ ਲਿਖਿਆ ਜਾ ਸਕੇ। ਸੰਕੇਤ-ਲਿਪੀ ਵਿੱਚ ਸ਼ਬਦਾਂ ਨੂੰ ਲਿਖਣਾ ਇੱਕ ਪ੍ਰਕਾਰ ਦੀ ਵਿਗਿਆਨਕ ਵਿਧੀ ਹੈ। ਸੰਕੇਤ-ਲਿਪੀ ਵਿੱਚ ਜੋ ਕੁਝ ਕਿਸੇ ਦੁਆਰਾ ਬੋਲਿਆ ਜਾਂਦਾ ਹੈ ਉਸਨੂੰ ਹੂ-ਬ-ਹੂ ਠੀਕ ਉਸੇ ਰੂਪ ਵਿੱਚ ਲਿਖਿਆ ਜਾਂਦਾ ਹੈ। ਆਮ ਕਰਕੇ ਮਨੁੱਖ ਇਹੀ ਸੋਚਦਾ ਹੈ ਕਿ ਉਹ ਜੋ ਕੁਝ ਲਿਖਣਾ ਚਾਹੁੰਦਾ ਹੈ ਉਸ ਨੂੰ ਕਿਸੇ ਭਾਸ਼ਾ ਦੇ ਮਾਧਿਅਮ ਰਾਹੀਂ ਲਿਖਤੀ ਰੂਪ ਵਿੱਚ ਪ੍ਰਗਟ ਕਰ ਸਕੇ। ਸੰਕੇਤ-ਲਿਪੀ ਮਨੁੱਖ ਦੀ ਇਸ ਰੁਚੀ ਨੂੰ ਅੰਤਿਮ ਰੂਪ ਦੇਣ ਲਈ ਭਾਸ਼ਿਕ ਸੰਕੇਤਾਂ ਦਾ ਰੂਪ ਦੇ ਕੇ ਆਪਣਾ ਕਾਰਜ ਕਰਦੀ ਹੈ। ਸੰਕੇਤ-ਲਿਪੀ ਦੇ ਚਿੰਨ ਜਾਂ ਰੇਖਾਵਾਂ ਲਿਖਣ ਵੇਲੇ ਅਸੀਂ ਆਪਣੀ ਹੱਥਾਂ ਦੀ ਕਲਾ ਦਾ ਇਸਤੇਮਾਲ ਕਰਦੇ ਹਾਂ ਜਿਸ ਨਾਲ ਅਸੀਂ ਸੰਕੇਤ ਦੇ ਨਕਸ਼ ਨੂੰ ਭਾਸ਼ਿਕ ਸ਼ਬਦਾਂ ਦਾ ਰੂਪ ਦੇ ਕੇ ਲਿਪੀਬੱਧ ਕਰਦੇ ਹਾਂ। ਮਨੁੱਖ ਦੀ ਲਿਖਣ ਦੀ ਸ਼ਕਤੀ ਤੇ ਹੱਥਾਂ ਦੀ ਤੇਜ਼ ਗਤੀ ਇਸ ਵਿੱਚ ਹੋਰ ਵੀ ਰੰਗ ਭਰਦੀ ਹੈ ਕਿਉਂਕਿ ਸਟੈਨੋਗ੍ਰਾਫੀ ਵਿੱਚ ਬਹੁਤੇ ਸ਼ਬਦਾਂ ਨੂੰ ਤੇਜ਼ ਗਤੀ ਨਾਲ ਘੱਟ ਸਮੇਂ ਵਿੱਚ ਲਿਖਣ ਦਾ ਪ੍ਰਚਲਨ ਹੈ। ਅਜੋਕੇ ਦੌਰ ਵਿੱਚ ਇਸ ਦੀ ਵਰਤੋਂ ਸਰਕਾਰੀ ਦਫਤਰਾਂ ਦੇ ਕੰਮ-ਕਾਜ ਵਿੱਚ ਵਧੇਰੇ ਕੀਤੀ ਜਾਂਦੀ ਹੈ।

ਪੰਜਾਬ ਸਰਕਾਰ ਅਧੀਨ ਚੱਲ ਰਹੇ ਬਹੁਤ ਸਾਰੇ ਵਿਭਾਗਾਂ ਵਿੱਚ ਸਟੈਨੋਗ੍ਰਾਫੀ ਦੀਆਂ ਆਸਾਮੀਆਂ ਹਨ। ਅਦਾਲਤਾਂ ਵਿੱਚ ਵੀ ਸਟੈਨੋਗ੍ਰਾਫੀ ਦੀਆਂ ਕਾਫੀ ਆਸਾਮੀਆਂ ਹੁੰਦੀਆਂ ਹਨ ਕਿਉਂਕਿ ਅਦਾਲਤਾਂ ਵਿੱਚ ਚੱਲਦੇ ਕੰਮ-ਕਾਜ ਨੂੰ ਤੇਜ਼ ਗਤੀ ਨਾਲ ਕਰਨ ਲਈ ਸੰਕੇਤ-ਲਿਪੀ ਜਾਣਨ ਵਾਲੇ ਯੋਗ ਸਿਖਿਆਰਥੀਆਂ ਦੀ ਵਧੇਰੇ ਲੋੜ ਰਹਿੰਦੀ ਹੈ। ਪੰਜਾਬ ਪ੍ਰਾਂਤ ਵਿੱਚ ਸੰਕੇਤ-ਲਿਪੀ ਦੀਆਂ ਪੁਸਤਕਾਂ ਭਾਸ਼ਾ ਵਿਭਾਗ ਪੰਜਾਬ ਦੁਆਰਾ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ ਇਸ ਤੋਂ ਇਲਾਵਾ ਪੰਜਾਬ ਦੇ ਸ਼ਾਹੀ ਸ਼ਹਿਰ ਪਟਿਆਲਾ ਦੇ ਸਵ. ਸਰਦਾਰ ਰਜਿੰਦਰ ਸਿੰਘ ਨੇ ਵੀ ਪੰਜਾਬੀ ਸੰਕੇਤ-ਲਿਪੀ ਦੀਆਂ ਬਹੁਤ ਸਾਰੀਆਂ ਵਿਧੀਆਂ ਤੋਂ ਜਾਣੂ ਕਰਵਾਉਣ ਵਾਲੀਆਂ ਕਿਤਾਬਾਂ ਦੀ ਰਚਨਾ ਕੀਤੀ ਹੈ। ਇਸ ਸਮੇਂ ਪੰਜਾਬ ਦੇ ਸਾਰੇ ਵਿਭਾਗਾਂ ਵਿੱਚ ਸਟੈਨੋਗ੍ਰਾਫੀ ਦੀਆਂ ਆਸਾਮੀਆਂ ਦੀ ਪੂਰਤੀ ਲਈ ਭਾਸ਼ਾ ਵਿਭਾਗ ਪੰਜਾਬ ਦੇ ਸਾਰੇ ਜ਼ਿਲਾ ਭਾਸ਼ਾ ਦਫਤਰਾਂ, ਪੰਜਾਬ ਦੀਆਂ ਸਮੂਹ ਆਈ.ਟੀ.ਆਈਜ਼. ਅਤੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਪੰਜਾਬ ਦੇ ਤਿੰਨ ਜ਼ਿਲਿਆਂ ਪਟਿਆਲਾ, ਮੋਹਾਲੀ ਅਤੇ ਰੋਪੜ ਵਿੱਚ ਯੋਗ ਸਿਖਿਆਰਥੀਆਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ। ਸੰਕੇਤ-ਲਿਪੀ ਦੀ ਸਿਖਲਾਈ ਲਈ ਸਿਖਿਆਰਥੀਆਂ ਨੂੰ ਸਬੰਧਤ ਭਾਸ਼ਾ ਦਾ ਸੁਯੋਗ ਤੇ ਬਰੀਕੀ ਗਿਆਨ ਹੋਣਾ ਬਹੁਤ ਲਾਜ਼ਮੀ ਹੈ।

-o-

# ਪੰਜੇ ਉਂਗਲਾਂ....

ਰਮੇਸ਼ ਬੱਗਾ ਚੋਹਲਾ (ਲੁਧਿਆਣਾ) ਮੋਬ: 9463132719

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਸਰੀਰ ਦੇ ਅੰਗਾਤਮਕ ਪੱਖ ਨੂੰ ਸਨਮੁੱਖ ਰੱਖ ਕੇ ਦਾਨਸ਼ਮੰਦਾਂ ਵੱਲੋਂ ਦਿੱਤੀ ਗਈ ਇਹ ਦਲੀਲ ਕੇਵਲ ਉਂਗਲਾਂ ਤੱਕ ਹੀ ਸੀਮਤ ਨਹੀਂ ਸਗੋਂ ਇਹ ਮਾਨਵੀ ਵਿਹਾਰ ਵਿਚਲੀ ਅਬਰਾਬਰਤਾ ਵੱਲ ਵੀ ਇਸ਼ਾਰਾ ਕਰਦੀ ਹੈ। ਜਿਸ ਤਰ੍ਹਾਂ ਮਨੁੱਖ ਦੀ ਸਰੀਰਕ ਬਣਾਵਟ ਅਤੇ ਸੁਭਾਅ ਇੱਕ ਦੂਸਰੇ ਨਾਲ ਮੇਲ ਨਹੀਂ ਖਾਂਦੇ ਉਸ ਤਰ੍ਹਾਂ ਹੀ ਉਸ ਦੁਆਰਾ ਕੀਤਾ ਜਾਂਦਾ ਵਿਹਾਰ ਵੀ ਭਿੰਨਤਾ ਭਰਪੂਰ ਹੁੰਦਾ ਹੈ। ਕਿਸੇ ਵਿਅਕਤੀ ਦਾ ਵਿਹਾਰ ਹਾਂ-ਪੱਖੀ ਤੇ ਸੁਖਾਵਾਂ ਅਤੇ ਕਿਸੇ ਦਾ ਨਾਂਹ-ਪੱਖੀ ਅਤੇ ਦੁਖਾਵਾਂ ਹੁੰਦਾ ਹੈ। ਇਸ ਤਰ੍ਹਾਂ ਦੇ ਹੀ ਦੋ ਵੱਖ-ਵੱਖ (ਇੱਕ ਨਾਹ-ਪੱਖੀ ਅਤੇ ਦੂਸਰਾ ਹਾਂ-ਪੱਖੀ) ਵਿਹਾਰ ਮੈਨੂੰ ਬੀਤੇ ਦਿਨੀਂ ਸਰਕਾਰ ਦੇ ਦਫ਼ਤਰਾਂ ਵਿਚ ਦੇਖਣ ਨੂੰ ਮਿਲੇ। ਇਨ੍ਹਾਂ ਵਿਚੋਂ ਇੱਕ ਅਤਿ ਰੁੱਖਾ ਅਤੇ ਦੂਜਾ ਅਤਿ ਮਿੱਠਾ ਰਿਹਾ। ਇਨ੍ਹਾਂ ਦੋਵਾਂ ਵਿਚੋਂ ਨਾਂਹ-ਪੱਖੀ ਵਿਹਾਰ ਦਾ ਪ੍ਰਸੰਗ ਇਸ ਤਰ੍ਹਾਂ ਹੈ-

ਇਸ ਵਾਰ ਦਾ ਮੇਰਾ ਬਿਜਲੀ ਦਾ ਬਿੱਲ (ਘਰੇਲੂ) ਖ਼ਪਤ ਨਾਲੋਂ ਕੁੱਝ ਵਧੇਰੇ ਆ ਗਿਆ ਜਿਸ ਨੂੰ ਪੜ੍ਹ ਕੇ ਮਨ ਚਿੰਤਤ ਹੋ ਗਿਆ। ਸਿਆਣੇ ਕਹਿੰਦੇ ਨੇ ਚਿੰਤਾ ਚਿਖਾ ਸਮਾਨ ਹੁੰਦੀ ਹੈ। ਸੋ ਜਿਉਂਦੇ ਜੀ ਚਿਖਾ ਵਿਚ ਪੈਣ ਨਾਲੋਂ ਚੰਗਾ ਸੀ ਕਿ ਇਸ ਚਿੰਤਾ ਨੂੰ ਮਿਟਾਇਆ ਜਾਂ ਕੁੱਝ ਘਟਾਇਆ ਜਾ ਸਕੇ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਮੈਂ ਬਿਜਲੀ ਬੋਰਡ ਦੇ ਵੱਡੇ ਦਫ਼ਤਰ (ਨਹਿਰ ਨੇੜਲੇ) ਵਿਚ ਚਲਾ ਗਿਆ। ਸਮਾਂ ਸਵਾ ਕੁ ਤਿੰਨ ਵਜੇ ਦਾ ਸੀ। ਜਦੋਂ ਮੈਂ ਸਬੰਧੰਤ ਕਰਮਚਾਰੀ (ਕਲਰਕ) ਕੋਲ ਪਹੁੰਚ ਕੇ ਫ਼ਰਿਆਦੀ ਹੋਇਆ ਤਾਂ ਉਸ ਨੇ ਬਿੰਨਾ ਪੂਰੀ ਗੱਲ ਸੁਣਿਆਂ ਹੀ ਕੱਲ੍ਹ ਨੂੰ ਆਉਣ ਲਈ ਕਹਿ ਦਿੱਤਾ।

'ਕਿਉਂ! ਕੀ ਗੱਲ ਜੀ, ਦਫ਼ਤਰ ਦਾ ਟਾਈਮ 5 ਵਜੇ ਤੱਕ ਦਾ ਨਹੀਂ ਹੁੰਦਾ?'

'ਟਾਈਮ ਤਾਂ ਪੰਜ ਵਜੇ ਦਾ ਹੀ ਹੈ ਪਰ ਪਬਲਿਕ ਡੀਲਿੰਗ ਸਿਰਫ਼ ਤਿੰਨ ਵਜੇ ਤੱਕ ਹੀ ਕੀਤੀ ਜਾਂਦੀ ਹੈ।'

'ਪਰ ਮੈਂ ਤਾਂ ਕਿਸੇ ਦੇ ਅਧੀਨ ਕੰਮ ਕਰਦਾ ਹਾਂ, ਬੜੀ ਮੁਸ਼ਕਿਲ ਨਾਲ ਅੱਜ ਵਾਸਤੇ ਅੱਧੇ ਕੁ ਘੰਟੇ ਦੀ ਛੁੱਟੀ ਲਈ ਹੈ।' ਆਪਣੀ ਮਜ਼ਬੂਰੀ ਬਿਆਨਦਿਆਂ ਮੈਂ ਇੱਕ ਤਰਲਾ ਜਿਹਾ ਲਿਆ।

'ਪਰ ਹੁਣ ਤਾਂ ਸਭ ਕੁੱਝ ਕਲੋਜ਼ ਹੋ ਚੁੱਕਾ ਹੈ, ਕੱਲ੍ਹ ਹੀ ਆਉਣਾ ਪਵੇਗਾ।'

ਕਲਰਕ ਅੱਗੇ ਕੋਈ ਪੇਸ਼ ਨਾ ਜਾਂਦੀ ਦੇਖ ਕੇ ਮਨ ਵਿਚ ਆਇਆ ਕਿ ਚਲੋ ਕਿਸੇ ਵੱਡੇ ਅਫ਼ਸਰ ਨੂੰ ਬੇਨਤੀ ਕਰਕੇ ਦੇਖਦੇ ਹਾਂ ਸ਼ਾਇਦ ਉਸ ਦੇ ਹੀ ਮਨ ਮੇਹਰ ਪੈ ਜਾਵੇ। ਮਨ ਦੀ ਮੰਨ ਕੇ ਮੈਂ ਐਸ.ਡੀ.ਓ ਸਾਹਿਬ ਦੇ ਕਮਰੇ ਵਿਚ ਚਲਾ ਗਿਆ। ਜਦੋਂ ਸਾਹਿਬ ਨੇ ਆਉਣ ਦਾ ਕਾਰਨ ਪੁੱਛਿਆ ਤਾਂ ਮੈਂ ਆਪਣੇ ਅਤੇ ਕਲਰਕ ਵਿਚਲੀ ਸਾਰੀ ਗੱਲ ਕਹਿ ਸੁਣਾਈ। ਐਸ.ਡੀ.ਓ ਸਾਹਿਬ ਮੇਰੇ ਨਾਲੋਂ ਕਲਰਕ ਦੇ ਕਿਤੇ ਵੱਧ ਨੇੜੇ ਸੀ, ਇਸ ਲਈ ਉਸ ਨੇ ਆਪਣੇ ਮੁਲਾਜ਼ਮ ਦੀ ਹੀ ਪਿੱਠ ਥਾਪੜੀ ਅਤੇ ਮੈਨੂੰ ਕੱਲ੍ਹ ਨੂੰ ਆਉਣ ਲਈ ਕਹਿ ਕੇ ਆਪਣਾ ਪੱਲਾ ਛੁਡਾ ਲਿਆ। ਉਮੀਦ ਦੀ ਤੰਦ ਵਿਚਾਲੇ ਟੁੱਟ ਜਾਣ ਕਾਰਨ ਮੈਂ ਦਫ਼ਤਰ ਵਿਚੋਂ ਬਾਹਰ ਆ ਗਿਆ। ਵਾਪਸੀ ਦਾ ਸਫ਼ਰ ਤਹਿ ਕਰਦੇ ਸਮੇਂ ਮੈਂ ਅਮਰੀਕੀ ਬਾਪੂ (ਸਵਰਗਵਾਸੀ) ਲਿੰਕਨ ਨੂੰ ਉਲਾਂਭਾ ਦੇ ਰਿਹਾ ਸੀ- ਬਾਪੂ ਤੂੰ ਤਾਂ ਕਹਿ ਕਿ ਗਿਆ ਸੀ ਲੋਕਤੰਤਰ ਵਿਚ ਲੋਕਾਈ ਦਾ ਬੋਲਬਾਲਾ ਹੋਵੇਗਾ ਭਾਵ ਲੋਕਾਂ ਦੀ ਸਰਕਾਰ ਲੋਕਾਂ ਲਈ ਹੋਵੇਗੀ ਪਰ ਇਥੇ ਤਾਂ ਨੌਕਰਸ਼ਾਹੀ ਹੀ ਪੈਰ ਨਹੀਂ ਲੱਗਣ ਦਿੰਦੀ। ਮੇਰਾ ਇਹ ਉਲਾਂਭਾ ਲਿੰਕਨ ਤੱਕ ਪਹੁੰਚਿਆ ਜਾਂ ਨਹੀਂ ਇਸ ਬਾਰੇ ਤਾਂ ਦਾਅਵੇ ਨਾਲ ਕੁੱਝ ਨਹੀਂ ਕਿਹਾ ਸਾ ਸਕਦਾ। ਪਰ ਕੁੱਝ ਦਿਨ ਬਾਅਦ ਇਕ ਹੋਰ ਸਰਕਾਰੀ ਮੁਲਾਜ਼ਮ ਨਾਲ ਵਾਹ ਪੈ ਗਿਆ ਜਿਸ ਦਾ ਪ੍ਰਭਾਵ ਬਹੁਤ ਹੀ ਮਿੱਠਾ ਅਤੇ ਸੁਖਦਾਈ ਹੋਣ ਦੇ ਨਾਲ-ਨਾਲ ਚਿਰਸਥਾਈ ਵੀ ਰਹੇਗਾ। ਹੋਇਆ ਇਸ ਤਰ੍ਹਾਂ ਕਿ ਇਕ ਦਿਨ ਦੁਪਹਿਰ ਤੋਂ ਬਾਅਦ ਮੈਨੂੰ ਕਿਸੇ ਜ਼ਰੂਰੀ ਕੰਮ ਦੇ ਸਿਲਸਲੇ ਵਿਚ ਮਹਾਂਨਗਰ ਦੀ ਪੁਲਿਸ ਲਾਈਨ ਵਿਚ ਜਾਣਾ ਪੈ ਗਿਆ। ਜਦੋਂ ਮੈਂ ਆਪਣੇ ਵਿਸ਼ੇ ਨਾਲ ਸਬੰਧਤ ਅਧਿਕਾਰੀ ਨੂੰ ਮਿਲਿਆ ਤਾਂ ਉਸ ਨੇ ਮੈਨੂੰ ਲਿਖਤੀ ਰੂਪ ਵਿਚ ਬੇਨਤੀ ਕਰਨ ਨੂੰ ਕਿਹਾ। ਆਪਣੀ ਬੇਨਤੀ ਨੂੰ ਲਿਖਤੀ ਰੂਪ ਦੇ ਕੇ ਜਦੋਂ ਉਸ ਦੇ ਹੱਕ ਵਿਚ ਮੈਂ ਦਸਤਾਵੇਜ਼ ਨੱਥਣ ਲੱਗਾ ਤਾਂ ਉਨ੍ਹਾਂ ਵਿਚੋਂ ਇੱਕ ਦੀ ਨਕਲ ਘੱਟ ਗਈ। ਫੋਟੋ ਕਾਪੀ ਕਰਨ ਵਾਲੀ ਦੁਕਾਨ ਇਸ ਲਾਈਨ ਤੋਂ ਕਾਫੀ ਦੂਰ ਸੀ ਅਤੇ ਦਫ਼ਤਰ ਦਾ ਆਖ਼ਰੀ (ਛੁੱਟੀ ਦਾ) ਸਮਾਂ ਵੀ ਨੇੜੇ ਲੱਗਣ ਵਾਲਾ ਸੀ। ਇਸ ਘਾਟ ਦੀ ਪੂਰਤੀ ਲਈ ਮੈਂ ਦਫ਼ਤਰ ਦੇ ਨਾਲ ਵਾਲੇ ਕਮਰੇ ਵਿਚ ਬੈਠੇ ਇੱਕ ਪੁਲਿਸ ਮੁਲਾਜ਼ਮ ਕੋਲ ਇਹ ਸੋਚ ਕੇ ਚਲਾ ਗਿਆ ਸ਼ਾਇਦ ਇਸ ਕੋਲ ਫੋਟੋ-ਸਟੇਟ ਕਰਨ ਵਾਲੀ ਸਰਕਾਰੀ ਮਸ਼ੀਨ ਹੀ ਹੋਵੇ। ਉਸ ਵਕਤ ਉਹ ਆਪਣੇ ਕਮਰੇ ਵਿਚ ਇਕੱਲਾ ਹੀ ਬੈਠਾ ਹੋਇਆ ਸੀ। ਉਸ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਮੈਂ ਕਿਹਾ- 'ਭਾਜੀ! ਫ਼ੋਟੋ ਕਾਪੀ ਵਾਲੀ ਮਸ਼ੀਨ ਹੈ ਗੀ ਭਲਾ।' 'ਨਹੀਂ ਮਸ਼ੀਨ ਤਾਂ ਨਹੀਂ ਹੈ।' ਉਸ ਦਾ ਨਾਂਹਵਾਚਕ ਜੁਆਬ ਸੁਣ ਕੇ ਜਦੋਂ ਮੈਂ ਬਾਹਰ ਨੂੰ ਮੁੜਨ ਲੱਗਾ ਤਾਂ ਉਸ ਨੇ ਕਿਹਾ- 'ਕਿੰਨੀਆਂ ਕੁ ਕਾਪੀਆਂ ਨੇ?' 'ਇੱਕੋ ਹੀ।' ਮੈਂ ਸੰਖੇਪ ਵਿਚ ਕਿਹਾ। 'ਲਿਆ ਫੜਾਓ ਫਿਰ!' ਇਹ ਗੱਲ ਕਹਿ ਕਿ ਉਸ ਭਲੇ ਪੁਰਸ਼ ਨੇ ਉਹ ਕਾਗਜ਼ ਮੇਰੇ ਕੋਲੋਂ ਲੈ ਲਿਆ। ਉਸ ਦੇ ਇਸ ਤਰ੍ਹਾਂ ਕਰਨ ਨਾਲ ਮੈਨੂੰ ਥੋੜ੍ਹੀ ਜਿਹੀ ਹੈਰਾਨੀ ਵੀ ਹੋਣ ਲੱਗੀ ਕਿਉਂਕਿ ਇਸ ਤੋਂ ਪਹਿਲਾਂ ਉਹ ਜਵਾਬ ਦੇ ਚੁੱਕਾ ਸੀ ਅਤੇ ਉਸ ਦੇ ਕਮਰੇ ਵਿਚ ਫੋਟੋ ਸਟੇਟ ਮਸ਼ੀਨ ਨਜ਼ਰ ਵੀ ਨਹੀਂ ਆ ਰਹੀ ਸੀ।



ਮਨ ਵਿਚ ਪਈ ਮੇਹਰ ਸਦਕਾ ਉਸ ਨੇਕ ਦਿਲ ਮੁਲਾਜ਼ਮ ਨੇ ਆਪਣੀ ਅਕਲ ਅਤੇ ਤਕਨੀਕੀ ਜੁਗਤ ਤੋਂ ਕੰਮ ਲਿਆ। ਪਹਿਲਾਂ ਤਾਂ ਉਸ ਨੇ ਮੇਰੇ ਕਾਗਜ਼ ਦੀ ਮੋਬਾਇਲ ਫ਼ੋਨ ਨਾਲ ਫ਼ੋਟੋ ਖਿੱਚੀ ਅਤੇ ਬਾਅਦ ਵਿਚ ਉਸ ਨੂੰ ਕੰਪਿਊਟਰ ਵਿਚਲੀ ਈਮੇਲ 'ਤੇ ਪਾ ਦਿੱਤਾ। ਈਮੇਲ 'ਤੇ ਪਾਉਣ ਤੋਂ ਬਾਅਦ ਉਸ ਨੇ ਕੰਪਿਊਟਰ ਨਾਲ ਜੁੜੇ ਹੋਏ ਛਾਪਕ ਦੀ ਸਹਾਇਤਾ ਨਾਲ ਇੱਕ ਪ੍ਰਿੰਟ ਕੱਢ ਕੇ ਮੇਰੇ ਹਵਾਲੇ ਕਰ ਦਿੱਤਾ। ਉਸ ਦੀ ਇਸ ਜੁਗਤੀ ਮੇਹਰਬਾਨੀ ਨਾਲ ਜਿਥੇ ਮੇਰਾ ਰੋਮ-ਰੋਮ ਉਸ ਮੁਲਾਜ਼ਮ ਵੀਰ ਦਾ ਧੰਨਵਾਦੀ ਹੋ ਗਿਆ, ਉਥੇ ਇਸ ਗੱਲ ਨਾਲ ਵੀ ਸਹਿਮਤ ਹੋਣੋ ਨਾ ਰਹਿ ਸਕਿਆ ਕਿ 'ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ।' -o-

# ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ - ਹਰਿਭਜਨ ਸਿੰਘ

ਸੁਰਜੀਤ

ਡਾ. ਹਰਿਭਜਨ ਸਿੰਘ (18 ਅਗਸਤ 1920 – 21 ਅਕਤੂਬਰ 2002) ਇੱਕ ਪੰਜਾਬੀ ਕਵੀ, ਆਲੋਚਕ, ਸਾਂਸਕ੍ਰਿਤਕ ਟੀਕਾਕਾਰ, ਅਤੇ ਅਨੁਵਾਦਕ ਸੀ। ਅੰਮ੍ਰਿਤਾ ਪ੍ਰੀਤਮ ਦੇ ਨਾਲ ਹਰਭਜਨ ਸਿੰਘ ਨੂੰ ਪੰਜਾਬੀ ਕਵਿਤਾ ਦੀ ਸ਼ੈਲੀ ਵਿੱਚ ਕ੍ਰਾਂਤੀ ਲਿਆਉਣ ਦਾ ਸੇਹਰਾ ਜਾਂਦਾ ਹੈ। ਉਸ ਨੇ ਰੇਗਿਸਤਾਨ ਵਿਚ ਲੱਕੜਹਾਰਾ ਸਮੇਤ 17 ਕਾਵਿ ਸੰਗ੍ਰਹਿ, ਸਾਹਿਤਕ ਇਤਿਹਾਸ ਦੇ 19 ਕੰਮ ਅਤੇ ਅਰਸਤੂ, ਸੋਫੋਕਲੀਜ, ਰਬਿੰਦਰਨਾਥ ਟੈਗੋਰ ਅਤੇ ਰਿਗਵੇਦ ਵਿੱਚੋਂ ਚੋਣਵੇਂ ਟੋਟਿਆਂ ਸਮੇਤ 14 ਅਨੁਵਾਦ ਦੇ ਕੰਮ ਪ੍ਰਕਾਸ਼ਿਤ ਕੀਤੇ ਹਨ। ਨਾ ਧੁੱਪੇ ਨਾ ਛਾਵੇਂ ਲਈ 1969 ਵਿੱਚ ਉਸ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ।

1987: ਕਬੀਰ ਸਨਮਾਨ

1994: ਸਰਸਵਤੀ ਸਨਮਾਨ

1994: ਸਾਹਿਤ ਅਕਾਦਮੀ ਫੈਲੋਸ਼ਿਪ, ਨਵੀਂ ਦਿੱਲੀ

ਸੋਵੀਅਤ ਲੈਂਡ ਨਹਿਰੂ ਅਵਾਰਡ

2002: ਧਾਲੀਵਾਲ ਸਨਮਾਨ - ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ

**ਡਾ. ਹਰਿਭਜਨ ਸਿੰਘ ਦਾ ਆਲੋਚਨਾ ਕਾਰਜ**

ਡਾ. ਹਰਿਭਜਨ ਸਿੰਘ ਪੰਜਾਬੀ ਦਾ ਪਹਿਲਾ ਸੰਰਚਨਾਵਾਦੀ ਅਤੇ ਰੂਪਵਾਦੀ ਆਲੋਚਕ ਹੈ।ਡਾ. ਹਰਿਭਜਨ ਸਿੰਘ ਨੇ ਪੰਜਾਬੀ ਚਿੰਤਨ ਕਾਰਜ ਨੂੰ ਅਸਲੋਂ ਵੱਖਰੇ ਤੇ ਨਿਵੇਕਲੇ ਮਾਰਗ ਉੱਪਰ ਤੋਰਿਆ। ਪੂਰਵ ਮਿਥਿਤ ਧਾਰਨਾਵਾਂ ਦਾ ਤਿਆਗ, ਨਿਸ਼ਚੇਵਾਦੀ ਮੁੱਲਵਾਦੀ ਵਿਧੀ ਤੋਂ ਗੁਰੇਜ਼, ਲੇਖਕ ਦੇ ਜੀਵਨ ਤੇ ਰਚਨਾ ਦੇ ਪ੍ਰਭਾਵ ਤੋਂ ਲਾਂਭੇ ਵਿਚਰਨਾ, ਸਾਹਿਤਕਤਾ ਦੀ ਪਹਿਚਾਣ, ਵਸਤੂ ਤੇ ਰੂਪ ਦੀ ਅਦਵੈਤ ਅਤੇ ਰੂਪ ਵਿਧਾਨਕ ਸ਼ਬਦਾਬਲੀ ਦਾ ਪ੍ਰਯੋਗ ਆਦਿ ਉਸਦੀ ਅਧਿਐਨ ਵਿਧੀ ਦੇ ਪਛਾਨਣ ਯੋਗ ਨੁਕਤੇ ਹਨ। ਡਾ. ਹਰਿਭਜਨ ਸਿੰਘ ਦਾ ਸਭ ਤੋਂ ਮਹੱਤਵਪੂਰਨ ਪੱਖ ਉਸਦੀ ਵਿਹਾਰਕ ਸਮੀਖਿਆ ਦਾ ਹੈ ਜਿਹੜਾ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਤਕ ਫੈਲ ਕੇ ਉਸਦੀ ਸਮੁੱਚੀ ਪੰਜਾਬੀ ਸਮੀਖਿਆ ਦੇ ਇਤਿਹਾਸ ਵਿਚ ਵਿਲੱਖਣਤਾ ਨੂੰ ਸਿਰਜਦਾ ਹੈ।

**ਡਾ. ਹਰਿਭਜਨ ਸਿੰਘ ਪੱਛਮੀ ਸਾਹਿਤ ਚਿੰਤਨ ਵਿਚ ਪ੍ਰਚਲਿਤ ਦ੍ਰਿਸ਼ਟੀਆਂ ਸੰਰਚਨਾਤਮਕ ਭਾਸ਼ਾ ਵਿਗਿਆਨ, ਰੂਸੀ ਰੂਪਵਾਦ, ਅਮਰੀਕੀ ਨਵੀਨ ਆਲੋਚਨਾ, ਚਿੰਨ੍ਹ ਵਿਗਿਆਨ ਆਦਿ ਦੇ ਮੂਲ ਸੰਕਲਪਾਂ ਨੂੰ ਸਿਧਾਂਤਕ ਪੱਤਰ ਤੇ ਗ੍ਰਹਿਣ ਕਰਕੇ ਜਿੱਥੇ ਪੰਜਾਬੀ ਸਾਹਿਤ ਆਲੋਚਨਾ ਖੇਤਰ ਵਿਚ ਨਵੇਂ ਪ੍ਰਤਿਮਾਨ ਸਥਾਪਿਤ ਕਰਦਾ ਹੈ, ਉੱਥੇ ਇਨ੍ਹਾਂ ਦੇ ਅਧਾਰ ਤੇ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਨੂੰ ਆਪਣੇ ਸਿਧਾਂਤਕ ਤੇ ਵਿਹਾਰਕ ਅਧਿਐਨ ਦਾ ਕੇਂਦਰ ਬਣਾਉਂਦਾ ਹੈ।ਉਹਨਾਂ ਦੀ ਇਕ ਕਵਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਹੈ ਪੇਸ਼ ਕਰ ਰਹੇ ਹਾਂ - ਸੰਪਾਦਕ**

ਉਦੋਂ ਹਾਜ਼ਰ ਸਾਂ ਮੈਂ
ਤੇਰੇ ਹੱਥ ਵਿੱਚ ਜਦੋਂ ਤਲਵਾਰ
ਨੰਗੀ ਪਿਆਸ ਵਾਂਗੂੰ ਤੜ-ਫੜਾਈ ਸੀ
ਲਹਿਰਦਾ, ਸੁਲਗਦਾ ਮੇਲਾ
ਜਦੋਂ ਸੁੱਕੇ ਸਰੋਵਰ ਵਾਂਗ ਗੁੰਮਸੁੰਮ ਬੁੱਝ ਗਿਆ ਸੀ
ਦੂਰ ਤੀਕਰ ਚੁੱਪ ਦੇ ਬੰਜਰ ਵਿਛੇ ਸਨ
ਜਿਨ੍ਹਾਂ ਦੇ ਵਿੱਚ ਸਵਾਸ ਵੀ ਉੱਗਦਾ ਨਹੀਂ ਪੂਰਾ
ਉਦੋਂ ਹਾਜ਼ਰ ਸਾਂ ਮੈਂ
ਤੇਰੇ ਮੂੰਹੋਂ ਜਦੋਂ ਇੱਕ ਬੋਲ ਦਾ ਟੁਕੜਾ
ਸੁਲਗਦੀ ਲਾਟ ਵਾਂਗੂੰ ਨਿਕਲਿਆ ਸੀ
ਸੀਸ ਜਿਸ ਦੇ ਪਾਸ ਹੈ ਹਾਜ਼ਰ ਕਰੇ
ਉਦੋਂ ਬੇਸੀਸ ਬੰਦੇ ਵਾਂਗ ਮੇਰੀ ਹਾਜ਼ਰੀ ਸੀ
ਮੇਰੇ ਸੀਨੇ 'ਚੋਂ ਮੇਰੀ ਜਾਨ



ਅਚੇਤੀ ਲਹਿਰ ਵਾਂਗੂੰ ਤ੍ਰਭਕ ਕੇ ਉੱਠੀ
ਤੇ ਫਿਰ ਡੀਕੀ ਨਦੀ ਵਾਂਗੂੰ ਸੌਂ ਗਈ
ਮੈਂ ਆਪਣੇ ਆਪ ਦੀ ਇਕ ਲੀਕ
ਆਪਣੀ ਹਾਜ਼ਰੀ ਤੋਂ ਬਿਨਾਂ
ਉਦੋਂ ਕੁਝ ਵੀ ਨਹੀਂ ਸਾਂ
ਮੈਂ ਆਪਣੀ ਥਾਂ ਤੇ ਬੈਠਾ ਸਾਂ ਬਿਰਛ ਵਾਂਗੂੰ
ਜਿਨ੍ਹੂੰ ਮੁੱਢੋਂ ਕਿਸੇ ਦੋ ਚਾਰ ਹੱਥ ਛੱਡ ਕੇ
ਸਬੂਤਾ ਵੱਢ ਦਿੱਤਾ ਸੀ
ਨਿਰੀ ਨੰਗੀ ਨਿਕੱਦੀ ਹੀਣਤਾ
ਮੇਰੇ ਉੱਪਰ ਮੇਰੀ ਆਪਣੀ ਵੀ ਛਾਂ ਕੋਈ ਨਹੀਂ ਸੀ
ਉਦੋਂ ਹਾਜ਼ਰ ਸਾਂ ਮੈਂ
ਤੇਰੀ ਤੱਕਣੀ ਜਦੋਂ ਛਿਲਤੀ ਕਿਰਨ ਵਾਂਗੂੰ
ਮੇਰੇ ਵਿਰਲਾਂ 'ਚੋਂ ਅੰਦਰ ਝਾਕਦੀ ਸੀ
ਮੇਰੇ ਅੰਦਰ ਜੋ ਇੱਕ ਸੂਰਜ ਜਿਹਾ
ਤੂੰ ਬਾਲ ਧਰਿਆ ਸੀ
ਉਹਦੇ ਚਾਨਣ 'ਚ ਮੇਰੀ ਹਉਂ ਵਿਆਕੁਲ ਸੀ
ਮੈਂ ਆਪਣੇ ਆਪ ਨੂੰ ਪੁੱਛਦਾ ਪਿਆ ਸਾਂ
ਮੇਰੇ ਧੜ ਤੇ ਮੇਰਾ ਸਿਰ ਹੈ ਜਾਂ ਸਿਰ ਦਾ ਦੰਭ ਹੈ
ਜੋ ਵਿਖਾਇਆ ਤਾਂ ਜਾ ਸਕਦੈ
ਵਰਤਿਆ ਬਿਲਕੁਲ ਨਹੀਂ ਜਾਂਦਾ
ਮੈਂ ਆਪਣਾ ਆਪ ਹਾਂ ਜਾਂ ਅਜਨਬੀ ਹਾਂ
ਮੈਂ ਗੁਰੂ-ਦਰਬਾਰ ਵਿੱਚ ਬੈਠਾ ਪੁਰਖ ਹਾਂ
ਜਾਂ ਨਾਰ ਹਾਂ
ਜੋ ਘਰੋਂ ਨਿਕਲੀ ਤਾਂ ਸੀ
ਪਿੰਡੇ ਤੇ ਇੱਕ ਵਾਫ਼ਰ ਜਿਹਾ ਅੰਗ ਜੋੜ ਕੇ
ਪਰ ਭਰੇ ਚਾਨਣ,
ਭਰੇ ਬਾਜ਼ਾਰ ਦੇ ਸਾਹਮਣੇ
ਅੰਗ ਭੁਰਿਆ
ਨਾਰ ਦਾ ਬੁੱਚਾ ਅਸਲ
ਸਭ ਤੇ ਉਜਾਗਰ ਹੋ ਗਿਆ
ਮੈਨੂੰ ਹੁਣ ਆਪਣੀ ਹੀ ਹਾਜ਼ਰੀ
ਇੱਕ ਭਾਰ ਲਗਦੀ ਸੀ
ਤੇ ਭਰੇ ਮੇਲੇ ਦੀ ਚੁੱਪ
ਬੋਝ ਸੀ ਉਪਹਾਸ ਦਾ
ਤੇ ਚਮਤਕਾਰਾ ਜਦੋਂ ਹੋਇਆ
ਉਦੋਂ ਹਾਜ਼ਰ ਸਾਂ ਮੈਂ
ਮੇਰੇ ਲਾਗੇ ਹੀ ਬੈਠਾ ਸੀ ਚਮਤਕਾਰੀ
ਜਿਨ੍ਹੇਂ ਆਪਣੇ ਹੀ ਹੱਥੀਂ
ਸੀਸ ਲਾਹ ਕੇ ਆਪਣਾ
ਸਹਿਜੇ ਟਿਕਾ ਦਿੱਤਾ ਤੇਰੇ ਚਰਨੀਂ
ਤੇਰੇ ਹੱਥ ਵਿੱਚ ਅਚੱਲ ਤਲਵਾਰ ਵੀ
ਛਿਣ ਭਰ ਲਈ ਥੱਰਰਾ ਗਈ ਸੀ
ਮੁਅਜ਼ਜ਼ਾ ਤੱਕ ਕੇ
ਸੀਸ ਵਾਲੇ ਸੀਸ ਅਰਪਨ ਵਾਸਤੇ
ਤਲਵਾਰ ਦੇ ਮੁਹਤਾਜ ਨਹੀਂ ਹੁੰਦੇ
ਚਮਤਕਾਰੀ ਨੇ ਆਪਣਾ ਸੀਸ
ਇਉਂ ਸਹਿਜੇ ਟਿਕਾਇਆ ਸੀ ਤੇਰੇ ਚਰਨੀਂ
ਜਿਵੇਂ ਅੰਬਰ ਦੇ ਪੈਰੀਂ
ਨਿਤ ਸਵੇਰਾ ਆਪਣਾ ਸੂਰਜ ਬਾਲ ਧਰਦਾ ਹੈ
ਤ੍ਰਬਕ ਕੇ ਉੱਠੀ ਸੀ ਮੇਰੀ ਜਾਨ
ਮੁੜ ਕੇ ਵਿਰਲ 'ਚੋਂ ਡੁੱਲ੍ਹ ਜਾਣ ਲਈ
ਕੀਲ ਵਿੱਚ ਬੱਝਾ ਹੋਇਆ ਮੇਲਾ
ਰਤਾ ਕੁ ਹਿੱਲ ਕੇ ਥਿਰ ਹੋ ਗਿਆ
ਚੁੱਪ ਬਰੜਾਈ ਰਤਾ
ਤੇ ਫਿਰ ਬਰੇਤੇ ਸੌਂ ਗਈ
ਤੇ ਚਮਤਕਾਰੀ ਪੁਰਖ ਇੱਕ ਹੋਰ
ਹੋਰ ਤੇ ਇੱਕ ਹੋਰ ਤੇ ਇੱਕ ਹੋਰ
ਇੱਕ ਗਗਨ ਇੱਕੋ ਸਮੇਂ
ਕਈ ਸੂਰਜ ਉਦੈ ਹੋਏ
ਤੇ ਮੈਂ ਬੇਸੀਸਾ, ਧੀਰਿਆ
ਸ਼ੁਕਰ ਹੈ, ਹੁਣ ਗੁਰੂ ਨੂੰ ਲੋੜ ਨਹੀਂ
ਤੇ ਜਦੋਂ ਤੂੰ ਸੀਸ ਨੂੰ
ਦਸਤਾਰ ਦਾ ਸਤਿਕਾਰ ਦੇ ਕੇ
ਤਖ਼ਤ ਉੱਤੇ ਪਾਸ ਆਪਣੇ ਹੀ ਬਿਠਾਇਆ ਸੀ
ਮੈਂ ਝੂਰਿਆ:
ਹਾਇ ਜੇ ਪਹਿਲਾਂ ਪਤਾ ਹੁੰਦਾ
ਕਿ ਏਨਾ ਪਿਆਰ ਦੇ ਕੇ
ਸਤਿਗੁਰੂ ਨੇ ਸੀਸ ਵਾਪਸ ਮੋੜ ਦੇਣਾ ਹੈ
ਤਾਂ ਮੈਂ ਤਾਂ ਮੈਂ
ਮੰਨਿਆਂ ਕਿ ਮੇਰੇ ਧੜ ਤੇ ਮੇਰਾ ਸੀਸ ਨਹੀਂ
ਸੀਸ ਦਾ ਪਾਖੰਡ ਤਾਂ ਹੈ
ਮੈਂ ਇਹ ਪਾਖੰਡ ਹੀ ਆਪਣੇ ਗੁਰੂ ਨੂੰ ਭੇਟ ਕਰਦਾ
ਪਰ ਨਹੀਂ
ਤੇਰੀ ਤੱਕਣੀ ਅਜੇ ਛਿਲਤੀ ਕਿਰਨ ਵਾਂਗੂੰ
ਮੇਰੇ ਵਿਰਲਾਂ 'ਚੋਂ ਅੰਦਰ ਝਾਕਦੀ ਸੀ
ਮੇਰੇ ਅੰਦਰ ਜੋ ਤੂੰ ਸੂਰਜ ਜਿਹਾ
ਇੱਕ ਬਾਲ ਧਰਿਆ ਸੀ
ਉਹ ਜਿਊਂਦਾ-ਜਾਗਦਾ ਸੀ
ਤੇ ਕਹਿ ਰਿਹਾ ਸੀ:
ਏਸ ਥਾਵੇਂ ਦੰਭ ਦਾ ਸਿੱਕਾ ਨਹੀਂ ਚੱਲਦਾ
ਸੀਸ ਅਰਪਨ ਦਾ ਸਦਾ ਵੇਲਾ ਹੈ, ਪਰ
ਆਪਣੇ ਧੜ 'ਤੇ ਸੀਸ ਪੈਦਾ ਕਰ
ਮੈਂ ਤੇਰੇ ਦਰਬਾਰ ਵਿੱਚ
ਹਾਲੇ ਵੀ ਹਾਜ਼ਰ ਹਾਂ
ਮੈਂ ਆਪਣੀ ਥਾਂ ਤੇ ਬੈਠਾ ਹਾਂ
ਬਿਰਛ ਵਾਂਗੂੰ
ਜਿਹਨੂੰ ਮੁੱਢੋਂ ਕਿਸੇ ਦੋ ਚਾਰ ਹੱਥ ਛੱਡ ਕੇ
ਸਬੂਤਾ ਵੱਢ ਦਿੱਤਾ ਹੈ
ਮੇਰੇ ਧੜ ਤੇ ਅਜੇ ਤੀਕਰ ਵੀ ਮੇਰਾ ਸੀਸ ਨਹੀਂ
ਪਰ ਸੀਸ ਦਾ ਪਾਖੰਡ ਵੀ ਨਹੀਂ
ਸੋਚਦਾ ਹਾਂ:
ਮੇਰੇ ਧੜ ਤੇ ਨਵੇਂ ਸੂਰਜ ਜਿਹਾ
ਜਦ ਸੀਸ ਉੱਗੇਗਾ
ਰੌਸ਼ਨੀ ਉਸ ਦੀ
ਗੁਰੂ ਦਾ ਨਾਮ ਲੈ ਕੇ, ਅਰਪ ਦੇਵਾਂਗਾ
ਨਿਰੀ ਨੰਗੀ ਨਿਕੱਦੀ ਹੀਣਤਾ
ਮੈਥੋਂ ਹੁਣ ਜੀਵੀ ਨਹੀਂ ਜਾਂਦੀ।

-o-

**ਛੋਟੀ ਕਹਾਣੀ**

## ਸੇਵਾ

ਸੁਰਜੀਤ ਕੌਰ ਦੇ ਦੂਜੇ ਮੁੰਡੇ ਦਾ ਹਾਲੇ ਹੁਣੇ ਹੀ ਵਿਆਹ ਹੋਇਆ ਸੀ। ਉਸ ਦੇ ਘਰ ਵਿਚ ਹੁਣ ਦੋ ਬਹੂਆਂ ਸਨ। ਕੁਝ ਦਿਨ ਪਹਿਲਾਂ ਜਦ ਮੈਂ ਉਨ੍ਹਾਂ ਦੇ ਘਰ ਗਿਆ ਤਾਂ ਉਹ ਭਾਂਡੇ ਮਾਂਜ ਰਹੀ ਸੀ।

ਮੈਂ ਉਸ ਨੂੰ ਮਜ਼ਾਕ ਨਾਲ ਕਿਹਾ, "ਚਾਚੀ ਹੁਣ ਤਾਂ ਤੇਰੇ ਘਰ ਦੋ-ਦੋ ਬਹੂਆਂ ਨੇ ਤੇ ਤੂੰ ਹੁਣ ਵੀ ਭਾਂਡੇ ਮਾਂਜ ਰਹੀ ਏਂ, ਹੁਣ ਤਾਂ ਤੂੰ ਬੈਠ ਕੇ, ਰਾਮ ਕਰਿਆ ਕਰ।"

ਤਾਂ ਉਹ ਅੱਗੋਂ ਬੋਲੀ, "ਵੇ ਪੁੱਤ ਮੇਰੇ ਤੋਂ ਬੁੱਢੀਆਂ, ਠੇਰੀਆਂ ਮੰਦਰਾਂ-ਗੁਰਦੁਆਰਿਆਂ 'ਚ ਜਾ ਕੇ ਲੋਕਾਂ ਦੇ ਜੂਠੇ ਭਾਂਡਿਆਂ ਦੀ ਸੇਵਾ ਕਰਦੀਆਂ ਨੇ, ਤੇ ਫਿਰ ਮੈਂ ਤਾਂ ਆਪਣੇ ਪੁੱਤ-ਧੀਆਂ ਦੇ ਹੀ ਭਾਂਡੇ ਮਾਂਜਦੀ ਆਂ, ਇਹ ਵੀ ਸੇਵਾ ਈ ਆ ਪੁੱਤ।"

ਐਨੀ ਗੱਲ ਸੁਣਦਿਆਂ ਸੁਰਜੀਤ ਕੌਰ ਦੀ ਨਵੀਂ ਵਿਆਹੀ ਬਹੁ ਭੱਜੀ, ਭੱਜੀ ਆਈ ਅਤੇ ਉਸ ਦੇ ਹੱਥੋਂ ਭਾਂਡੇ ਖੋਹ ਕੇ ਖੁਦ ਮਾਂਜਣ ਲੱਗ ਪਈ।

-ਚਰਨਜੀਤ ਸਿੰਘ ਮੁਕਤਸਰ

**ਕਵਿਤਾਵਾਂ**

## ਚਿੜੀਓ ਨੀ



-ਮਨਦੀਪ ਸਿੰਘ ਮਨ

ਕਦੇ ਸਾਡੇ ਵਿਹੜੇ ਵੀ ਆਵੋ ਚਿੜੀਓ ਨੀ,
ਕੋਈ ਗੀਤ ਗ਼ਮਾਂ ਦਾ ਗਾਵੋ ਚਿੜੀਓ ਨੀ,
ਵਿਹੜੇ ਸਾਡੇ ਫੁੱਲਾਂ ਦੇ ਵਾਂਙੂ ਖਿੜੀਓ ਨੀ,
ਕਦੇ ਸਾਡੇ ਵਿਹੜੇ ਵੀ ਆਵੋ ਚਿੜੀਓ ਨੀ।

ਡਾਰਾਂ ਬੰਨ੍ਹ ਬੰਨ੍ਹ ਆਵੋ ਕਦੇ ਨਾ ਖੁੜਿਓ ਨੀ,
ਮੇਰੇ ਕੋਲ਼ ਹੀ ਰਹਿ ਜਾਵੋ ਹੁਣ ਨਾ ਮੁੜਿਓ ਨੀ ,
ਮੈਂ ਚੂਰੀ ਕੁੱਟ ਕੁੱਟ ਪਾਊਂ ਤਲ਼ੀਏਂ ਚੋਗ ਚੁਗਾਊਂ,
ਨਾ ਮੁੱਖ ਸਾਡੇ ਵੱਲੋਂ ਮੋੜਿਓ ਨੀ ,
ਕਦੇ ਸਾਡੇ ਵਿਹੜੇ ਵੀ.....

ਹਾਏ ਕੋਈ ਵਤਨ ਪੰਜਾਬ ਦੀ ਗੱਲ ਸੁਣਾਵੋ ਨੀ,
ਹਾਏ ਮੇਰੇ ਹੁਣ ਠੰਢ ਕਾਲਜੇ ਪਾਵੋ ਨੀ,
ਵੱਢ ਵੱਢ ਖਾਵਣ ਸੁੰਞੇ ਪਏ ਬਨੇਰੇ,
ਤੁਸੀਂ ਆਵੋ ਚੈਚਹਾਵੋ ਰੋਣਕਾ ਲਾਵੋ ਨੀ,
ਕਦੇ ਸਾਡੇ ਵਿਹੜੇ ਵੀ......

ਐ ਮੇਰੀਓ ਸਖੀਓ ਸਈਓ ਨੀ ,
ਸੁਣਿਆ ਨਨਕਾਣੇ ਵੱਲ ਨੂੰ ਗਈਓ ਨੀ,
ਲਾਹੌਰ ਤੋਂ ਚੁੰਝ ਭਰ ਲੈ ਆਇਓ ਨੀ,
ਆਣ ਕੇ ਮੇਰੀ ਝੋਲ਼ੀ ਪਾਇਓ ਨੀ,
ਮੇਰੀ ਏਹ ਹਸਰਤ ਪੂਰੀ ਕਰਿਓ ਨੀ ,
ਕਦੇ ਸਾਡੇ ਵਿਹੜੇ ਵੀ ਆਵੋ ਚਿੜੀਓ ਨੀ।

## ਚਾਨਣ-ਗੁਫ਼ਤਗੂ



-ਡਾ. ਗੁਰਬਖ਼ਸ਼ ਸਿੰਘ ਭੰਡਾਲ

ਨ੍ਹੇਰ-ਨਗਰੀ 'ਚ
ਚਾਨਣ ਦੀ ਗੱਲ ਕਰੀਏ
ਜ਼ਿੰਦਗੀ ਦੀ ਤਲੀ 'ਤੇ
ਅਲੂਆਂ ਸੁਪਨਾ ਧਰੀਏ
ਇੰਨੀ ਚੁੱਪ ਹੈ ਕਿ
ਸਾਹ ਵੀ ਕਬਰਾਂ ਜਾਪਣ,
ਸੀਤੇ ਹੋਠਾਂ ਦੇ ਨਾਂ
ਕੁਝ ਬਲਦੇ ਬੋਲ ਕਰੀਏ
ਘਰਾਂ 'ਚ ਕੈਦ ਸਾਇਆਂ ਦੀ
ਬੰਦ-ਖਲਾਸੀ ਲਈ,
ਮੁੱਦਤਾਂ ਤੋਂ ਬੰਦ ਦਰਾਂ ਨੂੰ
ਇਕ ਦਸਤਕ ਵਰੀਏ
ਹਰ ਰਾਤ ਹੀ ਕਿਉਂ
ਮੱਸਿਆ ਬਣ ਜਾਂਦੀ ਏ,
ਟੁੱਟਿਆ ਤਾਰਾ ਹੀ
ਇਸਦੀ ਕੁੱਖ 'ਚ ਧਰੀਏ
ਕਾਗਜ਼ ਤੇ ਫੈਲੇ ਹਰਫ਼ਾਂ 'ਚ
ਮਾਤਮ ਹੀ ਗੂੰਜਦਾ,
ਕਦੇ ਤਾਂ ਅਰਥਾਂ 'ਚ
ਮਾਸੂਮ ਗੁਟਕਣੀ ਭਰੀਏ
ਕਦੇ ਤਾਂ ਮਰ ਕੇ ਜਿਊਣ ਦਾ
ਅਹਿਦ ਕਰੋ ਯਾਰੋ,
ਕਾਹਤੋਂ ਅਸੀਂ ਪਲ-ਪਲ
ਜਿਉਂਦੇ ਹੀ ਮਰੀਏ

**ਛੋਟੀਆਂ ਕਹਾਣੀਆਂ**

## ਸੂਟ

ਆਰਥਿਕ ਮਜਬੂਰੀਆਂ ਕਾਰਨ ਉਸ ਨੇ ਭੈਣ ਨੂੰ ਰੱਖੜੀ 'ਤੇ ਕਦੇ ਸੂਟ ਨਹੀਂ ਸੀ ਦਿੱਤਾ। ਇਸ ਵਾਰ ਉਸ ਨੇ ਬੜੀ ਮੁਸ਼ਕਲ ਨਾਲ ਪਾਈ-ਪਾਈ ਜੋੜ ਕੇ ਭੈਣ ਲਈ ਸੂਟ ਖਰੀਦਿਆ। ਰੱਖੜੀ ਵਾਲੇ ਦਿਨ ਨਾਹ-ਧੋ ਕੇ, ਸੁੱਚੇ ਮੂੰਹ ਉਹ ਭੈਣ ਦੀ ਉਡੀਕ ਕਰਨ ਲੱਗਾ।

ਦਸ ਵੱਜ ਗਏ-ਬਾਰਾਂ ਵੱਜ ਗਏ, ਪਰ ਭੈਣ ਦਾ ਕੋਈ ਅਤਾ ਪਤਾ ਨਹੀਂ ਸੀ। ਆਂਢ-ਗੁਆਂਢ ਰੱਖੜੀ ਬੰਨ੍ਹਣ ਆਈਆਂ ਕੁੜੀਆਂ, ਰੱਖੜੀ ਬੰਨ੍ਹ ਕੇ ਵਾਪਸ ਆਪਣੇ ਘਰਾਂ ਨੂੰ ਪਰਤਣ ਲੱਗ ਪਈਆਂ ਸਨ। ਉਹਦੇ ਮਨ ਵਿਚ ਭੈੜੇ-ਭੈੜੇ ਖ਼ਿਆਲ ਆਉਣ ਲੱਗ ਪਏ ਸਨ। ਉਹ ਭੈਣ ਲਈ ਫ਼ਿਕਰਮੰਦ ਹੋ ਗਿਆ ਸੀ।

ਅਚਾਨਕ ਉਹ ਉੱਠਿਆ ਤੇ ਤੇਜ਼ੀ ਨਾਲ ਸੂਟ ਝੋਲੇ ਵਿਚ ਪਾ ਲਿਆ ਤੇ ਭੈਣ ਦੇ ਪਿੰਡ ਵੱਲ ਚੱਲ ਪਿਆ। ਭੈਣ ਦੇ ਬੂਹੇ ਅੱਗੇ ਪਹੁੰਚ ਕੇ ਉਹ ਕੁੰਡਾ ਖੜਕਾਉਣ ਹੀ ਲੱਗਾ ਸੀ ਕਿ ਅੰਦਰੋਂ ਭੈਣ ਦੇ ਆਪਣੀ ਗੁਆਂਢਣ ਨਾਲ ਗੱਲਾਂ ਕਰਨ ਦੀ ਆਵਾਜ਼ ਆਈ।

ਉਹ ਕਹਿ ਰਹੀ ਸੀ "ਮੈਂ ਨੀ ਗਈ ਅੱਜ ਪੇਕੇ, ਭੈਣੇ! ਸੁਆਹ ਰੱਖੜੀ ਬੰਨ੍ਹਣ ਜਾਂਦੀ, ਆਈ ਵਾਰੀ ਦੋ ਚਾਰ ਸੌ ਪੱਲਿਓਂ ਖ਼ਰਚ ਕੇ ਹੀ ਆਉਂਦੀ ਹਾਂ। ਇਸ ਵਾਰ ਸੋਚਿਆ 'ਮਾਰ ਮਨਾ ਇਹੋ ਜਿਹੀ ਰੱਖੜੀ ਨੂੰ ਗੋਲੀ...।"

ਭੈਣ ਦੇ ਬੋਲ ਸੁਣ ਕੇ ਉਹ ਡੌਰ-ਭੌਰ ਜਿਹਾ ਹੋ ਗਿਆ। ਕੁੰਡੇ ਨੂੰ ਪੈਂਦਾ-ਪੈਂਦਾ ਹੱਥ ਥਾਏਂ ਰੁਕ ਗਿਆ। ਉਸ ਨੂੰ ਜਾਪਿਆ ਜਿਵੇਂ ਉਸ ਦੀਆਂ ਰਗਾਂ ਵਿਚ ਖ਼ੂਨ ਜੰਮਦਾ ਜਾ ਰਿਹਾ ਹੋਵੇ।

ਸੂਟ ਝੋਲੇ 'ਚੋਂ ਤਿਲਕ ਕੇ ਹੇਠਾਂ ਡਿੱਗ ਪਿਆ। ਉਹਨੂੰ ਕੁਝ ਸੁੱਝ ਨਹੀਂ ਸੀ ਰਿਹਾ ਕਿ ਕੀ ਕਰੇ? ਇਕ ਪਲ ਰੁਕ ਕੇ ਉਹਨੇ ਕੋਈ ਫੈਸਲਾ ਕੀਤਾ, ਹੇਠਾਂ ਡਿੱਗਿਆ ਸੂਟ ਝਾੜ-ਪੂੰਝ ਕੇ ਉਹਨੇ ਝੋਲੇ ਵਿਚ ਪਾਇਆ ਤੇ ਚੋਰਾਂ ਵਾਂਗ ਲੁਕਦਾ ਵਾਪਸ ਆਪਣੇ ਘਰ ਨੂੰ ਤੁਰ ਪਿਆ।

-ਡਾ. ਦਰਸ਼ਨ ਸਿੰਘ, ਬਸੀ ਪਠਾਣਾਂ

## ਮਜਬੂਰੀ

ਅੱਜ-ਕੱਲ੍ਹ ਵਿਆਹ ਸ਼ਾਦੀਆਂ ਵਿਚ ਅਜਿਹਾ ਦੌਰ ਚੱਲ ਪਿਆ ਹੈ ਕਿ ਆਰਕੈਸਟਰਾ ਅਤੇ ਸੱਭਿਆਚਾਰਕ ਪ੍ਰੋਗਰਾਮ ਤੋਂ ਬਿਨਾਂ ਵਿਆਹ ਚੰਗਾ ਹੀ ਨਹੀਂ ਲੱਗਦਾ। ਗਰੀਬ ਕੁੜੀਆਂ ਪੈਸੇ ਕਮਾਉਣ ਲਈ ਵਿਆਹਾਂ ਜਾਂ ਕਿਸੇ ਹੋਰ ਖੁਸ਼ੀ ਦੇ ਪ੍ਰੋਗਰਾਮਾਂ ਵਿਚ ਲੋਕਾਂ ਦਾ ਮਨਪ੍ਰਚਾਵਾ ਕਰਦੀਆਂ ਹਨ।

ਸ਼ਰਾਬੀ ਆਦਮੀ ਉਨ੍ਹਾਂ ਨਾਲ ਛੇੜਖਾਨੀਆਂ ਕਰਦੇ ਹਨ, ਪਰ ਉਹ ਆਪਣੀ ਮਜਬੂਰੀ ਕਾਰਨ ਅੱਗੋਂ ਕੁਝ ਨਹੀਂ ਕਰ ਸਕਦੀਆਂ, ਭਾਵੇਂ ਉਨ੍ਹਾਂ ਨੂੰ ਸਰਕਾਰ ਵੱਲੋਂ ਕਈ ਇਸਤਰੀ ਅਧਿਕਾਰ ਵੀ ਮਿਲੇ ਹਨ। ਉਹ ਆਪਣੀ ਰੋਟੀ-ਰੋਜ਼ੀ ਦੀ ਖਾਤਿਰ ਉਨ੍ਹਾਂ ਵਿਰੁੱਧ ਕੋਈ ਕਦਮ ਵੀ ਨਹੀਂ ਉਠਾ ਸਕਦੀਆਂ।

ਇਨ੍ਹਾਂ ਲੜਕੀਆਂ ਦੇ ਪਿੱਛੇ ਅਨੇਕਾਂ ਮਜਬੂਰੀਆਂ ਹੁੰਦੀਆਂ ਹਨ। ਨੌਜਵਾਨ ਤੇ ਲੋਕ ਇਹ ਨਹੀਂ ਸੋਚਦੇ ਕਿ ਉਨ੍ਹਾਂ ਦੇ ਪਰਿਵਾਰ ਦੀ ਕੀ ਮਜਬੂਰੀ ਹੈ ਜਾਂ ਉਹ ਆਪਣੇ ਛੋਟੇ ਭੈਣ-ਭਰਾਵਾਂ ਦੀ ਖਾਤਿਰ ਇਹ ਸਭ ਕੁਝ ਕਰਦੀਆਂ ਹਨ। ਨੌਜਵਾਨ ਤਾਂ ਸਿਰਫ਼ ਇਹੀ ਸੋਚਦੇ ਹਨ ਕਿ ਉਹ ਤਾਂ ਸਿਰਫ਼ ਨਚਾਰਾਂ ਹਨ ਅਤੇ ਲੋਕਾਂ ਦਾ ਮਨਪ੍ਰਚਾਵਾ ਕਰਦੀਆਂ ਹਨ। ਜਦ ਕਿ ਉਹ ਆਪਣੀਆਂ ਧੀਆਂ-ਭੈਣਾਂ ਦੇ ਖ਼ਿਲਾਫ਼ ਕੋਈ ਗੱਲ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਫਿਰ ਉਹ ਕਿਸੇ ਦੂਸਰੇ ਦੀ ਧੀ, ਭੈਣ ਤੇ ਬੁਰੀ ਨਜ਼ਰ ਕਿਵੇਂ ਟਿਕਾ ਸਕਦੇ ਹਨ। ਸੋ ਅੰਤ ਵਿਚ ਮੈਂ ਇਹੀ ਕਹਾਂਗੀ ਕਿ ਅਸੀਂ ਕਿਸੇ ਦੀ ਮਜਬੂਰੀ ਦਾ ਨਜਾਇਜ਼ ਫ਼ਾਇਦਾ ਨਾ ਉਠਾ ਕੇ ਸਗੋਂ ਉਸ ਦੀ ਮਜਬੂਰੀ ਵਿਚ ਉਸ ਦਾ ਸਾਥ ਦੇਈਏ।

-ਵੀਰਪਾਲ ਕੌਰ ਬਰਾੜ

ਕੜੀ–2

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

–ਕਰਮ ਸਿੰਘ ਜ਼ਖ਼ਮੀ

'ਹਰੀ ਚੰਦ'। ਉਸ ਨੇ ਤਾੜਨਾ ਭਰੇ ਲਹਿਜੇ ਵਿਚ ਉਸ ਨੂੰ ਸੰਬੋਧਨ ਕੀਤਾ।

'ਜਨਾਬ।' ਬੜੀ ਹੀ ਨਿਮਰਤਾ ਸਹਿਤ ਹਰੀ ਚੰਦ ਨੇ ਆਪਣੇ ਉਸਤਾਦ ਦੀ ਗਲ ਦਾ ਹੁੰਗਾਰਾ ਭਰਿਆ।

'ਬੀਬਾ ਸ਼ਹਿਨਸ਼ਾਹ ਆਲਮ ਸਾਡੇ ਮਾਲਕ ਹਨ। ਵਜ਼ੀਰ ਸਾਹਿਬ ਉਨ੍ਹਾਂ ਦਾ ਹੀ ਦੂਸਰਾ ਰੂਪ ਹਨ। ਇਹਨਾਂ ਨਾਲ ਗੁਸਤਾਖੀ ਨਾਲ ਪੇਸ਼ ਨਹੀਂ ਆਉਣਾ ਚਾਹੀਦਾ—ਇਹਨਾਂ ਤੋਂ ਮਾਫੀ ਮੰਗੋ।' ਤਾਰਾ ਚੰਦ ਨੇ ਆਖਿਆ।

'ਜਨਾਬ ਮੈਂ ਇਹਨਾਂ ਦੀ ਖਾਦਮ ਹਾਂ, ਇਹਨਾਂ ਦੀ ਸ਼ਾਨ ਵਿਚ ਕੋਈ ਗੁਸਤਾਖੀ ਨਹੀਂ ਕੀਤੀ।' ਹਰੀ ਚੰਦ ਦਾ ਉਤਰ ਸੀ।

'ਮੈਂ ਜੇ ਕੋਈ ਗੁਨਾਹ ਕੀਤਾ ਹੈ ਤਾਂ ਮਾਫ ਕਰ ਦਿਓ ਜਨਾਬ।' ਹਰੀ ਚੰਦ ਨੇ ਮਿਰਜ਼ਾ ਖਾਨ ਨੂੰ ਸੰਬੋਧਨ ਕਰਦੇ ਹੋਏ ਨਿਮਰਤਾ ਨਾਲ ਆਖਿਆ।

'ਬਰਖੁਰਦਾਰ ਵਾਲ ਤੇ ਦਾਹੜੀ ਕਟਵਾ ਲੈ ਫੇਰ ਮਾਫੀ ਹੀ ਮਾਫੀ ਹੈ, ਮੈਨੂੰ ਤੇਰੇ ਨਾਲ ਕੋਈ ਵੈਰ ਥੋੜਾ ਹੈ।' ਮਿਰਜ਼ਾ ਖਾਨ ਨੇ ਕਿਹਾ, ਉਹਦਾ ਲਹਿਜਾ ਇਸ ਸਮੇਂ ਨਰਮ ਸੀ।

'ਜਨਾਬ ਸੱਚੀ ਗੱਲ ਹੈ ਦਾਹੜੀ ਤੇ ਵਾਲ ਤਾਂ ਮੈਂ ਬੜੀ ਮਿਹਨਤ ਨਾਲ ਨਾਲ ਪਾਲ ਪਾਲ ਕੇ ਵਧਾਏ ਹਨ, ਇਹ ਮੈਨੂੰ ਬਹੁਤ ਚੰਗੇ ਲਗਦੇ ਹਨ, ਇਹ ਮੈਂ ਨਹੀਂ ਜੇ ਕਟਵਾਉਣੇ।' ਹਰੀ ਚੰਦ ਆਪਣੀ ਗਲ 'ਤੇ ਅੜਿਆ ਸੀ।

'ਇਸ ਦਾ ਮਤਲਬ ਫੇਰ ਕੀ ਇਹ ਸਮਝ ਲਈਏ ਕਿ ਤੂੰ ਸਿੱਖ ਏਂ ਤੇ ਇੱਥੇ ਸਿੱਖਾਂ ਲਈ ਜਸੂਸੀ ਕਰਨ ਲਈ ਘੁਸਿਆ ਹੋਇਆ ਏਂ?' ਮਿਰਜ਼ਾ ਖਾਨ ਦਾ ਲਹਿਜਾ ਫੇਰ ਸਖ਼ਤ ਹੋ ਰਿਹਾ ਸੀ। ਹਰੀ ਚੰਦ ਨੇ ਉਸਦੀ ਇਸ ਗਲ ਦਾ ਕੋਈ ਸਿੱਧਾ ਜਵਾਬ ਨਾ ਦਿੰਦੇ ਹੋਏ ਕਿਹਾ—'ਦਾਹੜੀਆਂ ਤੇ ਵਾਲ ਤਾਂ ਕਈ ਮੁਸਲਮਾਨ ਭੀ ਰੱਖਦੇ ਸਨ। ਕੀ ਉਹਨਾਂ ਨੂੰ ਭੀ ਸਿੱਖ ਕਹੋਗੇ।'

'ਨਿਜ਼ਾਮ।' ਮਿਰਜ਼ਾ ਖਾਨ ਨੇ ਇਕ ਜਮਾਦਾਰ ਨੂੰ ਸੰਬੋਧਨ ਕੀਤਾ ਜੋ ਹਾਲਾਂ ਉਥੇ ਪੁੱਜ ਕੇ ਉਸ ਨੂੰ ਝੁੱਕ ਕੇ ਸਲਾਮ ਕਰਦਾ ਹੀ ਪਿਆ ਸੀ।

'ਜਨਾਬ ਕੀ ਹੁਕਮ ਹੈ।' ਨਿਜ਼ਾਮ ਨੇ ਪੁੱਛਿਆ।

'ਤੁਰੰਤ ਨਾਈ ਸੱਦ ਕੇ ਇਸ ਦੀ ਦਾਹੜੀ ਤੇ ਵਾਲ ਕਟਵਾ ਦਿਓ ਦੂਸਰੀ ਹਾਲਤ ਵਿਚ ਇਸ ਨੂੰ ਮੌਤ ਦਾ ਡੰਡ ਦਿੱਤਾ ਜਾਵੇਗਾ। ਮੈਂ ਰਤਾ ਸ਼ਹਿਨਸ਼ਾਹ ਦੀ ਹਜ਼ੂਰੀ ਵਿਚੋਂ ਹੋ ਆਵਾ। ਮਿਰਜ਼ਾ ਖਾਨ ਨੇ ਕਿਹਾ ਤੇ ਬੁੜ ਬੁੜ ਕਰਦਾ ਹੋਇਆ ਉਠ ਕੇ ਬਾਹਰ ਨਿਕਲ ਗਿਆ। ਨਿਜ਼ਾਮ ਨੇ ਇਕ ਸਿਪਾਹੀ ਨੂੰ ਨਾਈ ਲੈਣ ਲਈ ਭੇਜ ਦਿੱਤਾ। ਹਰੀ ਚੰਦ ਭੀ ਉਠ ਕੇ ਦੀਵਾਨ ਖਾਨੇ ਵਿਚੋਂ ਨਿਕਲ ਗਿਆ ਭਾਵੇਂ ਇਸ ਸਮੇਂ ਤੱਕ ਨਿਜ਼ਾਮ ਨੂੰ ਇਹ ਸਮਝ ਲਿਆ ਕਿ ਇਹ ਮੁਲਜ਼ਮ ਹੈ। ਫੇਰ ਵੀ ਉਸ ਨੇ ਉਹਨੂੰ ਰੋਕਿਆ ਨਹੀਂ ਇਸ ਲਈ ਕਿ ਉਹ ਕਿਲੇ ਵਿਚੋਂ ਨਿਕਲ ਕੇ ਕਿਧਰੇ ਨਹੀਂ ਜਾ ਸਕਦਾ। ਦਰਵਾਜ਼ੇ ਦੇ ਸੰਤਰੀਆਂ ਨੂੰ ਇਸ ਸਬੰਧੀ ਹਦਾਇਤਾਂ ਉਸ ਨੇ ਉਸ ਸਿਪਾਹੀ ਰਾਹੀਂ ਹੀ ਭੇਜ ਦਿੱਤੀਆਂ ਸਨ ਕਿ ਜਿਸ ਨੂੰ ਨਾਈ ਲੈਣ ਲਈ ਭੇਜਿਆ ਗਿਆ ਸੀ।

ਬਾਦਸ਼ਾਹ ਬਹਾਦਰ ਸ਼ਾਹ ਕਿਲ੍ਹੇ ਦੇ ਦੀਵਾਨ-ਖਾਸ ਵਿਚ ਆਰਾਮ ਕਰ ਰਿਹਾ ਸੀ ਕਿ ਜਦੋਂ ਮਿਰਜ਼ਾ ਖਾਨ ਫੇਰ ਉਸ ਪਾਸ ਜਾ ਪੁੱਜਿਆ। ਝੁੱਕ ਕੇ ਸਲਾਮ ਕਰਨ ਪਿੱਛੋਂ ਉਹ ਉਸ ਦੇ ਪਲੰਘ ਦੇ ਪਾਸ ਹੇਠਾਂ ਗਲੀਚੇ 'ਤੇ ਹੀ ਬੈਠ ਗਿਆ।

'ਕੀ ਗਲ ਹੈ ਮਿਰਜ਼ਾ ਖਾਨ?' ਬਾਦਸ਼ਾਹ ਨੇ ਪੁੱਛਿਆ, ਇਸ ਸਮੇਂ ਉਹ ਬਿਲਕੁਲ ਸ਼ਾਂਤ ਸੀ।'

'ਸ਼ਹਿਨਸ਼ਾਹ ਸਲਾਮ, ਤੁਹਾਡਾ ਇਹ ਹੁਕਮ ਸੁਣਾ ਦਿੱਤਾ ਗਿਆ ਹੈ ਸ਼ਾਹੀ ਡੇਰੇ ਤੇ ਜੈਪੁਰ ਦਰਬਾਰ ਦੇ ਦਾਹੜੀਆਂ ਵਾਲਾਂ ਵਾਲੇ ਸਾਰੇ ਹਿੰਦੂ ਇਹਨੂੰ ਕਟਵਾ ਦੇਣ।' ਮਿਰਜ਼ਾ ਖਾਨ ਨੇ ਦਸਿਆ।

'ਫੇਰ?' ਬਾਦਸ਼ਾਹ ਨੇ ਪ੍ਰਸ਼ਨ ਚਿੰਨੀ ਨਿਗਾਹਾਂ ਨਾਲ ਉਸ ਵਲ ਵੇਖਦੇ ਹੋਏ ਪੁੱਛਿਆ।

'ਇਕ ਮੁੰਡਾ ਦਾਹੜੀ ਤੇ ਵਾਲ ਕਟਵਾਉਣ ਤੋਂ ਇਨਕਾਰੀ ਹੈ। ਸ਼ੱਕ ਪੈਂਦਾ ਹੈ ਕਿ ਉਹ ਸਿੱਖ ਹੈ ਤੇ ਇੱਥੇ ਜਾਸੂਸੀ ਕਰਨ ਲਈ ਘੁਸਿਆ ਬੈਠਿਆ ਹੈ।' ਮਿਰਜ਼ਾ ਖਾਨ ਨੇ ਦਸਿਆ।

'ਉਹ ਕੌਣ ਹੈ ਤੇ ਕੱਦ ਤੋਂ ਨੌਕਰੀ ਵਿਚ ਹੈ?' ਬਾਦਸ਼ਾਹ ਨੇ ਪੁੱਛਿਆ।

'ਸ਼ਹਿਨਸ਼ਾਹ ਸਲਾਮਤ—ਉਹਨੂੰ ਨੌਕਰ ਹੋਇਆ ਤਾਂ ਮਸਾਂ ਛੇ ਕੁ ਮਹੀਨੇ ਹੋਏ ਹਨ ਉਹ ਨੂੰ ਮੀਰ ਮੁਣਸ਼ੀ ਤਾਰਾ ਚੰਦ ਨੇ ਫਾਰਸੀ ਪੜ੍ਹਾ ਕੇ ਆਪਣਾ ਨਾਇਬ ਬਣਾਇਆ ਹੈ।' ਮਿਰਜ਼ਾ ਖਾਨ ਨੇ ਦਸਿਆ।




'ਤੇਰੇ ਪਾਸ ਉਸ ਦੇ ਸਿੱਖ ਹੋਣ ਦਾ ਕੀ ਸਬੂਤ ਹੈ ਵੇਖ ਮਿਰਜ਼ਾ ਖਾਨ ਵੱਡਿਆਂ ਦੇ ਜ਼ੁਲਮ ਦੀ ਸਜ਼ਾ ਅਸਾਨੂੰ ਮਿਲ ਰਹੀ ਹੈ। ਜੇਕਰ ਗੁਰੂ ਅਰਜਨ ਦੇਵ ਤੇ ਤੇਗ ਬਹਾਦਰ ਨੂੰ ਕਤਲ ਨਾ ਕੀਤਾ ਜਾਂਦਾ ਤਾਂ ਸਿੱਖ ਅਸਾਡੇ ਦੁਸ਼ਮਣ ਕਿਉਂ ਬਣਦੇ? ਗੁਰੂ ਗੋਬਿੰਦ ਸਿੰਘ ਦੇ ਬੱਚੇ ਕਤਲ ਨਾ ਕੀਤੇ ਜਾਂਦੇ ਤਾਂ ਸਰਹੰਦ ਦੀ ਇਟ ਨਾਲ ਇਟ ਕਿਉਂ ਵਜਦੀ।'

ਬਾਦਸ਼ਾਹ ਬਹਾਦੁਰ ਸ਼ਾਹ ਦੇ ਮੂੰਹੋ ਸਫਾਈ ਨਿਕਲ ਰਹੀ ਸੀ।

'ਸ਼ਹਿਨਸ਼ਾਹ ਸਲਾਮਤ ਉਸ ਦੇ ਸਿੱਖ ਹੋਣ ਦਾ ਸਬੂਤ ਤਾਂ ਇਹੋ ਹੀ ਹੈ ਕਿ ਉਹ ਦਾਹੜੀ ਕੇਸ ਕਟਾਉਣ ਤੋਂ ਇਨਕਾਰੀ ਹੈ। ਮੇਰੇ ਖਿਆਲ ਵਿਚ ਜੇਕਰ ਉਸ ਨੂੰ ਕਤਲ ਕਰ ਦਿੱਤਾ ਜਾਵੇ ਤਾਂ ਦੂਜਿਆਂ ਨੂੰ ਕੰਨ ਹੋ ਜਾਣਗੇ।' ਮਿਰਜ਼ਾ ਖਾਨ ਉਸ ਦੇ ਕਤਲ ਦਾ ਹੁਕਮ ਮੰਗ ਰਿਹਾ ਸੀ—

'ਨਹੀਂ ਮਿਰਜ਼ਾ ਖਾਨ ਉਸ ਦੀ ਦਾਹੜੀ ਤੇ ਵਾਲ ਤਾਂ ਤੁਸੀਂ ਕਟਵਾ ਸਕਦੇ ਹੋ, ਉਸ ਦਾ ਸਿਰ ਨਹੀਂ ਕਟਵਾ ਸਕਦੇ, ਮੈਂ ਇਸ ਲਈ ਹੁਕਮ ਨਹੀਂ ਦੇ ਸਕਦਾ। ਉਹ ਬੇਗੁਨਾਹ ਭੀ ਤਾਂ ਹੋ ਸਕਦਾ ਹੈ।' ਬਾਦਸ਼ਾਹ ਨੇ ਕਿਹਾ।

'ਜੋ ਹੁਕਮ ਸ਼ਹਿਨਸ਼ਾਹ ਆਲਮ, ਹਾਲਾਂ ਉਸ ਨੂੰ ਕੈਦ ਕਰਕੇ ਪੜਤਾਲ ਕਰਦੇ ਹਾਂ। ਪੜਤਾਲ ਦਾ ਨਤੀਜਾ ਹਜ਼ੂਰ ਨੂੰ ਪੇਸ਼ ਕਰਕੇ ਨਵਾਂ ਹੁਕਮ ਲੈ ਲਵਾਂਗੇ।' ਮਿਰਜ਼ਾ ਖਾਨ ਨੇ ਕਿਹਾ।

'ਚੰਗੀ ਗੱਲ ਹੁਣ ਤੁਸੀਂ ਜਾ ਸਕਦੇ ਹੋ।' ਬਾਦਸ਼ਾਹ ਨੇ ਲਾਪ੍ਰਵਾਹੀ ਨਾਲ ਕਿਹਾ ਤੇ ਮੂੰਹ ਦੂਜੇ ਪਾਸੇ ਫੇਰ ਲਿਆ। ਮਿਰਜ਼ਾ ਖਾਨ ਨੇ ਉਠ ਕੇ ਇਕ ਵਾਰ ਫੇਰ ਝੁੱਕ ਕੇ ਸਲਾਮ ਕੀਤਾ ਤੇ ਬਾਹਰ ਆ ਗਿਆ। ਉਹ ਇਸ ਸਮੇਂ ਖੁਸ਼ ਸੀ ਤੇ ਇਸ ਲਈ ਸੀ ਕਿ ਉਹ ਆਪਣੀ ਗਲ ਨੂੰ ਇਕ ਤਰ੍ਹਾਂ ਨਾਲ ਬਾਦਸ਼ਾਹ ਤੋਂ ਮਨਾਉਣ ਵਿਚ ਕਾਮਯਾਬ ਹੋ ਗਿਆ ਸੀ। ਕੈਦ ਦਾ ਹੁਕਮ ਭੀ ਇਕ ਤਰ੍ਹਾਂ ਨਾਲ ਕਤਲ ਦਾ ਹੁਕਮ ਹੀ ਸੀ। ਜਦ ਹਰੀ ਚੰਦ ਵਾਲ ਦਾਹੜੀ ਨਹੀਂ ਕਟਾਉਂਦਾ ਤਾਂ ਇਹ ਸਾਬਤ ਕਰਨਾ ਕੁਝ ਵੀ ਔਖਾ ਨਹੀਂ ਹੋਵੇਗਾ ਕਿ ਉਹ ਸਿੱਖ ਹੈ—ਕੇਵਲ ਸਿੱਖ ਹੀ ਨਹੀਂ, ਸਗੋਂ ਸ਼ਾਹੀ ਡੇਰੇ ਵਿਚ ਸਿੱਖਾਂ ਲਈ ਜਾਸੂਸ ਕਰਨ ਲਈ ਹੀ ਬੈਠਾ ਹੋਇਆ ਹੈ। ਉਸ ਹਾਲਤ ਵਿਚ ਸਿੱਖ ਹੋਣ ਕਰਕੇ ਨਹੀਂ ਤਾਂ ਦੁਸ਼ਮਣ ਦੇ ਜਾਸੂਸ ਹੋਣ ਦੇ ਦੋਸ਼ ਵਿਚ ਉਸ ਦੇ ਕਤਲ ਦਾ ਹੁਕਮ ਦੇਣ ਤੋਂ ਬਾਦਸ਼ਾਹ ਨੇ ਇਨਕਾਰ ਨਹੀਂ ਸੀ ਕਰਨਾ।

ਮਿਰਜ਼ਾ ਖਾਨ ਦੀਵਾਨ ਖਾਨੇ ਵਿਚ ਮੁੜ ਆਇਆ। ਤਾਰਾ ਚੰਦ ਆਪਣੇ ਕਾਗਜ਼ਾਂ ਤੇ ਸਿਰ ਸੁੱਟੀ ਸੋਚਾਂ ਦੇ ਸਾਗਰ ਵਿਚ ਡੁੱਬਿਆ ਪਿਆ ਸੀ।

'ਤਾਰਾ ਚੰਦ ਜੀ!'

'ਹਾਂ ਜਨਾਬ!' ਤਾਰਾ ਚੰਦ ਨੇ ਤ੍ਰਬਕ ਕੇ ਮਿਰਜ਼ਾ ਖਾਨੇ ਦੀ ਪੁਕਾਰ ਦਾ ਹੁੰਗਾਰਾ ਭਰਿਆ।

'ਮੈਨੂੰ ਪੱਕਾ ਸ਼ੱਕ ਹੈ ਕਿ ਹਰੀ ਚੰਦ ਸਿੱਖ ਹੈ। ਤੁਸੀਂ ਉਸ ਨੂੰ ਸਮਝਾ ਬੁਝਾ ਕੇ ਵਾਲ ਕਟਾਉਣ ਲਈ ਰਾਜ਼ੀ ਕਰ ਲਓ, ਨਹੀਂ ਤਾਂ ਸ਼ਹਿਨਸ਼ਾਹ ਸਲਾਮਤ ਨੇ ਉਸ ਦੇ ਕਤਲ ਦਾ ਹੁਕਮ ਤਾਂ ਦੇ ਹੀ ਦਿੱਤਾ ਹੈ।' ਮਿਰਜ਼ਾ ਖਾਨ ਨੇ ਆਖਿਆ।

ਸੁਣ ਕੇ ਤਾਰਾ ਚੰਦ ਸਿਰ ਤੋਂ ਲੈ ਕੇ ਪੈਰਾ ਤੱਕ ਕੰਬ ਗਿਆ। ਉਸ ਤੋਂ ਵਜ਼ੀਰ ਦੀ ਇਸ ਗਲ ਦਾ ਕੋਈ ਭੀ ਉਤਰ ਨਹੀਂ ਦਿੱਤਾ ਗਿਆ, ਉਸ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਕੇ ਉਸ ਦੀ ਚਿੱਟੀ ਦੁੱਧ ਦਾਹੜੀ ਤੇ ਮੋਤੀਆਂ ਵਾਂਗੂ ਜੰਮਣ ਲੱਗ ਪਏ। ਉਸ ਦੀ ਉਮਰ ਸੱਠਾਂ ਤੋਂ ਉਤੇ ਹੋ ਗਈ ਸੀ, ਨੇ ਚਿੱਟੀ ਦੁੱਧ ਦਾਹੜੀ ਤੇ ਕੇਸਾਂ ਵਿਚ ਜੋ ਉਹ ਪਿੱਠ ਤੇ ਸੁੱਟੀ ਰੱਖਦਾ ਸੀ ਉਸ ਦਾ ਗੋਰਾ ਗੁਲਾਬੀ ਨੂਰਾਨੀ ਚੇਹਰਾ ਬੜਾ ਹੀ ਸੁੰਦਰ ਲੱਗਦਾ ਸੀ। ਹਰੀ ਚੰਦ ਦਾ ਸਬੰਧ ਉਸ ਨਾਲ ਦੋ ਸਾਲਾਂ ਤੋਂ ਤੁਰਿਆ ਆਉਂਦਾ ਸੀ। ਦੋ ਸਾਲ ਪਹਿਲਾਂ ਉਹ ਉਸ ਨੂੰ ਦਿੱਲੀ ਵਿਚ ਮਿਲਿਆ ਸੀ ਤੇ ਉਸ ਨੇ ਉਸ ਨੂੰ ਫਾਰਸੀ ਪੜ੍ਹਾਉਣੀ ਸ਼ੁਰੂ ਕੀਤੀ ਸੀ। ਡੇਢ ਸਾਲ ਦੀ ਪੜ੍ਹਾਈ ਪਿੱਛੋਂ ਉਸ ਨੇ ਉਸ ਨੂੰ ਆਪਣਾ ਨਾਇਬ ਨਿਯੁਕਤ ਕਰਕੇ ਇਸ ਦੀ ਮਨਜ਼ੂਰੀ ਲੈ ਲਈ ਸੀ ਤੇ ਹੁਣ ਪੱਕਾ ਸਰਕਾਰੀ ਮੁਲਾਜ਼ਮ ਸੀ।

ਗਲ ਕੇਵਲ ਉਸਤਾਦੀ ਸ਼ਗਿਰਦੀ ਜਾਂ ਮਾਤੈਹਤੀ ਤੇ ਅਫਸਰੀ ਤਕ ਨਹੀਂ ਸੀ, ਸਗੋਂ ਤਾਰਾ ਚੰਦ ਨੇ ਆਪਣੀ ਪੁੱਤਰੀ ਤਾਰਾ ਲਈ ਉਸ ਨੂੰ ਮਨ ਹੀ ਮਨ ਵਿਚ ਵਰ ਚੁਣਨ ਦਾ ਭੀ ਫੈਸਲਾ ਕਰ ਲਿਆ ਸੀ। ਤਾਰਾ ਉਸ ਦੀ ਇਕਲੌਤੀ ਪੁੱਤਰੀ ਸੀ, ਜਿਸ ਦੀ ਉਮਰ ਇਸ ਸਮੇਂ ਅਠਾਰਾਂ ਸਾਲਾਂ ਦੀ ਸੀ, ਜਦ ਕਿ ਹਰੀ ਚੰਦ ਦੀ ਉਮਰ ਇਸ ਸਮੇਂ ਇਕੀਆਂ ਸਾਲਾਂ ਦੀ ਸੀ। ਤਾਰਾ ਚੰਦ ਦਾ ਤਾਰਾ ਤੋਂ ਬਿਨਾਂ ਇਸ ਦੁਨੀਆਂ ਵਿਚ ਕੋਈ ਨਹੀਂ ਸੀ। ਉਹ ਹਾਲਾਂ ਤਿੰਨਾਂ ਮਹੀਨਿਆਂ ਦੀ ਹੀ ਸੀ ਕਿ ਜਦੋਂ ਉਸ ਦੀ ਮਾਤਾ ਮਾਇਆ ਦੇਵੀ ਰੱਬ ਨੂੰ ਪਿਆਰੀ ਹੋ ਗਈ ਸੀ ਤੇ ਰਿਸ਼ਤੇਦਾਰਾਂ ਤੋਂ ਸਜਣਾਂ ਮਿਤਰਾਂ ਦੇ ਜ਼ੋਰ ਦੇਣ 'ਤੇ ਵੀ ਭੀ ਉਸ ਨੇ ਦੂਜਾ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਦਿਲ ਵਿਚ ਇਹ ਧਾਰ ਲਈ ਸੀ ਕਿ ਉਹ ਤਾਰਾ ਨੂੰ ਵਿਆਹ ਕੇ ਜਵਾਈ ਨੂੰ ਘਰ ਰੱਖੇਗਾ ਅਤੇ ਇਸ ਤਰ੍ਹਾਂ ਇਕ ਵਾਰ ਫੇਰ ਵੱਡੇ ਪਰਿਵਾਰ ਵਾਲਾ ਬਣ ਜਾਵੇਗਾ। ਉਹ ਇਕ ਰਜਿਆ ਪੁੱਜਿਆ ਖੱਤਰੀ ਸੀ ਤੇ ਰਾਜਧਾਨੀ ਵਿਚ ਉਸਦੇ ਮਕਾਨ ਤੇ ਕੋਈ ਦਸ ਦੁਕਾਨਾਂ ਸਨ। ਸ਼ਾਹੀ ਦਰਬਾਰ ਵਿਚ ਵੀ ਉਸ ਦਾ ਤਕੜਾ ਅਸਰ ਰਸੂਖ ਸੀ। ਉਹ ਹਮੇਸ਼ਾ ਹਸੂੰ ਹਸੂੰ ਕਰਦਾ ਰਹਿਣ ਵਾਲਾ ਬਜ਼ੁਰਗ ਅੱਜ ਵਜ਼ੀਰ ਮਿਰਜ਼ਾ ਖਾਨ ਦੀ ਇਹ ਗਲ ਸੁਣ ਕੇ ਰੋ ਉਠਿਆ ਸੀ ਕਿ ਸ਼ਹਿਨਸ਼ਾਹ ਨੇ ਹਰੀ ਚੰਦ ਦੇ ਕਤਲ ਦਾ ਹੁਕਮ ਦੇ ਦਿੱਤਾ ਹੈ ਉਹ ਚਾਲੀ ਸਾਲਾਂ ਤੋਂ ਸ਼ਾਹੀ ਦਰਬਾਰ ਵਿਚ ਸੀ ਤੇ ਉਸ ਨੇ ਔਰੰਗਜ਼ੇਬ ਦਾ ਉਹ ਜ਼ਮਾਨਾ ਭੀ ਵੇਖਿਆ ਹੋਇਆ ਸੀ ਕਿ ਜਦੋਂ ਇਕ ਵਾਰ ਬਾਦਸ਼ਾਹ ਦਾ ਕਿਸੇ ਦੇ ਕਤਲ ਲਈ ਇਸ਼ਾਰਾ ਹੋ ਜਾਵੇ ਤਾਂ ਦੁਨੀਆਂ ਦੀ ਕੋਈ ਭੀ ਤਾਕਤ ਉਸ ਨੂੰ ਬਚਾ ਨਹੀਂ ਸੀ ਸਕਦੀ ਤੇ ਇਹ ਬਹਾਦਰ ਸ਼ਾਹ ਭੀ ਤਾਂ ਆਖਿਰ ਉਸੇ ਔਰੰਗਜ਼ੇਬ ਦਾ ਹੀ ਪੁੱਤਰ ਸੀ।

'ਤਾਰਾ ਚੰਦ ਜੀ ਤੁਸੀਂ ਦੁਖੀ ਨੇ ਹੋਵੋ ਜੇਕਰ ਹਰੀ ਚੰਦ ਤੁਹਾਡਾ ਸਾਗਿਰਦ ਹੈ ਤਾਂ ਮੇਰਾ ਭੀ ਤਾਂ ਵੈਰੀ ਨਹੀਂ ਹੈ। ਅੱਲਾ ਦੀ ਕਸਮ ਉਹ ਸ਼ਕ ਦੂਰ ਕਰ ਦੇਵੇ ਤਾਂ ਮੈਂ ਇਸ ਗਲ ਦਾ ਜ਼ੁੰਮਾ ਲੈਂਦਾ ਹਾਂ ਕਿ ਉਸ ਦਾ ਵਾਲ ਵੀ ਵਿੰਗਾ ਵੀ ਨਹੀਂ ਹੋਵੇਗਾ।' ਮਿਰਜ਼ਾ ਖਾਨ ਨੇ ਹਮਦਰਦੀ ਪ੍ਰਗਟ ਕਰਦੇ ਹੋਏ ਕਿਹਾ।

'ਉਹ ਤੁਹਾਡਾ ਸ਼ੱਕ ਕਿਸ ਤਰ੍ਹਾਂ ਦੂਰ ਕਰੇ ਜਨਾਬ?' ਤਾਰਾ ਚੰਦ ਨੇ ਪੁੱਛਿਆ।

'ਤਾਰਾ ਚੰਦ ਜੀ ਦਾਹੜੀ ਤੇ ਵਾਲ ਕਟਵਾ ਕੇ।' ਮਿਰਜ਼ਾ ਖਾਨ ਨੇ ਦਸਿਆ।

'ਜਨਾਬ ਖਿਮਾ ਕਰਨਾ, ਮੈਂ ਬਚਪਨ ਤੋਂ ਵਾਲ ਨਹੀਂ ਕਟਾਏ ਜਦੋਂ ਦੀ ਦਾਹੜੀ ਆਈ ਹੈ ਕੈਂਚੀ ਨੂੰ ਇਸ ਦੇ ਨੇੜੇ ਨਹੀਂ ਲਗਣ ਦਿੱਤਾ ਕਿ ਮੇਰੇ ਤੋਂ ਭੀ ਸਿੱਖ ਹੋਣ ਦਾ ਸ਼ੱਕ ਕਰੋਗੇ। ਮੈਂ ਇਹ ਵੀ ਕਹਿ ਦਿਆਂ ਕਿ ਜੇਕਰ ਕੋਈ ਮੈਨੂੰ ਇਸ ਬੁਢਾਪੇ ਵਿਚ ਵਾਲ ਦਾਹੜੀ ਕਟਾਉਣ ਲਈ ਕਹੇ ਤਾਂ ਮੈਂ ਇਸ ਦੀ ਥਾਂ ਸਿਰ ਕਟਾਉਣ ਨੂੰ ਤਰਜੀਹ ਦਿਆਂਗਾ।' ਤਾਰਾ ਚੰਦ ਕਹਿੰਦਾ ਚਲਿਆ ਗਿਆ।

ਤੁਸੀਂ ਉਸ ਨੂੰ ਸਮਝਾ ਕੇ ਇਕ ਵਾਰ ਵਾਲ ਤੇ ਦਾਹੜੀ ਕਟਵਾ ਦਿਓ, ਫੇਰ ਉਹ ਰੱਖ ਲਵੇ ਤੇ ਕਦੇ ਨਾ ਕਟਾਵੇ, ਬਲਾ ਟਲ ਜਾਵੇਗੀ।' ਮਿਰਜ਼ਾ ਖਾਨ ਨੇ ਕਿਹਾ।

(ਚਲਦਾ...)



# ਮ੍ਰਿਗ ਤ੍ਰਿਸ਼ਣਾ

-ਰਾਜਿੰਦਰ ਕੌਰ

ਕਰਨੈਲ ਸਿੰਘ ਅਤੇ ਮਲਕੀਤ ਕੌਰ ਨੇ ਹੱਡ ਭੰਨਵੀਂ ਮਿਹਨਤ ਕਰਕੇ ਆਪਣੇ ਦੋਨਾਂ ਮੁੰਡਿਆਂ ਨੂੰ ਉੱਚ ਸਿੱਖਿਆ ਦਿਵਾ ਨੌਕਰੀਆਂ ਕਰਨ ਜੋਗੇ ਕਰ ਦਿੱਤਾ ਸੀ ਅਤੇ ਨੂੰਹਾਂ ਵੀ ਪੜ੍ਹੀਆਂ ਲਿਖੀਆ ਮਿਲ ਗਈਆਂ। ਦੋਨਾਂ ਨੇ ਆਪਣੀ ਕਬੀਲਦਾਰੀ ਨਿਬੇੜਨ ਉਪਰੰਤ ਸੁਖ ਦਾ ਸਾਹ ਲਿਆ ਅਤੇ ਸੋਚਿਆ ਹੁਣ ਸਾਰੀ ਜ਼ਿੰਮੇਵਾਰੀ ਮੁੰਡਿਆਂ ਹਵਾਲੇ ਕਰਕੇ ਅਰਾਮ ਨਾਲ ਬੈਠ ਕੇ ਨੂੰਹਾਂ ਦੀ ਪੱਕੀ ਰੋਟੀ ਖਾਵਾਂਗੇ। ਕੁਝ ਸਮੇਂ ਬਾਅਦ ਵੱਡਾ ਲੜਕਾ ਕੈਨੇਡਾ ਵਿੱਚ ਪੱਕਾ ਹੋ ਕੇ ਆਪਣੇ ਪਰਿਵਾਰ ਨਾਲ ਰਹਿਣ ਲੱਗ ਪਿਆ, ਦੂਸਰਾ ਇੱਧਰ ਹੀ ਰਹਿੰਦਾ ਸੀ। ਸਮਾਂ ਆਪਣੀ ਤੋਰੇ ਤੁਰਦਾ ਗਿਆ। ਕਰਨੈਲ ਸਿੰਘ ਅਤੇ ਮਲਕੀਤ ਕੌਰ ਆਪਣੇ ਵੱਡੇ ਲੜਕੇ ਕੋਲ ਕੈਨੇਡਾ ਪਹੁੰਚ ਗਏ। ਜਿੱਥੇ ਕਰਨੈਲ ਸਿੰਘ ਸਾਰਾ ਦਿਨ ਆਪਣੇ ਪੋਤੇ ਪੋਤੀਆਂ ਨੂੰ ਸਾਂਭਦਾ, ਕਦੇ ਕਦੇ ਦਿਹਾੜੀ ਵੀ ਲਾ ਆਉਂਦਾ ਅਤੇ ਮਲਕੀਤ ਕੌਰ ਘਰ ਦਾ ਸਾਰਾ ਕੰਮ ਕਰਦੀ। ਮੁੰਡਾ ਬਹੂ ਆਪਣੀ ਜਾਬ ਵਿੱਚ ਮਸਰੂਫ ਹੋ ਗਏ।

ਕਰਨੈਲ ਸਿੰਘ ਅਤੇ ਮਲਕੀਤ ਕੌਰ ਹੁਣ ਬੁਢਾਪੇ ਦੀਆਂ ਦਹਿਲੀਜ਼ਾਂ ਪਾਰ ਕਰ ਚੁੱਕੇ ਸੀ। ਸਾਰਾ ਸਾਰਾ ਦਿਨ ਘਰ ਦਾ ਕੰਮ ਅਤੇ ਬੱਚਿਆਂ ਦੀ ਦੇਖਭਾਲ ਕਰਦੇ। ਕਦੇ ਆਪਸ ਵਿੱਚ ਬੈਠ ਦੁੱਖ ਸੁਖ ਸਾਂਝਾ ਕਰਦੇ ਤੇ ਕਹਿੰਦੇ, ਇਸ ਨਾਲੋਂ ਤਾਂ ਇੰਡੀਆ ਹੀ ਚੰਗੇ ਸੀ, ਹੁਣ ਤਾਂ ਅਰਾਮ ਕਰਨ ਦੀ ਵੇਲਾ ਸੀ। ਕਦੇ ਕਦੇ ਤਾਂ ਜੀਅ ਕਰਦਾ ਹੈ ਕਿ ਜੇ ਪਰ ਲੱਗੇ ਹੁੰਦੇ ਤਾਂ ਉਡ ਕੇ ਆਪਣੇ ਦੇਸ਼ ਪਹੁੰਚ ਜਾਂਦੇ। ਇੱਥੇ ਆ ਕੇ ਤਾਂ ਪਹਿਲਾਂ ਨਾਲੋਂ ਵੀ ਔਖੇ ਹੋ ਗਏ ਹਾਂ। ਸਾਰਾ ਦਿਨ ਕੰਮ ਕਰਦਿਆਂ ਰਾਤ ਨੂੰ ਦੋਨਾਂ ਜੀਆਂ ਨੂੰ ਮਸਾਂ ਮੰਜਾ ਮਿਲਦਾ। ਇੱਧਰੋਂ ਇੰਡੀਆ ਤੋਂ ਜਦੋਂ ਵੀ ਛੋਟੇ ਮੁੰਡੇ ਦਾ ਫੋਨ ਜਾਂਦਾ ਤਾਂ ਉਸ ਨਾਲ ਆਪਣੇ ਦੁੱਖ ਸੁਖ ਸਾਂਝੇ ਕਰਦੇ। ਛੋਟਾ ਮੁੰਡਾ ਤੇ ਨੂੰਹ ਬੜੇ ਹੁੱਬ ਕੇ ਕਹਿੰਦੇ, 'ਦੋਨੋਂ ਜਣੇ ਇੱਧਰ ਆ ਜਾਓ, ਅਸੀਂ ਬੈਠੇ ਹਾਂ, ਦੋਨਾਂ ਨੂੰ ਸਾਂਭਣ ਨੂੰ। ਚਿੱਟੀ ਚਾਦਰ ਵਾਲੇ ਮੰਜੇ ਤੋਂ ਪੈਰ ਥੱਲੇ ਨੀ ਲਾਹੁਣ ਦਿੰਦੇ, ਨਾਲੇ ਹੁਣ ਤਾਂ ਅਸੀਂ ਆਪਣੇ ਰਹਿਣ ਲਈ ਨਵੇਂ ਕਮਰੇ ਵੀ ਪਾ ਲਏ ਐ ਅਤੇ ਕਮਰਿਆਂ ਵਿੱਚ ਏ.ਸੀ. ਵੀ ਲਵਾ ਲਏ ਐ।' ਹੁਣ ਦੋਨਾਂ ਦਾ ਮਨ ਕੈਨੇਡਾ ਵਿੱਚ ਵੀ ਘੱਟ ਹੀ ਲੱਗਦਾ ਸੀ, ਮਨ ਅੰਦਰ ਇਹੀ ਕਾਹਲ ਸੀ ਕਿ ਕਦੋਂ ਅਸੀਂ ਆਪਣੇ ਦੇਸ਼ ਇੰਡੀਆ ਜਾਈਏ ਅਤੇ ਅਰਾਮ ਦੀ ਜ਼ਿੰਦਗੀ ਜੀਵੀਏ।



ਇੱਕ ਸ਼ਾਮ ਜਦੋਂ ਵੱਡਾ ਲੜਕਾ ਕੰਮ ਤੋਂ ਆਇਆ ਤਾਂ ਮਲਕੀਤ ਕੌਰ ਨੇ ਕਿਹਾ, ਪੁੱਤ, ਜੇ ਤੂੰ ਕਹੇ ਤਾਂ ਅਸੀਂ ਇੰਡੀਆ ਗੇੜਾ ਮਾਰ ਆਈਏ, ਸੁਖ ਨਾਲ ਸਾਨੂੰ ਆਇਆਂ ਨੂੰ ਵੀ ਵਾਹਵਾ ਦੇਰ ਹੋ ਗਈ ਏ। ਤੇਰਾ ਬਾਪੂ ਵੀ ਓਦਰਿਆ ਓਦਰਿਆ ਜਿਹਾ ਰਹਿੰਦਾ ਹੈ।'

ਵੱਡੇ ਮੁੰਡੇ ਨੇ ਵੀ ਝੱਟ ਹਾਮੀ ਭਰ ਦਿੱਤੀ ਕਿਉਂਕਿ ਹੁਣ ਉਸ ਨੂੰ ਉਨ੍ਹਾਂ ਦੀ ਘੱਟ ਹੀ ਲੋੜ ਸੀ। ਬੱਚੇ ਸਕੂਲ ਜਾਣ ਲੱਗ ਪਏ ਸਨ। ਦੋਨੋਂ ਪਤੀ ਪਤਨੀ ਦੀਆਂ ਕੰਮ ਦੀਆਂ ਸ਼ਿਫਟਾਂ ਵੀ ਇਸ ਤਰ੍ਹਾਂ ਸਨ ਕਿ ਦੋਨਾਂ ਵਿੱਚੋਂ ਇੱਕ ਜਣਾ ਘਰ ਹੀ ਹੁੰਦਾ ਸੀ।

ਥੋੜ੍ਹੇ ਦਿਨਾਂ ਪਿੱਛੋਂ ਕਰਨੈਲ ਸਿੰਘ ਅਤੇ ਮਲਕੀਤ ਕੌਰ ਕੈਨੇਡਾ ਤੋਂ ਇੰਡੀਆ ਲਈ ਜਹਾਜ਼ ਵਿੱਚ ਰਵਾਨਾ ਹੋ ਕੇ ਦਿੱਲੀ ਏਅਰਪੋਰਟ ਤੇ ਉੱਤਰ ਆਏ, ਜਿੱਥੇ ਛੋਟਾ ਲੜਕਾ ਉਨ੍ਹਾਂ ਦੇ ਸਵਾਗਤ ਲਈ ਖੜ੍ਹਾ ਸੀ। ਜਦੋਂ ਘਰ ਆ ਕੇ ਗੱਡੀ ਵਿੱਚੋਂ ਉੱਤਰੇ ਤਾਂ ਦੋਵੇਂ ਜਣੇ ਆਪਣੇ ਘਰ ਨੂੰ ਇਸ ਤਰ੍ਹਾਂ ਨਿਹਾਰ ਰਹੇ ਸੀ ਜਿਵੇਂ ਮੇਲੇ ਵਿੱਚ ਗੁਆਚਣ ਉਪਰੰਤ ਮਿਲੇ ਬੱਚੇ ਦੀ ਮਾਂ ਬੱਚੇ ਨੂੰ ਗੋਦੀ ਵਿੱਚ ਲੈ ਕੇ ਨਿਹਾਰਦੀ ਹੈ। ਪ੍ਰੰਤੂ ਅੱਜ ਉਨ੍ਹਾਂ ਨੂੰ ਇਹ ਘਰ ਆਪਣਾ ਲੱਗ ਹੀ ਨਹੀਂ ਸੀ ਰਿਹਾ, ਜਿਹੋ ਜਿਹਾ ਉਹ ਕੁਝ ਸਾਲ ਪਹਿਲਾਂ ਛੱਡ ਕੇ ਗਏ ਸਨ। ਕੋਠਿਆਂ ਦਾ ਘਾਹ ਬਨੇਰਿਆਂ ਉੱਤੋਂ ਦੀ ਹੁੰਦਾ ਹੋਇਆ ਕੰਧਾਂ ਉੱਤੇ ਝਾਲਰਾਂ ਬਣਾ ਰਿਹਾ ਸੀ। ਵਿਹੜੇ ਦੀਆਂ ਇੱਟਾਂ ਜੋ ਕਦੇ ਲਾਲ ਸੁਰਖ ਹੁੰਦੀਆਂ ਸਨ, ਅੱਜ ਮਿੱਟੀ ਦੀ ਪਰਤ ਹੇਠ ਢਕੀਆਂ ਪਈਆਂ ਸਨ। ਦੋਨੋਂ ਜਣੇ ਆਪਣੇ ਘਰ ਦੇ ਕਮਰੇ ਅੰਦਰ ਦਾਖਲ ਹੋਏ। ਕਰਨੈਲ ਸਿੰਘ ਕਮਰੇ ਅੰਦਰ ਚਿੱਟੀ ਚਾਦਰ ਵਾਲਾ ਬੈੱਡ ਲੱਭ ਰਿਹਾ ਸੀ, ਪ੍ਰੰਤੂ ਉੱਥੇ ਪਏ ਬੈੱਡ ਦੀ ਚਾਦਰ ਉੱਤੇ ਚਿੱਟੀ ਗਰਦ ਦੀ ਤਹਿ ਜੰਮੀ ਪਈ ਸੀ। ਮਲਕੀਤ ਕੌਰ ਨੇ ਤਾਕੀ ਨਾਲ ਲਟਕਦੇ ਪੁਰਾਣੇ ਕੱਪੜੇ ਨਾਲ ਉੱਥੇ ਪਈਆਂ ਪਲਾਸਟਿਕ ਦੀਆਂ ਕੁਰਸੀਆਂ ਝਾੜੀਆਂ ਤੇ ਦੋਨੋਂ ਕੁਰਸੀਆਂ 'ਤੇ ਬੈਠ ਗਏ। ਇੰਨੇ ਨੂੰ ਛੋਟਾ ਮੁੰਡਾ ਵੀ ਗੱਡੀ ਵਿੱਚੋਂ ਸਮਾਨ ਲਾਹ ਨਵੇਂ ਬਣੇ ਕਮਰਿਆਂ ਅੰਦਰ ਧਰਨ ਦੀ ਬਜਾਏ ਉਨ੍ਹਾਂ ਦੇ ਪੁਰਾਣੇ ਕਮਰੇ ਵਿੱਚ ਚੁੱਕ ਲਿਆਇਆ। ਉਨ੍ਹਾਂ ਨੂੰ ਉੱਥੇ ਬੈਠੇ ਛੱਡ ਪਾਣੀ ਲੈ ਕੇ ਆਉਣ ਬਾਰੇ ਕਹਿ ਕੇ ਚਲਾ ਗਿਆ।

ਲੜਕੇ ਦੇ ਜਾਣ ਉਪਰੰਤ ਦੋਨਾਂ ਦੀਆਂ ਆਪਸ ਵਿੱਚ ਨਜ਼ਰਾਂ ਮਿਲੀਆਂ, ਪਰ ਬੋਲੇ ਕੁਝ ਨਾ। ਦਸਾਂ ਕੁ ਮਿੰਟਾਂ ਬਾਅਦ ਛੋਟਾ ਮੁੰਡਾ ਆਪਣੇ ਹੱਥਾਂ ਵਿੱਚ ਦੋ ਪਾਣੀ ਦੇ ਗਲਾਸ ਫੜੀ ਆ ਗਿਆ। ਦੋਨਾਂ ਨੇ ਪਾਣੀ ਪੀਤਾ। ਪੰਦਰਾਂ-ਵੀਹਾਂ ਮਿੰਟਾਂ ਬਾਅਦ ਨੂੰਹ ਹੱਥ ਵਿੱਚ ਚਾਹ ਵਾਲੀ ਟਰੇ ਫੜੀ ਦਾਖਲ ਹੋਈ। ਮਾਰਡਨ ਨੂੰਹਾਂ ਦੀ ਤਰ੍ਹਾਂ ਮੱਥਾ ਟੇਕਣ ਦੀ ਬਜਾਏ ਗਰਦਨ ਹਿਲਾ ਕੇ ਹੀ ਸਤਿ ਸ੍ਰੀ ਅਕਾਲ ਬੁਲਾਈ। ਕਰਨੈਲ ਸਿੰਘ ਅਤੇ ਮਲਕੀਤ ਕੌਰ ਦੋਨਾਂ ਨੇ ਉੱਠ ਕੇ ਨੂੰਹ ਨੂੰ ਪਿਆਰ ਦਿੱਤਾ। ਇੰਨੇ ਨੂੰ ਦੋਨੋਂ ਪੋਤੇ ਕਰਨ ਅਤੇ ਅਭੀ ਵੀ ਆ ਗਏ, ਜੋ ਦਾਦਾ ਦਾਦੀ ਨੂੰ ਘੁੱਟ ਕੇ ਮਿਲੇ। ਚਾਹ ਪਾਣੀ ਪੀਣ ਉਪਰੰਤ ਮੁੰਡਾ, ਨੂੰਹ ਅਤੇ ਪੋਤੇ ਆਪਣੇ ਨਵੇਂ ਕਮਰਿਆਂ ਵੱਲ ਚਲੇ ਗਏ। ਕਰਨੈਲ ਸਿੰਘ ਕਮਰੇ ਵਿੱਚੋਂ ਉੱਠ ਕੇ ਬਾਹਰ ਵੱਲ ਨੂੰ ਘਰ ਦਾ ਮੁਆਇਨਾ ਕਰਨ ਤੁਰ ਪਿਆ। ਮਲਕੀਤ ਕੌਰ ਨੇ ਉੱਠ ਕੇ ਬੈੱਡ ਦੀ ਚਾਦਰ ਝਾੜ ਕੇ ਵਿਛਾਈ ਅਤੇ ਕਮਰਾ ਕੁਝ ਝਾੜ ਝੂੜ ਕੇ ਆਪਣੇ ਬੈਠਣ ਜੋਗਾ ਬਣਾਇਆ।

ਦੋਨੋਂ ਜੀਅ ਇਸ਼ਨਾਨ ਕਰਕੇ ਅਜੇ ਵਿਹਲੇ ਹੀ ਹੋਏ ਸਨ ਕਿ ਛੋਟੇ ਪੋਤੇ ਅਭੀ ਨੇ ਦੋਨਾਂ ਨੂੰ ਆ ਕੇ ਰੋਟੀ ਖਾਣ ਲਈ ਕਿਹਾ। ਦੋਨੋਂ ਜਣੇ ਉੱਠ ਰੋਟੀ ਖਾਣ ਤੁਰ ਪਏ। ਮੁੰਡੇ ਨੇ ਦੋਨਾਂ ਜਣਿਆਂ ਨੂੰ ਰੋਟੀ ਖੁਆਈ ਅਤੇ ਆਪਣੇ ਨਵੇਂ ਬਣਾਏ ਦੋ ਬੈਡਰੂਮ ਵੀ ਦਿਖਾਏ। ਕਹਿਣ ਲੱਗਾ ਕਿ ਇੱਕ ਬੈੱਡਰੂਮ ਅਸੀਂ ਆਪਣੇ ਲਈ ਅਤੇ ਦੂਸਰਾ ਕਰਨ ਅਤੇ ਅਭੀ ਲਈ ਬਣਾਇਆ ਹੈ।

ਕਾਫੀ ਦੇਰ ਤਕ ਸਾਰਾ ਪਰਿਵਾਰ ਇਕੱਠੇ ਬੈਠ ਗੱਲਾਂ ਮਾਰਦਾ ਰਿਹਾ। ਦੋ ਦਿਨਾਂ ਦੇ ਸਫਰ ਦੀ ਥਕਾਵਟ ਕਾਰਨ ਦੋਨੋਂ ਜਣਿਆਂ ਨੂੰ ਨੀਂਦ ਵੀ ਆਉਣ ਲੱਗੀ ਸੀ। ਕਰਨੈਲ ਸਿੰਘ ਨੇ ਕਿਹਾ, ਲਿਆ ਬਈ ਦੱਸੋ ਸਾਡੇ ਸੌਣ ਲਈ ਮੰਜਾ ਕਿੱਥੇ ਆ ? ਬੜੀ ਨੀਂਦ ਆ ਰਹੀ ਹੈ, ਅੱਜ ਤਾਂ ਆਪਣੇ ਘਰ ਖੁੱਲ੍ਹ ਕੇ ਨੀਂਦ ਆਵੇਗੀ। ਇੰਨੇ ਨੂੰ ਨੂੰਹ ਨੇ ਆਪਣੀ ਸੱਸ ਦੇ ਹੱਥ ਵਿੱਚ ਦੋ ਖੇਸੀਆਂ ਫੜਾਉਂਦੇ ਹੋਏ ਕਿਹਾ, ਤੁਸੀਂ ਦੋਨੋਂ ਉੱਧਰ ਆਪਣੇ ਕਮਰੇ ਵਿੱਚ ਸੌਂ ਜਾਈਓ।

ਦੋਨੋਂ ਜਣੇ ਆਪਣੇ ਕੈਨੇਡਾ ਵਾਲੇ ਰੁਟੀਨ ਮੁਤਾਬਿਕ ਸਵੇਰੇ ਸਾਝਰੇ ਉੱਠ ਖੜ੍ਹਦੇ ਅਤੇ ਕੁਰਸੀਆਂ 'ਤੇ ਬੈਠ ਚਾਹ ਦੀ ਉਡੀਕ ਕਰਦੇ। ਛੋਟੇ ਮੁੰਡੇ ਦਾ ਪਰਿਵਾਰ ਹੌਲੀ ਹੌਲੀ ਉੱਠਦਾ। ਕਦੇ ਮੁੰਡਾ ਜਾਂ ਪੋਤਿਆਂ ਵਿੱਚੋਂ ਕੋਈ ਉਨ੍ਹਾਂ ਨੂੰ ਚਾਹ ਫੜਾ ਜਾਂਦਾ ਹੈ ਅਤੇ ਦੋਨੋਂ ਜੀਅ ਚਾਹ ਪੀ ਲੈਂਦੇ। ਨੂੰਹ ਆਪਣੇ ਹਿਸਾਬ ਰੋਟੀ ਬਣਾਉਂਦੀ ਤਾਂ ਕਿਸੇ ਦੇ ਹੱਥ ਰੋਟੀ ਭੇਜ ਦਿੰਦੀ ਜਾਂ ਫਿਰ ਆਪ ਫੜਾ ਜਾਂਦੀ। ਦੋਵੇਂ ਜਣੇ ਆਪਣੇ ਕਮਰੇ ਵਿੱਚ ਬੈਠੇ ਰੋਟੀ ਖਾ ਲੈਂਦੇ।

ਉਨ੍ਹਾਂ ਨੂੰ ਕੇਨੈਡਾ ਤੋਂ ਆਇਆਂ ਨੂੰ ਕਰੀਬ ਮਹੀਨਾ ਹੋ ਚੱਲਿਆ ਸੀ ਤਾਂ ਇੱਕ ਦਿਨ ਕਰਨੈਲ ਸਿੰਘ ਆਪਣੀ ਪਤਨੀ ਨੂੰ ਕਹਿਣ ਲੱਗਾ, ਮਲਕੀਤ ਕੌਰੇ, ਹੁਣ ਤਾਂ ਮੈਨੂੰ ਇਓਂ ਲੱਗਦਾ ਹੈ ਕਿ ਜਿਵੇਂ ਆਪਣਾ ਕੋਈ ਘਰ ਹੀ ਨਾ ਹੋਵੇ। ਜਿਵੇਂ ਅਸੀਂ ਵਾਧੂ ਜਿਹੀ ਚੀਜ਼ ਹੋ ਗਏ ਹਾਂ। ਜਦੋਂ ਕੈਨੇਡਾ ਵਾਲੇ ਮੁੰਡੇ ਨੂੰ ਸਾਡੀ ਲੋੜ ਸੀ ਤਾਂ ਉਸ ਨੇ ਰੱਖ ਲਿਆ, ਜਦੋਂ ਇੱਥੇ ਵਾਲੇ ਨੂੰ ਲੋੜ ਸੀ ਤਾਂ ਇਸ ਨੇ ਰੱਖ ਲਿਆ ਸੀ। ਹੁਣ ਤਾਂ ਇੱਥੇ ਇੰਡੀਆ ਆ ਕੇ ਵੀ ਮਨ ਨਹੀਂ ਲੱਗਦਾ, ਇਸ ਤਰ੍ਹਾਂ ਜੀਅ ਕਰਦਾ ਕਿ ਮੁੜ ਵਾਪਸ ਕੈਨੇਡਾ ਨੂੰ ਚਲੇ ਜਾਈਏ, ਪਰ ਕੈਨੇਡਾ ਜਾ ਕੇ ਮਨ ਇਸ ਤਰ੍ਹਾਂ ਕਰਦਾ ਕਿ ਅਸੀਂ ਮੁੜ ਆਪਣੇ ਵਤਨ ਨੂੰ ਬਿਨਾਂ ਖੰਭਾਂ ਤੋਂ ਹੀ ਉਡ ਕੇ ਆ ਜਾਈਏ। ਆਪਣੀ ਹਾਲਤ ਤਾਂ ਮਾਰੂਥਲ ਵਿੱਚ ਪਾਣੀ ਦੀ ਤਲਾਸ਼ ਲਈ ਭਟਕਦੇ ਮ੍ਰਿਗ ਵਾਲੀ ਹੋ ਗਈ ਹੈ, ਜੋ ਪਾਣੀ ਦੀ ਤਲਾਸ਼ ਵਿੱਚ ਸਾਰੀ ਉਮਰ ਆਪਣੀ ਤ੍ਰਿਸ਼ਣਾ ਮਗਰ ਇੱਧਰ ਉੱਧਰ ਹੀ ਭਟਕਦਾ ਫਿਰੀ ਜਾਂਦਾ ਹੈ।

# ਭੂਤਾਂ ਪ੍ਰੇਤਾਂ ਤੋਂ ਮੁਕਤੀ

-ਭੁਪਿੰਦਰ ਸਿੰਘ ਮਾਨ

"ਬਾਈ, ਉੱਧਰ ਟੂਣਾ ਕੀਤਾ ਪਿਆ।" ਮੇਰੇ ਛੋਟੇ ਭਰਾ ਗੋਲਡੀ ਨੇ ਮੈਨੂੰ ਦੱਸਿਆ।

ਅਸੀਂ ਤਰੁੰਤ ਉੱਧਰ ਨੂੰ ਤੁਰ ਪਏ। ਉੱਥੇ ਪਹੁੰਚਦੇ ਹੀ ਮੈਂ ਠੇਡਾ ਮਾਰ ਕੇ ਟੂਣਾ ਖਿੰਡਾ ਦਿੱਤਾ ਤੇ ਨਾਰੀਅਲ ਦਾ ਗੁੱਟ ਤੋੜ ਕੇ ਅਸੀਂ ਦੋਵੇਂ ਭਰਾ ਖਾਣ ਲੱਗੇ। ਇਕ ਦੋ ਬੰਦਿਆਂ ਨੇ ਵਰਜਿਆ ਕਿ ਟੂਣਾ ਭਾਰਾ ਪੈ ਸਕਦਾ ਹੈ। ਅਸੀਂ ਹੱਸ ਕੇ ਗਰਾਊਂਡ ਵੱਲ ਨੂੰ ਤੁਰ ਗਏ। ਬਚਪਨ ਦਾ ਸਮਾਂ ਸਾਡੇ ਲਈ ਬਾਦਸ਼ਾਹੀ ਪਲਾਂ ਵਾਲਾ ਸੀ। ਮੌਜਾਂ ਲੁੱਟਣੀਆਂ ਹੀ ਉਸ ਸਮੇਂ ਮੁੱਖ ਮੰਤਵ ਹੁੰਦਾ ਸੀ। ਜਦੋਂ ਮੈਂ ਬਚਪਨ ਵੱਲ ਦੇਖਦਾ ਹਾਂ ਤਾਂ ਯਾਦ ਆਉਂਦਾ ਹੈ ਕਿ ਉਸ ਸਮੇਂ ਬਹੁਤ ਸਾਰੇ ਡਰ ਵੀ ਮਨ ਨੂੰ ਲੱਗਦੇ ਸਨ। ਜਿਵੇਂ ਸਕੂਲ ਵਿੱਚ ਛਿਤਰੌਲ ਦਾ ਡਰ। ਕਦੇ ਲੱਗਦਾ ਕਿ ਕੋਈ ਚੁੱਕ ਕੇ ਨਾ ਲੈ ਜਾਵੇ। ਉਨ੍ਹਾਂ ਦਿਨਾਂ ਵਿੱਚ ਮੈਨੂੰ ਇੱਕ ਡਰ ਹੋਰ ਬਹੁਤ ਸਤਾਉਂਦਾ ਸੀ, ਉਹ ਸੀ ਭੂਤਾਂ ਪ੍ਰੇਤਾਂ ਦਾ ਡਰ। ਦਾਦੀ ਤੋਂ ਸੁਣੀਆਂ ਕਹਾਣੀਆਂ ਵਿਚਲੇ ਭੂਤ ਪ੍ਰੇਤ ਰਾਤ ਨੂੰ ਸਾਕਾਰ ਹੋ ਉੱਠਦੇ। ਮੈਂ ਡਰਦਾ ਇਕੱਲਾ ਪਿਸ਼ਾਬ ਕਰਨ ਲਈ ਵੀ ਨਹੀਂ ਉੱਠਦਾ ਸੀ। ਸਾਡੇ ਘਰ ਤੋਂ ਥੋੜ੍ਹੀ ਦੂਰ ਪੀਰ ਖਾਨਾ ਸੀ। ਉੱਥੇ ਹਰ ਵੀਰਵਾਰ ਨੂੰ ਚੌਕੀ ਭਰਦੀ, ਢੋਲਕੀ ਖੜਕਦੀ। ਉਸਦੀ ਆਵਾਜ਼ ਸੁਣ ਕੇ ਮੇਰਾ ਦਿਲ ਕੰਬਣ ਲੱਗ ਜਾਂਦਾ। ਮੈਂ ਚੇਲਿਆਂ ਨੂੰ ਇੱਕ ਔਰਤ ਨੂੰ ਚਿਮਟਿਆਂ ਨਾਲ ਕੁੱਟਦੇ ਵੀ ਦੇਖਿਆ ਸੀ। ਉਸ ਦਿਨ ਤੋਂ ਮੇਰੇ ਮਨ ਵਿੱਚ ਡਰ ਬੈਠ ਗਿਆ ਸੀ। ਜਦੋਂ ਮੈਂ ਕੋਈ ਟੂਣਾ ਦੇਖਦਾ ਤਾਂ ਪਾਸੇ ਦੀ ਹੋ ਕੇ ਲੰਘਦਾ। ਸਾਡੇ ਇੱਕ ਦੋ ਸਾਥੀ ਜਿਹੜੇ ਥੋੜ੍ਹੇ ਵੱਡੇ ਸਨ, ਉਹ ਟੂਣੇ ਵਿੱਚੋਂ ਕੁਝ ਨਾ ਕੁਝ ਚੁੱਕ ਵੀ ਲੈਂਦੇ ਸ਼ਨ। ਗਰਾਊਂਡ ਵਿੱਚ ਫੁੱਟਬਾਲ ਖੇਡਣ ਜਾਂਦੇ ਤਾਂ ਉੱਥੇ ਜੰਡ ਹੇਠ ਪੰਜੀਆਂ ਦੱਸੀਆਂ ਤੇ ਖੰਮਣੀ ਬੰਨ੍ਹਿਆ ਨਾਰੀਅਲ ਦਾ ਗੁੱਟ ਪਿਆ ਹੁੰਦਾ। ਵੱਡੇ ਖੇਡਣ ਵਾਲੇ ਸਾਥੀ ਸਭ ਕੁਝ ਚੁੱਕ ਲੈਂਦੇ, ਨਾਰੀਅਲ ਤੁਰੰਤ ਤੋੜ ਕੇ ਛੱਕ ਜਾਂਦੇ। ਪਰ ਮੈਂ ਕਿਸੇ ਕਾਰਵਾਈ ਦਾ ਹਿੱਸਾ ਨਾ ਬਣਦਾ। ਅੱਠਵੀਂ ਤੋਂ ਬਾਅਦ ਮੇਰੇ ਵਿੱਚ ਇੱਕਦਮ ਤਬਦੀਲੀ ਆ ਗਈ ਸੀ। ਹੁਣ ਮੈਂ ਟੂਣੇ ਨੂੰ ਲੱਭਦਾ ਰਹਿੰਦਾ।



ਜੇ ਟੂਣਾ ਦਿਸ ਜਾਂਦਾ ਤਾਂ ਮੈਂ ਠੇਡਾ ਮਾਰ ਕੇ ਟੂਣਾ ਖਿਡਾ ਦਿੰਦਾ। ਹੁਣ ਵਰਤੋਂ ਵਾਲੀਆਂ ਚੀਜ਼ਾਂ ਚੁੱਕ ਕੇ ਅਸੀਂ ਵਰਤ ਲੈਂਦੇ। ਇਹ ਸਾਰਾ ਕੁਝ ਦੇਖ ਕੇ ਮੇਰੇ ਨਾਲ ਦੇ ਮਿੱਤਰ ਹੈਰਾਨ ਹੁੰਦੇ ਕਿ ਸਭ ਤੋਂ ਡਰੂ ਬੰਦਾ ਇਨ੍ਹਾਂ ਦਲੇਰ ਕਿਵੇਂ ਹੋ ਗਿਆ ? ਪਰ ਮੈਂ ਜਾਣਦਾ ਸੀ ਮੇਰੇ ਵਿੱਚ ਇਹ ਤਬਦੀਲੀ ਇੱਕ ਦਿਨ ਵਿੱਚ ਨਹੀਂ ਆਈ ਸੀ।

ਇਸ ਤਬਦੀਲੀ ਦਾ ਮੁੱਢ ਪੜ੍ਹਾਈ ਤੋਂ ਬੱਝਿਆ ਸੀ। ਅੱਠਵੀਂ ਜਮਾਤ ਵਿੱਚ ਬਹੁਤਾ ਫੁੱਟਬਾਲ ਖੇਡਣ ਕਰਕੇ ਅੰਗਰੇਜ਼ੀ ਵਿੱਚ ਥੋੜ੍ਹਾ ਪਛੜ ਗਿਆ ਸੀ। ਪਿਤਾ ਜੀ ਨੇ ਚੰਗੀ ਖੜਕੈਂਤੀ ਕੀਤੀ ਅਤੇ ਮੈਨੂੰ ਜੋਗਿੰਦਰ ਸਿੰਘ ਕੋਲ ਛੱਡ ਆਏ। ਉਹਨਾਂ ਦਾ ਜੱਦੀ ਪਿੰਡ ਹਰਿਆਣਾ ਵਿੱਚ ਸੀ। ਅੰਗਰੇਜ਼ੀ ਉੱਪਰ ਉਨ੍ਹਾਂ ਦੀ ਬਹੁਤ ਚੰਗੀ ਪਕੜ ਸੀ। ਗਰਾਮਰ ਇਸ ਤਰੀਕੇ ਨਾਲ ਪੜ੍ਹਾਉਂਦੇ ਕਿ ਅੱਜ ਵੀ ਉਨ੍ਹਾਂ ਦੇ ਪੜ੍ਹਾਏ ਹੋਏ ਸਬਕ ਯਾਦ ਹਨ। ਉਹ ਕਿਤਾਬਾਂ ਪੜ੍ਹਦੇ ਤੇ ਵਿਦਿਆਰਥੀਆਂ ਨੂੰ ਵੀ ਕਿਤਾਬਾਂ ਵੱਲ ਪ੍ਰੇਰਦੇ। ਹਰ ਗੱਲ ਨੂੰ ਤਰਕ ਦੀ ਕਸਵੱਟੀ 'ਤੇ ਪਰਖ ਕੇ ਇਸ ਤਰ੍ਹਾਂ ਸਮਝਾਉਂਦੇ ਸਨ ਕਿ ਸਾਹਮਣੇ ਵਾਲਾ ਛੇਤੀ ਵਿਸਾਰਦਾ ਨਹੀਂ ਸੀ। ਜਿੱਥੇ ਸਾਲਾਨਾ ਪੇਪਰਾਂ ਵਿੱਚ ਮੇਰੇ ਅੰਗਰੇਜ਼ੀ ਵਿੱਚ ਬਹੁਤ ਚੰਗੇ ਨੰਬਰ ਆਏ, ਉੱਥੇ ਮੇਰੇ ਦਿਮਾਗ ਤੋਂ ਕਈ ਹੋਰ ਜਾਲੇ ਵੀ ਉੱਤਰਨੇ ਸ਼ੁਰੂ ਹੋ ਗਏ। ਮੇਰਾ ਅਧਿਆਪਕ ਨਾਲ ਬਹੁਤ ਪਿਆਰਾ ਰਿਸ਼ਤਾ ਬਣ ਗਿਆ ਸੀ।

ਇੱਕ ਦਿਨ ਸ਼ਾਮ ਨੂੰ ਜਦੋਂ ਮੈਂ ਅਧਿਆਪਕ ਕੋਲ ਗਿਆ ਤਾਂ ਦੇਖਿਆ ਇੱਕ ਮਾਈ ਬਹੁਤ ਘਬਰਾਈ ਹੋਈ ਸੀ। ਅਧਿਆਪਕ ਨੇ ਮੈਨੂੰ ਆਵਾਜ਼ ਮਾਰ ਲਈ ਤੇ ਆਪਣੇ ਕੋਲ ਬੈਠਣ ਦਾ ਇਸ਼ਾਰਾ ਕੀਤਾ।



ਮਾਈ ਦੇ ਕੱਪੜੇ ਬਹੁਤ ਮੈਲੇ ਸਨ। ਉਸ ਨਾਲ ਆਈ ਉਸਦੀ ਨੂੰਹ ਮਾਸਟਰ ਜੀ ਦੇ ਸਕੂਲ ਦੀ ਦਰਜਾ ਚਾਰ ਮੁਲਾਜ਼ਮ ਸੀ। ਉਹ ਦੱਸ ਰਹੀ ਸੀ ਕਿ ਮਾਤਾ ਨੂੰ ਓਪਰੀ ਕਸਰ ਹੋ ਜਾਂਦੀ ਹੈ। ਮਾਸਟਰ ਜੀ ਨੇ ਕਿਹਾ, "ਮੈਂ ਤੁਹਾਨੂੰ ਮੰਤਰ ਲਿਖ ਦਿੰਦਾ ਹਾਂ। ਸਵੇਰੇ ਉੱਠ ਕੇ ਤੁਸੀਂ ਨਹਾ ਕੇ ਸਾਫ ਸੁਥਰੇ ਕੱਪੜੇ ਪਾਉਣੇ ਹਨ। ਇਸ ਮੰਤਰ ਨੂੰ ਤਵੀਤ ਵਿੱਚ ਪਾ ਕੇ ਗੱਲ ਵਿੱਚ ਪਾਉਣਾ ਹੈ ਤੇ ਹਰ ਰੋਜ਼ ਸਵੇਰੇ ਰੱਬ ਦਾ ਨਾਮ ਲੈਣਾ ਹੈ।"

ਉਨ੍ਹਾਂ ਨੇ ਕਾਗਜ਼ ਉੱਪਰ ਕੁਝ ਲਿਖਿਆ ਅਤੇ ਉਨ੍ਹਾਂ ਨੂੰ ਦੇ ਦਿੱਤਾ। ਮੈਂ ਹੈਰਾਨ ਪ੍ਰੇਸ਼ਾਨ ਸੀ ਕਿ ਭੂਤਾਂ ਪ੍ਰੇਤਾਂ ਨੂੰ ਮਿੱਥ ਦੱਸਣ ਵਾਲੇ ਸਾਡੇ ਅਧਿਆਪਕ ਇਹ ਕੀ ਕਰ ਰਹੇ ਹਨ। ਮੈਂ ਪੂਰੇ ਵਰਤਾਰੇ 'ਤੇ ਹੈਰਾਨੀ ਪ੍ਰਗਟ ਕੀਤੀ ਤਾਂ ਮਾਸਟਰ ਜੀ ਬੋਲੇ, "ਪੁੱਤਰ, ਕਈ ਬਿਮਾਰੀਆਂ ਦਾ ਇਲਾਜ ਇਸ ਤਰ੍ਹਾਂ ਵੀ ਹੁੰਦਾ ਹੈ। ਇਹ ਅਨਪੜ੍ਹ ਮਾਈ ਮੇਰੀਆਂ ਕਿਤਾਬਾਂ ਵਾਲੇ ਗਿਆਨ ਨੂੰ ਨਹੀਂ ਸਮਝ ਸਕੇਗੀ, ਜੇ ਮੈਂ ਉਹਨਾਂ ਦੀ ਸੰਤੁਸ਼ਟੀ ਨਾ ਕਰਵਾਉਂਦਾ ਤਾਂ ਇੱਥੋਂ ਉੱਠ ਕੇ ਕਿਸੇ ਹੋਰ ਸਿਆਣੇ ਕੋਲ ਜਾ ਫਸਣਗੀਆਂ।"

ਮੈਂ ਆਪਣੀ ਜਗਿਆਸਾ ਸ਼ਾਂਤ ਕਰਨ ਲਈ ਪੁੱਛਿਆ, "ਮਾਈ ਹੁਣ ਕਿਵੇਂ ਠੀਕ ਹੋਵੇਗੀ।"

ਉਨ੍ਹਾਂ ਕਿਹਾ, "ਪੁੱਤ, ਬਜ਼ੁਰਗ ਪਿਛਲੀ ਉਮਰ ਵਿੱਚ ਆ ਕੇ ਅਕਸਰ ਪਰਿਵਾਰ ਦੀ ਅਣਦੇਖੀ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਮਾਈ ਵੀ ਇਸੇ ਤਰ੍ਹਾਂ ਹੈ। ਹੁਣ ਜਦੋਂ ਉਸ ਦੀ ਨੂੰਹ ਨੂੰ ਸਮਝਾ ਦਿੱਤਾ ਹੈ ਤਾਂ ਉਹ ਉਸ ਦਾ ਖਿਆਲ ਰੱਖੇਗੀ, ਨੁਹਾਵੇਗੀ, ਸਾਫ ਕੱਪੜੇ ਪਾਵੇਗੀ, ਨੀਂਦ ਤਾਂ ਆਪਣੇ ਆਪ ਹੀ ਆ ਜਾਵੇਗੀ।"

ਮੈਂ ਕਿਹਾ, "ਮਾਸਟਰ ਜੀ, ਤੁਸੀਂ ਤਾਂ ਉਸ ਨੂੰ ਅੱਧਾ ਘੰਟਾ ਧਿਆਨ ਲਾਉਣ ਲਈ ਵੀ ਆਖਿਆ ਹੈ, ਉਸਦੀ ਸਮਝ ਨਹੀਂ ਲੱਗੀ ?"

ਉਹ ਬੋਲੇ, "ਦਿਮਾਗੀ ਉਲਝਣਾਂ ਨੂੰ ਦੂਰ ਕਰਨ ਲਈ ਕਿਸੇ ਪਾਸੇ ਵੀ ਧਿਆਨ ਲਾਇਆ ਜਾਵੇ ਤਾਂ ਬੰਦਾ ਠੀਕ ਹੋ ਜਾਂਦਾ ਹੈ।"

ਉਹੀ ਗੱਲ ਹੋਈ। ਥੋੜ੍ਹੇ ਦਿਨਾਂ ਬਾਅਦ ਕੁਦਰਤੀ ਮਾਈ ਸਾਡੇ ਪੜ੍ਹਨ ਸਮੇਂ ਹੀ ਮਿਲਣ ਲਈ ਆ ਗਈ। ਉਹ ਪੂਰੀ ਠੀਕ ਠਾਕ ਅਤੇ ਤੰਦਰੁਸਤ ਜਾਪਦੀ ਸੀ। ਮਾਸਟਰ ਜੀ ਮੁਸਕਰਾ ਪਏ ਤੇ ਉਨ੍ਹਾਂ ਨੇ ਮੇਰੇ ਵੱਲ ਰਮਜ਼ੀ ਨਜ਼ਰਾਂ ਨਾਲ ਦੇਖਿਆ। ਉਸ ਦਿਨ ਤੋਂ ਬਾਅਦ ਮੇਰੀ ਟੂਣੇ ਟਾਮਣਾਂ ਦੇ ਡਰ ਤੋਂ ਮੁਕਤੀ ਹੋ ਗਈ ਸੀ।

-o-




## ਪਾਠਕਾਂ ਦਾ ਨਜ਼ਰੀਆ

### ਗਵਾਂਢੀ ਦੇਸਾਂ ਨਾਲ ਸੁਖਾਵਾਂ ਮਾਹੌਲ ਬਣਾਉਣ ਨੂੰ ਪਹਿਲ ਦੇਣ ਦੀ ਲੋੜ

ਅਗਰ ਸਭ ਦੇਸ਼ ਆਪਣੀ ਵਿਦੇਸ਼ ਨੀਤੀ ਬਣਾਉਂਦੇ ਸਮੇਂ ਆਪਣੇ ਗਵਾਂਢੀ ਦੇਸਾਂ ਨਾਲ ਸੁਖਾਵਾਂ ਮਾਹੌਲ ਬਣਾਉਣ ਨੂੰ ਪਹਿਲ ਦੇਣਾ ਸ਼ੁਰੂ ਕਰਨਗੇ ਤਾਂ ਹੀ ਅਮਨ ਵੱਲ ਵਧਿਆ ਜਾ ਸਕਦਾ ਹੈ। ਪਰ ਅਸਲ ਵਿੱਚ ਹੋ ਕੀ ਰਿਹਾ ਹੈ, ਚੀਨ ਦੇ ਇਸ ਵਕਤ ਆਪਣੇ ਗਵਾਂਢੀਆਂ ਅਤੇ ਹੋਰ ਨੇੜਲੇ ਲਗਭਗ ਦੋ ਦਰਜਨ ਦੇਸ਼ਾਂ ਨਾਲ ਝਗੜੇ ਚੱਲ ਰਹੇ ਹਨ। ਇਵੇਂ ਹੀ ਅੱਜ ਦੇ ਦਿਨਾਂ ਵਿੱਚ ਭਾਰਤ ਦਾ ਵੀ ਆਪਣੇ ਗਵਾਂਢੀਆਂ ਨਾਲ ਸਭ ਠੀਕ ਹੈ ਨਹੀਂ ਚੱਲ ਰਿਹਾ। ਅੱਜ ਦੁਨੀਆ ਵਿੱਚ ਭਾਰਤ ਅਤੇ ਚੀਨ ਵੱਡੇ ਦੇਸ਼ਾਂ ਵਿੱਚ ਆਉਂਦੇ ਹਨ। ਇਸ ਕਰਕੇ ਇਨ੍ਹਾਂ ਦੋਹਾਂ ਦੇਸ਼ਾਂ ਨੂੰ ਆਪਣੇ ਆਂਢੀਆਂ ਗਵਾਂਢੀਆਂ ਨਾਲ ਵੱਡੇ ਭਰਾ ਦੇ ਰੂਪ ਵਿੱਚ ਪੇਸ਼ ਆਉਣਾ ਚਾਹੀਦਾ ਹੈ। ਇਨ੍ਹਾਂ ਦੋਹਾਂ ਦੇਸ਼ਾਂ ਨੂੰ ਆਪਣੀ ਹੈਂਕੜਬਾਜ਼ੀ ਛੱਡਣੀ ਹੋਵੇਗੀ ਤਾਂ ਹੀ ਅਸੀਂ ਸੰਸਾਰ ਸ਼ਾਂਤੀ ਕਾਇਮ ਕਰਨ ਵਿੱਚ ਆਪਣਾ ਯੋਗਦਾਨ ਪਾ ਰਹੇ ਹੋਵਾਂਗੇ।

ਮੋਦੀ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਵਿਹਾਰ ਵਿੱਚ ਤਬਦੀਲੀ ਲਿਆਵੇ। ਅਜਿਹੀ ਹਰਕਤ ਤੋਂ ਬਚਣਾ ਚਾਹੀਦਾ ਹੈ ਜਿਹੜੀ ਬਾਅਦ ਵਿੱਚ ਮਜ਼ਾਕ ਦਾ ਕਾਰਨ ਬਣੇ। ਜਿਵੇਂ ਤੁਸੀਂ ਦੇਖਿਆ ਹੋਵੇਗਾ ਪਹਿਲਾਂ ਮੋਦੀ ਨੇ ਪਾਕਿਸਤਾਨ ਖ਼ਿਲਾਫ਼ ਧੂੰਆਂਧਾਰ ਪ੍ਰਚਾਰ ਕੀਤਾ। ਚੋਣਾਂ ਦੀ ਜੰਗ ਮੋਦੀ ਜਿੱਤ ਗਿਆ। ਸਹੁੰ ਚੁੱਕ ਸਮਾਗਮ ਹੋਇਆ। ਉਹੀ ਗਵਾਂਢੀ ਦੁਸ਼ਮਣ ਦੇਸ਼ ਦਾ ਮੁਖੀ ਮੁੱਖ ਪ੍ਰਾਹੁਣਾ ਸੀ। ਸਭ ਲੋਕ ਹੈਰਾਨ ਰਹਿ ਗਏ। ਇੱਥੇ ਹੀ ਬੱਸ ਨਹੀਂ, ਜਦ ਜੀਅ ਕੀਤਾ ਜਹਾਜ਼ ਮੋੜ ਕੇ ਪਾਕਿਸਤਾਨ ਵਿੱਚ, ਬਰਿਆਨੀ ਜਾ ਖਾਧੀ। ਫਿਰ ਕੁਝ ਸਮੇਂ ਬਾਅਦ ਗੋਦੀ ਮੀਡੀਆ ਉਹੀ ਪੁਰਾਣਾ ਰਾਗ ਹਿੰਦੂ-ਮੁਸਲਮਾਨ ਦਾ ਅਲਾਪਣ ਲੱਗ ਪਿਆ ਕਿ ਮੁਸਲਮਾਨ ਗਦਾਰ ਹਨ।

ਚੀਨ ਦਾ ਮੁਖੀ ਸ਼ੀ ਆਉਂਦਾ ਹੈ। ਖ਼ੂਬ ਆਓ ਭਗਤ ਕੀਤੀ ਜਾਂਦੀ ਹੈ। ਖ਼ੂਬ ਜੱਫ਼ੀਆਂ ਪਾਈਆਂ ਜਾਂਦੀਆਂ ਹਨ। ਸਵਾਗਤ ਵਿੱਚ ਝੂਲਿਆਂ ’ਤੇ ਬਿਠਾ ਕੇ ਹੂਟੇ ਦਿੱਤੇ ਜਾਂਦੇ ਹਨ। ਪਰ ਆਪਸ ਵਿੱਚ ਚੰਗੇ ਗਵਾਂਢੀਆਂ ਵਾਂਗ ਰਹਿਣਾ ਚਾਹੀਦਾ ਹੈ, ਇਸ ਬਾਰੇ ਘੱਟ ਗੱਲ ਕੀਤੀ ਜਾਂਦੀ ਹੈ। ਘੱਟ ਚਰਚਾ ਹੁੰਦੀ ਹੈ। ਦੋਵੇਂ ਧਿਰਾਂ ਆਪੋ ਆਪਣਾ ਲਾਮ ਲਸ਼ਕਰ ਇੱਕ-ਦੂਜੇ ਨੂੰ ਦਿਖਾਉਂਦੇ ਹਨ, ਪਰ ਗੰਭੀਰ ਮਸਲਿਆਂ ’ਤੇ ਅਸਲ ਵਿੱਚ ਗੰਭੀਰਤਾ ਨਾਲ ਨਹੀਂ ਸੋਚਿਆ ਵਿਚਾਰਿਆ ਜਾਂਦਾ। ਅਸਲ ਮੁੱਦੇ ਉੱਥੇ ਦੇ ਉੱਥੇ ਹੀ ਰਹਿੰਦੇ ਹਨ।

ਸਾਨੂੰ ਆਪਣੇ ਛੋਟੇ-ਛੋਟੇ ਗਵਾਂਢੀਆਂ ਨਾਲ, ਵੱਡੇ ਭਰਾ ਵਾਂਗ ਪੇਸ਼ ਆ ਕੇ ਸਾਰੇ ਮਸਲਿਆਂ ਦਾ ਹੱਲ ਕਰਨਾ ਚਾਹੀਦਾ ਹੈ। ਜਿਵੇਂ ਨੇਪਾਲ ਦੀ ਤਾਜ਼ੀ ਉਲਝਣ ਨਵੇਂ ਨਕਸ਼ਿਆਂ ਬਾਰੇ ਹੈ। ਕਈ ਵਾਰ ਇਸ ‘ਤੇ ਵਿਚਾਰ ਹੋਇਆ ਹੈ। ਸੀਮਤ ਸਮੇਂ ਵਿੱਚ ਇਸ ਨੂੰ ਹੱਲ ਕਰਨ ਦੇ ਇਕਰਾਰ ਹੋਏ ਹਨ, ਪਰ ਪਿਛਲੇ ਕਈ ਸਾਲਾਂ ਤੋਂ ਹੱਲ ਨਾ ਹੋਣ ਕਰਕੇ ਹੁਣ ਉਸ ਨੇਪਾਲ ਨੇ ਝਗੜੇ ਵਾਲੀ ਜਗ੍ਹਾ ਨੂੰ ਆਪਣਾ ਦਰਸਾ ਦਿੱਤਾ ਹੈ, ਜਿਸ ਨੇਪਾਲ ਦਾ ਭਾਰਤ ਨਾਲ ਨਹੁੰ-ਮਾਸ ਦਾ ਰਿਸ਼ਤਾ ਹੈ। ਨੇਪਾਲੀ ਭਾਰਤੀ ਫ਼ੌਜ ਵਿੱਚ ਭਰਤੀ ਹੋ ਕੇ ਭਾਰਤ ਲਈ ਆਪਣੀਆਂ ਜਾਨਾਂ ਵਾਰ ਰਹੇ ਹਨ। ਜਿਹੜੇ ਨੇਪਾਲੀ ਸਾਡੇ ਦਫਤਰਾਂ-ਘਰਾਂ ਦੀ ਰਾਖੀ ਕਰਦੇ ਹਨ, ਜਿਹੜੇ ਸਾਡੀ ਰਸੋਈ ਤਕ ਪਹੁੰਚੇ ਹੋਏ ਹਨ, ਅਗਰ ਕਿਸੇ ਦੁਸ਼ਟ ਪ੍ਰਚਾਰ ਨੇ ਉਨ੍ਹਾਂ ਦੇ ਮਨਾਂ ਅੰਦਰ ਭਾਰਤ ਵਿਰੋਧੀ ਘ੍ਰਿਣਾ ਪੈਦਾ ਕਰ ਦਿੱਤੀ ਤਾਂ ਭਾਰਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈ ਸਕਦਾ ਹੈ।

ਅਖੀਰ ਵਿੱਚ ਅਸੀਂ ਬਿਨਾਂ ਪੁੱਛਿਆਂ ਹੀ ਇਹ ਰਾਏ ਦੇਵਾਂਗੇ ਕਿ ਸਾਨੂੰ ਆਪਣੀ ਵਿਦੇਸ਼ ਨੀਤੀ ’ਤੇ ਮੁੜ ਵਿਚਾਰ ਕਰਦੇ ਹੋਏ ਆਪਣੇ ਗਵਾਂਢੀਆਂ ਪ੍ਰਤੀ ਨਵੀਂ ਮਿੱਤਰਤਾ ਵਾਲੀ ਪਾਲਿਸੀ ਬਣਾਉਣੀ ਚਾਹੀਦੀ ਹੈ ਤਾਂ ਕਿ ਸਾਡੇ ਆਪਣੇ ਗਵਾਂਢੀਆਂ ਨਾਲ ਖਾਸ ਕਰਕੇ ਛੋਟੇ ਗਵਾਂਢੀਆਂ ਨਾਲ ਸੰਬੰਧ ਮਿੱਤਰਤਾ ਪੂਰਵਕ ਬਣੇ ਰਹਿਣ।

-ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

### ਮੌਡਰਨ ਸਟੇਟ

ਜੇ ਇਹ ਮੰਨ ਲਿਆ ਜਾਵੇ ਕਿ ਸੰਸਾਰ ਵਿੱਚ ਸਭ ਤੋਂ ਵੱਧ ਮੰਦਬੁੱਧੀ ਲੋਕ ਰਾਸ਼ਟਰਵਾਦੀ ਹੁੰਦੇ ਹਨ, ਉਹ ਭਾਵੇਂ ਕਿਸੇ ਵੀ ਦੇਸ਼ ਜਾਂ ਢਾਂਚੇ ਦੇ ਹੋਣ ਤਾਂ ਝੂਠ ਨਹੀਂ ਹੋਵੇਗਾ। ਇਤਿਹਾਸ ਦੱਸਦਾ ਹੈ ਕਿ ਕੋਈ ਵੀ ਸਾਮਰਾਜ ਜਾਂ ਦੇਸ਼ ਵਰਗੇ ਢਾਂਚੇ ਬਣਦੇ ਟੁੱਟਦੇ ਰਹਿੰਦੇ ਹਨ, ਲੋਕ ਪੁਰਾਣੇ ਨੂੰ ਭੁੱਲ ਜਾਂਦੇ ਹਨ ਅਤੇ ਕਿਸੇ ਚੰਗੇ ਪੁਰਾਣੇ ਪ੍ਰਬੰਧ ਤੋਂ ਸੇਧ ਲੈਕੇ ਨਵੇਂ ਉਸਾਰਦੇ ਹਨ। ਅੱਜ ਦੇ ਭਾਰਤ ਅਮਰੀਕਾ ਕਨੇਡਾ ਰੂਸ ਅਤੇ ਚੀਨ ਆਦਿ ਦੇ ਰਾਸ਼ਟਰਵਾਦੀਆਂ ਨੂੰ ਇਹ ਵਹਿਮ ਹੈ ਕਿ ਸ਼ਾਇਦ ਉਹਨਾਂ ਦੇ ਦੇਸ਼ ਵਰਗੇ ਮੌਡਰਨ ਢਾਂਚੇ ਕਦੇ ਨਹੀਂ ਟੁੱਟਣਗੇ, ਪਰ ਇਤਿਹਾਸ ਗਵਾਹ ਹੈ ਜਦੋਂ ਇਹਨਾਂ ਦਾ ਖਿਲਾਰਾ ਪੈਣ ਲੱਗਣਾ ਹੈ ਤਾਂ ਰੇਤ ਦੇ ਮਹਿਲ ਖਿੱਲਰਨ ਲੱਗੇ ਸਮਾਂ ਨੀ ਲੱਗਦਾ ਹੁੰਦਾ। ਇਹਨਾਂ ਦੇ ਗਿਆਨ ਪ੍ਰਬੰਧ ਦੇ ਸਕੂਲ ਯੁਨੀਵਰਸਿਟੀਆਂ, ਸਟੇਟ ਦੀ ਪੜ੍ਹਾਈ ਵਾਲੇ ਵਿਦਵਾਨ, ਇਹਨਾਂ ਦੇ ਰਾਸ਼ਟਰੀ ਚਿੰਨ੍ਹ ਤੇ ਸੰਵਿਧਾਨ ਆਦਿ ਸਭ ਰਾਖ ਦੇ ਢੇਰ ਬਣ ਜਾਣਗੇ। ਅਹਿਮ ਸਵਾਲ ਇਹ ਹੈ ਕਿ ਨਵਾਂ ਸਮਾਜ ਜਾਂ ਦੇਸ਼ ਬਣਾਉਣ ਵਾਲਿਆਂ ਦਾ ਤਾਂ ਕੋਈ ਭਵਿੱਖ ਹੁੰਦਾ ਹੈ, ਉਹ ਲਗਾਤਾਰ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ, ਪਰ ਸਟੇਟ ਦੇ ਰਾਸ਼ਟਰਵਾਦੀਆਂ ਅਤੇ ਸਟੇਟ ਦੀ ਪੜ੍ਹਾਈ ਵਾਲੇ ਵਿਦਵਾਨਾਂ ਦਾ ਕੋਈ ਭਵਿੱਖ ਨਹੀਂ ਹੁੰਦਾ। ਰਾਸ਼ਟਰਵਾਦੀ ਆਮ ਹੀ ਮੰਦਬੁੱਧੀ ਅਵਸਥਾ ਕਰਕੇ ਨਵੇਂ ਢਾਂਚੇ ਸਿਰਜਣ ਵਾਲਿਆਂ ਨੂੰ ਸਵਾਲ ਕਰਦੇ ਰਹਿੰਦੇ ਹਨ ਕਿ ਸਾਨੂੰ ਆਪਣੇ ਨਵੇਂ ਬਣਨ ਵਾਲੇ ਦੇਸ਼ਾਂ ਦੇ ਨਕਸ਼ੇ ਜਾਂ ਪ੍ਰਬੰਧ ਸਮਝਾਓ, ਪਰ ਕੀ ਕਦੇ ਇਹਨਾਂ ਰਾਸ਼ਟਰਵਾਦੀਆਂ ਨੂੰ ਖੁਦ ਦੇ ਭਵਿੱਖ ਬਾਰੇ ਪਤਾ ਹੁੰਦਾ ਹੈ ਕਿ ਮੌਡਰਨ ਭਾਰਤ ਕਨੇਡਾ ਅਮਰੀਕਾ ਚੀਨ ਤੇ ਰੂਸ ਆਦਿ ਟੁੱਟਣ ’ਤੇ ਇਹ ਕਿਹੜੇ ਢਾਂਚੇ ਵਿੱਚ ਰਹਿਣਗੇ, ਕਿਹੜੇ ਸੰਵਿਧਾਨ ਜਾਂ ਰਾਸ਼ਟਰੀ ਚਿੰਨ੍ਹਾ ਦੀ ਜੈ ਜੈ ਕਾਰ ਕਰਨਗੇ..? ਇਹ ਸਵਾਲ ਇਸ ਲਈ ਕੀਤੇ ਹਨ, ਕਿਉਂਕਿ ਮੰਦਬੁੱਧੀ ਰਾਸ਼ਟਰਵਾਦੀ ਅਕਸਰ ਹੀ ਨਵੇਂ ਢਾਂਚੇ ਸਿਰਜਣ ਵਾਲਿਆਂ ਨੂੰ ਸਵਾਲ ਪੁੱਛ ਕੇ ਵਿਦਵਾਨ ਬਣਨ ਦਾ ਢੋਂਗ ਕਰਦੇ ਹਨ। ਨਵਾਂ ਭਵਿੱਖ ਸਿਰਜਣ ਵਾਲਿਆਂ ਨੂੰ ਚਾਹੀਦਾ ਹੈ ਕਿ ਇਹਨਾਂ ਮੰਦਬੁੱਧੀਆਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਥਾਂ ਉਹਨਾਂ ਦੇ ਭਵਿੱਖ ਬਾਰੇ ਸਵਾਲ ਕਰਨ ਕਿ ਮੌਡਰਨ ਸਟੇਟ ਦੇ ਢਾਂਚੇ ਟੁੱਟਣ ਤੋਂ ਬਾਅਦ ਉਹਨਾਂ ਦੇ ਦੇਸ਼ਾਂ ਦੇ ਨਕਸ਼ੇ ਤੇ ਪ੍ਰਬੰਧ ਕਿਹੋ ਜਿਹੇ ਹੋਣਗੇ..? ਜੇ ਸਵਾਲ ਕਰਨ ਵਾਲੇ ਨੂੰ ਉਸਦੀ ਹੋਂਦ ਬਾਰੇ ਸਵਾਲ ਕਰੋਗੇ ਤਾਂ ਮੁੜ ਕੇ ਤੁਹਾਨੂੰ ਸਵਾਲ ਕਰਨ ਦੀ ਹਿੰਮਤ ਨਹੀਂ ਕਰੇਗਾ। ਇਹ ਨੁਕਤਾ ਮੇਰਾ ਅਜ਼ਮਾਇਆ ਹੋਇਆ ਹੈ, ਰਾਸ਼ਟਰਵਾਦੀ ਅਕਸਰ ਭਗੌੜੇ ਹੋ ਜਾਂਦੇ ਨੇ, ਤੁਸੀਂ ਵੀ ਅਜ਼ਮਾ ਸਕਦੇ ਹੋ..

-ਗੋਲਡੀ ਦਿਉਲ, ਕੈਨੇਡਾ।

### ਕੈਪਟਨ ਸਾਬ੍ਹ ਦਾ ਫੋਨ

ਮੈਨੂੰ ਕੱਲ੍ਹ ਦੁਪਹਿਰੇ ਸੁਫਨੇ ਵਿੱਚ ਕੈਪਟਨ ਸਾਬ੍ਹ ਦਾ ਫੋਨ ਆਇਆ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਹਾਡੇ ਰਾਜ ਵਿੱਚ ਮੇਰੇ ਨਾਲ਼ ਨਾਇਨਸਾਫੀ ਹੋ ਰਹੀ ਹੈ। ਤੁਹਾਡੇ ਕੁੱਝ ਮੋਹਤਬਰ ਮੇਰੀ ਰੋਟੀ ਰੋਜ਼ੀ ਖੋਹ ਰਹੇ ਨੇ। ਕੈਪਟਨ ਸਾਬ੍ਹ ਦਾ ਜਵਾਬ ਸੁਣ ਕੇ ਮੇਰੇ ਤਾਂ ਖਾਨਿਓਂ ਗਈ!! ਪਤਾ ਕੀ ਕਹਿੰਦੇ ?? ਕਹਿੰਦੇ ਜੇ ਮੇਰੇ ਰਾਜ ਤੋਂ ਸਮੱਸਿਆ ਕੋਈ ਤੈਨੂੰ, ਤੇ ਇਹ ਵੀ ਲਗਦਾ ਸਰਕਾਰ ਤੇਰਾ ਕੁੱਝ ਸੰਵਾਰ ਨਹੀਂ ਰਹੀ ਤਾਂ ਭਾਈ ਤੂੰ ਪੰਜਾਬ ਛੱਡ ਜਾਹ। ਮੈਂ ਉੱਭੜਵਾਹੇ ਉੱਠੀ ਤੇ ਫਟਾ ਫਟ ਮੂੰਹ ਧੋ ਕੇ ਨੀਂਦ ਦੀ ਸੁਸਤੀ ਲਾਹੀ ਕਿ ਮਤੇ ਦੁਬਾਰਾ ਨੀਂਦ ਆਗੀ ਤੇ ਮੋਦੀ ਸਾਬ੍ਹ ਨੂੰ ਫੋਨ ਲਾ ਹੋ ਗਿਆ ਸੁਫਨੇ ਵਿੱਚ, ਉਨ੍ਹਾਂ ਨੇ ਕਿਤੇ ਕਹਿ ‘ਤਾ ਕਿ ਜੇ ਤੈਨੂੰ ਸਰਕਾਰ ਈ ਮਾਫ਼ਕ ਨਹੀਂ ਤਾਂ ਭਾਰਤ ਛੱਡ ਤਾਂ ਮੈਂ ਕਿੱਧਰ ਜਾਊਂ ਭਾਈ ਉੱਪਰੋਂ ਵੀਜ਼ਾ ਤੇ ਜਹਾਜ਼ ਵੀ ਬੰਦ ਨੇ।

-ਦੀਪ ਗਿੱਲ ਪਾਂਘਲ਼ੀਆਂ।

### ਭਾਰਤੀ ਲੋਕਤੰਤਰ ਦਾ ਕਤਲ

2014 ਦੀਆਂ ਚੋਣਾਂ ਹੋਈਆਂ ਤੇ ਅਜਿਹਾ ਪ੍ਰਧਾਨ ਮੰਤਰੀ ਸੱਤਾ ਵਿਚ ਆਇਆ ਜਿਹੜਾ ਆਪਣੀ ਸਿਆਸੀ ਸ਼ੈਲੀ ਕਾਰਨ ਇੰਦਰਾ ਗਾਂਧੀ ਦਾ ਦੂਜਾ ਰੂਪ ਕਰਾਰ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਅਦਾਰਿਆਂ ਦੀ ਖ਼ੁਦਮੁਖ਼ਤਾਰੀ ਸੰਬੰਧੀ ਉਹ ਤਾਂ ਇੰਦਰਾ ਗਾਂਧੀ ਨਾਲੋਂ ਵੀ ਵੱਧ ਸ਼ੱਕੀ ਤੇ ਅਦਾਰਿਆਂ ਨੂੰ ਦਰੜਨ ਪੱਖੋਂ ਵਧੇਰੇ ਦ੍ਰਿੜ੍ਹ ਹਨ। ਪ੍ਰਧਾਨ ਮੰਤਰੀ ਵਜੋਂ ਆਪਣੇ ਪਹਿਲੇ ਕੁਝ ਸਾਲਾਂ ਦੌਰਾਨ ਇੰਦਰਾ ਗਾਂਧੀ ਨੇ ਵੀ ਇਹੋ ਰਾਹ ਅਪਣਾਇਆ ਜਿਸ ‘ਤੇ ਉਨ੍ਹਾਂ ਤੋਂ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਤੇ ਲਾਲ ਬਹਾਦਰ ਸ਼ਾਸਤਰੀ ਚੱਲਦੇ ਰਹੇ। ਜਿਵੇਂ ਨਿਯਮਤ ਤੌਰ ’ਤੇ ਸੰਸਦੀ ਬਹਿਸਾਂ ਵਿਚ ਹਿੱਸਾ ਲੈਣਾ; ਸਿਵਿਲ ਸਰਵਿਸ ਤੇ ਨਿਆਂਪਾਲਿਕਾ ਨੂੰ ਸਿਆਸੀ ਦਖ਼ਲਅੰਦਾਜ਼ੀ ਤੋਂ ਮੁਕਤ ਰੱਖਣਾ ਅਤੇ ਪ੍ਰੈਸ ਨੂੰ ਕਿਸੇ ਤਰ੍ਹਾਂ ਡਰਾਉਣ-ਧਮਕਾਉਣ ਦੀ ਕੋਸ਼ਿਸ਼ ਨਾ ਕਰਨਾ। ਪਰ ਜਦੋਂ ਉਨ੍ਹਾਂ 1969 ਵਿਚ ਕਾਂਗਰਸ ਨੂੰ ਦੁਫੇੜ ਕੀਤਾ ਤਾਂ ਅਜਿਹੀਆਂ ਗੱਲਾਂ ਬਾਰੇ ਉਨ੍ਹਾਂ ਦਾ ਰਵੱਈਆ ਬਦਲ ਗਿਆ। ਉਨ੍ਹਾਂ ‘ਸਮਰਪਿਤ’ ਨਿਆਂਪਾਲਿਕਾ ਤੇ ‘ਸਮਰਪਿਤ’ ਅਫ਼ਸਰਸ਼ਾਹੀ ਨੂੰ ਹੁਲਾਰਾ ਦੇਣਾ ਅਤੇ ਸੰਸਦ ਦੀ ਹੇਠੀ ਕਰਨੀ ਤੇ ਅਖ਼ਬਾਰਾਂ ਦੇ ਮਾਲਕਾਂ ਤੇ ਸੰਪਾਦਕਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਾਂਗਰਸ ਪਾਰਟੀ ਦੀ ਅੰਦਰੂਨੀ ਜਮਹੂਰੀਅਤ ਨੂੰ ਵੀ ਖ਼ਤਮ ਕਰ ਦਿੱਤਾ।

ਇਹ ਸਮਝਣ ਵਾਲੀ ਗੱਲ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ ਦੇ ਆਜ਼ਾਦ ਅਦਾਰਿਆਂ ਨੂੰ ਢਾਹ ਲਾਉਣ ਦੀ ਕਾਰਵਾਈ ਐਮਰਜੈਂਸੀ ਤੋਂ ਪਹਿਲਾਂ ਕਈ ਸਾਲਾਂ ਦੌਰਾਨ ਜਾਰੀ ਰਹੀ। ਜੂਨ 1975 ਤੋਂ ਮਾਰਚ 1977 ਦੌਰਾਨ ਸਾਡੀ ਜਮਹੂਰੀਅਤ ਦੀ ਅਧਿਕਾਰਤ ਤੌਰ ‘ਤੇ ਮੌਤ ਹੋ ਗਈ ਸੀ; ਜਿਸ ਤੋਂ ਬਾਅਦ ਦੇਸ਼ ਦੀ ਜਮਹੂਰੀਅਤ ਉਦੋਂ ਚਮਤਕਾਰੀ ਢੰਗ ਨਾਲ ਮੁੜ ਜ਼ਿੰਦਾ ਹੋਈ, ਜਦੋਂ ਇੰਦਰਾ ਗਾਂਧੀ ਨੇ ਅਚਾਨਕ ਚੋਣਾਂ ਕਰਾਉਣ ਦਾ ਫ਼ੈਸਲਾ ਲਿਆ। ਹਾਲਾਂਕਿ ਇਹ ਫ਼ੈਸਲਾ ਲਏ ਜਾਣ ਦਾ ਕਾਰਨ ਅੱਜ ਤੱਕ ਕੋਈ ਨਹੀਂ ਜਾਣਦਾ। ਇਨ੍ਹਾਂ ਚੋਣਾਂ ਵਿਚ ਸ੍ਰੀਮਤੀ ਗਾਂਧੀ ਤੇ ਉਨ੍ਹਾਂ ਦੀ ਪਾਰਟੀ ਦੀ ਹਾਰ ਹੋਈ। ਇੰਝ 1977 ਤੋਂ ਬਾਅਦ ਉਹ ਅਦਾਰੇ ਮੁੜ ਮਜ਼ਬੂਤ ਹੋਣ ਲੱਗੇ ਜਿਨ੍ਹਾਂ ਨੂੰ ਇੰਦਰਾ ਗਾਂਧੀ ਨੇ ਦਬਾ ਲਿਆ ਸੀ। ਇਹ ਗੱਲ ਖ਼ਾਸਕਰ ਪ੍ਰੈਸ ਦੇ ਮਾਮਲੇ ਵਿਚ ਕਹੀ ਜਾ ਸਕਦੀ ਹੈ। ਜਿਵੇਂ ਰੌਬਿਨ ਜੈਫ਼ਰੀ ਨੇ ਆਪਣੀ ਕਿਤਾਬ ‘ਇੰਡੀਆ’ਜ਼ ਨਿਊਜ਼ ਪੇਪਰ ਰੈਵੋਲਿਊਸ਼ਨ’ ਵਿਚ ਦਰਜ ਕੀਤਾ ਹੈ: ਇਸ ਦੌਰ ਦੌਰਾਨ ਅੰਗਰੇਜ਼ੀ ਅਤੇ ਖ਼ਾਸਕਰ ਭਾਰਤੀ ਭਾਸ਼ਾਵਾਂ ਵਿਚ ਛਪਣ ਵਾਲੇ ਅਖ਼ਬਾਰ ਤੇ ਰਸਾਲੇ ਪਹਿਲਾਂ ਨਾਲੋਂ ਕਿਤੇ ਦਲੇਰੀ ਨਾਲ ਆਪਣੀ ਗੱਲ ਲਿਖਣ ਲੱਗੇ ਅਤੇ ਉਹ ਸਾਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਦੇ ਕਾਲੇ ਕਾਰਨਾਮਿਆਂ ਦਾ ਬਹੁਤ ਹੀ ਖੋਜ ਆਧਾਰਤ ਰਿਪੋਰਟਾਂ ਰਾਹੀਂ ਪਰਦਾਫਾਸ਼ ਕਰ ਰਹੇ ਸਨ। ਇਸ ਦੌਰ ਵਿਚ ਨਿਆਂਪਾਲਿਕਾ ਖ਼ਾਸਕਰ ਸੁਪਰੀਮ ਕੋਰਟ ਦੀ ਖ਼ੁਦਮੁਖ਼ਤਾਰੀ ਦਾ ਬਹਾਲ ਹੋਣਾ ਵੀ ਅਹਿਮੀਅਤ ਵਾਲੀ ਗੱਲ ਸੀ। ਨਾਲ ਹੀ 1980ਵਿਆਂ ਤੇ 1990ਵਿਆਂ ਦੌਰਾਨ ਸੰਸਦ ਦੀਆਂ ਬਹਿਸਾਂ ਵੀ 1950ਵਿਆਂ ਵਰਗੀਆਂ ਹੀ ਜ਼ੋਰਦਾਰ ਹੁੰਦੀਆਂ ਸਨ। ਇਸ ਦੌਰਾਨ ਜਿਸ ਅਦਾਰੇ ਨੂੰ ਆਪਣੀ ਖ਼ੁੱਸੀ ਆਜ਼ਾਦੀ ਮੁੜ ਨਹੀਂ ਮਿਲੀ, ਉਹ ਸੀ ਅਫ਼ਸਰਸ਼ਾਹੀ ਕਿਉਂਕਿ ਅਫ਼ਸਰਾਂ ਦੀਆਂ ਨਿਯੁਕਤੀਆਂ ਤੇ ਤਬਾਦਲੇ ਆਮ ਕਰਕੇ ਪੇਸ਼ੇਵਰ ਸਮਰੱਥਾ ਨਾਲੋਂ ਹਾਕਮ ਸਿਆਸਤਦਾਨਾਂ ਨਾਲ ਨੇੜਤਾ ਦੇ ਆਧਾਰ ‘ਤੇ ਜ਼ਿਆਦਾ ਤੈਅ ਹੁੰਦੇ ਹਨ।

ਅਦਾਰਿਆਂ ਦੀ ਆਜ਼ਾਦੀ ਦੀ ਇਹ ਬਹਾਲੀ ਅੰਸ਼ਕ ਤੇ ਅਧੂਰੀ ਸੀ; ਪਰ ਇਸ ਨੇ (ਇਸ ਲੇਖਕ ਸਮੇਤ) ਅਨੇਕਾਂ ਨਿਰੀਖਕਾਂ ਨੂੰ ਆਸ ਜਗਾਈ ਕਿ ਭਾਰਤ ਦੀ ਜਮਹੂਰੀਅਤ ਇਸ ਗਣਰਾਜ ਦੇ ਬਾਨੀਆਂ ਦੀਆਂ ਆਸਾਂ-ਉਮੀਦਾਂ ਨੂੰ ਪੂਰਾ ਕਰਨ ਵੱਲ ਵਧ ਰਹੀ ਹੈ। ਇਸ ਦੌਰਾਨ 2014 ਦੀਆਂ ਚੋਣਾਂ ਹੋਈਆਂ ਤੇ ਅਜਿਹਾ ਪ੍ਰਧਾਨ ਮੰਤਰੀ ਸੱਤਾ ਵਿਚ ਆਇਆ ਜਿਹੜਾ ਆਪਣੀ ਸਿਆਸੀ ਸ਼ੈਲੀ ਕਾਰਨ ਇੰਦਰਾ ਗਾਂਧੀ ਦਾ ਦੂਜਾ ਰੂਪ ਕਰਾਰ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਤੋਂ ਹੀ ਜ਼ਾਹਰ ਹੈ ਕਿ ਅਦਾਰਿਆਂ ਦੀ ਖ਼ੁਦਮੁਖ਼ਤਾਰੀ ਸਬੰਧੀ ਉਹ ਤਾਂ ਇੰਦਰਾ ਗਾਂਧੀ ਨਾਲੋਂ ਵੀ ਵੱਧ ਸ਼ੱਕੀ ਤੇ ਅਦਾਰਿਆਂ ਨੂੰ ਦਰੜਨ ਪੱਖੋਂ ਵਧੇਰੇ ਦ੍ਰਿੜ੍ਹ ਹਨ।

ਕੇਂਦਰ ਵਿਚ ਮੋਦੀ-ਸ਼ਾਹ ਦੀ ਡੇਢ ਸਾਲ ਜਾਰੀ ਰਹੀ ਜੁਗਲਬੰਦੀ ਨੂੰ ਦੇਖ ਕੇ ਹੀ ਮੈਂ ਦਸੰਬਰ 2015 ਵਿਚ ਭਾਰਤ ਨੂੰ ‘ਮਹਿਜ਼ ਚੋਣਾਂ ਦੀ ਜਮਹੂਰੀਅਤ’ ਕਰਾਰ ਦਿੱਤਾ ਸੀ। ਅਫ਼ਸੋਸ, ਹੁਣ ਸਮਾਂ ਆ ਗਿਆ ਹੈ ਕਿ ਇਸ ਫ਼ੈਸਲੇ ਨੂੰ ਸੁਧਾਰੀਏ ਅਤੇ ਸਾਡੀ ਜਮਹੂਰੀਅਤ ਨੂੰ ਹੋਰ ਨਿੱਘਰ ਜਾਣ ਤੋਂ ਰੋਕੀਏ। ਅਸੀਂ ਇਕ ਆਜ਼ਾਦ ਮੁਲਕ ਵਜੋਂ ਆਪਣੇ ਇਤਿਹਾਸ ਦੇ ਉਸ ਦੌਰ ਵਿਚ ਪੁੱਜ ਗਏ ਹਾਂ ਜਿੱਥੇ ਚੋਣਾਂ ਦੀ ਅਹਿਮੀਅਤ ਵੀ ਅੱਗੇ ਤੋਂ ਅੱਗੇ ਘਟਦੀ ਜਾ ਰਹੀ ਹੈ। ਪਿਛਲੇ ਦਿਨੀਂ ਕੇਂਦਰ ਸਰਕਾਰ ਦੇ ਹੁਕਮਾਂ ਉੱਤੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੇ ਕਰੀਬੀਆਂ ਦੇ ਟਿਕਾਣਿਆਂ ਉੱਤੇ ਟੈਕਸ ਅਧਿਕਾਰੀਆਂ ਨੇ ਛਾਪੇ ਮਾਰੇ। ਇਨ੍ਹਾਂ ਛਾਪਿਆਂ ਦਾ ਸਮਾਂ ਐਨ ਭਾਜਪਾ ਵੱਲੋਂ ਸੂਬੇ ਦੀ ਕਾਂਗਰਸ ਸਰਕਾਰ ਨੂੰ ਡੇਗਣ ਲਈ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੂੰ ਲੁਭਾਉਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨਾਲ ਮੇਲ ਖਾਂਦਾ ਸੀ। ਇਹ ਕੋਸ਼ਿਸ਼ ਹਾਲ ਦੀ ਘੜੀ ਨਾਕਾਮ ਹੋ ਗਈ; ਪਰ ਇਸ ਆਲਮੀ ਮਹਾਂਮਾਰੀ ਦੌਰਾਨ ਅਜਿਹੀ ਕੋਸ਼ਿਸ਼ ਕਰਨਾ ਵੀ ਉਸ ਅਪਮਾਨ ਨੂੰ ਦਰਸਾਉਂਦਾ ਹੈ ਜੋ ਮੋਦੀ-ਸ਼ਾਹ ਨਿਜ਼ਾਮ ਸੰਵਿਧਾਨਕ ਜਮਹੂਰੀਅਤ ਦੀਆਂ ਕਦਰਾਂ-ਕੀਮਤਾਂ ਤੇ ਪ੍ਰਕਿਰਿਆਵਾਂ ਪ੍ਰਤੀ ਰੱਖਦਾ ਹੈ।

ਜੋ ਕੁਝ ਰਾਜਸਥਾਨ ਵਿਚ ਵਾਪਰ ਰਿਹਾ ਹੈ, ਉਹ ਮੱਧ ਪ੍ਰਦੇਸ਼ ਵਿਚ ਬੀਤੇ ਮਾਰਚ ਦੌਰਾਨ ਅਤੇ ਕਰਨਾਟਕ ਵਿਚ ਪਿਛਲੇ ਸਾਲ ਹੋਏ ਵਰਤਾਰੇ ਦਾ ਹੀ ਦੁਹਰਾਅ ਹੈ।

ਇਹ ਲੈਣ-ਦੇਣ ਇਕ ਹੋਰ ਬੁਨਿਆਦੀ ਸਵਾਲ ਖੜ੍ਹਾ ਕਰਦਾ ਹੈ - ਜੇ ਵਿਧਾਇਕਾਂ ਨੂੰ ਇੰਝ ਕਿਸੇ ਵੀ ਸਮੇਂ ਖ਼ਰੀਦਿਆ-ਵੇਚਿਆ ਜਾ ਸਕਦਾ ਹੈ, ਫਿਰ ਪਹਿਲੀ ਗੱਲ ਤਾਂ ਚੋਣਾਂ ਕਰਾਉਣ ਦੀ ਹੀ ਕੀ ਤੁਕ ਹੈ ? ਕੀ ਇਸ ਨਾਲ ਉਨ੍ਹਾਂ ਲੱਖਾਂ ਵੋਟਰਾਂ ਦੀ ਜਮਹੂਰੀ ਪਸੰਦ ਨੂੰ ਰੱਦ ਨਹੀਂ ਕੀਤਾ ਗਿਆ ਜਿਨ੍ਹਾਂ ਨੇ ਇਨ੍ਹਾਂ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਵੋਟ ਪਾਈ ਸੀ ? ਜੇ ਭਾਜਪਾ ਦੀ ਪੈਸੇ

ਬਾਕੀ ਸਫਾ 32 ’ਤੇ

# ਅਮਰੀਕਾ ਵਿਚ ਕੋਰੋਨਾ ਦੇ ਮਾਮਲੇ ਵਧਣ ਬਾਰੇ ਡਾ ਫੌਕੀ ਦੀ ਸੋਚ ਗਲਤ-ਟਰੰਪ

## ਟਰੰਪ ਦੀ ਵਾਇਰਸ ਬਾਰੇ ਗਲਤ ਜਾਣਕਾਰੀ ਫੈਲਾਉਣ ’ਚ ਮੱਦਦ ਕਰਦੀ ਹੈ ਡਾ. ਬ੍ਰਿਕਸ -ਸਪੀਕਰ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਇਕ ਵਾਰ ਫਿਰ ਅਮਰੀਕਾ ਵਿਚ ਕੋਰੋਨਾ ਮਾਮਲੇ ਵਧਣ ਦੇ ਮਾਮਲੇ ਵਿਚ ਚੋਟੀ ਦੇ ਸਿਹਤ ਮਾਹਿਰ ਡਾ. ਐਨਥਨੀ ਫੌਕੀ ਨਾਲ ਉਲਝ ਪਏ ਹਨ। ਉਨ੍ਹਾਂ ਨੇ ਟਵਿਟਰ ਉਪਰ ਕਿਹਾ ਹੈ ਕਿ ਮਾਮਲੇ ਵਧਣ ਬਾਰੇ ਜੋ ਡਾ ਫੌਕੀ ਦੀ ਧਾਰਨਾ ਹੈ ਉਹ ਗਲਤ ਹੈ। ਕੋਰੋਨਾਵਾਇਰਸ ਬਾਰੇ ਵਾਈਟ ਹਾਊਸ ਦੇ ਕੋਆਰਡੀਨੇਟਰ ਡਾ. ਫੌਕੀ ਨੇ ਹਾਲ ਹੀ ‘ਚ ਸਦਨ ਦੇ ਇਕ ਪੈਨਲ ਅੱਗੇ ਕਿਹਾ ਸੀ ਕਿ ਯੂਰਪ ਵਿਚ ਕੋਰੋਨਾ ਮਾਮਲੇ ਘਟਣ ਦਾ ਕਾਰਨ ਇਹ ਹੈ ਕਿ ਉਨਾਂ ਨੇ 95% ਆਪਣੀ ਅਰਥਵਿਵਸਥਾ ਠੱਪ ਕਰ ਦਿੱਤੀ ਸੀ ਜਦ ਕਿ ਅਮਰੀਕਾ ਮਸਾਂ 50% ਤੱਕ ਹੀ ਆਪਣੀਆਂ ਆਰਥਕ ਗਤੀਵਿਧੀਆਂ ਰੋਕ ਸਕਿਆ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ‘ਸਿਹਤ ਮਾਹਿਰ ਗਲਤ ਬਿਆਨਬਾਜੀ ਕਰ ਰਹੇ ਹਨ ਅਸਲ ਵਿਚ ਅਸੀਂ ਵਿਸ਼ਵ ਭਰ ਵਿਚ ਸਭ ਤੋਂ ਵਧ ਟੈਸਟ ਕੀਤੇ ਹਨ। ਸਾਡੇ ਟੈਸਟਾਂ ਦੀ ਗਿਣਤੀ 60,00,0,000 ਤੋਂ ਟੱਪ ਗਈ ਹੈ। ਜੇਕਰ ਘੱਟ ਟੈਸਟ ਕੀਤੇ ਹੁੰਦੇ ਤਾਂ ਮਾਮਲਿਆਂ ਦੀ ਗਿਣਤੀ ਵੀ ਘਟ ਹੋਣੀ ਸੀ।’

### ਡਾ ਡੇਬੋਰਾਹ ਬ੍ਰਿਕਸ ਟਰੰਪ ਲਈ ਕੰਮ ਕਰਦੀ ਹੈ-ਸਪੀਕਰ

ਅਮਰੀਕੀ ਪ੍ਰਤੀਨਿੱਧ ਸਦਨ ਦੀ ਸਪੀਕਰ ਨੈਨਸੀ ਪੈਲੋਸੀ ਨੇ ਵਾਈਟ ਹਾਊਸ ਕੋਰੋਨਾਵਾਇਰਸ ਟਾਸਕ ਫੋਰਸ ਕੋਆਰਡੀਨੇਟਰ ਡਾ ਡੇਬੋਰਾਹ ਬ੍ਰਿਕਸ ਵਿਰੁੱਧ ਤਿੱਖੇ ਦੋਸ਼ ਲਾਉਂਦਿਆਂ ਕਿਹਾ ਹੈ ਕਿ ਉਹ ਰਾਸ਼ਟਰਪਤੀ ਟਰੰਪ ਦੀ ਕੋਵਿਡ-19 ਬਾਰੇ ਗਲਤ ਜਾਣਕਾਰੀ ਫੈਲਾਉਣ ਵਿਚ ਮੱਦਦ ਕਰ ਰਹੀ ਹੈ। ਪੈਲੋਸੀ ਨੇ ਏ ਬੀ ਸੀ ਨਿਊਜ਼ ਨਾਲ ਇਕ ਮੁਲਾਕਾਤ ਦੌਰਾਨ ਕਿਹਾ ਕਿ ‘ਮੇਰਾ ਵਿਚਾਰ ਹੈ ਕਿ ਰਾਸ਼ਟਰਪਤੀ ਵਾਇਰਸ ਬਾਰੇ ਗਲਤ ਜਾਣਕਾਰੀ ਫੈਲਾਅ ਰਹੇ ਹਨ ਤੇ ਡਾ ਬ੍ਰਿਕਸ ਉਸ ਦੀ ਨਿਯੁਕਤ ਕੀਤੀ ਹੋਈ ਹੈ ਇਸ ਲਈ ਮੇਰਾ ਉਸ ਵਿਚ ਭਰੋਸਾ ਨਹੀਂ ਹੈ।’ ਹਾਲ ਹੀ ਵਿਚ ਡਾ ਬ੍ਰਿਕਸ ਨੇ ਕਿਹਾ ਸੀ ਕਿ ਨਵੰਬਰ ਤੱਕ ਅਮਰੀਕਾ ਵਿਚ 80 ਹਜਾਰ ਹੋਰ ਲੋਕ ਕੋਰੋਨਾ ਵਾਇਰਸ ਦਾ ਸ਼ਿਕਾਰ ਬਣ ਸਕਦੇ ਹਨ।

ਇਥੇ ਵਰਣਨਯੋਗ ਹੈ ਕਿ ਡਾ. ਬ੍ਰਿਕਸ ਤੇ ਡਾ ਫੌਕੀ ਦੋਨੋ ਹੀ ਫਰਵਰੀ ਤੋਂ ਵਾਇਟ ਹਾਊਸ ਟਾਸਕ ਫੋਰਸ ਵਿਚ ਕੰਮ ਕਰ ਰਹੇ ਹਨ। ਡਾ ਬ੍ਰਿਕਸ ਅਜਿਹੇ ਬਿਆਨ ਦੇਣ ਤੋਂ ਬਚਦੀ ਰਹੀ ਹੈ ਜੋ ਟਰੰਪ ਪ੍ਰਸ਼ਾਸਨ ਨੂੰ ਪਸੰਦ ਨਹੀਂ ਹੈ ਪਰ ਡਾ ਫੌਕੀ ਨਿਰੰਤਰ ਟਰੰਪ ਪ੍ਰਸ਼ਾਸਨ ਦੀ ਕੋਰੋਨਾ ਵਾਇਰਸ ਬਾਰੇ ਪਹੁੰਚ ਨੂੰ ਲੈ ਕੇ ਅਲੋਚਨਾ ਕਰਦੇ ਹਨ।



# ਬੰਦੂਕਾਂ ਵਾਲੇ ਕਲਾਕਾਰ ...

**-ਮਨਜਿੰਦਰ ਸਿੰਘ ਸਰੌਦ ਕੁੱਪ ਕਲਾਂ, 94634 -63136**

ਪਿਛਲੇ ਲੰਬੇ ਸਮੇਂ ਤੋਂ ਪੰਜਾਬੀ ਗਾਇਕੀ ਅੰਦਰ ਝੁੱਲ ਰਹੀ ਅਸ਼ਲੀਲਤਾ , ਹਥਿਆਰ ਅਤੇ ਬਦਮਾਸੀ ਦੀ ਹਨੇਰੀ ਨੇ ਸਾਰੇ ਹੱਦ ਬੰਨਿਆਂ ਨੂੰ ਪਾਰ ਕਰਦਿਆਂ ਨਵੀਆਂ ਨਿਵਾਣਾਂ ਨੂੰ ਛੂਹ ਲਿਐ। ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਸੱਭਿਆਚਾਰ ਦੀਆਂ ਕੋਮਲ ਸਿਨਫਾਂ ਦੇ ਤੌਰ 'ਤੇ ਜਾਣੀ ਜਾਂਦੀ ਪੰਜਾਬੀ ਗਾਇਕੀ ਦੀ ਸੇਵਾ ਕਰਨ ਦੇ ਨਾਂਅ 'ਤੇ ਮੇਵਾ ਛਕਣ ਵਾਲੇ ਕਲਾਕਾਰਾਂ 'ਤੇ ਪਰਚੇ ਦਰਜ ਹੋਣਗੇ ਅਤੇ ਉਨ੍ਹਾਂ ਦੀਆਂ ਮਾਰੀਆਂ ਯਵਲੀਆਂ ਸਮਾਜ ਵਿੱਚ ਬਖੇੜਾ ਖੜ੍ਹਾ ਕਰਨਗੀਆਂ। ਕਈ ਫੁਕਰਾਪੰਥੀ ਕਲਾਕਾਰਾਂ ਦੀ ਬਦੌਲਤ ਸਮੇਂ ਨੇ ਐਸਾ ਮੋੜਾ ਕੱਟਿਆ ਕਿ ਸਾਡੀ ਨੌਜਵਾਨੀ ਸਭ ਕੁਝ ਭੁੱਲ ਕੇ ਇਨ੍ਹਾਂ ਦੇ ਮਗਰ ਹੋ ਤੁਰੀ ਕਿਸੇ ਨੇ ਇਹ ਵੇਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਇਹ ਰਸਤਾ ਕਿੱਧਰ ਨੂੰ ਜਾਦੈ।

ਪੰਜਾਬੀ ਸੱਭਿਆਚਾਰ ਦੀ ਸੇਵਾ ਕਰਨ ਦੇ ਨਾਂ ਤੇ ਸਾਡੇ ਕਲਾਕਾਰਾਂ ਨੇ ਉਹ ਕੁੱਝ ਕਰ ਵਿਖਾਇਆ, ਜਿਸ ਨੂੰ ਸੋਚ ਅਤੇ ਵੇਖ ਚੰਗੇ ਇਨਸਾਨ ਦੀ ਰੂਹ ਤੱਕ ਕੰਬ ਜਾਵੇ ,ਕਹਿਣ ਸੁਣਨ ਨੂੰ ਭਾਵੇਂ ਇਹ ਕਲਾਕਾਰ ਜਾਪਦੇ ਨੇ ਪਰ ਇਨ੍ਹਾਂ ਦੀਆਂ ਹਰਕਤਾਂ ਅਤੇ ਪਹਿਰਾਵੇ ਤੋਂ ਇਹ ਚੰਬਲ ਦੇ ਡਾਕੂਆਂ ਤੋਂ ਵੀ ਭੈੜੇ ਵਿਖਾਈ ਦਿੰਦੇ ਹਨ । ਵਰ੍ਹਿਆਂ ਤੋਂ ਸ਼ੁਰੂ ਹੋਈ ਇਹ ਅਨੋਖੀ ਕਹਾਣੀ ਅੱਜ ਵੀ ਰੁੱਕਣ ਦਾ ਨਾਮ ਨਹੀਂ ਲੈ ਰਹੀ ਪਹਿਲਾਂ ਤੋਂ ਹੀ ਵਾਹਣੀ ਪਈ ਨੌਜਵਾਨੀ ਤੋਂ ਹੋਰ ਲਾਹਾ ਖੱਟਣ ਦੀ ਤਾਕ ਵਿੱਚ ਫੁਕਰਾਪੰਥੀ ਕਲਾਕਾਰਾਂ ਨੇ ਸਾਰੀਆਂ ਹੱਦਾਂ ਪਾਰ ਕਰਦਿਆਂ ਆਪਸ ਵਿੱਚ ਲੜਾਈ ਦੇ ਡਰਾਮੇ ਕਰ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ।

ਇੱਕ ਕਲਾਕਾਰ ਸ਼ਰੇਆਮ ਦੂਜੇ ਨੂੰ ਚੰਗਾ ਮੰਦਾ ਆਖ ਮਾਵਾਂ ਭੈਣਾਂ ਦੀਆਂ ਗਾਲਾਂ ਕੱਢਣ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ,ਸਮਾਂ ਬੰਨ੍ਹ ਕੇ ਲੜਾਈ ਲੜਨ ਦੇ ਨਾਂ ਤੇ ਇੱਕ ਦੂਜੇ ਦੀਆਂ ਕੁੜੀਆਂ ਚਿੜੀਆਂ ਨੂੰ ਪੁਣਦੇ ਇਹ ਲੋਕ ਇਹ ਗੱਲ ਸਮਝਣ ਤੋਂ ਇਨਕਾਰੀ ਹਨ ਕਿ ਇਨ੍ਹਾਂ ਗੱਲਾਂ ਦਾ ਨੌਜਵਾਨੀ 'ਤੇ ਕੀ ਅਸਰ ਪਵੇਗਾ । ਲੰਘੇ ਦਿਨੀਂ ਕਈ ਫੁਕਰਾਪੰਥੀ ਕਲਾਕਾਰਾਂ ਵੱਲੋਂ ਸਰੇਆਮ ਵੀਡੀਓ ਬਣਾ ਕੇ ਇੱਕ ਦੂਜੇ ਨੂੰ ਵੇਖ ਲੈਣ ਦੀਆਂ ਧਮਕੀਆਂ ਦਿੱਤੀਆਂ ਅਤੇ ਫਿਰ ਕਬੱਡੀ ਕੱਪਾਂ ਉੱਤੇ ਦਰਸ਼ਕਾਂ ਦੀ ਵੱਡੀ ਗਿਣਤੀ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਦੇ ਲਈ ਰੱਜ ਕੇ ਊਲ-ਜਲੂਲ ਬੋਲਣ ਤੋਂ ਬਾਅਦ ਚੰਗੀਆਂ ਸੁਰਖੀਆਂ ਬਟੋਰੀਆਂ ਗਈਆਂ।



ਇੱਕ ਗੱਲ ਸਮਝ ਤੋਂ ਬਾਹਰ ਦੀ ਹੈ ਕਿ ਇਹ ਕਲਾਕਾਰ ਵਰਗ ਆਖਰ ਚਾਹੁੰਦਾ ਕੀ ਹੈ ਪੈਸੇ ਦੀ ਘਾਟ ਤਾਂ ਇਨ੍ਹਾਂ ਨੇ ਕਈ ਸਾਲਾਂ ਤੋਂ ਪੂਰੀ ਕਰ ਲਈ ਹੈ ,ਰੱਜ ਕੇ ਪੈਸਾ ਕਮਾਉਣ ਤੋਂ ਬਾਅਦ ਵੀ ਇਹ ਲੋਕ ਬਾਂਦਰ ਟਪੂਸੀਆਂ ਮਾਰਨੋ ਬਾਜ ਕਿਉਂ ਨਹੀਂ ਆਉਂਦੇ, ਸ਼ਾਇਦ ਪੜ੍ਹਾਈ ਅਤੇ ਸੰਸਕਾਰਾਂ ਦੀ ਘਾਟ ਇਨ੍ਹਾਂ ਲੋਕਾਂ ਨੂੰ ਇੱਕ ਚੰਗਾ 'ਤੇ ਸਿਆਣਾ ਇਨਸਾਨ ਨਹੀਂ ਬਣਨ ਦੇ ਰਹੀ। ਸੋਚ ਕੇ ਵੇਖੀਏ ਤਾਂ ਕਲੇਜਾ ਮੂੰਹ ਨੂੰ ਆਉਂਦਾ ਹੈ ਕਿ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਲੋਕਾਂ ਦੇ ਉੱਤੇ ਆਪਣੀ ਹੀ ਮਾਂ ਬੋਲੀ ਦਾ ਨਿਰਾਦਰ ਕਰਨ ਦੇ ਦੋਸ਼ੀ ਹੋਣ ਦਾ ਮਾਮਲਾ ਦਰਜ ਹੋਵੇਗਾ , ਕਦੇ ਕਿਸੇ ਨੇ ਸੋਚਿਆ ਸੀ ਕਿ ਕਲਾਕਾਰਾਂ ਨੂੰ ਗੀਤਾਂ ਦੀ ਗਲਤ ਸ਼ਬਦਾਵਲੀ ਬਦਲੇ ਅਦਾਲਤਾਂ ਵੱਲੋਂ ਸੰਮਣ ਆਉਣਗੇ ,ਅਤੇ ਉਨ੍ਹਾਂ ਨੂੰ ਥਾਣੇ ਕਚਹਿਰੀਆਂ ਵਿੱਚ ਇਸ ਲਈ ਜਾਣਾ ਪਵੇਗਾ ਕਿ ਉਹ ਮਾਂ ਬੋਲੀ ਦੀ ਦੁਰਗਤ ਕਰ ਰਹੇ ਹਨ।

ਸਮਾਂ ਆਪਣਾ ਹਿਸਾਬ ਜ਼ਰੂਰ ਮੰਗਦਾ ਹੈ ਇਕ ਪਾਸੇ ਜਿਹੋ- ਜਿਹਾ ਇਨ੍ਹਾਂ ਕਲਾਕਾਰਾਂ ਵੱਲੋਂ ਬੀਜਿਆ ਗਿਆ ਉਹੋ-ਜਿਹੀ ਫਸਲ ਇਨ੍ਹਾਂ ਨੂੰ ਵੱਢਣੀ ਪੈ ਰਹੀ ਹੈ , ਕਦੇ ਸਰੋਤਿਆਂ ਵੱਲੋਂ ਸ਼ਰੇਆਮ ਸਟੇਜਾਂ 'ਤੇ ਚੜ੍ਹ ਕੇ ਇਨ੍ਹਾਂ ਕਲਾਕਾਰਾਂ ਦੀ ਬੇਇਜ਼ਤੀ ਕੀਤੀ ਜਾਂਦੀ ਹੈ ਅਤੇ ਕਦੇ ਕਿਸੇ ਮਹਿਲਾ ਕਲਾਕਾਰ ਦਾ ਹੱਥ ਫੜ ਕੇ ਉਸ ਨੂੰ ਧੂਹ ਲਿਆ ਜਾਂਦਾ ਹੈ। ਕਿਉਂ ਹੋ ਰਿਹਾ ਇਹ ਸਭ ਕੁਝ, ਕਿਸ ਦੀ ਜ਼ਿੰਮੇਵਾਰੀ ਬਣਦੀ ਹੈ, ਇਹ ਸਭ ਕੁਝ ਨੌਜਵਾਨਾਂ ਨੂੰ ਕਿੱਥੋਂ ਮਿਲਿਆ, ਸਾਡਾ ਵਿਰਸਾ ਅਤੇ ਇਤਿਹਾਸ ਅਜਿਹਾ ਨਹੀਂ ਸੀ ਅਸੀਂ ਜਾਣ ਬੁਝਕੇ ਚੰਦ ਛਿੱਲੜਾਂ ਦੀ ਖਾਤਰ ਨੌਜਵਾਨੀ ਨੂੰ ਗਲਤ ਰਸਤੇ 'ਤੇ ਤੋਰਿਆ ਉਸ ਦਾ ਨਤੀਜਾ ਤਾਂ ਸਾਨੂੰ ਮਿਲਣਾ ਹੀ ਸੀ। ਪਿੰਡਾਂ ਵਿੱਚੋਂ ਕੁੜੀਆਂ ਚੁੱਕਣ ਤੋਂ ਲੈ ਕੇ ਬਦਮਾਸੀ ਦੇ ਚਿੱਠਿਆਂ , ਆਸਕੀ , ਨਸ਼ਾ , ਅਜਿਹਾ ਕੁਝ ਨਹੀਂ ਬਚਿਆ ਜੋ ਇਨ੍ਹਾਂ ਕਲਾਕਾਰਾਂ ਵੱਲੋਂ ਨੌਜਵਾਨੀ ਅੱਗੇ ਪਰੋਸਿਆ ਨਾ ਗਿਆ ਹੋਵੇ ਜਿਸ ਦਾ ਅਸਰ ਸੁਭਾਵਿਕ ਹੈ।

ਬੁੱਧੀਜੀਵੀ ਵਰਗ ਅਤੇ ਮਾਂ ਬੋਲੀ ਦੇ ਸਰਵਣ ਪੁੱਤਰ ਇਸ ਗੱਲ ਦੀ ਚਿੰਤਾ ਜ਼ਰੂਰ ਕਰਦੇ ਨੇ ਕਿ ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਅੱਜ ਫੁਕਰਾਪੰਥੀ ਕਲਾਕਾਰਾਂ ਦੇ ਦੁਆਲੇ ਇਕੱਠਾ ਹੋ ਰਿਹੈ ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ । ਸਾਡੇ ਕਲਾਕਾਰ ਵਰਗ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਨੌਜਵਾਨੀ ਦੇ ਸਿਰ ਤੋਂ ਆਪਣੇ ਐਸ਼ੋ ਆਰਾਮ ਦੇ ਸਾਧਨ ਖਾਤਰ ਪੈਸੇ ਕਮਾ ਕੇ ਇਸ ਸਾਰੇ ਮਾਮਲੇ ਤੋਂ ਬਰੀ ਨਹੀਂ ਹੋ ਸਕਦੇ ਇਸ ਦਾ ਜਵਾਬ ਤਾਂ ਉਨ੍ਹਾਂ ਨੂੰ ਵੀ ਦੇਣਾ ਹੀ ਪਵੇਗਾ ਪਰ ਉਦੋਂ ਤੱਕ ਸਾਡਾ ਸਮਾਜ , ਨੌਜਵਾਨੀ ਅਤੇ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਤਹਿਸ ਹੋ ਚੁੱਕੀਆਂ ਹੋਣਗੀਆਂ, ਸਾਡਾ ਵਿਰਸਾ ਅਤੇ ਸੱਭਿਆਚਾਰ ਤਬਾਹ ਹੋ ਚੁੱਕਿਆ ਹੋਵੇਗਾ। ਬਿਨਾਂ ਸ਼ੱਕ ਇਸ ਸਮੇਂ ਪੰਜਾਬੀ ਗਇਕੀ ਚੌਰਾਹੇ ਤੇ ਖੜ੍ਹੀ ਨਜ਼ਰ ਆਉਂਦੀ ਹੈ ਕਿੱਧਰ ਜਾਵੇ ਕੁਝ ਵੀ ਸਮਝ ਨਹੀਂ ਪੈਂਦਾ, ਕਿਉਂਕਿ ਇਸ ਦੇ ਆਪਣੇ ਹੀ ਇਸ ਦੇ ਰਕੀਬ ਬਣ ਚੁੱਕੇ ਨਜ਼ਰ ਆਉਂਦੇ ਹਨ।

# ਪੰਜਾਬੀ ਗਾਇਕੀ ਤੇ ਫ਼ਿਲਮ ਜਗਤ ਕੋਰੋਨਾ ਦੇ ਚੱਕਰਵਿਊ 'ਚ

## ਗੀਤ-ਸੰਗੀਤ

**-ਐਸ ਅਸ਼ੋਕ ਭੌਰਾ**

ਕੋਰੋਨਾ ਵਾਇਰਸ ਦੀ ਮਹਾਂਮਾਰੀ ਕਾਰਨ ਪੰਜਾਬੀ ਸੰਗੀਤ, ਫ਼ਿਲਮ ਜਗਤ ਉਦਾਸ ਹੈ। ਮੇਲੇ ਬੰਦ ਹਨ, ਅਖਾੜੇ ਲੱਗ ਨਹੀਂ ਰਹੇ, ਮੈਰਿਜ ਪੈਲੇਸ ਭਾਂਅ-ਭਾਂਅ ਕਰ ਰਹੇ ਹਨ, ਕਿਤੇ ਨੱਚਣ ਦਾ ਚਾਅ ਨਹੀ, ਨਾ ਕੱਪੜੇ ਪਾਉਣ ਦਾ ਸ਼ੌਕ ਹੈ। ਪੰਜਾਬੀ ਗਾਇਕੀ ਤਵਿਆਂ ਵਾਲੇ ਯੁੱਗ ਵਿਚੋਂ ਨਿਕਲ ਕੇ ਕੈਸਟਾਂ ਵੱਲ ਆਈ, ਫਿਰ ਡਿਜੀਟਲ ਯੁੱਗ ਵਿਚ ਤੇ ਇਸ ਵੇਲੇ ਜੇ ਗਾਇਕਾਂ ਨੂੰ, ਸੰਗੀਤ ਕੰਪਨੀਆਂ ਜੋ ਟਕਾ ਧੇਲਾ ਕਮਾਈ ਹੋ ਰਹੀ ਸੀ ਉਸ ਦਾ ਜ਼ਰੀਆ ਸੀ ਯੂ-ਟਿਊਬ। ਯੂ-ਟਿਊਬ ਦਾ ਮੁੱਖ ਦਫ਼ਤਰ ਸਿਲੀਕਾਨ ਵੈਲੀ ਅਮਰੀਕਾ ਵਿਚ ਹੈ ਤੇ ਅਮਰੀਕਾ ਇਸ ਵੇਲੇ ਆਪ ਇਸ ਮਹਾਂਮਾਰੀ ਦੀ ਪਕੜ ਵਿਚ ਹੈ, ਵਪਾਰ ਕਾਰੋਬਾਰ ਸਭ ਕੁਝ ਠੱਪ ਹੈ, ਜੀ.ਡੀ.ਪੀ. ਹੇਠਾਂ ਜਾ ਰਹੀ ਹੈ, ਤਾਂ ਕੁਦਰਤੀ ਹੀ ਹੈ ਕਿ ਯੂ-ਟਿਊਬ ਦੇ ਕੰਮ-ਕਾਜ 'ਤੇ ਵੀ ਅਸਰ ਪੈਣਾ ਸੀ। ਯੂ-ਟਿਊਬ ਦਾ ਆਪਣਾ ਹੀ ਮਾਲੀਆ ਘਟ ਗਿਆ ਹੋਵੇ ਤਾਂ ਸਿੱਟਾ ਇਹੀ ਨਿਕਲਦੈ ਕਿ ਪੰਜਾਬ ਦੀਆਂ ਸੰਗੀਤ ਕੰਪਨੀਆਂ ਤੇ ਗਾਇਕਾਂ ਨੂੰ ਮਿਲਣ ਵਾਲੇ ਪੈਸੇ ਵੀ ਓਨੇ ਨਹੀਂ ਰਹਿ ਸਕਣਗੇ।

ਮੰਨ ਲੈਂਦੇ ਹਾਂ ਕਿ ਪੰਜਾਬ ਵਿਚ 'ਏ' ਵਰਗ ਦੇ ਥੋੜ੍ਹੇ ਹੀ ਗਵੱਈਏ ਹਨ ਵੀਹ-ਪੰਜਾਹ ਹੋ ਸਕਦੈ, 'ਬੀ' ਵਰਗ ਵਿਚ ਉਸ ਤੋਂ ਵੱਧ ਗਿਣਤੀ ਸੈਂਕੜਿਆਂ ਹੋਵੇਗੀ ਤੇ 'ਸੀ' ਵਰਗ ਉਹ ਹੈ ਜਿਹੜਾ ਮੇਲਿਆਂ ਤੇ ਜਗਰਾਤਿਆਂ 'ਤੇ, ਡੇਰਿਆਂ 'ਤੇ, ਜਠੇਰਿਆਂ 'ਤੇ, ਪਿੰਡਾਂ ਵਿਚ ਹੋਣ ਵਾਲੇ ਛੋਟੇ ਸਮਾਗਮਾਂ 'ਤੇ, ਖੁਸ਼ੀ, ਗ਼ਮੀ ਦੇ ਮੌਕਿਆਂ 'ਤੇ ਪੰਜ ਸੱਤ ਹਜ਼ਾਰ ਤੋਂ ਸ਼ੁਰੂ ਕਰਕੇ ਉੱਪਰ ਤੱਕ ਵੀ ਪ੍ਰੋਗਰਾਮ ਲਾ ਕੇ ਰੋਟੀ ਖਾ ਰਿਹਾ ਸੀ। ਇਸ ਵਰਗ ਵਿਚ ਬਹੁਤ ਵੱਡੀ ਗਿਣਤੀ ਹੈ। ਇਸ ਦੌਰ ਦਾ ਸਭ ਤੋਂ ਵੱਡਾ ਅਸਰ ਇਨ੍ਹਾਂ ਗਾਇਕਾਂ ਨਾਲ ਕੰਮ ਕਰਨ ਵਾਲੇ ਸਾਜ਼ਿੰਦਿਆਂ 'ਤੇ ਪਿਆ ਹੈ। ਪ੍ਰਤੀ ਪ੍ਰੋਗਰਾਮ ਪੰਜ ਸੱਤ ਸੌ, ਹਜ਼ਾਰ ਤੋਂ ਲੈ ਕੇ ਪੰਜ ਹਜ਼ਾਰ ਤੱਕ ਹਾਸਲ ਕਰਨ ਵਾਲੇ ਸਾਜ਼ਿੰਦੇ ਏਨੇ ਕੁ ਪੈਸਿਆਂ ਨਾਲ ਆਪਣਾ ਟੱਬਰ ਪਾਲ ਰਹੇ ਸਨ। ਪਰ ਇਨ੍ਹਾਂ ਵਿਚੋਂ ਬਹੁਤੇ ਇਸ ਵੇਲੇ ਦਿਹਾੜੀਦਾਰ ਕਾਮੇ ਬਣਦੇ ਜਾ ਰਹੇ ਹਨ। ਇਨ੍ਹਾਂ ਸਾਜ਼ਿੰਦਿਆਂ ਦੀ ਗਿਣਤੀ ਪੰਜਾਬ ਵਿਚ ਅੰਦਾਜ਼ਨ ਢਾਈ ਲੱਖ ਦੇ ਕਰੀਬ ਹੋਵੇਗੀ। ਕੁਝ ਗਾਇਕਾਂ ਨੇ, ਸੰਸਥਾਵਾਂ ਨੇ, ਦੇਸ਼ ਤੋਂ, ਵਿਦੇਸ਼ ਤੋਂ ਇਨ੍ਹਾਂ ਦੀ ਨਿੱਕੀ ਮੋਟੀ ਮਦਦ ਦਾ ਪ੍ਰਬੰਧ ਤਾਂ ਕੀਤਾ ਪਰ ਸਰਕਾਰੀ ਤੌਰ 'ਤੇ ਜਾਂ ਸਥਾਈ ਤੌਰ 'ਤੇ ਕੁਝ ਵੀ ਨਹੀਂ ਹੋ ਰਿਹਾ। ਏਨੀ ਕੁ ਗਿਣਤੀ ਹੀ ਗੀਤਕਾਰਾਂ ਦੀ ਹੋਵੇਗੀ।

ਪਿਛਲੇ ਕਰੀਬ ਢਾਈ ਦਹਾਕਿਆਂ ਤੋਂ ਪੰਜਾਬ ਵਿਚ ਪੂਰੀ ਤਰ੍ਹਾਂ ਪ੍ਰਫੁੱਲਿਤ ਹੋਇਆ ਡੀ.ਜੇ. ਕਲਚਰ ਵੀ ਇਸ ਵੇਲੇ ਬੁਰੀ ਤਰ੍ਹਾਂ ਲੜਖੜਾ ਗਿਆ ਹੈ। ਸਹਿਜੇ ਜੇ ਗੱਲ ਕਰੀਏ ਤਾਂ ਪੰਜਾਬ ਵਿਚ ਵੱਡੇ ਡੀ.ਜੇ. ਗਰੁੱਪਾਂ ਤੋਂ ਲੈ ਕੇ ਪਿੰਡਾਂ ਤੱਕ ਦੇ ਛੋਟੇ ਗਰੁੱਪਾਂ ਤੱਕ ਗਿਣਤੀ ਪੰਜਾਹ ਹਜ਼ਾਰ ਤੋਂ ਉੱਪਰ ਹੋਵੇਗੀ। ਇਹ ਸਭ ਰੁਜ਼ਗਾਰ ਤੇ ਗੁਜ਼ਾਰੇ ਪੱਖੋਂ ਵਿਹੂਣੇ ਹੋ ਗਏ ਹਨ। ਕਮਲ ਧੂਰੀ, ਬਿੱਟੂ ਖੰਨਾ, ਸੰਧੂ ਸਾਊਂਡ, ਦਾਰਾ ਸਾਊਂਡ ਤੇ ਅਜਿਹੇ ਸਾਊਂਡ ਸਰਵਿਸ ਦੇਣ ਵਾਲੇ ਗਰੁੱਪ ਜੋ ਵੱਡੇ

ਵੱਡੇ ਰਾਜਨੀਤਕ ਸਮਾਗਮਾਂ ਤੋਂ ਲੈ ਕੇ ਮੇਲਿਆਂ ਤੱਕ ਸਾਊਂਡ ਸੇਵਾਵਾਂ ਨਿਭਾਉਂਦੇ ਰਹੇ ਹਨ, ਇਨ੍ਹਾਂ ਦੀ ਗਿਣਤੀ ਵੀਹ ਤੋਂ ਤੀਹ ਤੱਕ ਹੋ ਸਕਦੀ ਹੈ। ਪਰ ਜੇ ਪੰਜਾਬ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ ਨੂੰ ਮਿਲਾ ਕੇ ਵੇਖੀਏ ਤਦ ਛੋਟੇ ਛੋਟੇ ਧਾਰਮਿਕ ਤੇ ਸਾਮਾਜਿਕ ਸਮਾਗਮਾਂ ਤੋਂ ਉੱਪਰ ਤੱਕ 'ਸਾਊਂਡ ਸਰਵਿਸ' ਦੇਣ ਵਾਲੇ ਗਰੁੱਪਾਂ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਵੱਧ ਪੰਜਾਬ ਵਿਚ ਹੋਵੇਗੀ। ਪਰ ਇਹ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹਨ ਕਿਉਂਕਿ ਪੈਲੇਸਾਂ ਦੇ ਬੂਹੇ ਬੰਦ ਹਨ। ਰਾਜਨੀਤਕ ਕਾਨਫਰੰਸਾਂ ਕੋਰੋਨਾ ਵਾਇਰਸ ਨੇ ਠੁੱਸ ਕਰ ਦਿੱਤੀਆਂ ਹਨ। ਵਿਆਹਾਂ 'ਚ ਹੁਣ ਇਹਨਾਂ ਨੂੰ ਕਾਨੂੰਨੀ ਪਾਬੰਦੀਆਂ ਕਾਰਨ ਬੁਲਾਇਆ ਨਹੀਂ ਜਾਂਦਾ। ਪੰਜਾਬ ਵਿਚ ਧਾਰਮਿਕ ਡੇਰਿਆਂ ਦੇ ਮੇਲਿਆਂ 'ਤੇ ਕੱਵਾਲ, ਰਾਸਧਾਰੀ ਲੋਕ, ਡਰਾਮਾ ਗਰੁੱਪ, ਨਕਲੀਏ, ਅਲਗੋਜ਼ਿਆਂ ਵਾਲੇ, ਤੂੰਬਿਆਂ ਵਾਲੇ ਨਜ਼ਰ ਨਹੀਂ ਆ ਰਹੇ। ਗੱਲ ਕੀ ਪੰਜਾਬ ਦੀ ਧਰਤੀ ਦਾ ਹਰ ਚੱਪਾ, ਕੋਰੋਨਾ ਵਾਇਰਸ ਦੀ ਪੀੜਾ ਨਾਲ ਅਸਹਿ ਦਰਦ ਹੰਢਾਅ ਰਿਹਾ ਹੈ। ਤੀਹ ਤੋਂ ਵੱਧ ਫ਼ਿਲਮਾਂ ਇਸ ਵੇਲੇ ਰਿਲੀਜ਼ ਹੋਣ ਲਈ ਤਿਆਰ ਪਈਆਂ ਹਨ। ਸਪਾਟ ਬੁਆਏ ਤੋਂ ਲੈ ਕੇ ਡਾਇਰੈਕਟਰ ਤੱਕ ਸਭ ਵਿਹਲੇ ਹਨ। ਪੰਜਾਬ ਦੀ ਫ਼ਿਲਮ ਇੰਡਸਟਰੀ ਉਦਾਸ ਤੇ ਗ਼ਮਗੀਨ ਹੈ ਕਿਉਂਕਿ ਸਿਨਮੇ ਬੰਦ ਹਨ ਤੇ ਖੁੱਲ੍ਹਣ ਦੀ ਹਾਲੇ ਕੋਈ ਉਮੀਦ ਨਹੀਂ। ਢਾਡੀ, ਕਵੀਸ਼ਰ, ਕੀਰਤਨੀਏ ਸਭ ਕੋਰੋਨਾ ਮਹਾਂਮਾਰੀ ਦੇ ਸਤਾਏ ਹੋਏ ਹਨ ਅਤੇ ਆਰਥਿਕ ਬੋਝ ਝੱਲ ਰਹੇ ਹਨ। ਹਾਲ ਹੀ ਵਿਚ ਪੰਜਾਬ ਦੇ ਇਕ ਗਾਇਕਾਂ ਦਾ ਵਫ਼ਦ ਸੁਰਿੰਦਰ ਸ਼ਿੰਦਾ, ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ ਦੀ ਅਗਵਾਈ ਵਿਚ ਪੰਜਾਬ ਦੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਹੋਰਾਂ ਨੂੰ ਮਿਲਿਆ ਕਿ




**ਪੰਜਾਬ ਵਿਚ ਧਾਰਮਿਕ ਡੇਰਿਆਂ ਦੇ ਮੇਲਿਆਂ 'ਤੇ ਕੱਵਾਲ, ਰਾਸਧਾਰੀ ਲੋਕ, ਡਰਾਮਾ ਗਰੁੱਪ, ਨਕਲੀਏ, ਅਲਗੋਜ਼ਿਆਂ ਵਾਲੇ, ਤੂੰਬਿਆਂ ਵਾਲੇ ਨਜ਼ਰ ਨਹੀਂ ਆ ਰਹੇ। ਗੱਲ ਕੀ ਪੰਜਾਬ ਦੀ ਧਰਤੀ ਦਾ ਹਰ ਚੱਪਾ, ਕੋਰੋਨਾ ਵਾਇਰਸ ਦੀ ਪੀੜਾ ਨਾਲ ਅਸਹਿ ਦਰਦ ਹੰਢਾਅ ਰਿਹਾ ਹੈ। ਤੀਹ ਤੋਂ ਵੱਧ ਫ਼ਿਲਮਾਂ ਇਸ ਵੇਲੇ ਰਿਲੀਜ਼ ਹੋਣ ਲਈ ਤਿਆਰ ਪਈਆਂ ਹਨ। ਸਪਾਟ ਬੁਆਏ ਤੋਂ ਲੈ ਕੇ ਡਾਇਰੈਕਟਰ ਤੱਕ ਸਭ ਵਿਹਲੇ ਹਨ। ਪੰਜਾਬ ਦੀ ਫ਼ਿਲਮ ਇੰਡਸਟਰੀ ਉਦਾਸ ਤੇ ਗ਼ਮਗੀਨ ਹੈ ਕਿਉਂਕਿ ਸਿਨਮੇ ਬੰਦ ਹਨ ਤੇ ਖੁੱਲ੍ਹਣ ਦੀ ਹਾਲੇ ਕੋਈ ਉਮੀਦ ਨਹੀਂ। ਢਾਡੀ, ਕਵੀਸ਼ਰ, ਕੀਰਤਨੀਏ ਸਭ ਕੋਰੋਨਾ ਮਹਾਂਮਾਰੀ ਦੇ ਸਤਾਏ ਹੋਏ ਹਨ ਅਤੇ ਆਰਥਿਕ ਬੋਝ ਝੱਲ ਰਹੇ ਹਨ।**



ਸੋਸ਼ਲ ਡਿਸਟੈਂਸਿੰਗ ਤੇ ਮਾਸਕ ਪਹਿਨਣ ਵਾਲੀਆਂ ਸ਼ਰਤਾਂ ਸਮੇਤ ਗਾਇਕਾਂ ਲਈ ਨਵੀਂ ਅਡਵਾਈਜ਼ਰੀ ਜਾਰੀ ਕਰਕੇ ਪੰਜਾਬ ਸਰਕਾਰ ਮੇਲੇ, ਵਿਆਹਾਂ ਦੇ ਪ੍ਰੋਗਰਾਮ ਲਗਾਉਣ ਦਾ ਉਪਰਾਲਾ ਕਰੇ ਪਰ ਬੇਵੱਸ ਸਰਕਾਰਾਂ ਸ਼ਾਇਦ ਅਜੇ ਕੁਝ ਕਰ ਨਹੀਂ ਸਕਣਗੀਆਂ। ਸੰਗੀਤ ਉਦਯੋਗ ਨਾਲ ਚਾਰ ਦਹਾਕਿਆਂ ਤੋਂ ਜੁੜੇ ਹੋਏ ਜਰਨੈਲ ਘੁਮਾਣ ਨੇ ਬੜੀ ਅੱਛੀ ਪ੍ਰਤੀਕਿਰਿਆ ਜ਼ਾਹਰ ਕੀਤੀ ਕਿ ਹਾਲਾਤ ਸੁਧਰ ਜਾਣਗੇ ਭਾਵੇਂ ਕੁਝ ਵਕਤ ਲੱਗੇ ਪਰ ਇਸ ਤੋਂ ਬਾਅਦ ਪੰਜਾਬੀ ਗਾਇਕੀ ਦਾ ਇਕ ਤਰ੍ਹਾਂ ਦਾ ਪੁਨਰ ਜਨਮ ਹੋਵੇਗਾ। ਪੰਜਾਬੀ ਗਾਇਕੀ ਵਿਚ ਤੇ ਸੰਗੀਤ ਦੀ ਦੁਨੀਆ ਵਿਚ ਸ਼ਾਇਦ ਬਹੁਤ ਵੱਡੀ ਤਬਦੀਲੀ ਤੇ ਸੁਧਾਰ ਹੋਣ ਦੀ ਆਸ ਵੀ ਬੱਝੀ ਹੈ ਕਿਉਂਕਿ ਕਲਾਕਾਰ, ਗਾਇਕ, ਲੋਕ ਸਭ ਸਮਝ ਗਏ ਹਨ ਕਿ ਜ਼ਿੰਦਗੀ ਜਿਊਣ ਦਾ ਨਾਂਅ ਹੈ, ਸ਼ੈਤਾਨੀਆਂ, ਚਲਾਕੀਆਂ, ਧੱਕੇਸ਼ਾਹੀਆਂ ਤੇ ਬਰਬਾਦੀਆਂ ਦਾ ਨਹੀਂ। ਇਸ ਗੱਲ ਨੂੰ ਮੰਨ ਲੈਣਾ ਪਵੇਗਾ ਇਨ੍ਹਾਂ ਲੱਖਾਂ ਦੀ ਗਿਣਤੀ ਵਿਚ ਪ੍ਰਭਾਵਿਤ ਹੋਏ ਕਲਾਕਾਰਾਂ, ਸੰਗੀਤ ਕਾਮਿਆਂ ਅਤੇ ਕਾਰੋਬਾਰੀ ਲੋਕਾਂ ਦੇ ਪਿੱਛੇ ਟੱਬਰ ਟੀਰ੍ਹ ਦੀ ਗਿਣਤੀ ਕਿੰਨੀ ਵੱਡੀ ਹੋਵੇਗੀ? ਇਹ ਸਭ ਭਲੇ ਵਕਤ ਦੀ ਤੀਬਰਤਾ ਨਾਲ ਉਡੀਕ ਵਿਚ ਹਨ। ਪੰਜਾਬ ਦੀ ਅਰਥ ਵਿਵਸਥਾ ਵਿਚ ਹਜ਼ਾਰਾਂ ਕਰੋੜ ਰੁਪਏ ਦਾ ਸਾਲਾਨਾ ਮਾਲੀਏ ਦਾ ਆਦਾਨ-ਪ੍ਰਦਾਨ ਕਰਨ ਵਾਲਾ ਪੰਜਾਬੀ ਗਾਇਕੀ, ਸੰਗੀਤ, ਫ਼ਿਲਮਾਂ ਅਤੇ ਮਨੋਰੰਜਨ ਦਾ ਵਿਹੜਾ ਹਉਕੇ ਲੈ ਰਿਹਾ ਹੈ, ਉਦਾਸ ਹੈ, ਖਾਮੋਸ਼ ਹੈ, ਉੱਪਰ ਵਾਲੇ ਵੱਲ ਨੂੰ ਮੂੰਹ ਚੁੱਕ ਕੇ ਚੰਗਾ ਹੋਣ ਦੀ ਆਸ ਲਾਈ ਬੈਠਾ ਹੈ।

-o-

## ਚੋਣਾਂ ਅੱਗੇ ਪਾਉਣ...

ਲੋਕ ਕੋਰੋਨਵਾਇਰਸ ਕਾਰਨ ਵਿਆਪਕ ਪੱਧਰ 'ਤੇ ਈ ਮੇਲ ਵੋਟਿੰਗ ਦਾ ਸਮਰਥਨ ਕਰ ਰਹੇ ਹਨ। ਡੈਮੋਕਰੈਟਸ ਨੇ ਦੋਸ਼ ਲਾਇਆ ਹੈ ਕਿ ਰਾਸ਼ਟਰਪਤੀ ਜਾਣ ਬੁੱਝ ਕੇ ਬੇਯਕੀਨੀ ਵਾਲਾ ਮਾਹੌਲ ਬਣਾ ਰਹੇ ਹਨ ਤਾਂ ਜੋ ਜੇਕਰ ਹਾਰ ਨਜ਼ਰ ਆਉਂਦੀ ਹੋਵੇ ਤਾਂ ਉਹ ਚੋਣਾਂ ਅੱਗੇ ਪਾ ਸਕਣ। ਚੋਣਾਂ ਅੱਗੇ ਪਾਉਣ ਲਈ ਕਾਂਗਰਸ ਦੀ ਪ੍ਰਵਾਨਗੀ ਜਰੂਰੀ ਹੈ ਜੋ ਮਿਲਣੀ ਅਸੰਭਵ ਨਜਰ ਆ ਰਹੀ ਹੈ।

## ਜੱਗੀ ਜੌਹਲ ਮਾਮਲੇ ਤੇ ਯੂ.ਕੇ.

ਦੀਆਂ ਤਰੀਕਾਂ ਪਾ ਦਿੱਤੀਆਂ ਜਾਦੀਆਂ ਹਨ। ਉਨ੍ਹਾਂ ਪੈਨਲ ਨੂੰ ਦਸਿਆ ਕਿ ਜੱਗੀ ਨੂੰ ਜੇਲ੍ਹ ਅੰਦਰ ਬੰਦ ਹੋਏ ਇਕ ਹਜ਼ਾਰ ਦਿਨ ਹੋ ਗਏ ਹਨ ਤੇ ਹਾਲੇ ਤਕ ਕਿਸੇ ਵੀ ਕੇਸ ਅੰਦਰ ਚਾਰਜ਼ ਨਹੀ ਦਾਖਿਲ ਕੀਤਾ ਜਾ ਸਕਿਆ ਹੈ ਤੇ ਇਹ ਦਾਖਿਲ ਹੋਣਾ ਵੀ ਨਹੀ ਹੈ ਕਿਉਕਿਂ ਇਕ ਮਾਮਲੇ ਵਿਚ ਉਨ੍ਹਾਂ ਚਾਰਜ਼ ਲਗਾਇਆ ਹੈ ਜਿਸਦੇ ਮਾਮਲੇ ਦੀ ਤਫਸੀਸ ਕਰ ਰਹੇ ਅਫਸਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਮਾਮਲੇ ਅੰਦਰ ਕੁਝ ਵੀ ਇਤਰਾਜਯੋਗ ਨਹੀ ਮਿਲਿਆ ਹੈ ਤੇ ਨਾ ਹੀ ਕੁਝ ਜੱਗੀ ਦੇ ਖਿਲਾਫ ਹੈ। ਜੱਗੀ ਦੇ ਭਰਾ ਜਸਪ੍ਰੀਤ ਨੇ ਵੀ ਜੱਗੀ ਦੇ ਕੇਸ ਦੇ ਕੁਝ ਪਹਿਲੁਆਂ ਅਤੇ ਅਪਣੇ ਪਰਿਵਾਰ ਤੇ ਬੀਤ ਰਹੇ ਮਾਨਸਿਕ ਤਸ਼ਦਦ ਬਾਰੇ ਦਸਿਆ। ਮਨੁੱਖੀ ਅਧਿਕਾਰ ਦੇ ਚਾਰਲੀ ਨੇ ਦਸਿਆ ਕਿ ਉਨ੍ਹਾਂ ਵਲੋਂ ਜੱਗੀ ਤੇ ਕੀਤੇ ਗਏ ਅਣਮਨੁੱਖੀ ਤਸ਼ਦਦ ਬਾਰੇ ਇਹ ਮਾਮਲਾ ਯੂਐਨ ਵਿਚ ਪਹੁਚਾਇਆ ਗਿਆ ਹੈ ਤੇ ਮਾਮਲੇ ਨਾਲ ਸੰਬੰਧਿਤ ਸਾਰੇ ਕਾਗਜਾਤ ਵੀ ਯੂਐਨ ਵਿਚ ਦਾਖਿਲ ਕਰਵਾ ਦਿੱਤੇ ਗਏ ਹਨ। ਐਮਪੀ ਮਾਰਟਿਨ ਡੌਕਰਟੀ ਅਤੇ ਐਮਪੀ ਪ੍ਰੀਤਕੌਰ ਗਿਲ ਨੇ ਅਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਯੂਕੇ ਅੰਦਰ ਤਿੰਨ ਪ੍ਰਧਾਨਮੰਤਰੀ ਬਦਲ ਗਏ ਹਨ ਪਰ ਜੱਗੀ ਦਾ ਮਾਮਲਾ ਹਾਲੇ ਤਕ ਸੁਲਝਾਇਆ ਨਾ ਜਾਣਾ ਬਹੁਤ ਹੈਰਾਨੀ ਵਾਲੀ ਗਲ ਹੈ ਤੇ ਅਸੀ ਇਸ ਮਾਮਲੇ ਲਈ ਅਸੀ ਹੋਰ ਐਮਪੀਜ ਨਾਲ ਪੱਤਰਵਿਵਹਾਰ ਕਰਕੇ ਮਾਮਲੇ ਨੂੰ ਜਲਦੀ ਸੁਲਝਾਣ ਲਈ ਸਿਆਸੀ ਦਬਾਅ ਬਣਾਵਾਂਗੇ। ਵਕੀਲ ਜ਼ਿਮੀਨਾ ਨੇ ਦਸਿਆ ਕਿ ਡ੍ਰੇਕੋਨਿਅਨ ਕਾਨੂੰਨ ਦੀ ਤਰ੍ਹਾਂ ਹੀ ਭਾਰਤ ਅੰਦਰ ਯੂਏਪੀਏ ਇਕ ਕਾਲਾ ਕਾਨੂੰਨ ਹੈ ਜਿਸਦੀ ਦੁਰਵਰਤੋਂ ਕੀਤੀ ਜਾਦੀਂ ਹੈ ਤੇ ਜੱਗੀ ਨੂੰ ਵੀ ਉਸੇ ਕਾਨੂੰਨ ਤਹਿਤ ਫਸਾਇਆ ਹੋਇਆ ਹੈ ਤੇ ਉਸ ਨੂੰ ਹੁਣ ਜੇਲ੍ਹ ਅੰਦਰ ਬੰਦ ਕੀਤਿਆਂ 1000 ਦਿਨ ਪੂਰੇ ਹੋ ਗਏ ਹਨ ਜਦਕਿ ਉਸ ਖਿਲਾਫ ਕੋਈ ਸਬੂਤ, ਗਵਾਹ ਨਹੀ ਹੈ। ਐਮਪੀ ਮਾਰਟਿਨ ਨੇ ਜੱਗੀ ਜੌਹਲ ਤੇ ਹੋਏ ਅਣਮਨੁੱਖੀ ਤਸ਼ੱਦਦ ਅਤੇ ਮਨੁੱਖੀ ਅਧਿਕਾਰਾਂ ਦੀ ਕੀਤੀ ਜਾ ਰਹੀ ਉਲੰਘਣਾ ਬਾਰੇ ਯੂਕੇ ਦੇ ਵਿਦੇਸ਼ ਮੰਤਰਾਲੇ ਨੂੰ ਇਕ ਚਿੱਠੀ ਲਿਖੀ ਹੈ।

## ਰਾਜ ਕਰੇਗਾ ਖ਼ਾਲਸਾ

ਅਨੁਸਾਰ ਮਨੁੱਖ ਇਕ ਵਿਚਾਰਸ਼ੀਲ ਜੀਵ ਨਹੀਂ, ਸਗੋਂ ਇਹ ਇਕ ਦਬਾਇਆ ਹੋਇਆ ਜੀਵ ਹੈ। ਸੱਭਿਅਤਾ, ਦਬਾ ਰੱਖਣਾ ਤੇ ਮਾਨਸਿਕ ਅਸ਼ਾਂਤੀ, ਇਹ ਅਟੱਲ ਰੂਪ ਵਿਚ ਇਸ ਤਰ੍ਹਾਂ ਸਬੰਧਤ ਹਨ ਕਿ ਜਿਤਨੀ ਵੱਧ ਸੱਭਿਅਤਾ ਉਤਨੀ ਵੱਧ ਮਾਨਸਿਕ ਅਸ਼ਾਂਤੀ, ਜਿਤਨੀ ਘੱਟ ਪਾਬੰਦੀ ਉਤਨੀ ਘੱਟ ਮਾਨਸਿਕ ਅਸ਼ਾਂਤੀ ਅਤੇ ਘੱਟ ਸੱਭਿਅਤਾ। ਇਸ ਤਰ੍ਹਾਂ ਮਨੁੱਖ ਅੰਦਰਲੀ ਝਗੜਾ ਕਰਨ ਦੀ ਸੁਭਾਵਿਕ ਪ੍ਰਵਿਰਤੀ ਨੂੰ, ਜੋ ਕਿ ਸੱਭਿਅਤਾ ਲਈ ਸਾਡੀ ਸਭ ਤੋਂ ਵੱਡੀ ਔਕੜ ਹੈ, ਹਟਾ ਸਕਣਾ ਸਾਡੀ ਸਮਰੱਥਾ ਅੰਦਰ ਨਹੀਂ।

45. ਜ਼ਾਹਰਾ ਤੌਰ 'ਤੇ ਫਰਾਇਡ ਉਸ ਦੈਵੀ ਅਲਹਾਮ ਭਾਵ ਗੁਰੂਆਂ ਦੀ ਸਿੱਖਿਆ ਬਾਰੇ ਅਣਜਾਣ ਸੀ ਜਿਹੜੀ ਮਨੁੱਖਤਾ ਨੂੰ ਇਸ ਪ੍ਰਤੱਖ ਦੁਬਿਧਾ ਵਿਚੋਂ ਰਸਤਾ ਦਿਖਾਉਂਦੀ ਹੈ, ਭਾਵ ਨਾਮ ਯੋਗ ਦਾ ਅਭਿਆਸ।

ਕਹੁ ਨਾਨਕ ਇਹੁ ਤਤੁ ਬੀਚਾਰਾ।
ਬਿਨ ਹਰਿ ਭਜਨ ਨਾਹੀ ਛੁਟਕਾਰਾ॥

(ਪੰਨਾ 188)

ਕਿ ਮਨੁੱਖੀ ਸੁਭਾ ਨੂੰ ਪੂਰਨ ਤੌਰ 'ਤੇ ਬਦਲਿਆ ਜਾ ਸਕਦਾ ਹੈ, ਇਹ ਇਕ ਅਜਿਹਾ ਮਸਲਾ ਹੈ ਜਿਹੜਾ ਪੱਛਮੀ ਮਨ ਨੂੰ ਅਸਾਨੀ ਨਾਲ ਪ੍ਰਵਾਨ ਨਹੀਂ।

46. ਨਫ਼ਰਤ ਨੂੰ ਅਸੀਂ ਬੜੀ ਮੁਸ਼ਕਲ ਨਾਲ ਕਾਬੂ ਕਰਕੇ ਯਾ ਦਬਾ ਕੇ ਰੱਖਦੇ ਹਾਂ। ਇਹ ਸਾਡੇ ਸਮਾਜਿਕ ਜੀਨ ਦੀ ਮੁੱਖ ਪ੍ਰੇਰਨਾ ਬਣੀ ਰਹਿੰਦੀ ਹੈ। ਮਨੁੱਖ ਜੋ ਕਿ ਇਕ ਆਕਰਮਣਕਾਰੀ ਸ਼ਿਕਾਰੀ ਜਾਨਵਰ ਹੈ, ਉਹ ਸਮਾਜ ਵਿਚਲੀ ਮਾਨਵ ਜਾਤੀ ਦੀ ਅਸਲੀ ਤੱਤ ਹੈ। ਉਹ ਈਸਾਈਆਂ ਦੇ ਸਦਾਚਾਰ ਵਾਲਾ, ਦਇਆ ਭਰਪੂਰ, ਪਿਆਰ ਭਾਵਨਾ ਅਤੇ ਤਰਸ ਨਾਲ ਛਲਕਦਾ ਅਵਤਾਰ ਨਹੀਂ ਅਤੇ ਨਾ ਹੀ ਹਿੰਦੂਆਂ ਦੇ ਇਸ਼ਟ ਵਾਲੀ ਦਇਆ ਰੱਖਣ ਵਾਲਾ ਦੇਵਤਾ ਹੈ। ਜਦੋਂ ਨਿਟਸ਼ੇ ਨੇ ਆਪਣੀ ਪੁਸਤਕ ਦਸ ਸਪੇਕ ਜ਼ਰਾ ਤੁਸਕਰਾ ਵਿਚ ਕਿਹਾ ਕਿ ਰੱਬ ਮਰ ਗਿਆ ਹੈ, ਰੱਬ ਮਰ ਗਿਆ ਹੈ, ਉਹ ਦਇਆ ਤੋਂ ਮਰ ਗਿਆ ਹੈ, ਤਾਂ ਉਹ ਇਕ ਅਜਿਹਾ ਸਿਧਾਂਤ ਹੀ ਕਾਇਮ ਕਰ ਰਿਹਾ ਸੀ। ਅਹਿੰਸਾ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਸੁਤੰਤਰ ਧਰਮ ਅਤੇ ਧਰਮ ਰਹਿਤ ਰਾਜਨੀਤੀ ਯਾ ਧਰਮ ਨਾਲੋਂ ਵੱਖ ਕੀਤੀ ਰਾਜਨੀਤੀ ਨੂੰ ਪ੍ਰਮੁੱਖਤਾ ਦੇਣੀ, ਇਹ ਮਨੁੱਖੀ ਸੁਭਾ ਦੀ ਇਕ ਬੁਨਿਆਦੀ ਗਲਤ ਫਹਿਮੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਵਿਚਾਰਧਾਰਾ ਦੀ ਜਿਸ ਸ਼ਬਦਾਵਲੀ ਨੂੰ ਚੋਣਵੇਂ ਮਨੁੱਖਾਂ ਬਾਰੇ ਜਾਣਕਾਰੀ ਦੇਣ ਲਈ ਆਪ ਪ੍ਰਚਲਿਤ ਕੀਤਾ, ਭਾਵ ਖੂੰਖਾਰ ਸ਼ੇਰ 'ਸਿੰਘ', ਮਗਰਮੱਛਾਂ ਦਾ ਸਿਰਦਾਰ 'ਨਿਹੰਗ' ਖਿਲਰੇ ਫਨ ਵਾਲਾ ਫਨੀਅਰ 'ਭੁਝੰਗੀ' ਅਤੇ ਹਮਲੇ ਦੇ ਅੰਦਾਜ਼ ਵਿਚ ਬੈਠਾ ਕ੍ਰੋਧਵਾਨ ਸੱਪ, 'ਪੇਚੀਦਹ ਮਾਰ'1 ਇਹ ਸਾਰੇ ਨਾਂ ਮਨੁੱਖੀ ਸੁਭਾ ਅਤੇ ਹੋਣੀ ਬਾਰੇ ਆਪਣੇ ਅੰਦਰ ਅੰਤਮ ਵਿਗਿਆਨਕ ਸਚਾਈ ਨੂੰ ਸਾਂਭੀ ਬੈਠੇ ਹਨ। ਇਸ ਨੁਕਤੇ ਬਾਰੇ ਸਿੱਖਾਂ ਨੂੰ ਉਲਝਾਉਣਾ ਅਤੇ ਗੁੰਮਰਾਹ ਕਰਨਾ ਜਿਵੇਂਕਿ ਭਾਈ ਜੋਧ ਸਿੰਘ ਦੀ ਪਟਿਆਲੇ ਦੀ ਕਾਰਗੁਜ਼ਾਰੀ ਦਾ ਮਨੋਰਥ ਸੀ, ਉੱਕਾ ਹੀ ਘਿਰਣਾਜਨਕ ਅਤੇ ਅਯੋਗ ਕਰਮ ਹੈ।

47. ਫਰਾਇਡ ਦੇ ਸਿਧਾਂਤ ਅਤੇ ਜਿਹੜੀਆਂ ਵਿਗਿਆਨਕ ਸੂਝਾਂ ਹੁਣ ਇਥਾਲੋਜੀ ਨੇ ਪ੍ਰਦਾਨ ਕੀਤੀਆਂ ਹਨ, ਉਹ ਸਾਰੀਆਂ ਆਮ ਤੌਰ 'ਤੇ ਇਸ ਵਿਗਿਆਨਕ ਦ੍ਰਿਸ਼ਟੀਕੋਣ ਦੀ ਪੁਸ਼ਟੀ ਕਰਦੀਆਂ ਮੰਨੀਆਂ ਜਾਂਦੀਆਂ ਹਨ ਕਿ ਲੜਾਈ, ਜੋ ਮਨੁੱਖੀ ਭਲਾਈ ਲਈ ਲੋੜੀਂਦੀ ਹੈ, ਲਾਜ਼ਮੀ ਹੈ ਅਤੇ ਅਟੱਲ ਹੈ। ਲੜਾਈ ਹੀ ਸਭ ਤੋਂ ਉੱਚੀ ਸਿਆਸੀ ਸਰਗਰਮੀ ਹੈ। ਬ੍ਰਟਰੈਂਡ ਰੱਸਲ ਨੇ ਇਹ ਦਲੀਲ ਦੇਂਦਿਆਂ ਉਸ ਦਲੀਲ ਦੀ ਪੁਸ਼ਟੀ ਕੀਤੀ ਹੈ ਕਿ ਇਹ ਕੇਵਲ ਬਾਹਰਲਾ ਵੈਰੀ ਹੀ ਹੈ ਜਿਹੜਾ ਸਮਾਜ ਨੂੰ ਏਕਤਾ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਜੇ ਕਿਤੇ ਸਾਰੇ ਸੰਸਾਰ ਉੱਤੇ ਸਾਂਝੇ ਰਾਜ ਦੀ ਮਜ਼ਬੂਤੀ ਨਾਲ ਕਾਇਮੀ ਹੋ ਜਾਵੇ ਤਾਂ ਉਸ ਰਾਜ ਵਿਚ ਡਰਾਣ ਵਾਲਾ ਕੋਈ ਦੁਸ਼ਮਣ ਨਹੀਂ ਹੋਵੇਗਾ ਅਤੇ ਇਸ ਲਈ ਉਸ ਦੇ ਅੰਦਰ ਏਕਤਾ ਦੀ ਸ਼ਕਤੀ ਦੀ ਘਾਟ ਹੋਣ ਕਰਕੇ ਉਸ ਦੇ ਟੁੱਟਣ ਦਾ ਹਰ ਪਲ ਖਤਰਾ ਬਣਿਆ ਰਹੇਗਾ।

48. ਕੀ ਕਨਫਿਊਸ਼ੀਅਸ ਨੇ ਦੋ ਹਜ਼ਾਰ ਸਾਲ ਪਹਿਲਾਂ ਇਹ ਐਲਾਨ ਕੀਤਾ ਕਿ 'ਜਿਸ ਦੇਸ਼ ਦੇ ਬਾਹਰਲੇ ਦੁਸ਼ਮਣ ਨਹੀਂ ਹਨ, ਉਹ ਤਬਾਹ ਹੋਇਆ ਸਮਝੋ।'

(ਕਨਫਿਊਸ਼ੀਅਸ ਦੀਆਂ ਸਿੱਖਿਆਵਾਂ ਦਾ ਸੰਗ੍ਰਹਿ)

49. ਤਾਂ ਫਿਰ ਆਕ੍ਰਮਣਸ਼ੀਲਤਾ ਦੇ ਯੁੱਧ ਮਨੁੱਖੀ ਮਨ ਦੀ ਕੁਦਰਤੀ ਵਿਸ਼ੇਸ਼ਤਾ ਹੈ। 'ਰਾਜ ਕਰੇਗਾ ਖ਼ਾਲਸਾ' ਵਾਲਾ ਸਿੱਖ ਸਿਧਾਂਤ, ਇਕ ਸਹੀ ਵਿਗਿਆਨਕ ਸਿਧਾਂਤ ਅਤੇ ਜਾਇਜ਼ ਧਾਰਮਿਕ ਅਭਿਲਾਸ਼ਾ ਹੈ। ਸਿੱਖਾਂ ਨੂੰ ਇਸ ਤੋਂ ਲਾਂਭੇ ਲੈ ਜਾਣ ਦਾ ਯਤਨ, ਸਿਆਣਪ ਅਤੇ ਵਿਗਿਆਨ, ਧਰਮ ਅਤੇ ਰੱਬ ਦੇ ਵਿਰੁਧ ਇਕ ਜ਼ੁਰਮ ਹੈ। ਸਿਆਸਤ ਤੋਂ ਧਰਮ ਵੱਖ ਕਰਨ ਲਈ ਸਿੱਖਾਂ ਨੂੰ ਖ਼ਬਰਦਾਰ ਕਰਨਾ ਅਤੇ ਸਿਆਸੀ ਖੁਦ-ਮੁਖਤਿਆਰੀ ਅਤੇ ਰਾਜਨੀਤਕ ਸ਼ਕਤੀ ਦੇ ਆਧਾਰ ਤੋਂ ਬਿਨਾਂ ਪੂਰਨ ਅਤੇ ਹਕੀਕੀ ਧਾਰਮਿਕ ਜੀਵਨ ਦੀ ਸੰਭਾਵਨਾ ਵਿਚ ਵਿਸ਼ਵਾਸ਼ ਦੀ ਘਾਤਕ ਭੁੱਲ ਦਾ ਸ਼ਿਕਾਰ ਹੋਣਾ, ਇਕ ਬਿਲਕੁਲ ਹੀ ਨੀਚ ਅਤੇ ਨਾ ਬਖਸ਼ੇ ਜਾਣ ਵਾਲਾ ਅਪਰਾਧ ਕਰਨਾ ਹੈ।

50. 'ਰਾਜ ਕਰੇਗਾ ਖ਼ਾਲਸਾ' ਦਾ ਸਿੱਖ ਸਿਧਾਂਤ ਸਮਾਜਿਕ ਤੌਰ 'ਤੇ ਲਾਭਦਾਇਕ ਹੈ ਅਤੇ ਜੇ ਸਮਾਜ ਨੂੰ ਸੰਗਠਤ ਰੱਖਣਾ ਹੈ ਤਾਂ ਜ਼ਰੂਰੀ ਵੀ ਹੈ। ਅੱਜ ਲੜਾਈ ਵਿਚ

1. ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਿਮਾਂਦ ਅਸਤ ਪੇਚੀਦਹ ਮਾਰ।੭੮।

(ਦਸਮ ਗ੍ਰੰਥ ਜ਼ਫਰਨਾਮਾ, ਪੰਨਾ 1392)

ਵੱਡੀ ਪੱਧਰ 'ਤੇ ਕੁੱਦਣਾ ਬਹੁਤ ਖਤਰਨਾਕ ਬਣ ਗਿਆ ਹੈ। ਲੌਰੰਜ ਦੱਸਦਾ ਹੈ ਕਿ ਝਗੜਾਲੂਪਣ ਦਾ ਘੱਟ ਸਾਹਸ ਦਿਖਾਉਣ ਨਾਲ ਅਸੀਂ ਕਿਵੇਂ ਦੁਖ ਭੋਗਦੇ ਹਾਂ। ਸਾਡੇ ਜੀਵਨ ਮਾਰਗ ਦੀ ਦੁਬਾਰਾ ਉਸਾਰੀ ਲਈ ਸਾਡੀ ਯੋਗਤਾ ਬਾਰੇ ਦੇਸਮੰਡ ਘੋਰਿਸ ਘੋਰ ਨਿਰਾਸ਼ਾਵਾਦੀ ਹੈ। ਉਹ ਆਖਦਾ ਹੈ:

ਸਾਡੀਆਂ ਝਗੜਾਲੂ ਅਤੇ ਇਲਾਕਾਈ ਖ਼ਾਹਿਸ਼ਾਂ ਨੂੰ ਕਾਬੂ ਕਰਨਾ ਅਤੇ ਸਾਡੀਆਂ ਬੁਨਿਆਦੀ ਪ੍ਰੇਰਨਾਵਾਂ 'ਤੇ ਅਧਿਕਾਰ ਜਮਾਉਣਾ, ਮੈਂ ਬੇਨਤੀ ਕਰਦਾ ਹਾਂ ਕਿ ਇਹ ਇਕ ਫਜ਼ੂਲ ਦੀ ਬਕਵਾਸ ਹੈ। ਸਾਡੀ ਭਿਆਨਕ ਪਸ਼ੂ ਵਿਰਤੀ ਇਸ ਦੀ ਕਦੇ ਆਗਿਆ ਨਹੀਂ ਦੇਵੇਗੀ।

ਸਥਾਈ ਸ਼ਾਂਤੀ ਵਿਕਾਸਸ਼ੀਲ ਖੁਸ਼ਹਾਲੀ, ਸ਼੍ਰੇਣੀ ਰਹਿਤ ਸਮਾਜ, ਧਰਮ ਰਹਿਤ ਰਾਜਨੀਤੀ, ਇਕ ਪ੍ਰਾਈਵੇਟ ਨਿੱਜੀ ਧਰਮ, ਧਰਮ ਨੂੰ ਸਿਆਸਤ ਨਾਲੋਂ ਅੱਡਰਾ ਕਰਨਾ ਆਦਿ ਸਿਰਫ਼ ਊਲ ਜਲੂਲ, ਮਨੋ-ਕਲਪਤ, ਆਦਰਸ਼ਵਾਦੀ ਸੁਪਨੇ ਹੀ ਹਨ। ਸੰਸਾਰਕ ਸ਼ਾਂਤੀ ਦੇ ਐਸੇ ਸਮੇਂ ਸੰਸਾਰ ਵਿਚ ਇੱਥੇ ਕਦੀ ਕਦਾਈਂ ਹੀ ਆਉਂਦੇ ਹਨ ਜਦੋਂ ਛੋਟੀਆਂ ਮੋਟੀਆਂ ਝੜਪਾਂ ਹੀ ਹੁੰਦੀਆਂ ਹਨ ਜਿਵੇਂ ਕਿ ਰੋਮਨਾਂ ਦਾ 27 ਪੂਰਬ ਈ. ਤੋਂ 180 ਈ. ਦੇ ਵਿਚਕਾਰ ਦਾ ਅਮਨ ਅਤੇ ਬਰਤਾਨੀਆ ਦਾ ਸੰਨ 1814 ਤੋਂ ਸੰਨ 1914 ਈ. ਦੇ ਦੌਰਾਨ ਦਾ ਸੌ ਸਾਲਾ ਅਮਨ।

51. ਮਨੁੱਖਤਾ ਲਈ ਇਨ੍ਹਾਂ ਸਿਧਾਂਤਾਂ ਤੋਂ ਨਿਗਰ ਸੱਚਾਈ ਅਤੇ ਵੱਧ ਭਰੋਸੇਯੋਗ ਅਗਵਾਈ ਹੋਰ ਕਿਧਰੇ ਨਹੀਂ ਮਿਲਦੀ, ਜਿਹੜੇ ਸਿਧਾਂਤ ਗੁਰੂ ਗੋਬਿੰਦ ਸਿੰਘ ਜੀ ਦੇ ਸੁਭਾਗ ਮੁਖਾਰਬਿੰਦ ਤੋਂ ਉਚਾਰਨ ਹੋਏ ਸ਼ਬਦਾਂ ਵਿਚ ਅੰਕਿਤ ਕੀਤੇ ਅਤੇ ਦ੍ਰਿੜਾਏ ਗਏ ਹਨ:

ਰਾਜ ਕਰੇਗਾ ਖ਼ਾਲਸਾ
ਆਕੀ ਰਹੇ ਨਾ ਕੋਇ॥
ਖ਼ੁਆਰ ਹੋਇ ਸਭ ਮਿਲੇਂਗੇ
ਬਚੇ ਸ਼ਰਨ ਜੋ ਹੋਇ॥

-ਸਮਾਪਤ

## ਅਜ਼ਾਦੀ ਨੂੰ ਹਾਸ਼ੀਏ ਵੱਲ...

ਹੋ। ਸਰਕਾਰ ਸੰਕੇਤ ਦੇ ਰਹੀ ਹੈ ਹੈ ਕਿ ਜਾਂ ਤਾਂ ਅਸੀਂ ਉਸ ਦੇ ਪਿੱਠੂ ਬਣ ਜਾਈਏ ਜਾਂ ਫਿਰ ਵਰਵਰਾ ਰਾਓ ਵਾਂਗ ਜੇਲ ਵਿੱਚ ਜਾਣ ਲਈ ਤਿਆਰ ਹੋ ਜਾਈਏ। ਹੁਣ ਫੈਸਲਾ ਅਸੀਂ ਕਰਨਾ ਹੈ ਕਿ ਅਸੀਂ ਕਿਸ ਵੱਲ ਜਾਣਾ ਹੈ।

ਸਮਾਂ ਬੜਾ ਮੁਸ਼ਕਿਲ ਭਰਿਆ ਹੈ। ਸਾਡੇ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਮੀਡੀਆ, ਜਿਸਦਾ ਇੱਕ ਬਹੁਤ ਅਹਿਮ ਹਿੱਸਾ ਹੁੰਦਾ ਹੈ ਇਲੈਕਟ੍ਰਾਨਿਕ ਮੀਡੀਆ, ਉਹ ਲਗਭਗ ਸਰਕਾਰ ਦੇ ਬੁਲਾਰੇ ਦੇ ਤੌਰ 'ਤੇ ਹੀ ਕੰਮ ਕਰ ਰਿਹਾ ਹੈ ਅਤੇ ਅਜਿਹੇ ਕੇਸਾਂ ਦੀ ਗੱਲਬਾਤ ਕਰਕੇ ਉਹ ਆਪਣੇ ਅਕਾਵਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ ਹੈ ਤਾਂ ਸਾਨੂੰ ਹੀ ਆਪਣਾ ਫਰਜ਼ ਨਿਭਾਉਣਾ ਪਵੇਗਾ ਅਤੇ ਇਕੱਠੇ ਹੋ ਕੇ ਇਸ ਮੁੱਦੇ ਉੱਪਰ ਆਵਾਜ਼ ਉਠਾਉਣੀ ਪਵੇਗੀ। ਗੱਲ ਸਿਰਫ਼ ਵਰਵਰਾ ਰਾਓ ਦੀ ਨਹੀਂ ਹੈ, ਗੱਲ ਇਸ ਤੋਂ ਬਹੁਤ ਵੱਡੀ ਹੈ ਕਿ ਸਾਡੇ ਅੱਜ ਦੇ ਐਕਸ਼ਨਾਂ ਨੇ ਇਹ ਨਿਰਧਾਰਿਤ ਕਰਨਾ ਹੈ ਕਿ ਆਉਣ ਵਾਲੇ ਭਵਿੱਖ ਵਿੱਚ ਅਸੀਂ ਜਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਰਕਾਰਾਂ ਨੂੰ ਕੰਮ ਕਰਨ ਦਾ ਸਵਾਲ ਕਰਨ ਦੇ ਕਾਬਲ ਬਚਣਗੀਆਂ ਜਾਂ ਨਹੀਂ।

ਜੇ ਸਾਡੀਆਂ ਆਵਾਜ਼ਾਂ ਦਾ ਇਹ ਦਮਨ ਜਾਰੀ ਰਿਹਾ, ਅਤੇ ਅਸੀਂ ਇਹ ਸਭ ਚੁੱਪ ਚਾਪ ਹੋਣ ਦਿੰਦੇ ਰਹੇ ਤਾਂ ਫਿਰ ਸਾਡੇ ਸਮਾਜ ਵਿੱਚ ਸਿਰਫ ਦੋ ਆਵਾਜ਼ਾਂ ਹੋਣਗੀਆਂ, 'ਬਾਦਸ਼ਾਹ ਦੀ ਆਵਾਜ਼' ਅਤੇ 'ਬਾਦਸ਼ਾਹ ਦੇ ਦਰਬਾਰੀ ਕਵੀਆਂ ਦੀ ਅਵਾਜ਼' ਇਹ ਆਖਰੀ ਚੀਜ਼ ਹੈ ਜੋ ਅਸੀਂ ਆਪਣੇ ਲੋਕਤੰਤਰ ਵਿੱਚ ਬਰਦਾਸ਼ਤ ਕਰ ਸਕਦੇ ਹਾਂ ਅਤੇ ਸਾਨੂੰ ਆਜ਼ਾਦ ਸੋਚ ਲਈ ਸੰਘਰਸ਼ ਦੀ ਭਾਵਨਾ ਨੂੰ ਜ਼ਿੰਦਾ ਰੱਖਣਾ ਹੀ ਪੈਣਾ ਹੈ।

## ਸਿੱਖ ਸੰਘਰਸ਼ ਦਾ ਸ਼ਹੀਦ....

ਵੀ ਝੱਲਿਆ, ਸੇਵਾ ਵੀ ਜਾਰੀ ਰੱਖੀ ਅਤੇ ਘਰੋਂ ਭਗੌੜਾ ਵੀ ਨਾ ਹੋਇਆ। ਇਹ ਮਾਣ ਸਾਡੇ ਇਲਾਕੇ ਵਿੱਚ ਦੋ ਵਿਆਕਤੀਆਂ ਦੇ ਹਿੱਸੇ ਆਇਆ ਭਾਈ ਗੁਰਪਾਲ ਸਿੰਘ ਪਾਲਾ ਬਿਲਗਾ ਅਤੇ ਭਾਈ ਨਿਰਮਲ ਸਿੰਘ ਸੰਧੂ ਪਿੰਡ ਰੁੜਕਾ ਕਲਾਂ। ਭਾਈ ਗੁਰਪਾਲ ਸਿੰਘ ਪਾਲਾ ਨੇ ਖਾਲਿਸਤਾਨ ਕਮਾਂਡੋ ਫੋਰਸ ਦੇ ਲੈਫਟੀਨੈਂਟ ਜਨਰਲ ਸ਼ਹੀਦ ਭਾਈ ਗੁਰਦੀਪ ਸਿੰਘ ਦੀਪਾ ਹੇਰਾਂ ਦੇ ਗਰੁੱਪ ਦਾ ਅੰਦਰਖਾਤੇ ਬੜਾ ਹੀ ਸਾਥ ਦਿੱਤਾ। ਪੁਲਿਸ ਦੇ ਸੂਹੀਏ ਭਾਈ ਗੁਰਪਾਲ ਸਿੰਘ ਪਾਲਾ ਦੀ ਪੈੜ ਨੱਪ ਰਹੇ ਸਨ, 14 ਮਾਰਚ 1992 ਵਾਲੇ ਦਿਨ ਭਾਈ ਗੁਰਪਾਲ ਸਿੰਘ ਪਾਲਾ ਨਕੋਦਰ ਦੇ ਬੱਸ ਅੱਡੇ ਵਿੱਚ ਖੜਾ ਸੀ, ਆਪਣੇ ਪਿੰਡ ਨੂੰ ਜਾਣ ਵਾਸਤੇ ਬੱਸ ਦੀ ਉਡੀਕ ਕਰ ਰਿਹਾ ਸੀ ਤਾਂ ਉਹੀ ਲੁਟੇਰਾ ਜੋ ਕਿ ਪੁਲਿਸ ਦਾ ਕੈਟ ਬਣ ਚੁਕਿਆ ਸੀ ਭੁਪਿੰਦਰ ਚਾਂਦੀ ਨਕੋਦਰ ਥਾਣੇ ਵਿੱਚ ਨਿੱਕਲਿਆ ਅਤੇ ਬੱਸ ਅੱਡੇ ਵਿੱਚ ਆਪਣੇ ਸਾਥੀਆਂ ਨਾਲ ਬਦਮਾਸ਼ੀ ਗੇੜਾ ਮਾਰਨ ਲਈ ਵੜ ਗਿਆ। ਜਦੋਂ ਉਸ ਦੀ ਨਿਗਾਹ ਭਾਈ ਗੁਰਪਾਲ ਸਿੰਘ ਪਾਲਾ ਤੇ ਪਈ ਤਾਂ ਉਸ ਕੈਟ ਭੁਪਿੰਦਰ ਚਾਂਦੀ ਨੇ ਆਪਣੇ ਧਿਆਨ ਵਿੱਚ ਖੜੇ ਭਾਈ ਗੁਰਪਾਲ ਸਿਘ ਪਾਲਾ ਦੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਭਾਈ ਗੁਰਪਾਲ ਸਿੰਘ ਪਾਲਾ ਦੀ ਸ਼ਹਾਦਤ ਤੋਂ ਬਾਅਦ ਉਸ ਦੀ ਪਤਨੀ ਬੀਬੀ ਹਰਮਿੰਦਰ ਕੌਰ ਨੇ ਵੀ ਬੜਾ ਹੀ ਬਿਖੜਾ ਪੈਂਡਾ ਤਹਿ ਕੀਤਾ ਅਤੇ ਕਰ ਰਹੀ ਹੈ। ਉਸ ਦੀ ਬੱਚੀ ਨੂੰ ਸਹੁਰੇ ਪਰਿਵਾਰ ਨੇ ਰੱਖ ਲਿਆ ਸੀ ਅਤੇ ਬੀਬੀ ਹਰਮਿੰਦਰ ਕੌਰ ਨੂੰ ਘਰੋਂ ਕੱਢ ਦਿੱਤਾ ਗਿਆ ਸੀ। ਜੋ ਕਿ ਅੱਜ ਤੱਕ ਆਪਣੇ ਪਿਤਾ ਦੇ ਘਰ ਜਗਤਪੁਰ ਵਿਖੇ ਰਹਿ ਰਹੀ ਹੈ। ਬੀਬੀ ਹਰਮਿੰਦਰ ਕੌਰ ਨੇ ਦੂਸਰਾ ਵਿਆਹ ਕਰਵਾਉਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਉਸ ਦਾ ਕਹਿਣਾ ਸੀ ਕਿ ਕਿਸੇ ਦੂਜੇ ਵਿਆਕਤੀ ਦੀ ਪਤਨੀ ਬਣਨ ਦੀ ਬਜਾਏ ਇੱਕ ਸ਼ਹੀਦ ਸਿੰਘ ਦੀ ਪਤਨੀ ਅਖਵਾਉਣਾ ਹੀ ਮੈਨੂੰ ਪਸੰਦ ਹੈ ਅਤੇ ਇਹਦੇ ਵਿੱਚ ਹੀ ਮੈਂ ਮਾਣ ਸਮਝਦੀ ਹਾਂ। ਕਈ ਬੀਮਾਰੀਆਂ ਨਾਲ ਜੂਝ ਰਹੀ ਬੀਬੀ ਹਰਮਿੰਦਰ ਕੌਰ ਪੂਰੀ ਚੜਦੀ ਕਲਾ ਵਿੱਚ ਅਤੇ ਅਕਾਲ ਪੁਰਖ ਵਾਹਿਗੁਰੂ ਦੇ ਭਾਣੇ ਵਿੱਚ ਰਹਿੰਦਿਆਂ ਜੀਵਨ ਬਸਰ ਕਰ ਰਹੀ ਹੈ। ਜੋ ਕਿ ਖਾਲਿਸਤਾਨ ਦੀ ਜੰਗੇ ਅਜਾਦੀ ਦੇ ਸਮੁੱਚੇ ਕਾਫਲੇ ਲਈ ਮਾਣ ਅਤੇ ਫਖਰ ਵਾਲੀ ਗੱਲ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ ਵਲੋਂ ਭਾਈ ਗੁਰਪਾਲ ਸਿੰਘ ਪਾਲਾ ਬਿਲਗਾ ਦੀ ਸ਼ਹਾਦਤ ਅਤੇ ਕੌਮ ਪ੍ਰਤੀ ਕੀਤੀ ਕੁਰਬਾਨੀ ਨੂੰ ਕੇਸਰੀ ਪ੍ਰਣਾਮ ਹੈ।

## ਅਪਰਾਧੀ, ਪੁਲੀਸ ਅਤੇ ਭਾਰਤੀ...

ਕਰਨਾ ਪਵੇਗਾ। ਉਹ ਨਿਰਾਸ਼ ਜਿਹਾ ਹੋ ਕੇ ਵਾਪਸ ਪਰਤ ਆਇਆ। ਹਾਲਾਂ ਉਹ ਬਜ਼ੁਰਗ ਥਾਣੇ ਦੇ ਬਾਹਰਲੇ ਗੇਟ ਕੋਲ ਹੀ ਪੁੱਜਿਆ ਸੀ ਕਿ ਇੱਕ ਸਿਪਾਹੀ ਤੇਜ਼ ਰਫਤਾਰ ਨਾਲ ਉਹਦੇ ਕੋਲ ਆਇਆ ਅਤੇ ਕਿਹਾ, ਤੇਰੀ ਰਿਪੋਰਟ ਹੁਣੇ ਲਿਖੀ ਜਾਊਗੀ। ਜੇਬ ਹੌਲੀ ਕਰ। ਉਹ ਵਾਪਸ ਪਰਤ ਗਿਆ ਤੇ ਮੁਣਸ਼ੀ ਦੀ ਮੰਗ ਅਨੁਸਾਰ ਸੌ ਰੁਪਇਆ ਰਿਸ਼ਵਤ ਵਜੋਂ ਦੇ ਦਿੱਤਾ। ਮੁਣਸ਼ੀ ਨੇ ਤੁਰੰਤ ਰੋਜ਼ਨਾਮਚੇ ਵਿੱਚ ਰਿਪੋਰਟ ਦਰਜ ਕਰ ਲਈ। ਜਦੋਂ ਅੰਗਠਾ ਲਾਉਣ ਲਈ ਪੈਡ ਉਸ ਬਜ਼ੁਰਗ ਵੱਲ ਕੀਤੀ ਤਾਂ ਉਸਨੇ ਕਿਹਾ ਕਿ ਮੈਂ ਹਸਤਾਖਰ ਕਰਾਂਗਾ। ਉਸਨੇ ਹਸਤਾਖਰ ਕਰਕੇ ਜੇਬ ਵਿੱਚੋਂ ਮੋਹਰ ਕੱਢੀ ਅਤੇ ਆਪਣੇ ਹਸਤਾਖਰ ਹੇਠਾਂ ਪ੍ਰਾਈਮ ਮਨਿਸਟਰ ਆਫ ਇੰਡੀਆ ਦੀ ਮੋਹਰ ਲਾ ਦਿੱਤੀ। ਉਹ ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਸਨ। ਸਾਰੇ ਥਾਣੇ ਵਿੱਚ ਹੜਦੁੰਮ ਮੱਚ ਗਿਆ। ਪੁਲਿਸ ਅਧਿਕਾਰੀ ਅਤੇ ਜ਼ਿਲ੍ਹਾ ਕੁਲੈਕਟਰ ਮੌਕੇ 'ਤੇ ਪਹੁੰਚ ਗਏ। ਥਾਣੇਦਾਰ ਸਮੇਤ ਪੰਜ ਕਰਮਚਾਰੀਆਂ ਨੂੰ ਸਸਪੈਂਡ ਕਰਕੇ ਉਸੇ ਥਾਣੇ ਦੀਆਂ ਸੀਖਾਂ ਅੰਦਰ ਬੰਦ ਕਰ ਦਿੱਤਾ। ਅਗਾਂਹ ਤੋਂ ਉੱਤਰ ਪ੍ਰਦੇਸ਼ ਦੇ ਹੋਰ ਵਿਭਾਗ ਦੇ ਕਰਮਚਾਰੀਆਂ ਨੂੰ ਵੀ ਕੰਨ ਹੋ ਗਏ। ਕਿੰਨ੍ਹਾ ਚਿਰ ਜੇ ਕੋਈ ਹੋਰ ਬਜ਼ੁਰਗ ਵੀ ਥਾਣੇ ਜਾਂ ਕਿਸੇ ਹੋਰ ਦਫਤਰ ਵਿੱਚ ਕੰਮ ਲਈ ਜਾਂਦਾ ਸੀ ਤਾਂ ਕਰਮਚਾਰੀਆਂ ਨੂੰ ਚੌਧਰੀ ਚਰਨ ਸਿੰਘ ਦਾ ਹੀ ਝਉਲਾ ਪੈਂਦਾ ਸੀ ਅਤੇ ਹੱਥੋ ਹੱਥੀਂ ਕੰਮ ਦਾ ਨਿਪਟਾਰਾ ਹੋ ਜਾਂਦਾ ਸੀ।

ਕੀ ਏ.ਸੀ. ਕਮਰਿਆਂ ਵਿੱਚ ਆਰਾਮ ਫੁਰਮਾ ਰਹੇ ਸਿਆਸੀ ਆਗੂ ਗੈਂਗਸਟਰਾਂ ਤੋਂ ਪਾਸਾ ਵੱਟ ਕੇ ਅਜਿਹੀ ਦਲੇਰਾਨਾ ਕਾਰਵਾਈ ਕਰਨਗੇ ਜਾਂ ਫਿਰ ਥਾਣਿਆਂ ਵਿੱਚ ਆਪਣੇ ਮਨ ਪਸੰਦ ਕਰਮਚਾਰੀਆਂ ਦੀ ਨਿਯੁਕਤੀ ਕਰਵਾਕੇ ਰਾਜਸੀ ਹਿਤਾਂ ਦੀ ਪੂਰਤੀ ਕਰਨਗੇ? ਜੇਕਰ ਰਾਜਸੀ ਹਿਤ ਹੀ ਅੱਗੇ ਰੱਖੇ ਗਏ ਤਾਂ ਪ੍ਰਸ਼ਾਸਨਿਕ ਸੁਧਾਰਾਂ ਦੀ ਗੱਲ ਕਰਦਿਆਂ ਸਿਰ 'ਤੇ ਹੋਏ ਜਖਮ ਦੀ ਥਾਂ ਪੈਰ 'ਤੇ ਮਲ੍ਹਮ ਪੱਟੀ ਕਰਨ ਵਾਲਾ ਕਰਮ ਹੀ ਹੋਵੇਗਾ।

## ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ...

ਯਤਨ ਕਰ ਰਹੀ ਹੈ। ਉਹਨਾਂ ਕਿਹਾ ਕਿ ਬਾਬਰੀ ਮਸਜਿਦ ਢਾਹ ਕੇ ਰਾਮ ਮੰਦਰ ਦੀ ਉਸਾਰੀ ਕਰਨੀ ਇਸਲਾਮ ਜਗਤ ਨਾਲ਼ ਸਰਾਸਰ ਧੱਕਾ ਅਤੇ ਬੇਇਨਸਾਫ਼ੀ ਹੈ ਤੇ ਅਦਾਲਤ ਨੇ ਰਾਜਨੀਤੀ ਤੋਂ ਪ੍ਰਭਾਵਿਤ ਹੋ ਕੇ ਇੱਕ-ਪਾਸੜ ਫ਼ੈਸਲਾ ਕੀਤਾ ਸੀ, ਉਹਨਾਂ ਕਿਹਾ ਕਿ ਸਿਆਣਪ ਤਾਂ ਇਹੀ ਹੈ ਕਿ ਮੰਦਰ-ਮਸਜਿਦ ਦੇ ਰੌਲ਼ੇ ਤੋਂ ਸਿੱਖ ਦੂਰੀ ਬਣਾ ਕੇ ਰੱਖਣ। ਉਹਨਾਂ ਕਿਹਾ ਕਿ ਜਿਨ੍ਹਾਂ ਨੇ ਤੋਪਾਂ-ਟੈਂਕਾ ਨਾਲ਼ ਸਾਡਾ ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ, ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਅਤੇ ਭਾਈ ਅਮਰੀਕ ਸਿੰਘ ਨੂੰ ਸ਼ਹੀਦ ਕੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਅੱਗਾਂ ਲਾਈਆਂ, ਸਿੱਖਾਂ ਦੀ ਨਸਲਕੁਸ਼ੀ ਕੀਤੀ, ਝੂਠੇ ਮੁਕਾਬਲਿਆਂ 'ਚ ਡੇਢ ਲੱਖ ਸਿੱਖ ਨੌਜਵਾਨ ਮਾਰਿਆ ਉਹਨਾਂ ਹਿੰਦੂਤਵੀਆਂ, ਭਾਜਪਾਈਆਂ ਅਤੇ ਆਰ.ਐੱਸ.ਐੱਸ ਨਾਲ ਸਾਡੀ ਸਾਂਝ ਹੋਣ ਦਾ ਕੋਈ ਮਤਲਬ ਹੀ ਨਹੀਂ। ਉਹਨਾਂ ਕਿਹਾ ਕਿ ਜਦੋਂ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਹੋਈ ਸੀ ਤਾਂ ਕਿੰਨੇ ਕੁ ਹਿੰਦੂ ਸੰਪਰਦਾਵਾਂ ਦੇ ਆਗੂ ਪਹੁੰਚੇ ਸਨ? ਇਹ ਤਾਂ ਅਕਾਲ ਤਖ਼ਤ ਸਾਹਿਬ ਦੇ ਹਮਲੇ ਸਮੇਂ ਲੱਡੂ ਵੰਡਦੇ ਫਿਰਦੇ ਸਨ। ਫ਼ੈਡਰੇਸ਼ਨ ਆਗੂਆਂ ਨੇ ਕਿਹਾ ਕਿ 'ਸਿੱਖ ਬੇਗਾਨੀ ਸ਼ਾਦੀ ਮੇਂ ਅਬਦੁੱਲਾ ਦੀਵਾਨਾ ਨਾ ਬਣਨ।'

## ਭਾਰਤੀ ਲੋਕਤੰਤਰ ਦਾ ਕਤਲ

ਦੀ ਤਾਕਤ ਇਕ ਤਰ੍ਹਾਂ ਆਜ਼ਾਦ ਤੇ ਨਿਰਪੱਖ ਮੰਨੀਆਂ ਜਾਂਦੀਆਂ ਚੋਣਾਂ ਦੇ ਨਤੀਜਿਆਂ ਨੂੰ ਇਸ ਢੰਗ ਨਾਲ ਉਲਟਾ ਸਕਦੀ ਹੈ ਤਾਂ ਫਿਰ ਕੀ ਭਾਰਤ ਨੂੰ 'ਮਹਿਜ਼ ਚੋਣਾਂ ਦੀ ਜਮਹੂਰੀਅਤ' ਵੀ ਆਖਿਆ ਜਾ ਸਕਦਾ ਹੈ?

ਇਸ ਤਰ੍ਹਾਂ ਮੈਂ ਨਰਿੰਦਰ ਮੋਦੀ ਦੇ ਇਕ ਤਰ੍ਹਾਂ ਇੰਦਰਾ ਗਾਂਧੀ ਦਾ ਹੀ ਦੂਜਾ ਰੂਪ ਹੋਣ ਦੀ ਗੱਲ ਕਹੀ ਹੈ। ਇਸ ਤੋਂ ਮੇਰਾ ਭਾਵ ਹੈ ਕਿ ਨਰਿੰਦਰ ਮੋਦੀ ਵਧੇਰੇ ਸ਼ਾਤਿਰ ਵੀ ਹਨ ਤੇ ਵਧੇਰੇ ਬੇਰਹਿਮ ਵੀ।

-ਰਾਮਚੰਦਰ ਗੁਹਾ

# WEBSITE DESIGN & DEVELOPMENT

- ਛੋਟੇ ਵੱਡੇ ਬਿਜ਼ਨੈਸ,ਐੱਨ.ਜੀ.ਓ., ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈੱਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈੱਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
- Basic web packages are available on comparatively economical rates.
- We work as per your requirement and charge and according to work

SERVICES

- WEB DEVELOPMENT
- WEB DESIGNING
- WEB RE-DESIGN
- LOGO DESIGN
- SEO SERVICES
- TECHNICAL SUPPORT

## WEB MEDIA ART

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਮੁਤਾਬਕ ਵੈੱਬਸਾਈਟ ਬਣਾਉਣ ਲਈ ਅੱਜ ਹੀ ਸੰਪਰਕ ਕਰੋ।

+91-8437636421

info@webmediaart.com www.webmediaart.com






## BAAZ BROADCASTING COMPANY

BAAZ TV

FOR MORE INFO CONTACT

MR. ARJAN RIAR

+1-212-464-8628, +1-551-230-2300

Email: Baaztvusa@gmail.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




22




**GET FLAT 22 CENTS DISCOUNT AT**

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

National Tire Program

PM & Light Mechanical

24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com